Golden State Realty
JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES FROM SAN JOSE TO SALINAS
Jeet Singh Sangha
REALTOR & REAL ESTATE ADVISOR
CALL FOR FREE CONSULTATION:
408-840-3112
COLDWELL BANKER REALTY
CalRe:02014485
Speaks English, Hindi & Punjabi
JeetSangha.com
SERVING: SAN JOSE, MORGAN HILL, GILROY, HOLLISTER & SALINAS

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 38; September 23, 2023
20451 N. Plum Grove Rd., Palatine, IL 60074
Ph:847-359-0746, Fax:847-705-9388



ਯੂਨਾਈਟਡ ਸਪੋਰਟਸ ਕਲੱਬ ਅਤੇ ਗਾਖਲ ਗਰੁੱਪ ਵਲੋਂ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਸ. ਅਮੋਲਕ ਸਿੰਘ ਗਾਖਲ ਦੀ ਅਗਵਾਈ ਹੇਠ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਕਰਵਾਏ ਗਏ 16ਵੇਂ ਕਬੱਡੀ ਵਿਸ਼ਵ ਕੱਪ ਦੀ ਜੇਤੂ 'ਨੌਰਥ ਅਮੈਰਿਕਾ ਚੜ੍ਹਦਾ ਪੰਜਾਬ ਕਬੱਡੀ ਕਲੱਬ' ਟੀਮ ਪ੍ਰਬੰਧਕਾਂ ਨਾਲ। (ਵੇਰਵੇ ਅਤੇ ਤਸਵੀਰਾਂ ਸਫਾ 2 'ਤੇ)

## ਨਿੱਝਰ ਦੇ ਕਤਲ ਬਾਰੇ ਟਰੂਡੋ ਦੇ ਬਿਆਨ ਨੇ ਸਿਆਸਤ ਭਖਾਈ

**ਚੰਡੀਗੜ੍ਹ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਪਿੱਛੇ ਭਾਰਤੀ ਏਜੰਸੀਆਂ ਦੇ ਹੱਥ ਬਾਰੇ ਦਾਅਵਾ ਕਰਨ ਮਗਰੋਂ ਦੁਨੀਆ ਭਰ ਵਿਚ ਇਸ ਬਾਰੇ ਚਰਚਾ ਛਿੜ ਗਈ ਹੈ। ਇਸ ਦਾਅਵੇ ਪਿੱਛੋਂ ਜਿਥੇ ਦੋਵੇਂ ਦੇਸ਼ ਆਹਮੋ-ਸਾਹਮਣੇ ਆ ਗਏ ਹਨ, ਉਥੇ ਪੰਜਾਬ ਸਮੇਤ ਪੂਰੇ ਮੁਲਕ ਵਿਚ ਸਿੱਖ ਜਥੇਬੰਦੀਆਂ ਨੇ ਭਾਰਤ ਸਰਕਾਰ ਨੂੰ ਇਸ ਬਾਰੇ ਸਥਿਤੀ ਸਪਸ਼ਟ ਕਰਨ ਦੀ ਮੰਗ ਚੁੱਕ ਦਿੱਤੀ ਹੈ।

ਚਰਚਾ ਹੈ ਕਿ ਇਸ ਹੱਤਿਆ ਪਿੱਛੇ ਕਥਿਤ ਤੌਰ ਉਤੇ ਭਾਰਤ ਦੇ ਇਕ ਚੋਟੀ ਦੇ ਡਿਪਲੋਮੈਟ ਦਾ ਹੱਥ ਹੈ ਜਿਸ ਨੂੰ ਪਹਿਲਾਂ ਹੀ ਭਾਰਤ ਵਾਪਸ ਸੱਦ ਲਿਆ ਗਿਆ ਸੀ; ਹਾਲਾਂਕਿ ਭਾਰਤ ਦਾ ਦਾਅਵਾ ਹੈ ਕਿ ਕੈਨੇਡਾ ਨੇ ਉਸ ਦੇ ਡਿਪਲੋਮੈਟ ਨੂੰ ਕੱਢਿਆ ਹੈ। ਇਸ ਪਿੱਛੋਂ ਜਵਾਬੀ ਕਾਰਵਾਈ ਕਰਦੇ ਹੋਏ ਭਾਰਤ ਨੇ ਵੀ ਕੈਨੇਡਾ ਦੇ ਇਕ ਸੀਨੀਅਰ ਡਿਪਲੋਮੈਟ ਨੂੰ ਕੱਢ ਦਿੱਤਾ ਹੈ।

ਚੇਤੇ ਰਹੇ ਕਿ ਵਿਦੇਸ਼ਾਂ ਵਿਚ ਖਾਲਿਸਤਾਨ ਦੇ ਹਮਾਇਤੀਆਂ ਦੀ ਇਕ ਤੋਂ ਬਾਅਦ ਇਕ ਹੱਤਿਆਵਾਂ ਪਿੱਛੋਂ ਸ਼ੱਕ ਦੀ ਸੂਈ ਭਾਰਤੀ ਏਜੰਸੀਆਂ ਵੱਲ ਗਈ ਸੀ। ਖਾਲਿਸਤਾਨ ਕਮਾਂਡੋ ਫੋਰਸ (ਕੇ.ਸੀ.ਐਫ.) ਦੇ ਖਾੜਕੂ ਪਰਮਜੀਤ ਸਿੰਘ ਪੰਜਵੜ ਦੀ ਪਾਕਿਸਤਾਨ ਵਿਚ ਕੁਝ ਅਣਪਛਾਤਿਆਂ ਨੇ ਗੋਲੀਆਂ ਮਾਰ ਦਿੱਤੀ ਸੀ। ਇਸ ਤੋਂ ਬਾਅਦ ਇਕ ਹੋਰ ਖਾਲਿਸਤਾਨ ਹਮਾਇਤੀ ਅਵਤਾਰ ਸਿੰਘ ਪੁਰਬਾ ਉਰਫ ਖੰਡਾ ਦੀ ਇੰਗਲੈਂਡ ਦੇ ਬਰਮਿੰਘਮ ਸ਼ਹਿਰ ਦੇ ਇਕ ਹਸਪਤਾਲ 'ਚ ਮੌਤ ਹੋ ਗਈ। ਉਸ ਦੀ ਮੌਤ ਬਾਰੇ ਇਹ ਦੋਸ਼ ਵੀ ਲੱਗੇ ਸਨ ਕਿ ਉਸ ਨੂੰ ਜ਼ਹਿਰ ਦੇ ਕੇ ਮਾਰਿਆ ਗਿਆ ਹੈ। ਇਸ ਦੇ ਕੁਝ ਦਿਨ ਬਾਅਦ ਹਰਦੀਪ ਸਿੰਘ ਨਿੱਝਰ ਦੀ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਨਿੱਝਰ ਭਾਰਤ ਵਿਚ ਅਤਿ-ਲੋੜੀਂਦਿਆਂ ਵਿਚੋਂ ਇਕ ਸੀ ਤੇ ਉਸ ਦੇ ਸਿਰ 'ਤੇ ਦਸ ਲੱਖ ਰੁਪਏ ਦਾ ਇਨਾਮ ਸੀ। ਇਨ੍ਹਾਂ ਮੌਤਾਂ ਪਿੱਛੋਂ ਭਾਰਤੀ ਕੌਂਸਲਖਾਨਿਆਂ ਦੇ ਬਾਹਰ ਰੋਸ ਪ੍ਰਦਰਸ਼ਨ ਵੀ ਕੀਤੇ ਗਏ ਸਨ।

ਪਿਛਲੇ ਕੁਝ ਸਮੇਂ ਤੋਂ ਭਾਰਤ ਸਰਕਾਰ ਵੱਲੋਂ ਵਿਦੇਸ਼ਾਂ ਵਿਚ ਖਾਲਿਸਤਾਨੀਆਂ ਦੇ ਸਰਗਰਮ ਹੋਣ ਅਤੇ ਭਾਰਤ ਖਿਲਾਫ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ ਜਾ ਰਿਹਾ ਹੈ। ਕੇਂਦਰੀ ਜਾਂਚ ਏਜੰਸੀ (ਐਨ.ਆਈ.ਏ.) ਨੇ ਵਿਦੇਸ਼ਾਂ ਵਿਚ ਸਰਗਰਮ ਖਾਲਿਸਤਾਨੀਆਂ ਅਤੇ ਉਨ੍ਹਾਂ ਦੇ ਪੰਜਾਬ ਰਹਿੰਦੇ ਪਰਿਵਾਰਾਂ ਉਤੇ ਸ਼ਿਕੰਜਾ ਕੱਸਿਆ ਹੋਇਆ ਹੈ। ਇਸ ਬਾਰੇ ਸਬੰਧਿਤ ਦੇਸ਼ਾਂ ਦੀਆਂ ਸਰਕਾਰਾਂ ਕੋਲ ਪਹੁੰਚ ਕਰਕੇ ਸਖਤੀ ਵਰਤਣ ਲਈ ਵੀ ਆਖਿਆ ਗਿਆ ਸੀ ਪਰ ਅਜਿਹੇ ਕੋਈ ਸਬੂਤ

(ਬਾਕੀ ਸਫਾ 6 'ਤੇ)



ਪ੍ਰਧਾਨ ਮੰਤਰੀ ਜਸਟਿਨ ਟਰੂਡੋ।

Medicare COVERED CALIFORNIA
Life & Health Insurance
ਹੈਲਥ ਕੇਅਰ
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE

Raja SWEETS & CATERING
Toll Free 1-866-FOR-RAJA
www.rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA
www.RajaSweets.com

GLOBAL TRUCK PERMITS
17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਕਬੱਡੀ ਦੇ ਇਤਿਹਾਸ 'ਚ ਨਵਾਂ ਅਧਿਆਏ ਜੋੜ ਗਿਆ ਯੂਨੀਅਨ ਸਿਟੀ ਦਾ ਵਿਸ਼ਵ ਕਬੱਡੀ ਕੱਪ

## ਨੌਰਥ ਅਮੈਰਿਕਾ ਚੜ੍ਹਦਾ ਪੰਜਾਬ ਕਬੱਡੀ ਕਲੱਬ ਨੇ ਕੀਤਾ ਵਿਸ਼ਵ ਕਬੱਡੀ ਕੱਪ 'ਤੇ ਕਬਜ਼ਾ

**ਯੂਨੀਅਨ ਸਿਟੀ, ਕੈਲੇਫੋਰਨੀਆ:** ਸ. ਅਮੋਲਕ ਸਿੰਘ ਗਾਖਲ ਦੀ ਅਗਵਾਈ 'ਚ ਯੂਨਾਈਟਡ ਸਪੋਰਟਸ ਕਲੱਬ ਅਤੇ ਗਾਖਲ ਗਰੁੱਪ ਵਲੋਂ ਕੈਲੀਫੋਰਨੀਆ ਕਬੱਡੀ ਫੈੱਡਰੇਸ਼ਨ ਦੇ ਸਹਿਯੋਗ ਨਾਲ ਇੱਥੇ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਕਰਵਾਏ ਗਏ 16ਵੇਂ ਕਬੱਡੀ ਵਿਸ਼ਵ ਕੱਪ ਨੇ ਪੰਜਾਬੀਆਂ ਦੀ ਮਾਂ ਖੇਡ





















ਕਬੱਡੀ ਦੇ ਇਤਿਹਾਸ ਵਿਚ ਸੱਚਮੁਚ ਹੀ ਇਕ ਨਵਾਂ ਅਧਿਆਏ ਜੋੜ ਦਿੱਤਾ ਹੈ। ਕਬੱਡੀ ਕੱਪ ਦੇ ਮੁਕਾਬਲੇ ਭਾਈ ਇੰਦਰਜੀਤ ਸਿੰਘ ਖਾਲਸਾ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਵਲੋਂ ਕੀਤੀ ਗਈ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸ਼ੁਰੂ ਹੋਏ। ਕਬੱਡੀ ਕੱਪ ਦਾ ਫਾਈਨਲ ਮੁਕਾਬਲਾ ਸੰਦੀਪ ਨੰਗਲ ਅੰਬੀਆਂ ਬੇ ਏਰੀਆ ਸਪੋਰਟਸ ਕਲੱਬ ਅਤੇ ਨੌਰਥ ਅਮੈਰਿਕਾ ਚੜ੍ਹਦਾ ਪੰਜਾਬ ਕਬੱਡੀ ਕਲੱਬ ਦਰਮਿਆਨ ਐਨਾ ਸਖਤ ਸੀ ਕਿ ਦਰਸ਼ਕਾਂ ਨੂੰ ਅਨੁਮਾਨ ਲਾਉਣਾ ਔਖਾ ਸੀ ਕਿ ਕੌਣ ਜਿੱਤੇਗਾ ਤੇ ਕੌਣ ਹਾਰੇਗਾ। ਹਰ ਦਰਸ਼ਕ ਦੇ ਦਿਲ ਦੀ ਧੜ੍ਹਕਣ ਖਿਡਾਰੀਆਂ ਦੀ ਇਕ ਇਕ ਰੇਡ ਨਾਲ ਬੱਝੀ ਹੋਈ ਸੀ। 46.5 ਅੰਕਾਂ ਦੇ ਮੁਕਾਬਲੇ ਨੌਰਥ ਅਮੈਰਿਕਾ ਚੜ੍ਹਦਾ ਪੰਜਾਬ ਕਬੱਡੀ ਕਲੱਬ ਦੀ ਟੀਮ ਨੇ 47 ਅੰਕਾਂ ਨਾਲ ਵਿਸ਼ਵ ਕਬੱਡੀ ਕੱਪ ਉੱਤੇ ਆਪਣਾ ਕਬਜ਼ਾ ਕਰ ਲਿਆ। ਕਿੰਗਸ ਸਪੋਰਟਸ ਕਲੱਬ ਅਤੇ ਬਾਬਾ ਸੰਗ ਜੀ ਕਬੱਡੀ ਕਲੱਬ ਦੀਆਂ ਟੀਮਾਂ ਕ੍ਰਮਵਾਰ ਤੀਜੇ ਅਤੇ ਚੌਥੇ ਨੰਬਰ 'ਤੇ ਰਹੀਆਂ ਜਦਕਿ ਅੰਡਰ-21 ਮੁਕਾਬਲਿਆਂ ਵਿਚ ਵੈੱਸਟ ਕੋਸਟ ਸਪੋਰਟਸ ਕਲੱਬ ਫਰਿਜ਼ਨੋ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ ਦੀਆਂ ਟੀਮਾਂ ਨੂੰ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਮਿਲਿਆ। ਸੁਲਤਾਨ ਸੌਂਸਪੁਰ ਉੱਤਮ ਧਾਵੀ ਅਤੇ ਖੁਸ਼ੀ ਦੁੱਗਾਂ ਉੱਤਮ ਜਾਫ਼ੀ ਐਲਾਨੇ ਗਏ। ਗਾਖਲ ਭਰਾਵਾਂ ਸ. ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਦੀ ਖੇਡਾਂ ਦੇ ਖੇਤਰ ਦੇ ਨਾਲ ਨਾਲ ਸਮਾਜਿਕ ਤੇ ਧਾਰਮਿਕ ਸੇਵਾਵਾਂ ਦੀ ਸਮੁੱਚੇ



### ਆਖਰੀ ਸਾਹ ਤੱਕ ਮਾਂ ਖੇਡ ਕਬੱਡੀ ਨੂੰ ਸਮਰਪਿਤ ਰਹਾਂਗਾ : ਅਮੋਲਕ ਸਿੰਘ

ਅਮਰੀਕਾ 'ਚ ਹਮੇਸ਼ਾ ਵਡਿਆਈ ਕੀਤੀ ਜਾਂਦੀ ਰਹੀ ਹੈ। ਇਸ ਮੌਕੇ ਸ. ਅਮੋਲਕ ਸਿੰਘ ਗਾਖਲ ਨੇ ਅਗਲੇ ਸਾਲ ਦੇ ਕਬੱਡੀ ਕੱਪ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਸਾਰਾ ਖੇਡ ਮੇਲਾ ਸਪਾਂਸਰਾਂ ਅਤੇ ਸੰਗਤ ਦੇ ਸਹਿਯੋਗ ਨਾਲ ਸਫ਼ਲ ਹੋਇਆ ਹੈ, ਉਹ ਸਭ ਦੇ ਰਿਣੀ ਹਨ। ਉਨ੍ਹਾਂ ਸਹਿਯੋਗ ਲਈ ਕੈਲੀਫੋਰਨੀਆ ਕਬੱਡੀ



ਫੈੱਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਸਾਰੀਆਂ ਖੇਡ ਕਲੱਬਾਂ ਅਤੇ ਖੇਡ ਪ੍ਰੇਮੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਆਖਰੀ ਸਾਹ ਤੱਕ ਮਾਂ ਖੇਡ ਕਬੱਡੀ ਨੂੰ ਸਮਰਪਿਤ ਰਹਿਣਗੇ। ਇਸ ਕਬੱਡੀ ਕੱਪ ਵਿਚ ਤਕਨੀਕੀ ਸੇਵਾਵਾਂ ਨਿਭਾਉਣ 'ਚ ਤੀਰਥ ਸਿੰਘ ਗਾਖਲ ਤੇ ਮੱਖਣ ਸਿੰਘ ਧਾਲੀਵਾਲ ਦਾ ਅਹਿਮ ਯੋਗਦਾਨ ਰਿਹਾ। ਸਿੱਖ ਭਾਈਚਾਰੇ ਦਾ ਮਾਣ ਅਤੇ ਅਮਰੀਕੀ ਰਾਜਨੀਤੀ 'ਚ ਸਰਗਰਮ ਮੈਨੀ ਗਰੇਵਾਲ ਇਸ ਖੇਡ ਮੇਲੇ 'ਚ ਆਪਣੇ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਉਚੇਚੇ ਤੌਰ 'ਤੇ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਪਹੁੰਚੇ।

ਇਹ 16ਵਾਂ ਵਿਸ਼ਵ ਕਬੱਡੀ ਕੱਪ ਜਿੱਥੇ ਸਵ. ਸੰਦੀਪ ਸਿੰਘ ਨੰਗਲ ਅੰਬੀਆਂ ਨੂੰ ਸਮਰਪਿਤ ਸੀ ਉੱਥੇ ਗਾਖਲ ਭਰਾਵਾਂ ਨੇ ਆਪਣੇ ਪਿਤਾ ਨਸੀਬ ਸਿੰਘ ਗਾਖਲ ਜੋ ਆਪਣੇ ਵੇਲੇ ਦੇ ਨਾਮੀ ਭਲਵਾਨ ਰਹੇ ਹਨ ਤੇ ਕਬੱਡੀ ਦੇ ਨਾਮੀ ਖਿਡਾਰੀ ਰਹੇ ਮੱਖਣ ਸਿੰਘ ਬੈਂਸ ਦੇ









(ਬਾਕੀ ਅਗਲੇ ਸਫੇ 'ਤੇ)

# ਸ. ਦਰਸ਼ਨ ਸਿੰਘ ਧਾਲੀਵਾਲ ਨੇ ਮਨਾਇਆ ਪੀ ਐਮ ਮੋਦੀ ਦਾ 73ਵਾਂ ਜਨਮ ਦਿਨ

**ਮਿਲਵਾਕੀ (ਬਿਊਰੋ):** ਲੰਘੇ ਸੋਮਵਾਰ ਇਥੋਂ ਦੇ ਉਘੇ ਕਾਰੋਬਾਰੀ ਅਤੇ ਪਰਵਾਸੀ ਭਾਰਤੀ ਐਵਾਰਡ ਜੇਤੂ ਸ. ਦਰਸ਼ਨ ਸਿੰਘ ਧਾਲੀਵਾਲ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਜਨਮ ਦਿਨ ਕੇਕ ਕੱਟ ਕੇ ਬੜੀ ਗਰਮਜੋਸ਼ੀ ਨਾਲ ਮਨਾਇਆ ਗਿਆ। ਹਾਜਰ ਭਾਰਤੀ ਭਾਈਚਾਰੇ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਉਨ੍ਹਾਂ ਦੇ 73ਵੇਂ ਜਨਮ ਦਿਨ ਦੀਆਂ ਮੁਬਾਰਕਾਂ ਦਿੰਦਿਆਂ ਉਨ੍ਹਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ ਅਤੇ ਮੋਦੀ ਸਰਕਾਰ ਵੱਲੋਂ ਸਿੱਖਾਂ ਲਈ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ। ਕਰਤਾਰਪੁਰ ਲਾਂਘਾ ਖੋਲ੍ਹਣ, ਗੁਰਦੁਆਰਿਆਂ ਦੇ ਲੰਗਰ ਦੀ ਖਰੀਦ 'ਤੇ ਜੀ ਐਸ ਟੀ ਹਟਾਉਣਾ, ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ 'ਬੀਰ ਦਿਵਸ' ਮਨਾਉਣ ਦਾ ਐਲਾਨ, ਪੰਜ ਤਖਤਾਂ ਲਈ ਰੇਲਵੇ ਸੇਵਾ ਅਤੇ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਤੋਂ ਆਏ ਹਿੰਦੂ-ਸਿੱਖਾਂ ਲਈ ਸਿਟੀਜਨਸ਼ਿਪ ਦੇ ਕੀਤੇ ਜਾ ਰਹੇ ਉਪਰਾਲਿਆਂ ਦੀ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸਾ ਕੀਤੀ ਗਈ।



ਸ. ਦਰਸ਼ਨ ਸਿੰਘ ਧਾਲੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਨਮ ਦਿਨ ਦੀ ਵਧਾਈ ਦਿੰਦੇ ਹੋਏ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕੀਤੀ ਤਾਂ ਜੋ ਉਹ ਭਾਰਤ ਦੀ ਤਰੱਕੀ ਲਈ ਹੋਰ ਕਾਰਜ ਪੂਰੇ ਕਰ ਸਕਣ ਅਤੇ ਐਨ ਆਰ ਆਈ ਲਈ ਹੋਰ ਸਹੂਲਤਾਂ ਮੁਹੱਈਆ ਕਰਵਾ ਸਕਣ। ਇਸ ਸਮਾਗਮ ਵਿੱਚ ਸਿੱਖ, ਹਿੰਦੂ, ਜੈਨ, ਬੋਧ ਅਤੇ ਕ੍ਰਿਸ਼ਚਨ-ਤਕਰੀਬਨ ਸਾਰੇ ਭਾਈਚਾਰਿਆਂ ਦੀਆਂ ਸਨਮਾਨਿਤ ਹਸਤੀਆਂ ਨੇ ਭਾਗ ਲਿਆ ਅਤੇ ਆਪਣੇ-ਆਪਣੇ ਵੱਲੋਂ ਸ਼ੁੱਭ ਕਾਮਨਾਵਾਂ ਦਿੱਤੀਆਂ। ਹਾਜਰ ਸ਼ਖਸੀਅਤਾਂ ਵਿਚ ਸ. ਹਰਭਜਨ ਸਿੰਘ ਸੰਧਾਵਾਲੀਆ, ਸ. ਪਰਮਿੰਦਰ ਸਿੰਘ ਗੋਲਡੀ, ਵਿਪਨ, ਸ਼ ਓਂਕਾਰ ਸਿੰਘ ਸੰਘਾ, ਸ. ਗੁਰਮੀਤ ਸਿੰਘ ਕਾਲੇਕਾ, ਬਚਨ ਸਿੰਘ ਗਿੱਲ, ਡਾ. ਹਰਜਿੰਦਰ ਸਿੰਘ ਖਹਿਰਾ, ਹੈਪੀ ਹੀਰ, ਸ਼ਿਫਾਲੀ ਅਤੇ ਗੁਰਲੀਨ ਕੌਰ (ਪੀ ਟੀ ਸੀ) ਸ਼ਾਮਲ ਸਨ।

ਜ਼ਿਕਰਯੋਗ ਹੈ ਕਿ ਸ. ਦਰਸ਼ਨ ਸਿੰਘ ਧਾਲੀਵਾਲ ਪੰਜਾਬੀ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਹਨ, ਜੋ ਸਮਾਜ ਭਲਾਈ ਦੇ ਹਰ ਕਾਰਜ-ਚਾਹੇ ਉਹ ਧਾਰਮਕ ਹੋਵੇ, ਸਮਾਜਕ ਹੋਵੇ ਜਾਂ ਰਾਜਨੀਤਿਕ ਹੋਵੇ, ਵਧ ਚੜ੍ਹ ਕੇ ਆਪਣਾ ਯੋਗਦਾਨ ਪਾਉਂਦੇ ਹਨ। ਆਪਣੇ ਨਿਮਰ ਸੁਭਾਅ ਅਤੇ ਸਮਾਜਿਕ ਕਾਰਜਾਂ ਕਰਕੇ ਪੰਜਾਬੀ ਭਾਈਚਾਰੇ ਵਿਚ ਉਨ੍ਹਾਂ ਆਪਣਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਦੇ ਅਜਿਹੇ ਸਮਾਜ ਭਲਾਈ ਦੇ ਕੰਮਾਂ ਦੀ ਕਦਰ ਕਰਦਿਆਂ ਹੀ ਸ. ਦਰਸ਼ਨ ਸਿੰਘ ਧਾਲੀਵਾਲ ਨੂੰ ਪਿਛਲੇ ਸਾਲ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਪ੍ਰਵਾਸੀ ਭਾਰਤੀ ਅਵਾਰਡ ਨਾਲ ਸਨਮਾਨਤ ਕੀਤਾ ਗਿਆ ਸੀ।

— — — — — — — — — — — — —

## *ਕਬੱਡੀ ਦੇ ਇਤਿਹਾਸ 'ਚ ਨਵਾਂ ਅਧਿਆਏ ਜੋੜ ਗਿਆ ਯੂਨੀਅਨ ਸਿਟੀ ਦਾ ਵਿਸ਼ਵ ਕਬੱਡੀ ਕੱਪ*

*(ਪਿਛਲੇ ਸਫੇ ਦੀ ਬਾਕੀ)*

ਮਰਹੂਮ ਪਿਤਾ ਸ੍ਰ. ਮੇਜਰ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ ਦੇ ਸਮਾਜ ਸੇਵੀ ਪਿਤਾ ਮਰਹੂਮ ਪੂਰਨ ਸਿੰਘ ਗਹੂੰਣੀਆਂ ਨੂੰ ਵੀ ਯਾਦ ਕੀਤਾ ਗਿਆ।

ਇਸ ਕੱਪ ਦਾ ਪਹਿਲਾ ਇਨਾਮ ਡਾਇਮੰਡ ਟਰੱਕਿੰਗ ਦੇ ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਵਲੋਂ ਦਿੱਤਾ ਗਿਆ ਜਦੋਂ ਕਿ ਦੂਜਾ ਇਨਾਮ ਸਹੋਤਾ ਭਰਾਵਾਂ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵ. ਕਸ਼ਮੀਰ ਸਿੰਘ ਦੀ ਯਾਦ 'ਚ ਦਿੱਤਾ ਗਿਆ। ਤੀਜਾ ਇਨਾਮ ਬੋਪਾਰਾਏ ਭਰਾਵਾਂ ਜਸਵਿੰਦਰ ਸਿੰਘ ਬੋਪਾਰਾਏ, ਦਲਵੀਰ ਸਿੰਘ ਬੋਪਾਰਾਏ, ਮਾਈਕ ਬੋਪਾਰਾਏ, ਗੁਰਦੇਵ ਬੋਪਾਰਾਏ ਅਤੇ ਬਲਜੀਤ ਬਾਸੀ ਵਲੋਂ ਸੀ। ਚੌਥਾ ਇਨਾਮ ਮਰਹੂਮ ਮਹਿੰਗਾ ਸਿੰਘ ਸਰਾਏ ਦੇ ਪਰਿਵਾਰ ਵਲੋਂ ਦਿੱਤਾ ਗਿਆ।

ਇਸ ਖੇਡ ਮੇਲੇ 'ਚ ਪੰਜਾਬ ਟਾਈਮਜ਼ ਯੂ.ਐੱਸ.ਏ ਦੇ ਮਰਹੂਮ ਸੰਪਾਦਕ ਅਮੋਲਕ ਸਿੰਘ ਜੰਮੂ ਅਤੇ ਕਬੱਡੀ ਖਿਡਾਰੀ ਸਵ. ਹਾਸੂਸ ਚਾਵੇਜ਼ ਦੇ ਪਰਿਵਾਰਾਂ ਨੂੰ ਉਚੇਚੇ ਤੌਰ 'ਤੇ ਸਨਮਾਨ ਦਿੱਤਾ ਗਿਆ। ਜੌਹਨ ਗਿੱਲ, ਬਲਜੀਤ ਸੰਧੂ, ਤੀਰਥ ਗਾਖਲ, ਵਿੱਕੀ ਸੰਮੀਪੁਰ, ਤਾਰੀ ਡੱਬ ਅਤੇ ਮੇਜਰ ਗਾਖਲ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ।

ਯੂਨਾਈਟਡ ਸਪੋਰਟਸ ਕਲੱਬ ਦੇ ਪ੍ਰਮੁੱਖ ਅਹੁਦੇਦਾਰਾਂ ਤੋਂ ਸਿਵਾ ਦੇਬੀ ਸੋਹਲ, ਇੰਦਰਜੀਤ ਥਿੰਦ, ਗੁਰਪ੍ਰੀਤ ਸਿੰਘ ਗੋਪੀ ਗਾਖਲ, ਗਿਆਨੀ ਰਵਿੰਦਰ ਸਿੰਘ, ਬਲਜਿੰਦਰ ਸਿੰਘ ਗਾਖਲ, ਹਰਜਿੰਦਰ ਸਿੰਘ ਲਿੱਧੜ, ਅਮਰਦੀਪ ਸਿੰਘ, ਬਲਜਿੰਦਰ ਸਿੰਘ, ਕਿਰਨਦੀਪ ਸਿੰਘ ਤੇ ਧੰਨਾ ਸਿੰਘ ਕੋਚ ਨੇ ਆਪੋ-ਆਪਣੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਭਾਈਆਂ।

'ਫੈਸਲਾ' ਫੇਮ ਫੋਕ ਗਾਇਕ ਬੁੱਕਣ ਜੱਟ ਨੇ ਆਪਣੇ ਗੀਤਾਂ ਨਾਲ ਖੇਡ ਮੈਦਾਨ 'ਚ ਪ੍ਰਬੰਧਕਾਂ ਨੂੰ ਵੀ ਨੱਚਣ ਲਾ ਦਿੱਤਾ। ਰਾਜਾ ਸਵੀਟਸ, ਗੁਰਦੁਆਰਾ ਸਾਹਿਬ ਸਟਾਕਟਨ, ਸੈਨਹੋਜ਼ੇ ਅਤੇ ਫਰੀਮਾਂਟ ਵਲੋਂ ਹਜ਼ਾਰਾਂ ਦਰਸ਼ਕਾਂ ਲਈ ਲੰਗਰ ਦੀ ਸੇਵਾ ਕੀਤੀ ਗਈ। ਇਸ ਕਬੱਡੀ ਕੱਪ 'ਚ ਉੱਤਰੀ ਅਮਰੀਕਾ ਤੋਂ ਹੀ ਨਹੀਂ ਸਗੋਂ ਭਾਰਤ ਸਮੇਤ ਯੂਰੋਪ ਤੋਂ ਵੀ ਕਬੱਡੀ ਪ੍ਰੇਮੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਜਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਸਾਧੂ ਸਿੰਘ ਖਲੌਰ, ਨੱਥਾ ਸਿੰਘ ਗਾਖਲ ਦੀਆਂ ਇਸ ਕਬੱਡੀ ਕੱਪ ਲਈ ਸੇਵਾਵਾਂ ਸਲਾਹੁਣਯੋਗ ਸਨ।

ਮੰਚ ਸੰਚਾਲਨ ਐੱਸ.ਅਸ਼ੋਕ ਭੌਰਾ ਤੇ ਆਸ਼ਾ ਸ਼ਰਮਾ ਨੇ ਕੀਤਾ। ਦਰਸ਼ਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਿਤ ਹੁੰਦਿਆਂ ਸ. ਅਮੋਲਕ ਸਿੰਘ ਗਾਖਲ ਨੇ ਵਾਅਦਾ ਕੀਤਾ ਕਿ ਉਹ ਮਾਂ ਖੇਡ ਕਬੱਡੀ ਲਈ ਆਪਣੇ ਪਿਤਾ ਸ. ਨਸੀਬ ਸਿੰਘ ਗਾਖਲ ਦੀਆਂ ਪਾਈਆਂ ਪੈੜਾਂ 'ਤੇ ਇਉਂ ਹੀ ਸਾਰੀ ਉਮਰ ਚੱਲਦੇ ਨਵਾਂ ਇਤਿਹਾਸ ਸਿਰਜਣ ਦਾ ਯਤਨ ਕਰਦੇ ਰਹਿਣਗੇ। ਇਹ ਖੇਡ ਮੇਲਾ ਮਰਹੂਮ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਦੀ ਯਾਦ ਨੂੰ ਸਮਰਪਿਤ ਸੀ ਅਤੇ ਇਸ ਮੇਲੇ 'ਚ ਵਿਸ਼ੇਸ਼ ਤੌਰ 'ਤੇ ਪੁੱਜੇ ਉਸਦੀ ਧਰਮ ਪਤਨੀ ਰੁਪਿੰਦਰ ਕੌਰ ਸੰਧੂ ਤੇ ਦੋਵੇਂ ਛੋਟੇ ਛੋਟੇ ਸਪੁੱਤਰਾਂ ਦਾ ਕਲੱਬ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

**-ਤਸਵੀਰਾਂ ਅਤੇ ਵੇਰਵਾ: ਐੱਸ ਅਸ਼ੋਕ ਭੌਰਾ।**




UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

Call: 773-338-5603


# Matrimonials

## ਲੜਕੀ ਦੀ ਲੋੜ ਹੈ

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613.

36-39

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines. Please email biodata and picture at: flykhush15@gmail.com or Contact: (559) 824-9028

36-39

USA based Arora Gursikh family looking for a suitable match for their turbaned, divorced son, 36, 5'9", M.Tech Engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Contact us at: email: utakecare2@yahoo.com or call 1-618-402-4269

35-38

Well educated Jatt Sikh Bay area family is seeking a match for their July 2000 US born 5' 10" Son. He has earned a Bachelor in Computer Science from UCLA and Masters in CS BioMedical Imaging from UCSF. He does not drink. He wears a turban and keeps his hair. He is employed with a six figure salary. Beyond education, girl must be with a family-oriented mindset and should have good moral family values. Please contact Ph: 5108616491 or email pgrrealty@gmail.com

34-37

Sikh family looking for a USA or Canada match for their 83 born son, 5'10" completed his Civil Engineering diploma. Never married. He is in India, and has his own property. Has family in the USA. Please whatapp: 262-960-7366. Serious inquiries only.

34-37

## ਲੜਕੇ ਦੀ ਲੋੜ ਹੈ

**ਅਮਰੀਕਾ ਸਿਟੀਜ਼ਨ ਜੱਟ ਸਿੱਖ ਤਲਾਕਸ਼ੁਦਾ ਲੜਕੀ 37, ਕੱਦ 5'7" ਲਈ ਪਰਿਵਾਰਕ ਲੜਕੇ ਦੀ ਲੋੜ ਹੈ। ਲੜਕਾ ਅਮਰੀਕਾ ਵਿਚ ਹੀ ਹੋਵੇ। ਚਾਹਵਾਨ ਸੰਪਰਕ ਕਰਨ: ਫੋਨ 224-422-4773**

38-41

Jat Sikh well educated and well settled family seeking suitable match for their September, 2001 US born 5'-4" daughter. Turban wearing keshadari boy and compatible humble family is preference but others will be considered. She has earned an AA degree in management and Supervision. She is currently employed as a Federal employee in the Bay Area (California). Contact ph:510-861-6491 or pgrrealty@gmail.com

36-39

Sikh family belongs to Ludhiana Punjab, looking for a US or Canadian Citizen match for their daughter, 35, 5'9" divorcee and has one child living with. She has completed her nursing associate in India, currently not working as she is preparing for RN/IELTS. Whatsapp us: 262-960-7366. Serious inquiries only.

34-37

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com

32-35

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com

30-33

Jatt Sikh family looking for a suitable match (only from Jatt Sikh family) for their US born and raised beautiful Doctor daughter, age 30, height 5'.5", doing residency. Please contact at caprisingh8@yahoo.com to exchange information and phone numbers. Serious inquiries only.

30-33

# ਪ੍ਰਕਾਸ਼ ਦਿਹਾੜਾ: ਦਰਬਾਰ ਸਾਹਿਬ ਵਿਖੇ ਸੁੰਦਰ ਜਲੌਅ ਸਜਾਏ



**ਅੰਮ੍ਰਿਤਸਰ:** ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਦੇਸ਼-ਵਿਦੇਸ਼ ਤੋਂ ਪੁੱਜੀ ਵੱਡੀ ਗਿਣਤੀ ਸੰਗਤ ਨੇ ਗੁਰੂਘਰ ਮੱਥਾ ਟੇਕਿਆ। ਇਸ ਦੌਰਾਨ ਪੁਰਾਤਨ ਰਵਾਇਤ ਅਨੁਸਾਰ ਗੁਰਦੁਆਰਾ ਸ੍ਰੀ ਰਾਮਸਰ ਤੋਂ ਦਰਬਾਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ।

ਇਸ ਮੌਕੇ ਦਰਬਾਰ ਸਾਹਿਬ ਨੂੰ ਰੰਗ-ਬਿਰੰਗੇ ਫੁੱਲਾਂ ਨਾਲ ਸਜਾਇਆ ਗਿਆ ਅਤੇ ਸਵੇਰੇ ਜਲੌਅ ਵੀ ਸਜਾਏ ਗਏ। ਸ੍ਰੀ ਦਰਬਾਰ ਸਾਹਿਬ ਨੂੰ ਫੁੱਲਾਂ ਦੀਆਂ ਵੱਖ-ਵੱਖ ਵੰਨਗੀਆਂ ਨਾਲ ਸਜਾਇਆ ਗਿਆ। ਸ੍ਰੀ ਦਰਬਾਰ ਸਾਹਿਬ ਸਮੂਹ 'ਚ ਸੱਚਖੰਡ ਵਿਖੇ, ਦਰਸ਼ਨੀ ਡਿਉਢੀ ਵਾਲੇ ਪੁਲ ਤੇ ਦਰਸ਼ਨੀ ਡਿਉਢੀ, ਸ੍ਰੀ ਅਕਾਲ ਤਖਤ ਅਤੇ ਚਾਰੋਂ ਦਿਸ਼ਾਵਾਂ ਵਿਚ ਬਣੀਆਂ ਛਬੀਲਾਂ ਵਾਲੇ ਸਥਾਨ ਨੂੰ ਫੁੱਲਾਂ ਦੀਆਂ ਵੰਨ-ਸੁਵੰਨੀਆਂ 40-50 ਕਿਸਮਾਂ ਨਾਲ ਸ਼ਿੰਗਾਰਿਆ ਗਿਆ ਹੈ। ਫੁੱਲਾਂ ਦੀ ਸਜਾਵਟ ਨਾਲ ਇਸ ਅਲੌਕਿਕ ਅਸਥਾਨ ਦੀ ਦਿੱਖ ਹੋਰ ਵੀ ਸੁੰਦਰ ਲੱਗ ਰਹੀ ਹੈ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਇਸ ਸਜਾਵਟ ਵਾਸਤੇ ਫੁੱਲਾਂ ਦੇ ਲਗਭਗ ਪੰਜ ਟਰੱਕ ਲੱਗੇ ਹਨ ਜੋ ਦੇਸ਼-ਵਿਦੇਸ਼ ਤੋਂ ਮੰਗਵਾਏ ਗਏ ਹਨ। ਫੁੱਲਾਂ ਨਾਲ ਸਜਾਵਟ ਦੀ ਇਹ ਸੇਵਾ ਇਸ ਵਾਰ ਸਥਾਨਕ ਸੰਗਤ ਵੱਲੋਂ ਕੀਤੀ ਗਈ ਹੈ। ਇਸ ਸਜਾਵਟ ਵਾਸਤੇ ਲਗਭਗ 125 ਕਾਰੀਗਰ ਅਤੇ ਇਸ ਤੋਂ ਵੱਧ ਸ਼ਰਧਾਲੂ ਲੱਗੇ ਹੋਏ ਹਨ।

ਇਸੇ ਤਰ੍ਹਾਂ ਦਰਬਾਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਮੇਤ ਵੱਖ-ਵੱਖ ਧਾਰਮਿਕ ਅਸਥਾਨਾਂ 'ਚ ਦੀਪਮਾਲਾ ਕੀਤੀ ਗਈ। ਇਸ ਇਤਿਹਾਸਕ ਦਿਹਾੜੇ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਸਮਾਗਮ ਕਰਵਾਏ ਗਏ। ਸਵੇਰੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਪਹਿਲੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਇਸ਼ਟ ਹਨ ਅਤੇ ਹਰ ਸਿੱਖ ਦਾ ਫਰਜ਼ ਹੈ ਕਿ ਉਹ ਗੁਰਬਾਣੀ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਜੀਵਨ ਬਤੀਤ ਕਰੇ।

ਉਨ੍ਹਾਂ ਕਿਹਾ ਕਿ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਹੱਥੀਂ 1604 ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਕੇ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ ਵਿਖੇ ਕੀਤਾ ਸੀ। ਇਸੇ ਦਿਨ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪ ਕੇ ਸੇਵਾ ਸੰਭਾਲ ਦੀਆਂ ਸੇਵਾਵਾਂ ਦਿੱਤੀਆਂ, ਜਿਸ ਨਾਲ ਗ੍ਰੰਥੀ ਪਰੰਪਰਾ ਦੀ ਆਰੰਭਤਾ ਵੀ ਹੋਈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।

## ਸ਼੍ਰੋਮਣੀ ਕਮੇਟੀ ਵੱਲੋਂ ਭਾਈ ਕੇਹਰ ਸਿੰਘ ਦੇ ਪਰਿਵਾਰ ਦੀ ਵਿੱਤੀ ਮਦਦ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਉੱਤੇ ਕੀਤੇ ਗਏ ਫ਼ੌਜੀ ਹਮਲੇ ਦਾ ਵਿਰੋਧ ਕਰਨ ਵਾਲੇ ਭਾਈ ਕੇਹਰ ਸਿੰਘ ਦੇ ਪਰਿਵਾਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਤਿੰਨ ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉਨ੍ਹਾਂ ਦੇ ਬੇਟੇ ਸਤਵੰਤ ਸਿੰਘ ਨੂੰ ਅੱਜ 2 ਲੱਖ 50 ਹਜ਼ਾਰ ਰੁਪਏ ਦਾ ਚੈੱਕ ਸੌਂਪਿਆ, ਜਦਕਿ ਇਸ ਤੋਂ ਕੁਝ ਦਿਨ ਪਹਿਲਾਂ ਵੀ 50 ਹਜ਼ਾਰ ਰੁਪਏ ਦਿੱਤੇ ਗਏ ਸਨ। ਪ੍ਰਧਾਨ ਸ੍ਰੀ ਧਾਮੀ ਨੇ ਕਿਹਾ ਕਿ ਜੂਨ 1984 ਦਾ ਹਮਲਾ ਸਿੱਖ ਮਾਨਸਿਕਤਾ 'ਤੇ ਗਹਿਰਾ ਜ਼ਖਮ ਹੈ, ਜਿਸ ਨੂੰ ਕੌਮ ਕਦੇ ਨਹੀਂ ਭੁੱਲ ਸਕਦੀ। ਇਸ ਦਾ ਬਦਲਾ ਲੈਣ ਵਾਲੇ ਭਾਈ ਕੇਹਰ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਬੇਅੰਤ ਸਿੰਘ ਕੌਮ ਦਾ ਸਰਮਾਇਆ ਹਨ ਜਿਨ੍ਹਾਂ ਦੀ ਕੁਰਬਾਨੀ ਬਹੁਤ ਵੱਡੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਹੁੰਦਿਆਂ ਸ਼੍ਰੋਮਣੀ ਕਮੇਟੀ ਆਪਣੇ ਸ਼ਹੀਦਾਂ ਦਾ ਸਤਿਕਾਰ ਕਰਦੀ ਹੈ।

## ਖੰਡ ਮਿੱਲ ਦੀਆਂ ਜਾਇਦਾਦਾਂ ਵੇਚਣ ਦੀ ਤਿਆਰੀ ਸ਼ੁਰੂ



**ਫਗਵਾੜਾ:** ਪੰਜਾਬ ਸਰਕਾਰ ਨੇ ਇਥੋਂ ਦੀ ਸ਼ੂਗਰ ਮਿੱਲ ਵੱਲ ਬਕਾਇਆ ਕਿਸਾਨਾਂ ਦੇ ਕਰੀਬ 42 ਕਰੋੜ ਰੁਪਏ ਦੇ ਭੁਗਤਾਨ ਲਈ ਮਿੱਲ ਦੀਆਂ ਸੀਲ ਕੀਤੀਆਂ ਅੱਧੀ ਦਰਜਨ ਜਾਇਦਾਦਾਂ ਵੇਚਣ ਵਾਸਤੇ ਸੱਤ ਮੈਂਬਰੀ ਕਮੇਟੀ ਕਾਇਮ ਕੀਤੀ ਹੈ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀਆਂ ਹਦਾਇਤਾਂ ਮਗਰੋਂ ਬਣਾਈ ਗਈ ਇਸ ਕਮੇਟੀ ਵਿਚ ਕਪੂਰਥਲਾ ਦੇ ਡਿਪਟੀ ਕਮਿਸ਼ਨਰ ਕਰਨੈਲ ਸਿੰਘ, ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਨਗਰ ਨਿਗਮ ਫਗਵਾੜਾ ਦੇ ਕਮਿਸ਼ਨਰ ਅਮਿਤ ਕੁਮਾਰ ਪੰਚਾਲ, ਐਸ.ਡੀ.ਐਮ. ਜੈਇੰਦਰ ਸਿੰਘ, ਕਪੂਰਥਲਾ ਦੇ ਜ਼ਿਲ੍ਹਾ ਮਾਲ ਅਫਸਰ ਨਵਦੀਪ ਸਿੰਘ ਭੋਗਲ ਅਤੇ ਬਲਾਕ ਸਮਿਤੀ ਫਗਵਾੜਾ ਦੇ ਚੇਅਰਮੈਨ ਇਸ ਕਮੇਟੀ ਦੇ ਮੈਂਬਰ ਹੋਣਗੇ। ਇਹ ਕਮੇਟੀ ਜ਼ਮੀਨ ਅਤੇ ਮਾਰਕੀਟ ਵਿਚ ਇਸ ਦੇ ਮੌਜੂਦਾ ਰੇਟ ਦਾ ਜਾਇਜ਼ਾ ਲੈ ਕੇ 15 ਦਿਨਾਂ 'ਚ ਆਪਣੀ ਰਿਪੋਰਟ ਸਰਕਾਰ ਨੂੰ ਭੇਜੇਗੀ।

## ਝੂਠੇ ਮੁਕਾਬਲਾ: ਸਾਬਕਾ ਡੀ.ਐਸ.ਪੀ. ਸਣੇ ਤਿੰਨ ਅਫਸਰਾਂ ਨੂੰ ਉਮਰ ਕੈਦ

**ਮੁਹਾਲੀ:** ਮੁਹਾਲੀ ਦੀ ਇਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਤਕਰੀਬਨ ਤਿੰਨ ਦਹਾਕੇ ਤੋਂ ਵੱਧ ਪੁਰਾਣੇ ਫਰਜ਼ੀ ਪੁਲਿਸ ਮੁਕਾਬਲੇ ਦਾ ਨਿਬੇੜਾ ਕਰਦਿਆਂ ਸੇਵਾਮੁਕਤ ਡੀ.ਐਸ.ਪੀ. ਗੁਰਦੇਵ ਸਿੰਘ ਸਮੇਤ ਥਾਣਾ ਲੋਪੋਕੇ ਦੇ ਤਤਕਾਲੀ ਐਸ.ਐਚ.ਓ. ਧਰਮ ਸਿੰਘ ਅਤੇ ਇਕ ਹੋਰ ਸਾਬਕਾ ਸਬ ਇੰਸਪੈਕਟਰ ਸੁਰਿੰਦਰ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ 2-2 ਲੱਖ ਰੁਪਏ ਜੁਰਮਾਨਾ ਕੀਤਾ ਜਦੋਂਕਿ ਇਕ ਮੁਲਜ਼ਮ ਸਾਬਕਾ ਥਾਣੇਦਾਰ ਭੁਪਿੰਦਰ ਸਿੰਘ ਨੂੰ ਭਗੌੜਾ ਐਲਾਨਿਆ ਗਿਆ।

ਅਦਾਲਤ ਨੇ ਉਨ੍ਹਾਂ ਨੂੰ ਸਿੱਖ ਨੌਜਵਾਨਾਂ ਖਿਲਾਫ਼ ਸਾਜ਼ਿਸ਼ ਰਚਣ, ਕਤਲ ਕਰਨ ਮਗਰੋਂ ਰਿਕਾਰਡ ਖੁਰਦ-ਬੁਰਦ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਹੈ। ਪੀੜਤ ਪਰਿਵਾਰਾਂ ਵੱਲੋਂ ਕੇਸ ਦੀ ਪੈਰਵੀ ਕਰ ਰਹੇ ਵਕੀਲ ਸਰਬਜੀਤ ਸਿੰਘ ਵੇਰਕਾ, ਜਗਜੀਤ ਸਿੰਘ ਬਾਜਵਾ ਅਤੇ ਪੁਸ਼ਪਿੰਦਰ ਸਿੰਘ ਨੱਤ ਨੇ ਦੱਸਿਆ ਕਿ ਸੀ.ਬੀ.ਆਈ. ਨੇ 2000 ਵਿਚ ਕੁੱਲ ਅੱਠ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਇਨ੍ਹਾਂ 'ਚੋਂ ਚਾਰ ਮੁਲਜ਼ਮਾਂ ਸਾਬਕਾ ਸਬ ਇੰਸਪੈਕਟਰ ਅਮਰੀਕ ਸਿੰਘ ਤੇ ਰਾਮ ਲੁਭਾਇਆ, ਹੌਲਦਾਰ ਸਤਵੀਰ ਸਿੰਘ ਅਤੇ ਦਲਜੀਤ ਸਿੰਘ ਦੀ ਮੌਤ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਨੇ ਫਰਜ਼ੀ ਮੁਕਾਬਲਾ ਦਿਖਾ ਕੇ ਹਰਜੀਤ ਸਿੰਘ, ਲਖਵਿੰਦਰ ਸਿੰਘ ਉਰਫ਼ ਲੱਖਾ ਅਤੇ ਜਸਪਿੰਦਰ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਤੋਂ ਬਾਅਦ ਪੀੜਤ ਪਰਿਵਾਰ ਦੀ ਕਿਸੇ ਨੇ ਵੀ ਨਾ ਸੁਣੀ।

## ਪ੍ਰਕਾਸ਼ ਚੰਦ ਗਰਗ ਅਕਾਲੀ ਦਲ ਸੰਯੁਕਤ 'ਚ ਸ਼ਾਮਲ

**ਭਵਾਨੀਗੜ੍ਹ:** ਸਾਬਕਾ ਸੰਸਦੀ ਸਕੱਤਰ ਤੇ ਅਕਾਲੀ ਆਗੂ ਪ੍ਰਕਾਸ਼ ਚੰਦ ਗਰਗ ਨੇ ਇੱਥੇ ਇਕੱਠ ਦੌਰਾਨ ਆਪਣੇ ਵੱਡੀ ਗਿਣਤੀ ਸਮਰਥਕਾਂ ਸਮੇਤ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਅਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੀ ਮੌਜੂਦ ਸਨ। ਸ੍ਰੀ ਗਰਗ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੁਣ ਚਾਪਲੂਸੀ ਕਰਨ ਵਾਲਿਆਂ ਦਾ ਬਣ ਕੇ ਰਹਿ ਗਿਆ ਹੈ। ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸੰਕਟ ਸਮੇਂ ਸ੍ਰੀ ਗਰਗ ਨੇ ਪੰਜਾਬ ਚੇਤਨਾ ਮੰਚ ਸਥਾਪਤ ਕਰਕੇ ਪੰਜਾਬ ਵਿਚ ਅਕਾਲੀ ਦਲ ਨਾਲ ਹਿੰਦੂ ਵਰਗ ਨੂੰ ਜੋੜਨ ਲਈ ਕਾਫੀ ਮਿਹਨਤ ਕੀਤੀ ਸੀ ਪਰ ਅੱਜ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਨੂੰ ਆਪਣੀ ਨਿੱਜੀ ਕੰਪਨੀ ਬਣਾ ਦਿੱਤਾ ਹੈ। ਉਨ੍ਹਾਂ ਪ੍ਰਕਾਸ਼ ਚੰਦ ਗਰਗ ਨੂੰ ਹਲਕਾ ਸੰਗਰੂਰ ਦਾ ਇੰਚਾਰਜ ਨਿਯੁਕਤ ਕੀਤਾ।

## ਵਿਜੀਲੈਂਸ ਵੱਲੋਂ ਪਰਲਜ਼ ਗਰੁੱਪ ਦੇ ਮਾਲਕ ਦੀ ਪਤਨੀ ਗ੍ਰਿਫ਼ਤਾਰ




**ਮੁਹਾਲੀ:** ਵਿਜੀਲੈਂਸ ਬਿਊਰੋ ਪੰਜਾਬ ਨੇ ਪਰਲਜ਼ ਗੋਲਡਨ ਫੋਰੈਸਟ (ਪੀ.ਜੀ.ਐਫ.) ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਨਿਰਮਲ ਸਿੰਘ ਭੰਗੂ ਦੀ ਪਤਨੀ ਪ੍ਰੇਮ ਕੌਰ ਭੰਗੂ ਵਾਸੀ ਫੇਜ਼-7 ਮੁਹਾਲੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ, ਜੋ ਕਾਫ਼ੀ ਸਮੇਂ ਤੋਂ ਤਫ਼ਤੀਸ਼ ਵਿਚ ਸ਼ਾਮਲ ਨਾ ਹੋ ਕੇ ਗ੍ਰਿਫ਼ਤਾਰੀ ਤੋਂ ਬਚਦੀ ਆ ਰਹੀ ਸੀ। ਉਸ ਨੂੰ ਪਰਲਜ਼ ਗਰੁੱਪ ਘੁਟਾਲੇ ਸਬੰਧੀ ਜਾਇਦਾਦ ਹੜੱਪਣ ਦੇ ਮਾਮਲੇ ਵਿਚ ਨਾਮਜ਼ਦ ਕੀਤਾ ਗਿਆ ਸੀ। ਉਸ ਨੇ ਪੰਜਾਬ ਵਿਚ ਪਰਲਜ਼ ਗਰੁੱਪ ਦੀਆਂ ਸਹਾਇਕ/ਸਮੂਹ ਕੰਪਨੀਆਂ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਸਬੰਧਤ ਜਾਇਦਾਦਾਂ ਨੂੰ ਵੇਚਣ ਲਈ ਆਪਣੇ ਨਜ਼ਦੀਕੀਆਂ ਨੂੰ ਅਧਿਕਾਰਤ ਕੀਤਾ ਹੋਇਆ ਸੀ।

ਉਸ ਖ਼ਿਲਾਫ਼ ਜ਼ੀਰਾ ਵਿਚ ਪਰਚਾ ਦਰਜ ਕੀਤਾ ਗਿਆ ਸੀ ਪਰ ਉਹ ਜਾਂਚ ਵਿਚ ਸ਼ਾਮਲ ਨਹੀਂ ਹੋਈ ਸੀ। ਵਿਜੀਲੈਂਸ ਅਨੁਸਾਰ ਪ੍ਰੇਮ ਕੌਰ ਭੰਗੂ ਪਰਲਜ਼ ਗਰੁੱਪ ਦੀਆਂ ਕਈ ਸਮੂਹ/ਸਬਸਿਡਰੀ ਕੰਪਨੀਆਂ ਵਿਚ ਡਾਇਰੈਕਟਰ ਵੀ ਰਹਿ ਚੁੱਕੀ ਹੈ।

ਉਸ ਦੇ ਪਤੀ ਨਿਰਮਲ ਸਿੰਘ ਭੰਗੂ ਨੂੰ ਪਹਿਲਾਂ ਹੀ ਸੀ.ਬੀ.ਆਈ. ਵੱਲੋਂ ਚਿਟ ਫੰਡ ਘੁਟਾਲੇ ਵਿਚ ਗ੍ਰਿਫ਼ਤਾਰ ਕਰਕੇ ਚਾਰਜਸ਼ੀਟ ਕੀਤਾ ਹੋਇਆ ਹੈ। ਇਸ ਸਕੀਮ ਵਿਚ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਦੇ ਲਗਭਗ 5 ਕਰੋੜ ਨਿਵੇਸ਼ਕਾਂ ਵੱਲੋਂ 50 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ ਸੀ।

## ਪੰਜਾਬ ਸਰਕਾਰ ਸਰਹੱਦੀ ਜ਼ਿਲ੍ਹਿਆਂ 'ਚ ਸਨਅਤੀਕਰਨ ਨੂੰ ਹੁਲਾਰਾ ਦੇਵੇਗੀ



**ਅੰਮ੍ਰਿਤਸਰ:** ਸੂਬੇ ਵਿਚ ਸਨਅਤ ਅਤੇ ਵਪਾਰ ਨੂੰ ਵਧਾਉਣ ਦੇ ਮੰਤਵ ਨਾਲ ਪੰਜਾਬ ਸਰਕਾਰ ਵੱਲੋਂ ਸਰਕਾਰ-ਸਨਅਤਕਾਰ ਮਿਲਣੀ ਦੀ ਸ਼ੁਰੂਆਤ ਕੀਤੀ ਗਈ। ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਨਅਤਕਾਰਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ। ਭਗਵੰਤ ਮਾਨ ਨੇ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਸਨਅਤੀਕਰਨ ਨੂੰ ਹੁਲਾਰਾ ਦੇਣ ਦਾ ਐਲਾਨ ਕੀਤਾ।

ਸਨਅਤਕਾਰਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸਰਹੱਦੀ ਖਿੱਤੇ ਵਿਚ ਸਨਅਤ ਦਾ ਸਮੁੱਚਾ ਵਿਕਾਸ ਯਕੀਨੀ ਬਣਾਉਣ ਲਈ ਵਚਨਬੱਧ ਹੈ। ਇਸ ਲਈ ਸਰਹੱਦੀ ਖੇਤਰ ਵਿਚ ਬਾਰਡਰ ਸ਼ਨਾਖ਼ਤੀ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਜਾਵੇਗਾ ਅਤੇ ਪ੍ਰਕਿਰਿਆ ਵਿਚ ਲੋੜੀਂਦੀਆਂ ਤਬਦੀਲੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਨਅਤਾਂ ਵਾਸਤੇ ਨਹਿਰੀ ਪਾਣੀ ਉਪਲਬਧ ਕਰਵਾਏਗੀ ਜੋ ਸਨਅਤਕਾਰਾਂ ਨੂੰ ਸਸਤਾ ਵੀ ਮਿਲੇਗਾ। ਉਨ੍ਹਾਂ ਦੱਸਿਆ ਕਿ ਇਸ ਮਿਲਣੀ ਦੌਰਾਨ ਸਨਅਤਕਾਰਾਂ ਨੇ ਪੇਸ਼ ਆ ਰਹੀ ਪਾਣੀ ਦੀ ਸਮੱਸਿਆ ਬਾਰੇ ਦੱਸਿਆ ਸੀ, ਜਿਸ ਨੂੰ ਮੌਕੇ 'ਤੇ ਹੀ ਹੱਲ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਭਗਵੰਤ ਮਾਨ ਨੇ ਨਹਿਰੀ ਵਿਭਾਗ ਦੇ ਸਕੱਤਰ ਨੂੰ ਮੌਕੇ 'ਤੇ ਹੀ ਨਹਿਰੀ ਪਾਣੀ ਦੀ ਉਪਲਬਧਤਾ ਬਾਰੇ ਪੁੱਛਿਆ, ਜਿਨ੍ਹਾਂ ਇਸ ਇਸ ਬਾਰੇ ਹਾਂ-ਪੱਖੀ ਹਾਮੀ ਭਰੀ। ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਸ਼ਹਿਰ ਵਿਚ ਜਲਦੀ ਹੀ ਟੂਰਿਜ਼ਮ ਪੁਲਿਸ ਦੀ ਯੂਨਿਟ ਸ਼ੁਰੂ ਕੀਤੀ ਜਾਵੇਗੀ, ਜੋ ਸੈਲਾਨੀ ਪੱਖੀ ਹੋਵੇਗੀ। ਉਨ੍ਹਾਂ ਦੀ ਵਰਦੀ ਦਾ ਰੰਗ ਵੱਖਰਾ ਹੋਵੇਗਾ ਅਤੇ ਉਹ ਇਥੇ ਆਉਣ ਵਾਲੇ ਸੈਲਾਨੀਆਂ ਦੀ ਮਦਦ ਕਰਨਗੇ। ਟ੍ਰੈਫਿਕ ਕੰਟਰੋਲ ਵਾਸਤੇ ਮਸਨੂਈ ਇੰਟੈਲੀਜੈਂਸ ਦੀ ਵਰਤੋਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਹਾਈਵੇਅ ਪੁਲਿਸ ਸ਼ੁਰੂ ਕੀਤੀ ਗਈ ਹੈ ਤਾਂ ਜੋ ਸੜਕ ਹਾਦਸਿਆਂ ਨੂੰ ਰੋਕ ਕੇ ਜਾਨਾਂ ਨੂੰ ਬਚਾਇਆ ਜਾ ਸਕੇ। ਸ਼ਹਿਰ ਨੂੰ ਪ੍ਰਦੂਸ਼ਣ ਮੁਕਤ ਕਰਨ ਵਾਸਤੇ ਵੱਖ-ਵੱਖ ਥਾਵਾਂ 'ਤੇ ਈ-ਸਟਲ ਸਰਵਿਸ ਸ਼ੁਰੂ ਕਰਨ ਦੀ ਵੀ ਯੋਜਨਾ ਹੈ।

ਮੁੱਖ ਮੰਤਰੀ ਨੇ ਅੰਮ੍ਰਿਤਸਰ 'ਚ 50-100 ਏਕੜ ਰਕਬੇ ਵਿਚ ਸੈਲੀਬ੍ਰੇਸ਼ਨ ਪੁਆਇੰਟ (ਖੁਸ਼ੀਆਂ ਵਾਲੇ ਸਮਾਗਮ ਕਰਵਾਉਣ ਲਈ ਵਿਸ਼ੇਸ਼ ਥਾਂ) ਸਥਾਪਤ ਕਰਨ ਦਾ ਵੀ ਐਲਾਨ ਕੀਤਾ। ਇਸ ਜਗ੍ਹਾ ਉਤੇ ਅਜਿਹੇ ਸਮਾਗਮਾਂ ਲਈ ਬੈਂਕੁਇਟ ਹਾਲ ਬਣਾਏ ਜਾਣਗੇ। ਸੂਬੇ ਵਿਚ ਸੈਰ-ਸਪਾਟੇ ਨੂੰ ਪ੍ਰਫੁੱਲਤ ਕਰਨ ਲਈ ਇਹ ਥਾਵਾਂ ਬਹੁਤ ਕਾਰਗਰ ਸਿੱਧ ਹੋਣਗੀਆਂ।

ਉਨ੍ਹਾਂ ਦੱਸਿਆ ਕਿ ਸਰਕਾਰ ਨੇ ਹਾਲ ਹੀ 'ਚ ਸੈਰ-ਸਪਾਟਾ ਸੰਮੇਲਨ ਕਰਵਾਇਆ ਹੈ ਜਿਸ ਵਿਚ ਨਿਵੇਸ਼ਕਾਰਾਂ ਨੇ ਸੂਬੇ ਵਿਚ ਲਗਭਗ 1200-1500 ਕਰੋੜ ਦਾ ਨਿਵੇਸ਼ ਕਰਨ ਦੀ ਇੱਛਾ ਪ੍ਰਗਟਾਈ ਹੈ। ਇਹ ਨਿਵੇਸ਼ ਸੂਬੇ ਨੂੰ ਕੌਮਾਂਤਰੀ ਸੈਰ-ਸਪਾਟੇ ਦੇ ਨਕਸ਼ੇ ਉਤੇ ਹੋਰ ਉਭਾਰੇਗਾ।

### ਨਹਿਰੀ ਪਾਣੀ ਮੁਹੱਈਆ ਕਰਵਾਵਾਂਗੇ: ਭਗਵੰਤ ਮਾਨ

**ਅੰਮ੍ਰਿਤਸਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਪੰਜਾਬ ਸਰਕਾਰ ਸਨਅਤਾਂ ਵਾਸਤੇ ਨਹਿਰੀ ਪਾਣੀ ਉਪਲਬਧ ਕਰਵਾਏਗੀ ਜੋ ਕਿ ਸਨਅਤਕਾਰਾਂ ਨੂੰ ਸਸਤਾ ਵੀ ਮਿਲੇਗਾ। ਮੁੱਖ ਮੰਤਰੀ ਨੇ ਨਹਿਰੀ ਵਿਭਾਗ ਦੇ ਸਕੱਤਰ ਨੂੰ ਮੌਕੇ 'ਤੇ ਹੀ ਨਹਿਰੀ ਪਾਣੀ ਦੀ ਉਪਲਬਧਤਾ ਬਾਰੇ ਪੁੱਛਿਆ ਜਿਨ੍ਹਾਂ ਨੇ ਇਸ ਬਾਰੇ ਹਾਂ ਪੱਖੀ ਹੁੰਗਾਰਾ ਦਿੱਤਾ। ਮੁੱਖ ਮੰਤਰੀ ਨੇ ਦੱਸਿਆ ਕਿ ਸ਼ਹਿਰ ਵਿਚ ਜਲਦੀ ਹੀ ਟੂਰਿਜ਼ਮ ਪੁਲਿਸ ਦਾ ਯੂਨਿਟ ਸ਼ੁਰੂ ਕੀਤਾ ਜਾਵੇਗਾ। ਟ੍ਰੈਫਿਕ ਕੰਟਰੋਲ ਵਾਸਤੇ ਮਸਨੂਈ ਇੰਟੈਲੀਜੈਂਸ ਦੀ ਵਰਤੋਂ ਕੀਤੀ ਜਾਵੇਗੀ।

### ਪੰਜਾਬ ਛੇਤੀ ਹੀ ਚੀਨ ਨੂੰ ਪਛਾੜ ਦੇਵੇਗਾ: ਕੇਜਰੀਵਾਲ

**ਜਲੰਧਰ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਦਯੋਗਿਕ ਖੇਤਰ ਵਿਚ ਪੰਜਾਬ ਕੋਲ ਚੀਨ ਨੂੰ ਪਛਾੜਨ ਦੀ ਵੱਡਾ ਸਮਰੱਥਾ ਹੈ। 'ਸਰਕਾਰ-ਸਨਅਤਕਾਰ ਮਿਲਣੀ' ਦੌਰਾਨ ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਜਨਮ ਤੋਂ ਹੀ ਉੱਦਮੀ ਹੁੰਦੇ ਹਨ ਅਤੇ ਇਨ੍ਹਾਂ ਕੋਲ ਅਗਵਾਈ ਕਰਨ ਦੀ ਸਮਰੱਥਾ ਹੁੰਦੀ ਹੈ ਜਿਸ ਦਾ ਸਬੂਤ ਇਨ੍ਹਾਂ ਨੇ ਆਲਮੀ ਪੱਧਰ 'ਤੇ ਵੱਡੀਆਂ ਮੱਲਾਂ ਮਾਰ ਕੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦੀ ਸਖ਼ਤ ਮਿਹਨਤ ਅਤੇ ਘਾਲਣਾ ਦਾ ਕੋਈ ਸਾਨੀ ਨਹੀਂ ਹੈ ਜਿਸ ਕਰ ਕੇ ਇਨ੍ਹਾਂ ਨੇ ਹਰੇਕ ਖੇਤਰ ਵਿਚ ਬੁਲੰਦੀਆਂ ਨੂੰ ਛੂਹਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦੀ ਇਹ ਸਮਰੱਥਾ ਉਦਯੋਗਿਕ ਖੇਤਰ ਵਿੱਚ ਪੰਜਾਬ ਨੂੰ ਚੀਨ ਤੋਂ ਅੱਗੇ ਲਿਜਾ ਸਕਦੀ ਹੈ।

ਇਸ ਦੌਰਾਨ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਖਿਆ ਕਿ ਪੰਜਾਬ ਦੀ ਤਰੱਕੀ ਵਾਸਤੇ ਘਰੇਲੂ ਨਿਵੇਸ਼ ਨੂੰ ਵਧਾਇਆ ਜਾਵੇਗਾ। ਪੰਜਾਬ ਦੇ ਨਿਵੇਸ਼ਕਾਰ ਇਥੋਂ ਦੇ ਅੰਬੈਸਡਰ ਹੋਣਗੇ ਜਿਨ੍ਹਾਂ ਦੇ ਪ੍ਰਭਾਵ ਨੂੰ ਦੇਖ ਕੇ ਬਾਹਰੋਂ ਵੀ ਨਿਵੇਸ਼ ਵਧੇਗਾ।

# ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 28ਵੀਂ ਬਰਸੀ ਮਨਾਈ

**ਫਰਿਜ਼ਨੋ:** ਇੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿਚ ਬਣੇ ਖਾਲੜਾ ਪਾਰਕ ਵਿਚ ਲੰਘੇ ਸ਼ਨਿਚਰਵਾਰ ਪ੍ਰਬੰਧਕ ਕਮੇਟੀ ਵੱਲੋਂ ਇੰਡੋ-ਯੂ.ਐਸ. ਹੈਰੀਟੇਜ ਦੇ ਸਹਿਯੋਗ ਨਾਲ ਤੇ ਜੈਕਾਰਾ







ਮੂਵਮੈਂਟ ਦੇ ਨੌਜਵਾਨਾਂ ਦੇ ਉੱਦਮ ਸਦਕਾ ਸ਼ਹੀਦ ਖਾਲੜਾ ਦੀ 28ਵੀਂ ਬਰਸੀ ਨੂੰ ਮੁੱਖ ਰੱਖ ਕੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਓਥੇ ਹੀ 9/11 ਦੀ 22ਵੀਂ ਬਰਸੀ ਮੌਕੇ ਅਮਰੀਕਾ ਵਿਚ ਅਤਿਵਾਦੀ ਹਮਲੇ ਵਿਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਸਮਾਗਮ ਦੀ ਸ਼ੁਰੂਆਤ ਗੁਰਬਾਣੀ ਦੇ ਸ਼ਬਦ ਅਤੇ ਅਮੈਰੀਕਨ ਐਂਥਮ ਨਾਲ ਕੀਤੀ ਗਈ। ਪਿਛੋਂ ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖ ਕੇ ਕੀਤੀ। ਗਾਇਕ ਕਮਲਜੀਤ ਬੈਨੀਪਾਲ ਅਤੇ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਕਵੀਸ਼ਰੀ ਗਾ ਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਪੰਛੀ ਝਾਤ ਪਵਾਈ। ਯਮਲੇ ਜੱਟ ਦੇ ਲਾਡਲੇ ਸ਼ਾਗਿਰਦ ਰਾਜ ਬਰਾੜ ਅਤੇ ਪੱਪੀ ਭਦੌੜ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਹੈਰੀ ਮਾਨ, ਰਾਜ ਸਿੱਧੂ, ਕਾਕਾ ਅਮਰਜੀਤ ਸਿੰਘ, ਪੰਜਾਬੀ ਰੇਡੀਓ ਯੂਐਸਏ ਦੇ ਹੋਸਟ ਰਾਜਕਰਨਬੀਰ ਸਿੰਘ, ਰੇਡੀਓ ਹੋਸਟ ਜਗਤਾਰ ਸਿੰਘ ਗਿੱਲ, ਪਰਮਪਾਲ ਸਿੰਘ, ਗੁਰਦੀਪ ਸ਼ੇਰਗਿੱਲ, ਰਣਜੋਧ ਸਿੰਘ ਰਿਆੜ, ਹਿਸਟੋਰੀਅਨ ਗਗਨਦੀਪ ਸਿੰਘ ਆਈ.ਏ.ਐਸ., ਮਲਕੀਤ ਸਿੰਘ ਕਿੰਗਰਾ, ਮਨਦੀਪ ਸਿੰਘ ਸਿਲਮਾਂ, ਜਗਦੀਸ਼ ਸਿੰਘ, ਹਰਨੇਕ ਸਿੰਘ ਲੋਹਗੜ੍ਹ ਆਦਿ ਨੇ ਸਟੇਜ ਤੋਂ ਹਾਜ਼ਰੀ ਭਰੀ। ਇਸ ਮੌਕੇ ਕਾਂਗਰਸ ਲਈ ਰਨ ਕਰ ਰਹੇ ਮਾਈਕਲ ਮਾਹਿਰ ਨੇ ਵੀ ਸ. ਖਾਲੜਾ ਨੂੰ ਯਾਦ ਕੀਤਾ ਅਤੇ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ।

ਇਸ ਮੌਕੇ ਪਾਰਕ ਦੀ ਸਫਾਈ ਵਾਲੇ ਮੁਲਾਜ਼ਮਾਂ ਗੈਬਰੀਅਲ ਅਤੇ ਟੀਮ ਨੂੰ ਵੀ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ। ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਧੀ ਬੀਬੀ ਨਵਕਿਰਨ ਕੌਰ ਖਾਲੜਾ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਬਾਬਿਆਂ ਦੀ ਪਾਰਕ ਕਮੇਟੀ ਵੱਲੋਂ ਉਨ੍ਹਾਂ ਨੂੰ ਸ਼ਾਲ ਦੇ ਕੇ ਨਿਵਾਜਿਆ ਗਿਆ। ਉਨ੍ਹਾਂ ਦੇ ਜਵਾਈ ਸ. ਦਲਬੀਰ ਸਿੰਘ ਗਿੱਲ ਨੂੰ ਵੀ ਸਿਰੋਪਾਓ ਨਾਲ ਨਿਵਾਜਿਆ ਗਿਆ। ਇਸ ਮੌਕੇ ਹੈਰੀ ਮਾਨ, ਪੱਤਰਕਾਰ ਨੀਟਾ ਮਾਛੀਕੇ, ਰਾਜਕਰਨਬੀਰ ਸਿੰਘ, ਹਰਜੋਤ ਸਿੰਘ ਖਾਲਸਾ, ਗੁਰਦੀਪ ਸ਼ੇਰਗਿੱਲ ਆਦਿ ਨੂੰ ਵੀ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦਿੱਤੇ ਗਏ।

ਅੰਤ ਵਿਚ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਦੇ ਮੋਢੀ ਮੈਂਬਰ ਸ. ਹਰਦੇਵ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕੀਤਾ। ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੇ ਜਲੇਬੀਆਂ ਦਾ ਲੰਗਰ ਵਰਤਾਇਆ। ਇਸ ਪ੍ਰੋਗਰਾਮ ਦੀ





ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂ. ਐਸ. ਹੈਰੀਟੇਜ, ਬਾਬਿਆਂ ਦੀ ਪਾਰਕ ਕਮੇਟੀ ਮੈਂਬਰਾਂ ਅਤੇ ਜੈਕਾਰਾ ਮੂਵਮੈਂਟ ਦੇ ਅਣਥੱਕ ਮੈਂਬਰਾਂ ਸਿਰ ਬੱਝਦਾ ਹੈ। ਇਸ ਮੌਕੇ ਇੰਡੋ-ਯੂ.ਐਸ. ਹੈਰੀਟੇਜ ਅਤੇ ਬਾਬਿਆਂ ਦੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਸਤੰਬਰ ਦੇ ਤੀਸਰੇ ਸ਼ਨਿਚਰਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਹ ਬਰਸੀ ਹਰੇਕ ਸਾਲ ਮਨਾਈ ਜਾਇਆ ਕਰੇਗੀ। ਕਮੇਟੀ ਨੇ ਸੰਗਤ ਦਾ ਸਹਿਯੋਗ ਅਤੇ ਵਾਲੰਟੀਅਰਾਂ ਦੀ ਮਿਹਨਤ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ। ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ। ਇਸ ਮੌਕੇ ਖਾਲੜਾ ਮਿਸ਼ਨ ਲਈ ਫਾਰਮਰ ਅਜੀਤ ਸਿੰਘ ਗਿੱਲ ਨੇ ਇੱਕ ਹਜ਼ਾਰ ਡਾਲਰ ਦਾ ਚੈਕ ਭੇਟ ਕੀਤਾ। ਫਾਰਮਰ ਚਰਨਜੀਤ ਸਿੰਘ ਬਾਠ ਅਤੇ ਟਰਾਂਸਪੋਰਟਰ ਜਸਪਾਲ ਸਿੰਘ ਧਾਲੀਵਾਲ ਨੇ ਵੀ ਪ੍ਰਬੰਧਕਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

*-ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ*

# ਕਰਮਨ ਸ਼ਹਿਰ ਦੇ 79ਵੇਂ ਹਾਰਵੈਸਟਰ ਫੈਸਟੀਵਲ 'ਚ ਪੰਜਾਬੀਆਂ ਦੀ ਬੱਲੇ-ਬੱਲੇ

**ਫਰਿਜ਼ਨੋ:** ਕਰਮਨ ਸ਼ਹਿਰ ਵਿਖੇ 79ਵਾਂ "ਹਾਰਵੈਸਟ ਫੈਸਟੀਵਲ" ਕਰਵਾਇਆ ਗਿਆ, ਜਿਸ ਦੀ ਸ਼ੁਰੂਆਤ ਪਰੇਡ ਨਾਲ ਹੋਈ। ਫੈਸਟੀਵਲ ਦਾ ਮਾਹੌਲ ਬਿਲਕੁਲ ਵਿਸਾਖੀ ਦੇ ਮੇਲੇ ਵਰਗਾ ਸੀ। ਇੱਥੇ ਲੋਕ ਆਪਣੀ ਪੱਕੀ



ਫਸਲ ਦੀ ਵਾਢੀ ਕਰਨ ਦੀ ਖ਼ੁਸ਼ੀ ਪਰੰਪਰਾਗਤ ਮੇਲੇ ਦੇ ਰੂਪ ਵਿਚ ਮਨਾਉਂਦੇ ਆ ਰਹੇ ਹਨ। ਜਿਸ ਦੀ ਸ਼ੁਰੂਆਤ ਨਗਰ ਕੀਰਤਨ ਵਾਂਗ ਪਰੇਡ ਨਾਲ ਕੀਤੀ ਜਾਂਦੀ ਹੈ ਅਤੇ ਇਕੱਠ ਵੀ ਅਮੈਰੀਕਨ ਭਾਈਚਾਰੇ ਦਾ ਬਹੁਤ ਹੁੰਦਾ ਹੈ। ਹਰ ਸਾਲ 50 ਤੋਂ ਵਧੀਕ ਫਲੋਟ ਸਭ ਦੀ ਖਿੱਚ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਲੋਕ ਆਪਣੇ ਪੁਰਾਣੇ ਟਰੱਕ, ਟਰੈਕਟਰ, ਕਾਰਾਂ ਅਤੇ ਹੋਰ ਪੁਰਾਤਨ ਸਾਜ਼ੋ-ਸਾਮਾਨ ਦਾ ਵੀ ਲਿਸ਼ਕਾਂ-ਚਮਕਾ ਕੇ ਪ੍ਰਦਰਸ਼ਨ ਕਰਦੇ ਹਨ। ਫਲੋਟਸ ਨੂੰ ਵਧੀਆ ਸਜਾਉਣ ਦੇ ਮੁਕਾਬਲੇ ਵੀ ਦਿਲਚਸਪ ਹੁੰਦੇ ਹਨ, ਜਿਸ ਦੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਸਥਾਨਕ ਲੋਕ ਸੜਕ ਦੇ ਦੋਨੋਂ ਪਾਸੇ ਬੈਠ ਇਸ ਪਰੰਪਰਾਗਤ ਪਰੇਡ ਦਾ ਅਨੰਦ ਮਾਣਦੇ ਹਨ ਅਤੇ ਹਿੱਸਾ ਲੈਣ ਵਾਲਿਆਂ ਦੀ ਹੌਸਲਾ ਅਫਜ਼ਾਈ ਵੀ ਕਰਦੇ ਹਨ। ਇਸ ਪਰੇਡ ਦੀ ਸਮਾਪਤੀ ਉਪਰੰਤ ਚਾਰ ਦਿਨ ਮੇਲੇ ਦਾ ਲੋਕ ਗੀਤ-ਸੰਗੀਤ, ਖੇਡਾਂ, ਰਾਈਡਾਂ, ਤਰ੍ਹਾਂ-ਤਰ੍ਹਾਂ ਦੇ ਝੂਲਿਆਂ ਅਤੇ ਖਾਣਿਆਂ ਦਾ ਅਨੰਦ ਮਾਣਦੇ ਹਨ।

ਮੇਲੇ ਦੌਰਾਨ ਹਰ ਸਾਲ ਸਟਜ ਲੱਗਦੀ ਹੈ। ਜਿੱਥੇ ਵੱਖ-ਵੱਖ ਬੁਲਾਰੇ ਜਾਂ ਕਲਾਕਾਰ ਰਵਾਇਤੀ ਤੌਰ 'ਤੇ ਆਪਣੇ ਵਿਚਾਰ ਜਾਂ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਇਸੇ ਹੀ ਸਟੇਜ ਤੋਂ ਗਾਇਕੀ ਦਾ ਖੁੱਲ੍ਹਾ ਅਖਾੜਾ ਵੀ ਲੱਗਦਾ ਹੈ, ਜਿਸ ਵਿਚ ਵੱਖ-ਵੱਖ ਭਾਈਚਾਰੇ ਦੇ ਲੋਕ ਆਪਣੀ ਕਲਾ ਦਾ ਪ੍ਰਗਟਾ ਕਰਦੇ ਹੋਏ, ਦੂਸਰੇ ਭਾਈਚਾਰਿਆਂ ਨਾਲ ਸੱਭਿਆਚਾਰ ਦੀ ਸਾਂਝ ਪਾਉਂਦੇ ਹਨ। ਕਰਮਨ ਸ਼ਹਿਰ ਵਿਚ ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਹੈ। ਇਸੇ ਲੜੀ ਤਹਿਤ ਪਹਿਲੀ ਵਾਰ ਕਿਰਨਜੋਤ ਕੌਰ ਢੇਸੀ ਦੇ



ਉੱਦਮ ਸਦਕਾ, ਗੁਲਬਿੰਦਰ ਗੈਰੀ ਢੇਸੀ ਅਤੇ ਕੁਲਵੰਤ ਧਾਲੀਆਂ ਨੇ ਪੰਜਾਬੀ ਸੱਭਿਆਚਾਰ ਦੀ ਸਾਂਝ ਪਾਉਂਦਾ ਪ੍ਰੋਗਰਾਮ ਸਟੇਜ ਤੋਂ ਸਫਲਤਾ ਨਾਲ ਪੇਸ਼ ਕੀਤਾ। ਇਸ ਦੀ ਸ਼ੁਰੂਆਤ ਦਿਲਦਾਰ ਮਿਊਜ਼ੀਕਲ ਬ੍ਰਦਰਜ਼ ਗਰੁੱਪ ਕੈਲੇਫੋਰਨੀਆ ਦੇ ਕਲਾਕਾਰ ਅਵਤਾਰ ਗਰੇਵਾਲ, ਰਾਣੀ ਗਿੱਲ, ਕਾਂਤਾ ਸਹੋਤਾ ਨੇ ਕੀਤੀ। ਬਾਕੀ ਕਲਾਕਾਰਾਂ ਵਿਚ ਪੱਪੀ ਭਦੌੜ, ਜੋਗਿੰਦਰ ਸਿੰਘ ਜੋਗੀ, ਅਮਰੀਕ ਸਿੰਘ ਸੰਗੀਤ ਮਾਸਟਰ, ਗੀਤਕਾਰ ਸਤਵੀਰ ਹੀਰ ਆਦਿਕ ਨੇ ਜਿੱਥੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ, ਉੱਥੇ ਅਮਰੀਕਨਾਂ ਨੂੰ ਵੀ ਨੱਚਣ ਲਾ ਦਿੱਤਾ। ਮੇਲੇ ਦੇ ਪ੍ਰਬੰਧਕਾਂ ਵਿਚੋਂ ਮਿਸ. ਸੂਸਨ ਨੇ ਪੰਜਾਬੀ ਭਾਈਚਾਰੇ ਨੂੰ ਅਗਲੇ ਸਾਲ ਦਾ ਸੱਦਾ ਦਿੰਦੇ ਹੋਏ, ਇਸ ਸਫਲ ਪੇਸ਼ਕਾਰੀ ਦੀ ਵਧਾਈ ਵੀ ਦਿੱਤੀ। ਅੰਤ ਯਾਦਗਾਰੀ ਪੈੜਾਂ ਛੱਡਦਾ ਹੋਇਆ ਇਹ ਮੇਲਾ ਯਾਦਗਾਰੀ ਹੋ ਨਿੱਬੜਿਆ।

**-ਕੁਲਵੰਤ ਧਾਲੀਆਂ / ਨੀਟਾ ਮਾਛੀਕੇ)**

# ਲਿੰਡਸੇ ਦੇ 'ਤੂਤਾਂ ਵਾਲਾ ਖੂਹ' ਵਿਖੇ ਲੱਗੀਆਂ ਤੀਆਂ ਅਤੇ ਹੋਈ ਪਰਿਵਾਰਕ ਮਿਲਣੀ

**ਲਿੰਡਸੇ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਇੱਥੇ ਬਣਿਆ "ਤੂਤਾਂ ਵਾਲਾ ਖੂਹ" ਨੂੰ ਅਰਵਿੰਦਰ ਸਿੰਘ ਲਾਖਨ ਅਤੇ ਪਰਿਵਾਰ ਨੇ ਬੜੀ ਮਿਹਨਤ ਅਤੇ ਲਗਨ ਨਾਲ ਪੰਜਾਬ ਦੇ ਵਿਰਾਸਤੀ ਰੰਗਾਂ ਵਿਚ ਰੰਗਿਆ ਹੈ। ਜਿਸ ਨੂੰ ਦੇਖ ਦੂਰ ਦੁਰਾਡੇ ਤੋਂ ਪਹੁੰਚ ਲੋਕ ਸ਼ਲਾਘਾ ਕਰਦੇ ਹਨ।



ਇਸੇ "ਤੂਤਾਂ ਵਾਲੇ ਖੂਹ" 'ਤੇ ਅਰਵਿੰਦਰ ਸਿੰਘ ਲਾਖਨ ਵੱਲੋਂ ਕੁਲਵੀਰ ਸਿੰਘ ਹੇਅਰ ਅਤੇ ਹੋਰ ਦੋਸਤਾਂ ਦੇ ਸਹਿਯੋਗ ਨਾਲ ਤੀਆਂ ਦਾ ਤਿਉਹਾਰ ਅਤੇ ਪਰਿਵਾਰਕ ਮਿਲਣੀ ਕਰਵਾਈ ਗਈ। ਇਸ



ਸਮੇਂ ਲੱਗੀਆਂ ਤੀਆਂ ਦਾ ਮਾਹੌਲ ਬਿਲਕੁਲ ਪੰਜਾਬ ਦੇ ਵਿਰਾਸਤੀ ਵਿਆਹ ਵਰਗਾ ਸੀ। ਜਿੱਥੇ ਡਹੇ ਮੰਜੇ, ਚਰਖਾ, ਮਧਾਣੀ, ਸੰਗੀਤਕ ਸਾਜ਼ ਅਤੇ ਹੋਰ ਵਿਰਾਸਤੀ ਵਸਤਾਂ ਵਿਸਰ ਰਹੀਆਂ ਪੰਜਾਬ ਦੀਆਂ ਰਸਮਾਂ ਨੂੰ ਜੀਵਤ ਕਰ ਰਹੀਆਂ ਸਨ।

ਤੀਆਂ ਦੀ ਸ਼ੁਰੂਆਤ ਪੱਤਰਕਾਰ ਕੁਲਵੀਰ ਹੇਅਰ ਦੀ ਬੇਟੀ ਆਂਚਲ ਹੇਅਰ ਨੇ ਸਭ ਨੂੰ "ਜੀ ਆਇਆਂ ਕਹਿਣ" ਨਾਲ ਕੀਤੀ। ਇਸ ਉਪਰੰਤ ਕਈ ਘੰਟੇ ਬੋਲੀਆਂ 'ਤੇ ਗਿੱਧਾ ਪਾਇਆ ਗਿਆ। ਹਾਜ਼ਰ ਔਰਤਾਂ ਨੇ ਇੱਕ-ਦੂਜੇ ਨਾਲੋਂ ਵਧ ਚੜ੍ਹ ਕੇ ਬੋਲੀਆਂ ਪਾਈਆ। ਤੀਆਂ ਦਾ ਮਾਹੌਲ ਬਿਲਕੁਲ ਵਿਰਾਸਤੀ ਰੰਗ ਵਿਚ ਰੰਗਿਆ ਹੋਇਆ ਸੀ। ਜੋ ਅੱਜ ਵੀ ਪੰਜਾਬ ਦੇ ਅਮੀਰ ਵਿਰਸੇ ਦੀ ਵਿਦੇਸ਼ਾਂ ਵਿੱਚ ਝਲਕ ਪੇਸ਼ ਕਰ ਰਿਹਾ ਸੀ। ਪ੍ਰੋਗਰਾਮ ਦੌਰਾਨ ਖੂਬ ਰੌਣਕਾਂ ਲੱਗੀਆਂ ਹੋਈਆਂ ਸਨ। ਹਰ ਕੋਈ ਆਪਣੇ ਆਪ ਨੂੰ ਪੰਜਾਬ ਵਿਚ ਬੈਠਾ ਮਹਿਸੂਸ ਕਰ ਰਿਹਾ ਸੀ। ਔਰਤਾਂ ਦੁਆਰਾ ਲੱਗੀਆਂ ਤੀਆਂ ਦੀ ਸਮਾਪਤੀ ਉਪਰੰਤ ਹਾਜ਼ਰ ਆਦਮੀਆਂ ਵੱਲੋਂ ਵੀ ਸ਼ਾਨਦਾਰ ਮਹਿਫ਼ਲ ਦਾ ਆਗਾਜ਼ ਕੀਤਾ ਗਿਆ। ਦਿਲਦਾਰ ਮਿਊਜ਼ੀਕਲ ਗਰੁੱਪ ਕੇਲੈਫੋਰਨੀਆ ਦੇ ਗਾਇਕ ਰਾਣਾ ਗਿੱਲ, ਗੈਰੀ ਢੇਸੀ ਅਤੇ ਅਵਤਾਰ ਗਿੱਲ ਨੇ ਖੂਬ ਰੰਗ ਬੰਨੇ। ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਵੀ ਨਵੇਂ ਗੀਤ ਗਾ ਸਰੋਤੇ ਕੀਲ ਰੱਖੇ। ਸਮੁੱਚੇ ਪ੍ਰੋਗਰਾਮ ਨੂੰ ਸੰਗੀਤ ਪੱਪੀ ਭਦੌੜ, ਅਮਰੀਕ ਸਿੰਘ ਅਤੇ ਜੋਗਿੰਦਰ ਜੋਗੀ ਨੇ ਦਿੱਤਾ। ਇਸ ਸਾਰੇ ਪ੍ਰੋਗਰਾਮ ਦੌਰਾਨ ਤੀਆਂ ਸਮੇਂ ਸਟੇਜ ਸੰਚਾਲਨ ਆਂਚਲ ਕੌਰ ਹੇਅਰ ਨੇ ਕੀਤਾ। ਆਦਮੀਆਂ ਦੀ ਸੰਗੀਤਕ ਮਹਿਫਲ ਦਾ ਸਟੇਜ ਸੰਚਾਲਨ ਕੁਲਵੰਤ ਧਾਲੀਆਂ ਨੇ ਬਾਖੂਬੀ ਕੀਤਾ। ਹਾਜ਼ਰੀਨ ਲਈ ਸੁਆਦਿਸ਼ਟ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਰਤ-ਪਾਕਿ ਵਪਾਰ ਲਈ ਸੜਕੀ ਲਾਂਘੇ ਖੁੱਲ੍ਹਵਾਉਣ ਦੇ ਹੱਕ 'ਚ ਡਟੇ ਕਿਸਾਨ

**ਅਟਾਰੀ:** ਕਿਰਤੀ ਕਿਸਾਨ ਯੂਨੀਅਨ ਨੇ ਅਟਾਰੀ-ਵਾਹਗਾ ਬਾਰਡਰ 'ਤੇ ਰੈਲੀ ਕਰਕੇ ਭਾਰਤ-ਪਾਕਿਸਤਾਨ ਵਪਾਰ ਨੂੰ ਅਟਾਰੀ-ਵਾਹਗਾ ਅਤੇ ਹੁਸੈਨੀਵਾਲਾ ਸੜਕੀ ਲਾਂਘਿਆਂ ਰਾਹੀਂ ਖੋਲ੍ਹਣ ਲਈ ਆਵਾਜ਼ ਬੁਲੰਦ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਆਪਣੀ ਉਪਜ ਸਮੇਤ ਹੋਰ ਵਰਗਾਂ ਨੂੰ ਵੀਜ਼ਾ ਸ਼ਰਤਾਂ ਖ਼ਤਮ ਕਰਕੇ ਪਾਸਪੋਰਟ 'ਤੇ ਸਿੱਧਾ ਵਪਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ।

ਕੇਂਦਰ ਸਰਕਾਰ ਵੱਲੋਂ ਬਾਸਮਤੀ ਦੀ ਬਰਾਮਦ ਉਪਰ 1200 ਡਾਲਰ ਪ੍ਰਤੀ ਟਨ ਦੀ ਲਾਈ ਸ਼ਰਤ ਨੂੰ ਕਿਸਾਨ ਵਿਰੋਧੀ ਕਰਾਰ ਦਿੰਦਿਆਂ ਇਸ ਨੂੰ ਤੁਰਤ ਵਾਪਸ ਲੈਣ ਦੀ ਮੰਗ ਵੀ ਕੀਤੀ ਗਈ। ਇਸ ਮੌਕੇ ਅੰਮ੍ਰਿਤਸਰ ਫਰੂਟ ਐਂਡ ਵੈਜੀਟੇਬਲ ਮਰਚੈਂਟ ਐਸੋਸੀਏਸ਼ਨ, ਟਰੱਕ ਯੂਨੀਅਨ ਅਟਾਰੀ, ਫੋਕਲੋਰ ਰਿਸਰਚ ਅਕੈਡਮੀ ਨਾਲ ਜੁੜੇ ਬੁੱਧੀਜੀਵੀ, ਲੇਖਕ ਤੇ ਮਜ਼ਦੂਰ ਸ਼ਾਮਲ ਹੋਏ। ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਅਤੇ ਸੂਬਾ ਜਨਰਲ ਸਕੱਤਰ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਦੇਸ਼ ਦੇ ਹੁਕਮਰਾਨਾਂ ਨੂੰ ਦੁਸ਼ਮਣੀ ਦੀ ਅੱਗ ਬਾਲਣ ਦੀ ਥਾਂ ਦੋਸਤਾਨਾ ਰਿਸ਼ਤਿਆਂ ਨੂੰ ਉਸਾਰਨ ਵੱਲ ਅੱਗੇ ਵਧਣਾ ਚਾਹੀਦਾ ਹੈ। ਇਸ ਸਾਂਝ ਨੂੰ ਉਸਾਰਨ ਵਿਚ ਭਾਰਤ-ਪਾਕਿਸਤਾਨ ਵਪਾਰ ਮਹੱਤਵਪੂਰਨ ਕੜੀ ਹੈ। ਭਾਰਤ ਸਰਕਾਰ ਨੇ 2019 'ਚ ਪਾਕਿਸਤਾਨ ਨੂੰ ਵਪਾਰ ਲਈ ਅਨੁਕੂਲ ਦੇਸ਼ਾਂ ਦੀ ਸੂਚੀ ਵਿਚੋਂ ਖਾਰਜ ਕਰਕੇ ਗੈਰ-ਜ਼ਰੂਰੀ ਵਸਤਾਂ ਉਪਰ 200 ਫੀਸਦੀ ਰੈਗੂਲੇਟਰੀ ਡਿਊਟੀ ਲਗਾ ਦਿੱਤੀ ਸੀ ਜਿਸ ਕਾਰਨ ਪੰਜਾਬ ਦੇ ਸੜਕੀ ਲਾਂਘਿਆਂ ਰਾਹੀਂ ਪਾਕਿਸਤਾਨ ਨਾਲ ਵਪਾਰ ਨਾ ਸਿਰਫ ਤਬਾਹ ਹੋ ਗਿਆ ਬਲਕਿ ਪੰਜਾਬ ਦੇ ਹਿੱਤਾਂ ਨੂੰ ਭਾਰੀ ਢਾਹ ਵੀ ਲੱਗੀ ਸੀ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ 1.35 ਅਰਬ ਡਾਲਰ ਦਾ ਵਪਾਰ ਹੋ ਰਿਹਾ ਹੈ ਪਰ ਇਹ ਵਪਾਰ ਜ਼ਿਆਦਾਤਰ ਅਡਾਨੀ ਦੀ ਮੁੰਦਰਾ ਬੰਦਰਗਾਹ (ਗੁਜਰਾਤ) ਤੋਂ ਸਮੁੰਦਰੀ ਰਸਤੇ ਰਾਹੀਂ ਹੁੰਦਾ ਹੈ।

## ਅੰਮ੍ਰਿਤਾ ਸ਼ੇਰਗਿੱਲ ਦੀ ਪੇਂਟਿੰਗ 61.8 ਕਰੋੜ ਰੁਪਏ 'ਚ ਨਿਲਾਮ

**ਨਵੀਂ ਦਿੱਲੀ:** ਮਸ਼ਹੂਰ ਚਿੱਤਰਕਾਰ ਅੰਮ੍ਰਿਤਾ ਸ਼ੇਰਗਿੱਲ ਦੀ ਪੇਂਟਿੰਗ 'ਦਿ ਸਟੋਰੀ ਟੈਲਰ' ਵਿਸ਼ਵ ਨਿਲਾਮੀ ਵਿਚ 61.8 ਕਰੋੜ ਰੁਪਏ ਵਿਚ ਵਿਕਣ ਤੋਂ ਬਾਅਦ ਕਿਸੇ ਭਾਰਤੀ ਦੀ ਸਭ ਤੋਂ ਮਹਿੰਗੀ ਕਲਾਕ੍ਰਿਤੀ ਬਣ ਗਈ ਹੈ। ਸ਼ੇਰਗਿੱਲ ਦੀ 1937 ਦੀ ਪੇਂਟਿੰਗ ਦਿ ਸਟੋਰੀ ਟੈਲਰ ਇਥੇ ਸੈਫਰੋਨਾਰਟ ਦੀ ਈਵਨਿੰਗ ਸੇਲ: ਮਾਡਰਨ ਆਰਟ ਨਿਲਾਮੀ ਵਿਚ ਵੇਚੀ ਗਈ। ਇਸ ਨਿਲਾਮੀ ਵਿਚ ਐਮ.ਐਫ ਹੁਸੈਨ, ਵੀ.ਸੀ. ਗਾਯਤੋਂਡੇ, ਜੈਮਿਨੀ ਰਾਏ ਅਤੇ ਐਫ.ਐਸ. ਸੂਜ਼ਾ ਸਮੇਤ ਵੱਖ-ਵੱਖ ਕਲਾਕਾਰਾਂ ਦੀਆਂ 70 ਤੋਂ ਵੱਧ ਕਲਾਕ੍ਰਿਤੀਆਂ ਪੇਸ਼ ਕੀਤੀਆਂ ਗਈਆਂ। ਪਿਛਲੇ ਮਹੀਨੇ ਰਜ਼ਾ ਦੀ 1989 ਦੀ ਕਲਾਕ੍ਰਿਤੀ ਗੈਸਟੇਸ਼ਨ ਨੂੰ ਮੁੰਬਈ ਸਥਿਤ ਨਿਲਾਮੀ ਘਰ ਪੁੰਡੋਲੇ ਵੱਲੋਂ 51.75 ਕਰੋੜ ਰੁਪਏ ਵਿਚ ਵੇਚਿਆ ਗਿਆ ਸੀ, ਜੋ ਨਿਲਾਮੀ ਵਿਚ ਵਿਕਣ ਵਾਲੀ ਸਭ ਤੋਂ ਮਹਿੰਗੀ ਭਾਰਤੀ ਕਲਾ ਬਣ ਗਈ ਸੀ।

## ਸੰਸਦ ਦੀ ਪੁਰਾਣੀ ਇਮਾਰਤ ਗੁਰੂ ਤੇਗ ਬਹਾਦਰ ਨੂੰ ਸਮਰਪਿਤ ਕਰਨ ਦੀ ਮੰਗ ਉੱਠੀ

**ਨਵੀਂ ਦਿੱਲੀ:** ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਮੰਗ ਕੀਤੀ ਕਿ 17ਵੀਂ ਸੰਸਦ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ 1984 ਦੀ ਸਿੱਖ ਨਸਲਕੁਸ਼ੀ ਦੀ ਨਿਖੇਧੀ ਕਰੇ। ਉਨ੍ਹਾਂ ਪੁਰਾਣੀ ਸੰਸਦ ਦੀ ਇਮਾਰਤ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਨੂੰ ਸਮਰਪਿਤ ਕਰਨ ਦੀ ਗੱਲ ਆਖੀ।

ਉਨ੍ਹਾਂ ਕਿਹਾ ਕਿ 1984 ਵਿਚ ਕਿਵੇਂ ਕਾਂਗਰਸ ਪਾਰਟੀ ਨੇ ਕੌਮੀ ਰਾਜਧਾਨੀ ਦੇ ਨਾਲ-ਨਾਲ ਦੇਸ਼ ਦੇ ਹੋਰ ਭਾਗਾਂ ਵਿਚ ਸਿੱਖਾਂ ਦਾ ਕਤਲੇਆਮ ਕਰਵਾ ਕੇ ਸਮੁੱਚੀ ਸਿੱਖ ਕੌਮ ਨੂੰ ਖਤਮ ਕਰਨ ਦਾ ਯਤਨ ਕੀਤਾ। ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ 'ਤੇ ਹਮਲਾ ਕਰਵਾਇਆ ਸੀ। ਜੇਕਰ ਇਸ ਸਰਕਾਰ ਨੇ ਸਿੱਖ ਕੌਮ ਲਈ ਨਿਆਂ ਦੀ ਗੱਲ ਕੀਤੀ ਹੁੰਦੀ ਤਾਂ ਹੋਰ ਤਰਾਸਦੀਆਂ ਤੋਂ ਬਚਾਅ ਹੋ ਸਕਦਾ ਸੀ। ਉਨ੍ਹਾਂ ਸੰਸਦ ਦੀ ਪੁਰਾਣੀ ਇਮਾਰਤ ਗੁਰੂ ਤੇਗ ਬਹਾਦਰ ਨੂੰ ਸਮਰਪਿਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਕਸ਼ਮੀਰੀ ਹਿੰਦੂ ਭਾਈਚਾਰੇ ਦੇ ਜਬਰੀ ਧਰਮ ਪਰਿਵਰਤਨ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ ਸ਼ਹਾਦਤ ਦਿੱਤੀ ਜਿਸ ਨੇ ਮਨੁੱਖੀ ਹੱਕਾਂ ਤੇ ਧਾਰਮਿਕ ਆਜ਼ਾਦੀ ਦੀ ਨੀਂਹ ਰੱਖੀ।

## ਕੈਨੇਡਾ 'ਚ ਪੰਜਾਬੀ ਨੌਜਵਾਨ ਦਾ ਕਤਲ

**ਵੈਨਕੂਵਰ:** ਕੈਨੇਡਾ ਵਿਚ ਇਕ ਹੋਰ ਪੰਜਾਬੀ ਨੌਜਵਾਨ ਗੈਂਗ ਹਿੰਸਾ ਦੀ ਭੇਟ ਚੜ੍ਹ ਗਿਆ। ਪੁਲਿਸ ਅਨੁਸਾਰ ਕਾਤਲਾਂ ਨੇ ਖਾਸ ਸੂਹ ਦੇ ਆਧਾਰ 'ਤੇ ਬਰਨਬੀ ਦੀ ਨਾਰਥ ਰੋਡ ਸਥਿਤ ਜ਼ਮੀਨਦੋਜ਼ ਪਾਰਕਿੰਗ ਵਿਚ ਜਾ ਕੇ ਐਬਟਸਫੋਰਡ ਦੇ ਰਹਿਣ ਵਾਲੇ ਗਗਨਦੀਪ ਸੰਧੂ (29) ਨੂੰ ਗੋਲੀਆਂ ਮਾਰੀਆਂ ਅਤੇ ਉਸ ਦੀ ਮੌਕੇ 'ਤੇ ਮੌਤ ਹੋ ਗਈ। ਕਤਲ ਸਬੰਧੀ ਜਾਂਚ ਕਰਨ ਵਾਲੀ ਟੀਮ ਦੇ ਬੁਲਾਰੇ ਸਾਰਜੈਂਟ ਟਿਮੋਥੀ ਪਾਇਰੋਟੀ ਅਨੁਸਾਰ ਮੌਕੇ ਤੋਂ ਮਿਲੇ ਸਬੂਤ ਮਿਥ ਕੇ ਮਾਰੇ ਜਾਣ ਦੀ ਗਵਾਹੀ ਭਰਦੇ ਹਨ। ਕਤਲ ਤੋਂ ਥੋੜ੍ਹੀ ਦੂਰ ਜਾ ਕੇ ਕਾਲੇ ਰੰਗ ਦੀ ਹਾਂਡਾ ਪਾਇਲਟ ਕਾਰ ਨੂੰ ਅੱਗ ਲਾਉਣਾ ਗੈਂਗ ਹਿੰਸਾ ਦਾ ਸੰਕੇਤ ਹੈ ਪਰ ਕਾਤਲਾਂ ਦੀ ਪਛਾਣ ਦੇ ਠੋਸ ਸਬੂਤ ਅਜੇ ਪੁਲਿਸ ਦੇ ਹੱਥ ਨਹੀਂ ਲੱਗੇ।

## ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ 'ਚ ਪਾਣੀਆਂ ਦੇ ਮੁੱਦੇ ਦੀ ਪਏਗੀ ਗੂੰਜ

**ਚੰਡੀਗੜ੍ਹ:** ਉੱਤਰੀ ਜ਼ੋਨਲ ਕੌਂਸਲ ਦੀ ਅੰਮ੍ਰਿਤਸਰ 'ਚ 26 ਸਤੰਬਰ ਨੂੰ ਹੋ ਰਹੀ ਅੰਤਰਰਾਜੀ ਮੀਟਿੰਗ 'ਚ ਪਾਣੀਆਂ ਦੇ ਮੁੱਦੇ ਦੀ ਗੂੰਜ ਪਏਗੀ। ਐਤਕੀਂ ਇਸ ਅੰਤਰਰਾਜੀ ਮੀਟਿੰਗ ਦੀ ਮੇਜ਼ਬਾਨੀ ਪੰਜਾਬ ਕਰੇਗਾ। ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਦੀ ਪ੍ਰਧਾਨਗੀ ਕੇਂਦਰੀ ਗ੍ਰਹਿ ਮੰਤਰੀ ਤੇ ਕੌਂਸਲ ਦੇ ਚੇਅਰਮੈਨ ਅਮਿਤ ਸ਼ਾਹ ਕਰਨਗੇ। ਮੀਟਿੰਗ ਵਿਚ ਬਾਕੀ ਸੂਬਿਆਂ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਮਾਨ ਸ਼ਮੂਲੀਅਤ ਕਰਨਗੇ।

ਮੀਟਿੰਗ ਵਿਚ ਰਾਵੀ ਬਿਆਸ ਦਾ ਪਾਣੀ ਰਾਜਸਥਾਨ ਨੂੰ ਛੱਡਣ ਅਤੇ ਡੈਮਾਂ ਵਿਚ ਜਲ ਭੰਡਾਰ ਦੇ ਪੱਧਰ ਦੀ ਸਾਂਭ ਸੰਭਾਲ ਨੂੰ ਲੈ ਕੇ ਚਰਚਾ ਹੋਵੇਗੀ। ਰਾਜਸਥਾਨ ਨੂੰ ਅਜਾਈਂ ਜਾ ਰਹੇ ਪਾਣੀ ਦੀ ਵਰਤੋਂ ਦਾ ਮੁੱਦਾ ਵੀ ਚੁੱਕਿਆ ਜਾਣਾ ਹੈ। ਹੜ੍ਹਾਂ ਦੇ ਮੌਕੇ ਹਰਿਆਣਾ ਤੇ ਰਾਜਸਥਾਨ ਵੱਲੋਂ ਪਾਣੀ ਲੈਣ ਤੋਂ ਕੀਤੀ ਆਨਾਕਾਨੀ ਨੂੰ ਵੀ ਮੁੱਦਾ ਬਣਾਏ ਜਾਣ ਦੀ ਸੰਭਾਵਨਾ ਹੈ। ਹੜ੍ਹਾਂ ਮੌਕੇ ਡੈਮਾਂ ਵਿਚ ਪਾਣੀ ਛੱਡਣਾ ਲਾਜ਼ਮੀ ਬਣ ਗਿਆ ਸੀ ਪਰ ਗੁਆਂਢੀ ਸੂਬਿਆਂ ਨੇ ਕੋਈ ਸਹਿਯੋਗ ਨਾ ਕੀਤਾ। ਉੱਤਰੀ ਜ਼ੋਨਲ ਕੌਂਸਲ ਦੀ ਆਖਰੀ ਮੀਟਿੰਗ ਜੈਪੁਰ ਵਿਚ 9 ਨਵੰਬਰ 2022 ਨੂੰ ਹੋਈ ਸੀ। ਪੰਜਾਬ ਸਰਕਾਰ ਵੱਲੋਂ ਅੰਮ੍ਰਿਤਸਰ 'ਚ ਹੋਣ ਵਾਲੀ ਮੀਟਿੰਗ ਵਿਚ ਹਿਮਾਚਲ ਪ੍ਰਦੇਸ਼ ਵੱਲੋਂ ਲਗਾਏ ਜਲ ਸੈੱਸ ਦਾ ਮੁੱਦਾ ਵੀ ਚੁੱਕਿਆ ਜਾਵੇਗਾ ਅਤੇ ਨਾਲ ਯਮੁਨਾ ਦੇ ਪਾਣੀਆਂ 'ਤੇ ਵੀ ਦਾਅਵਾ ਕੀਤਾ ਜਾਵੇਗਾ। ਪੰਜਾਬ ਸਰਕਾਰ ਧਰਤੀ ਹੇਠੋਂ ਮੁੱਕ ਰਹੇ ਪਾਣੀ ਦੇ ਬਦਲ ਵਜੋਂ ਨਹਿਰੀ ਪਾਣੀ ਨੂੰ ਹਰ ਖੇਤ ਤੱਕ ਪੁੱਜਦਾ ਕਰਨ ਦੀ ਸਕੀਮ ਨੂੰ ਮੀਟਿੰਗ ਵਿਚ ਸਾਂਝਾ ਕਰੇਗੀ।

# ਨਿੱਝਰ ਬਾਰੇ ਟਰੂਡੋ ਦੇ ਬਿਆਨ ਨੇ ਸਿਆਸਤ ਭਖਾਈ

*(ਪਹਿਲੇ ਸਫੇ ਦੀ ਬਾਕੀ)*

ਨਹੀਂ ਮਿਲੇ। ਇਥੋਂ ਤੱਕ ਕਿ ਆਸਟਰੇਲੀਆ ਵਿਚ ਹਿੰਦੂ ਮੰਦਰਾਂ ਉੱਪਰ ਖਾਲਿਸਤਾਨੀ ਨਾਅਰੇ ਲਿਖਣ ਪਿੱਛੇ ਵੀ ਮੰਦਰ ਪ੍ਰਬੰਧਕਾਂ ਦੀ ਮਿਲੀਭੁਗਤ ਦਾ ਖੁਲਾਸਾ ਹੋਇਆ ਹੈ ਅਤੇ ਇਥੇ ਵੀ ਸ਼ੱਕ ਦੀ ਸੂਈ ਭਾਰਤੀ ਏਜੰਸੀਆਂ ਵੱਲ ਘੁੰਮੀ ਹੈ। ਇਥੋਂ ਦੀ ਸਰਕਾਰ ਨੇ ਖਾਲਿਸਤਾਨੀ ਨਾਅਰੇ ਲਿਖਣ ਲਈ ਸਿੱਖਾਂ ਦੀ ਸ਼ਮੂਲੀਅਤ ਤੋਂ ਸਾਫ ਇਨਕਾਰ ਕੀਤਾ ਹੈ।

ਸਿੱਖ ਜਥੇਬੰਦੀਆਂ ਦਾ ਦੋਸ਼ ਹੈ ਕਿ ਭਾਰਤੀ ਹਕੂਮਤ ਵਿਦੇਸ਼ਾਂ ਵਿਚ ਆਪਣੀ ਸਫਲਤਾ ਦੇ ਝੰਡੇ ਗੱਡਣ ਵਾਲੇ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਦਬਾਉਣ ਤੇ ਬਦਨਾਮ ਕਰਨ ਲਈ ਅਜਿਹੀਆਂ ਚਾਲਾਂ ਚੱਲ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਟਰੂਡੋ ਵੱਲੋਂ ਨਿੱਝਰ ਦੇ ਕਤਲ ਪਿੱਛੇ ਭਾਰਤੀ ਏਜੰਸੀਆਂ ਵੱਲ ਇਸ਼ਾਰਾ ਕੀਤਾ ਗਿਆ ਹੈ। ਸਿੱਖਾਂ ਨਾਲ ਸਬੰਧਤ ਕਈ ਮੁੱਦਿਆਂ ਉੱਪਰ ਮੋਦੀ ਸਰਕਾਰ ਦੀ ਚੁੱਪ ਦੇਸ਼ ਤੇ ਵਿਦੇਸ਼ ਅੰਦਰ ਵੱਸਦੇ ਸਿੱਖਾਂ ਲਈ ਭਾਰੀ ਚਿੰਤਾ ਦਾ ਵਿਸ਼ਾ ਹੈ। ਬ੍ਰਿਟਿਸ਼ ਸਿੱਖ ਨਾਗਰਿਕ ਜੱਗੀ ਜੌਹਲ ਦੀ ਨਾਜਾਇਜ਼ ਗ੍ਰਿਫਤਾਰੀ ਬਾਰੇ ਮੋਦੀ ਸਰਕਾਰ ਦੀ ਚੁੱਪ ਵਰਗੇ ਮਾਮਲੇ ਦੇਸ਼ ਤੇ ਵਿਦੇਸ਼ ਅੰਦਰ ਵੱਸਦੇ ਸਿੱਖਾਂ ਲਈ ਭਾਰੀ ਚਿੰਤਾ ਦਾ ਵਿਸ਼ਾ ਹਨ। ਇਨ੍ਹਾਂ ਮਾਮਲਿਆਂ ਬਾਰੇ ਸਿੱਖ ਸੰਸਥਾਵਾਂ ਮੌਜੂਦਾ ਸਰਕਾਰ ਤੋਂ ਜਵਾਬਦੇਹੀ ਮੰਗਣ।

ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਬਿਆਨ ਤੋਂ ਬਾਅਦ ਕੈਨੇਡਾ ਦੀ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਨੇ ਆਖਿਆ ਹੈ, "ਸਾਨੂੰ ਭਾਰਤੀ ਸਰਕਾਰ ਦੇ ਏਜੰਟਾਂ ਵੱਲੋਂ ਕੈਨੇਡਾ ਦੀ ਧਰਤੀ ਉੱਤੇ ਇਥੋਂ ਦੇ ਵਸਨੀਕ ਹਰਦੀਪ ਸਿੰਘ ਨਿੱਝਰ ਦੇ ਕਤਲ ਬਾਰੇ ਪਤਾ ਲੱਗਾ ਹੈ, ਮੈਂ ਨਿਆਂ ਪ੍ਰਾਪਤੀ ਲਈ ਕੋਈ ਕਸਰ ਨਹੀਂ ਛੱਡਾਂਗਾ ਜਿਸ ਵਿਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਵਾਬਦੇਹੀ ਵੀ ਸ਼ਾਮਲ ਹੈ।"

ਯਾਦ ਰਹੇ ਕਿ ਔਟਵਾ ਵਿਚ ਹਾਊਸ ਆਫ ਕਾਮਨਜ਼ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਕਿਹਾ ਕਿ ਆਖਿਆ ਹੈ ਕਿ ਕੈਨੇਡੀਅਨ ਸੁਰੱਖਿਆ ਏਜੰਸੀਆਂ ਭਾਰਤ ਸਰਕਾਰ ਅਤੇ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਰਮਿਆਨ ਸੰਭਾਵੀ ਸਬੰਧਾਂ ਦੇ ਦੋਸ਼ਾਂ ਦੀ ਸਰਗਰਮੀ ਨਾਲ ਜਾਂਚ ਕਰ ਰਹੀਆਂ ਹਨ। ਟਰੂਡੋ ਨੇ ਕਿਹਾ ਕਿ ਆਪਣੀ ਧਰਤੀ ਉਤੇ ਕੈਨੇਡੀਅਨ ਨਾਗਰਿਕ ਦੇ ਕਤਲ 'ਚ ਕਿਸੇ ਹੋਰ ਦੇਸ਼ ਜਾਂ ਵਿਦੇਸ਼ੀ ਸਰਕਾਰ ਦੀ ਸ਼ਮੂਲੀਅਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਹ ਸਾਡੀ ਪ੍ਰਭੂਸੱਤਾ ਦੀ ਉਲੰਘਣਾ ਹੈ, ਜੋ ਕਿ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ।

ਕਿਸਾਨ ਅੰਦੋਲਨ ਤੋਂ ਲੈ ਕੇ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਬਹਾਨੇ ਭਾਰਤ ਵਿਚ ਸਿੱਖ ਨੌਜਵਾਨਾਂ ਦੀ ਫੜ-ਫੜਾਈ ਲਈ ਛੇੜੀ ਮੁਹਿੰਮ ਦਾ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਨੇ ਡਟ ਕੇ ਵਿਰੋਧ ਕੀਤਾ ਸੀ। ਇਸ ਦੌਰਾਨ ਕੈਨੇਡਾ, ਅਮਰੀਕਾ, ਇੰਗਲੈਂਡ ਸਥਿਤ ਭਾਰਤੀ ਦੂਤਘਰਾਂ ਅੱਗੇ ਪ੍ਰਦਰਸ਼ਨ ਕੀਤੇ ਗਏ ਸਨ। ਇਨ੍ਹਾਂ ਪ੍ਰਦਰਸ਼ਨਾਂ ਵਿਚ ਹੋਏ ਇਕੱਠ ਤੇ ਪੰਜਾਬੀਆਂ ਦੇ ਏਕੇ ਨੇ ਭਾਰਤੀ ਏਜੰਸੀਆਂ ਨੂੰ ਵੀ ਸੋਚੀਂ ਪਾ ਦਿੱਤਾ ਸੀ ਜਿਸ ਪਿੱਛੋਂ ਭਾਰਤ ਦਾ ਖੁਫੀਆ ਤੰਤਰ ਇਸ ਦਾ ਤੋੜ ਲੱਭਣ ਵਿਚ ਜੁਟ ਗਿਆ ਸੀ।

ਇਸ ਤੋਂ ਬਾਅਦ ਕੌਮੀ ਜਾਂਚ ਏਜੰਸੀ ਨੇ ਸਬੰਧਿਤ ਮੁਲਕਾਂ ਕੋਲ ਰੋਸ ਪ੍ਰਦਰਸ਼ਨਾਂ ਵਿਚ ਸ਼ਾਮਲ ਲੋਕਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ, ਉਥੇ ਉਨ੍ਹਾਂ ਦੇ ਪੰਜਾਬ ਰਹਿੰਦੇ ਰਿਸ਼ਤੇਦਾਰਾਂ ਦੇ ਘਰ ਛਾਪੇਮਾਰੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਵਿਦੇਸ਼ਾਂ ਵਿਚ ਖਾਲਿਸਤਾਨੀਆਂ ਦੇ ਇਕ ਤੋਂ ਬਾਅਦ ਇਕ ਕਤਲ ਦਾ ਸਿਲਸਿਲਾ ਸ਼ੁਰੂ ਹੋਇਆ ਤਾਂ ਸਿੱਖ ਜਥੇਬੰਦੀਆਂ ਨੇ ਸ਼ੱਕ ਦੀ ਸੂਈ ਭਾਰਤੀ ਏਜੰਸੀਆਂ ਵੱਲ ਕਰ ਦਿੱਤੀ। ਇਸ ਤੋਂ ਬਾਅਦ ਲਗਾਤਾਰ ਮੰਗ ਕੀਤੀ ਜਾ ਰਹੀ ਸੀ ਕਿ ਇਸ ਦੀ ਨਿਰਪੱਖ ਜਾਂਚ ਹੋਵੇ। ਹੁਣ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਬਿਆਨ ਨੇ ਇਸ ਮੁੱਦੇ ਨੂੰ ਹੋਰ ਹਵਾ ਦੇ ਦਿੱਤੀ ਹੈ।

ਭਾਰਤ ਦੀ ਭਾਜਪਾ ਹਕੂਮਤ ਵਲੋਂ ਇਸ ਸਬੰਧੀ ਕੋਈ ਸਪਸ਼ਟ ਜਵਾਬ ਦੇਣ ਦੀ ਬਜਾਇ ਆਪਣੇ ਹਮਾਇਤੀ ਸਿੱਖ ਆਗੂਆਂ ਨੂੰ ਅੱਗੇ ਕੀਤਾ ਜਾ ਰਿਹਾ ਹੈ ਅਤੇ ਤਾਜ਼ਾ ਘਟਨਾਕ੍ਰਮ ਦਾ ਭਾਰਤ ਖਿਲਾਫ ਸਾਜ਼ਿਸ਼ ਵਜੋਂ ਪ੍ਰਚਾਰ ਕਰਵਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਭਾਰਤੀ ਏਜੰਸੀਆਂ ਵੀ ਨਿੱਝਰ ਦਾ ਰਿਕਾਰਡ ਕੱਢ ਕੇ ਬੈਠੀ ਗਈਆਂ ਹਨ ਕਿ ਉਹ ਪੰਜਾਬ 'ਚ ਨੌਜਵਾਨਾਂ ਨੂੰ ਲੁਭਾਉਣ ਅਤੇ ਅਤਿਵਾਦੀ ਗਰੋਹ ਬਣਾ ਕੇ ਫੰਡ ਇਕੱਠਾ ਕਰਨ ਅਤੇ ਵਪਾਰੀਆਂ ਅਤੇ ਨੇਤਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਤਿਆਰੀ ਕਰ ਰਿਹਾ ਸੀ। ਕੁੱਲ ਮਿਲਾ ਕੇ ਸਿੱਖਾਂ ਦੀ 'ਸੱਚੀ ਸ਼ੁਭਚਿੰਤਕ' ਹੋਣ ਬਾਰੇ ਪ੍ਰਚਾਰ ਕਰ ਰਹੀ ਭਾਜਪਾ ਸਰਕਾਰ ਇਸ ਸਮੇਂ ਕਸੂਤੀ ਸਥਿਤੀ ਵਿਚ ਫਸੀ ਨਜ਼ਰ ਆ ਰਹੀ ਹੈ।

ਇਸੇ ਦੌਰਾਨ ਭਾਰਤ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਦੋਸ਼ਾਂ ਨੂੰ ਬੇਤੁਕਾ ਅਤੇ ਬੇਬੁਨਿਆਦ ਕਰਾਰ ਦਿੱਤਾ। ਨਵੀਂ ਦਿੱਲੀ ਸਥਿਤ ਵਿਦੇਸ਼ ਮੰਤਰਾਲੇ ਨੇ ਬਿਆਨ ਵਿਚ ਕਿਹਾ, "ਕੈਨੇਡਾ ਵਿਚ ਕਿਸੇ ਵੀ ਹਿੰਸਾ ਵਿਚ ਭਾਰਤ ਦੀ ਸ਼ਮੂਲੀਅਤ ਦੇ ਦੋਸ਼ ਬੇਤੁਕੇ ਅਤੇ ਬੇਬੁਨਿਆਦ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਸਾਡੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਵਿਚ ਇਹੀ ਦੋਸ਼ ਲਗਾਏ ਸਨ ਜਿਨ੍ਹਾਂ ਨੂੰ ਖਾਰਜ ਕਰ ਦਿੱਤਾ ਗਿਆ ਸੀ। ਭਾਰਤ ਜਮਹੂਰੀ ਮੁਲਕ ਹੈ ਜੋ ਕਾਨੂੰਨ ਦੇ ਸ਼ਾਸਨ ਲਈ ਵਚਨਬੱਧ ਹੈ।"

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |

# ਪੰਜਾਬ ਵਿਚ ਗੱਠਜੋੜ ਨੂੰ ਲੈ ਕੇ ਆਪਸ 'ਚ ਹੀ ਖਹਿਬੜੇ ਕਾਂਗਰਸੀ ਆਗੂ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਨੂੰ ਲੈ ਕੇ ਕੌਮੀ ਪੱਧਰ ਉਤੇ 'ਇੰਡੀਆ' ਗੱਠਜੋੜ ਬਾਰੇ ਬਣ ਰਹੇ ਮਾਹੌਲ ਪਿੱਛੋਂ ਪੰਜਾਬ ਵਿਚ ਸੱਤਾਧਾਰੀ 'ਆਪ' ਤੇ ਵਿਰੋਧੀ ਧਿਰ ਕਾਂਗਰਸ ਦਰਮਿਆਨ ਸ਼ਬਦੀ ਜੰਗ ਹੋਰ ਤਿੱਖੀ ਹੋ ਗਈ ਹੈ। ਇਸ ਦੌਰਾਨ ਕਾਂਗਰਸੀ ਆਗੂ ਆਪਸ ਵਿਚ ਵੀ ਉਲਝਦੇ ਨਜ਼ਰ ਆ ਰਹੇ ਹਨ।





ਹੁਣ ਲੁਧਿਆਣਾ ਤੋਂ ਕਾਂਗਰਸੀ ਸੰਸਦ ਮੈਂਬਰ ਰਵਨੀਤ ਬਿੱਟੂ ਨੇ ਪੰਜਾਬ ਵਿਚ 'ਆਪ' ਤੇ ਕਾਂਗਰਸ ਵਿਚਾਲੇ ਗੱਠਜੋੜ ਨੂੰ ਲੈ ਕੇ ਬਿਨਾਂ ਕਿਸੇ ਦਾ ਨਾਮ ਲਏ ਪਾਰਟੀ ਦੇ ਸੀਨੀਅਰ ਲੀਡਰਾਂ ਖ਼ਿਲਾਫ਼ ਤਿੱਖੇ ਤੇਵਰ ਦਿਖਾਏ ਹਨ। ਬਿੱਟੂ ਨੇ ਕਿਹਾ, ''ਜਿਨ੍ਹਾਂ ਆਗੂਆਂ ਨੂੰ ਕਾਂਗਰਸ ਹਾਈ ਕਮਾਨ ਦਾ ਫੈਸਲਾ ਮਨਜ਼ੂਰ ਨਹੀਂ ਹੈ ਤਾਂ ਉਹ ਅਸਤੀਫ਼ਾ ਦੇ ਦੇਣ।'' ਕੁਝ ਦਿਨ ਪਹਿਲਾਂ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਪੰਜਾਬ ਵਿਚ ਸਿਆਸੀ ਗੱਠਜੋੜ ਨੂੰ ਲੈ ਕੇ ਸਮਝੌਤੇ ਦੀ ਹਮਾਇਤ ਵਿਚ ਨਿੱਤਰੇ ਸਨ। ਹੁਣ ਰਵਨੀਤ ਬਿੱਟੂ ਦੂਸਰੇ ਅਜਿਹੇ ਕਾਂਗਰਸੀ ਨੇਤਾ ਹਨ ਜਿਨ੍ਹਾਂ ਨੇ ਸਮਝੌਤੇ ਦੇ ਪੱਖ 'ਚ ਖੁੱਲ੍ਹੀ ਤਰਫ਼ਦਾਰੀ ਕੀਤੀ ਹੈ। ਦੱਸਣਯੋਗ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪਿਛਲੇ ਦਿਨੀਂ ਪੰਜਾਬ ਵਿਚ 'ਆਪ' ਨਾਲ ਗੱਠਜੋੜ ਖ਼ਿਲਾਫ਼ ਖੜ੍ਹੇ ਹੁੰਦਿਆਂ ਕਿਹਾ ਸੀ ਕਿ ਪੰਜਾਬ ਵਿਚ ਕਾਂਗਰਸ ਇਕੱਲੇ ਤੌਰ 'ਤੇ ਆਗਾਮੀ ਲੋਕ ਸਭਾ ਚੋਣਾਂ ਲੜੇਗੀ। ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਮੋੜਵਾਂ ਇਸ਼ਾਰਾ ਕਰ ਦਿੱਤਾ ਸੀ ਕਿ ਉਹ ਚੋਣਾਂ ਲੜਨੀਆਂ ਵੀ ਜਾਣਦੇ ਹਨ ਅਤੇ ਜਿੱਤਣਾ ਵੀ ਜਾਣਦੇ ਹਨ। ਇਹੋ ਜਿਹੀ ਗੱਲ ਹੀ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਕੀਤੀ ਸੀ। ਰਵਨੀਤ ਬਿੱਟੂ ਨੇ ਕਿਹਾ ਹੈ ਕਿ ਅਗਲੀਆਂ ਚੋਣਾਂ ਨੂੰ ਲੈ ਕੇ ਸਮਝੌਤਾ ਹੋ ਚੁੱਕਾ ਹੈ ਅਤੇ ਗੱਠਜੋੜ ਨੂੰ ਲੈ ਕੇ ਕਮੇਟੀਆਂ ਵੀ ਬਣ ਚੁੱਕੀਆਂ ਹਨ। ਉਨ੍ਹਾਂ ਕਿਹਾ, ''ਜੇਕਰ ਕੋਈ ਅੱਜ ਕਾਂਗਰਸ ਪ੍ਰਧਾਨ ਜਾਂ ਵਿਰੋਧੀ ਧਿਰ ਦਾ ਨੇਤਾ ਹੈ ਤਾਂ ਕਾਂਗਰਸ ਦੀ ਬਦੌਲਤ ਹੀ ਹੈ। ਜੇਕਰ ਕਿਸੇ ਨੂੰ ਸਮਝੌਤਾ ਪ੍ਰਵਾਨ ਨਹੀਂ ਹੈ ਤਾਂ ਉਹ ਅਸਤੀਫ਼ਾ ਦੇਵੇ।'' ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਅਜਿਹੇ ਆਗੂ ਅਹੁਦੇ ਨੂੰ ਮਾਣ ਰਹੇ ਹਨ ਅਤੇ ਦੂਸਰੇ ਪਾਸੇ ਪਾਰਟੀ ਦਾ ਹੁਕਮ ਵੀ ਨਹੀਂ ਮੰਨ ਰਹੇ ਹਨ। ਪਾਰਟੀ ਹਾਈਕਮਾਨ ਤੋਂ ਪਾਸੇ ਜਾਣਾ ਕਿਸੇ ਤਰ੍ਹਾਂ ਦਾ ਜਾਇਜ਼ ਨਹੀਂ ਹੈ।

### ਪੰਜਾਬ 'ਚ 'ਆਪ' ਨਾਲ ਗੱਠਜੋੜ ਨਹੀਂ ਹੋਵੇਗਾ: ਬਾਜਵਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਰੈਲੀ ਦੌਰਾਨ ਇਕੱਠ ਤੋਂ ਹੱਥ ਖੜ੍ਹੇ ਕਰਵਾ ਕੇ ਸਹਿਮਤੀ ਲਈ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜਰ ਸੂਬੇ ਵਿਚ 'ਆਪ' ਨਾਲ ਕੋਈ ਚੋਣ ਗੱਠਜੋੜ ਨਹੀਂ ਹੋਵੇਗਾ। ਉਨ੍ਹਾਂ ਰਵਨੀਤ ਸਿੰਘ ਬਿੱਟੂ ਦਾ ਨਾਂ ਲਏ ਬਿਨਾਂ ਕਿਹਾ ਕਿ ਜੇਕਰ ਕੋਈ ਕਾਹਲਾ ਹੈ ਤਾਂ ਉਹ ਛੇਤੀ ਟਿਕਟ ਲੈ ਕੇ ਸੰਸਦ ਮੈਂਬਰ ਬਣ ਜਾਵੇ।

## ਸਪੀਕਰ ਕੁਲਤਾਰ ਸੰਧਵਾਂ ਵੱਲੋਂ ਗਡਕਰੀ ਨਾਲ ਮੁਲਾਕਾਤ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੇਂਦਰੀ ਸੜਕੀ ਆਵਾਜਾਈ ਅਤੇ ਰਾਜ ਮਾਰਗ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕਰਕੇ ਜ਼ਿਲ੍ਹਾ ਫਰੀਦਕੋਟ ਦੇ ਕੋਟਕਪੂਰਾ ਹਲਕੇ ਦੇ ਪਿੰਡ ਟਹਿਣਾ ਵਿਚ ਵਾਪਰ ਰਹੇ ਹਾਦਸਿਆਂ ਦਾ ਮੁੱਦਾ ਉਠਾਇਆ ਅਤੇ ਕੀਮਤੀ ਜਾਨਾਂ ਬਚਾਉਣ ਲਈ ਅੰਡਰਬ੍ਰਿਜ ਬਣਾਉਣ ਦੀ ਮੰਗ ਕੀਤੀ।

ਸੰਧਵਾਂ ਨੇ ਕੇਂਦਰੀ ਮੰਤਰੀ ਦੇ ਧਿਆਨ ਵਿਚ ਲਿਆਂਦਾ ਕਿ ਇੱਥੇ ਫਰੀਦਕੋਟ ਅਤੇ ਹੋਰ ਨੇੜਲੇ ਪਿੰਡਾਂ ਤੋਂ ਆਉਣ ਵਾਲੇ ਭਾਰੀ ਵਾਹਨਾਂ ਕਾਰਨ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਸਪੀਕਰ ਨੇ ਕਿਹਾ ਕਿ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪਿੰਡ ਟਹਿਣਾ ਨੇੜੇ ਅੰਡਰਬ੍ਰਿਜ ਬਣਾ ਕੇ ਇਸ ਮਾਮਲੇ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਲਿਖਤੀ ਪ੍ਰਵਾਨਗੀ ਜਲਦੀ ਹੀ ਜਾਰੀ ਕਰ ਦਿੱਤੀ ਜਾਵੇਗੀ।



## ਪੰਜਾਬ ਸਰਕਾਰ ਵੱਲੋਂ ਐਡਵੋਕੇਟ ਜਨਰਲ ਬਦਲਣ ਦੀ ਤਿਆਰੀ

**ਚੰਡੀਗੜ੍ਹ:** ਪੰਚਾਇਤ, ਪੰਚਾਇਤ ਸਮਿਤੀਆਂ ਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਦਾ ਐਲਾਨ ਕਰਕੇ ਅਤੇ ਮਗਰੋਂ ਫੈਸਲਾ ਵਾਪਸ ਲੈਣ 'ਤੇ ਹਾਲ ਹੀ ਵਿਚ ਵਿਵਾਦ 'ਚ ਘਿਰੀ ਪੰਜਾਬ ਸਰਕਾਰ ਐਡਵੋਕੇਟ ਜਨਰਲ ਵਿਨੋਦ ਘਈ ਦਾ ਬਦਲ ਤਲਾਸ਼ ਰਹੀ ਹੈ। ਇਸ ਦੀ ਪੁਸ਼ਟੀ ਕਰਦਿਆਂ ਮੁੱਖ ਮੰਤਰੀ ਦਫਤਰ ਦੇ ਉੱਚ ਪੱਧਰੀ ਸੂਤਰਾਂ ਨੇ ਦੱਸਿਆ ਕਿ, 'ਵਰਤਮਾਨ ਏਜੀ ਦੇ ਦਫਤਰ ਵੱਲੋਂ ਉਨ੍ਹਾਂ ਨੂੰ ਹਾਲ ਹੀ ਵਿਚ ਮਿਲੇ ਕੁਝ ਵਿਵਾਦਤ ਸੁਝਾਵਾਂ ਦੇ ਮੱਦੇਨਜ਼ਰ ਉੱਚ ਪੱਧਰ 'ਤੇ ਉਨ੍ਹਾਂ (ਐਡਵੋਕੇਟ ਜਨਰਲ) ਦੀ ਪ੍ਰਸੰਗਿਕਤਾ ਬਾਰੇ ਵਿਚਾਰ-ਚਰਚਾ ਚੱਲ ਰਹੀ ਹੈ।



ਮਹੱਤਵਪੂਰਨ ਮੁੱਦਿਆਂ 'ਤੇ ਮਾੜੀ ਪੇਸ਼ੇਵਰ ਸੇਧ ਮਿਲੀ ਹੈ ਜਿਨ੍ਹਾਂ ਵਿਚ ਲਾਭਪਾਤਰੀਆਂ ਦੇ ਬੂਹੇ 'ਤੇ ਰਾਸ਼ਨ ਪਹੁੰਚਾਉਣ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਮੁੱਦਾ ਸ਼ਾਮਲ ਹੈ। ਉਹ ਸਰਕਾਰ ਦੇ ਯਤਨਾਂ ਦਾ ਬਚਾਅ ਨਹੀਂ ਕਰ ਸਕੇ, ਜਿਸ ਵਿਚ ਸਕੀਮ ਨੂੰ ਡਿਪੂ ਹੋਲਡਰਾਂ ਦੇ ਘੇਰੇ ਵਿਚੋਂ ਬਾਹਰ ਕੱਢਣਾ ਸੀ।

ਡਿਪੂ ਹੋਲਡਰ ਸਕੀਮ ਵਿਚ ਵਿਚੋਲੇ ਵਜੋਂ ਆਪਣੇ ਹਿੱਸੇ ਨੂੰ ਅੱਗੇ ਰੱਖ ਰਹੇ ਹਨ।' ਸੂਤਰਾਂ ਮੁਤਾਬਕ ਸਰਕਾਰ ਏਜੀ ਖਿਲਾਫ ਮਿਲੀਆਂ ਬਹੁਤ ਸਾਰੀਆਂ ਸ਼ਿਕਾਇਤਾਂ 'ਤੇ ਵੀ ਫੈਸਲਾ ਲੈ ਰਹੀ ਹੈ, ਜਿਨ੍ਹਾਂ ਵਿਚ ਘਈ ਦੀਆਂ ਕਈ ਹੋਰ ਕੇਸਾਂ ਵਿਚ ਵੀ ਗੈਰ-ਤਸੱਲੀਬਖਸ਼ ਸੇਵਾਵਾਂ ਦੀ ਗੱਲ ਕੀਤੀ ਗਈ ਹੈ। ਇਸ ਗੱਲ ਨੂੰ ਵੀ ਉਭਾਰਿਆ ਗਿਆ ਹੈ ਕਿ ਏਜੀ ਅਤੀਤ 'ਚ ਵਿਵਾਦਤ ਡੇਰਾ ਮੁਖੀ ਬਾਬਾ ਗੁਰਮੀਤ ਰਾਮ ਰਹੀਮ ਦਾ ਬੇਅਦਬੀ ਕੇਸ 'ਚ ਬਚਾਅ ਵੀ ਕਰਦੇ ਰਹੇ ਹਨ। ਸਾਬਕਾ ਕਾਂਗਰਸ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਕੇਸ ਨਾਲ ਵੀ ਘਈ ਦਾ ਨਾਂ ਜੁੜਦਾ ਰਿਹਾ ਹੈ ਜੋ ਕਿ 2 ਹਜ਼ਾਰ ਕਰੋੜ ਰੁਪਏ ਦੇ ਅਨਾਜ ਘੁਟਾਲੇ ਵਿਚ ਜਾਂਚ ਦੇ ਘੇਰੇ 'ਚ ਹਨ। ਏਜੀ 'ਤੇ ਇਕ ਵਕੀਲ ਵੱਲੋਂ ਜਿਨਸੀ ਦੁਰਵਿਹਾਰ ਦੇ ਦੋਸ਼ ਵੀ ਲਾਏ ਗਏ ਸਨ।

## ਸ਼ੇਰਮਾਜਰਾ ਵਿਚ ਨਸ਼ਾ ਵਿਰੋਧੀ ਮੁਹਿੰਮ ਚਲਾਉਣ ਵਾਲੇ 'ਤੇ ਹਮਲਾ

**ਪਟਿਆਲਾ:** ਨੇੜਲੇ ਪਿੰਡ ਸ਼ੇਰਮਾਜਰਾ ਵਿਚ ਨਸ਼ਾ ਵਿਰੋਧੀ ਮੁਹਿੰਮ ਦੀ ਅਗਵਾਈ ਕਰ ਰਹੇ ਗਗਨਦੀਪ ਸਿੰਘ 'ਤੇ ਨਸ਼ਾ ਤਸਕਰਾਂ ਨੇ ਹਮਲਾ ਕਰ ਦਿੱਤਾ। ਹਾਲਾਂਕਿ ਗਗਨਦੀਪ ਅਨੁਸਾਰ ਜਦੋਂ ਹਮਲਾਵਰਾਂ ਨੇ ਉਸ 'ਤੇ ਹਮਲਾ ਕੀਤਾ ਤਾਂ ਉਸ ਨੇ ਭੱਜ ਕੇ ਜਾਨ ਬਚਾਈ। ਨਸ਼ਿਆਂ ਖਿਲਾਫ ਮੁਹਿੰਮ ਚਲਾਉਣ ਵਾਲਿਆਂ ਦੇ ਹੱਕ ਵਿਚ ਸੰਸਦ ਮੈਂਬਰ ਪ੍ਰਨੀਤ ਕੌਰ ਸਮੇਤ ਡਕਾਲਾ ਦੇ ਸਾਬਕਾ ਚੇਅਰਮੈਨ ਮਦਨਜੀਤ ਸਿੰਘ ਨੇ ਆਵਾਜ਼ ਬੁਲੰਦ ਕਰਦਿਆਂ ਤਸਕਰਾਂ ਵਿਰੁੱਧ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਪ੍ਰਨੀਤ ਕੌਰ ਨੇ ਕਿਹਾ ਕਿ ਗਗਨਦੀਪ ਸਿੰਘ ਨੂੰ ਤੁਰਤ ਸੁਰੱਖਿਆ ਦਿੱਤੀ ਜਾਣੀ ਚਾਹੀਦੀ ਹੈ।

ਗਗਨਦੀਪ ਸਿੰਘ ਨੇ ਕਿਹਾ ਕਿ ਰਾਤ ਵੇਲੇ ਜਦੋਂ ਉਹ ਸ਼ੇਰਮਾਜਰਾ ਵੱਲ ਆ ਰਿਹਾ ਸੀ ਤਾਂ ਸਵਿਫਟ ਕਾਰ 'ਚ ਸਵਾਰ ਛੇ ਵਿਅਕਤੀਆਂ ਨੇ ਉਸ ਨੂੰ ਘੇਰ ਲਿਆ, ਜਿਨ੍ਹਾਂ ਕੋਲ ਅਸਲਾ ਵੀ ਸੀ। ਉਨ੍ਹਾਂ ਦੀ ਕਾਰ ਦੀ ਪਿਛਲੀ ਤਾਕੀ ਨਹੀਂ ਖੁੱਲ੍ਹੀ, ਅਗਲੀ ਤਾਕੀ ਤੋਂ ਇਕ ਹਮਲਾਵਰ ਨੇ ਉਸ ਦੇ ਗੱਲ ਨੂੰ ਹੱਥ ਪਾਇਆ ਪਰ ਉਹ ਮੋਟਰਸਾਈਕਲ ਛੱਡ ਕੇ ਸੜਕ ਦੇ ਇਕ ਪਾਸੇ ਖਾਈ ਵਿਚ ਡਿੱਗ ਗਿਆ। ਹਮਲਾਵਰਾਂ ਨੇ ਉਸ ਦਾ ਪਿੱਛਾ ਕੀਤਾ ਪਰ ਉਸ ਨੇ ਕੁਝ ਦੂਰ ਜਾ ਕੇ ਆਪਣੇ ਸਾਥੀਆਂ ਨੂੰ ਫੋਨ ਕੀਤਾ ਤਾਂ ਉਹ ਮੌਕੇ 'ਤੇ ਆ ਗਏ ਤੇ ਇੰਨੇ ਵਿਚ ਨਸ਼ਾ ਤਸਕਰ ਭੱਜ ਗਏ। ਗਗਨਦੀਪ ਸਿੰਘ ਨੇ ਕਿਹਾ ਕਿ ਸ਼ੇਰਮਾਜਰਾ ਵਿਚ ਤੇ ਆਲੇ ਦੁਆਲੇ ਦੇ ਕੁਝ ਪਿੰਡਾਂ ਵਿਚ ਕੁਝ ਲੋਕ ਨਸ਼ਾ ਤਸਕਰੀ ਕਰਦੇ ਹਨ। ਪਿੰਡ ਦੇ ਨੌਜਵਾਨਾਂ ਨੇ ਨਸ਼ਾ ਵਿਰੋਧੀ ਮੁਹਿੰਮ ਚਲਾ ਕੇ ਉਨ੍ਹਾਂ ਨੂੰ ਰੋਕਿਆ। ਪੁਲਿਸ ਨੇ ਵੀ ਪਿੰਡ ਦੇ ਨੌਜਵਾਨਾਂ ਦਾ ਸਾਥ ਦਿੱਤਾ ਜਿਸ ਕਰਕੇ ਨਸ਼ਾ ਤਸਕਰਾਂ ਦਾ ਕੰਮ ਠੱਪ ਹੋ ਕੇ ਰਹਿ ਗਿਆ, ਇਸੇ ਕਰਕੇ ਉਨ੍ਹਾਂ ਨੇ ਹਮਲੇ ਕਰਨੇ ਸ਼ੁਰੂ ਕੀਤੇ ਹਨ। ਇਸ ਬਾਰੇ ਡਕਾਲਾ ਚੌਕੀ ਇੰਚਾਰਜ ਗੁਰਵਿੰਦਰ ਸਿੰਘ ਨੇ ਕਿਹਾ ਕਿ ਗਗਨਦੀਪ ਸਿੰਘ ਸਾਨੂੰ ਸ਼ਿਕਾਇਤ ਦੇ ਗਿਆ ਸੀ, ਜਿਸ ਦੀ ਜਾਂਚ ਚੱਲ ਰਹੀ ਹੈ।

## ਪੁਲਿਸ ਮੁਲਾਜ਼ਮਾਂ ਕੋਲੋਂ ਹੈਰੋਇਨ ਫੜੇ ਜਾਣ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਪੁਲਿਸ ਮੁਲਾਜ਼ਮਾਂ ਕੋਲੋਂ ਹੈਰੋਇਨ ਫੜੇ ਜਾਣ ਦਾ ਮਾਮਲਾ ਭਖ ਗਿਆ ਹੈ। ਵਿਰੋਧੀ ਧਿਰਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤੀ ਹੈ।




ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਤੋਂ ਫਿਰੋਜ਼ਪੁਰ ਵਿਚ ਦੋ ਪੁਲਿਸ ਮੁਲਾਜ਼ਮਾਂ ਕੋਲੋਂ ਬਰਾਮਦ ਹੋਈ ਦੋ ਕਿਲੋ ਹੈਰੋਇਨ ਦੇ ਮਾਮਲੇ ਦਾ ਨੋਟਿਸ ਲੈ ਕੇ ਨਿਆਇਕ ਜਾਂਚ ਕਰਵਾਉਣ ਦੀ ਮੰਗ ਕੀਤੀ।

ਸੀਨੀਅਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਫਿਰੋਜ਼ਪੁਰ ਵਿਚ ਸਰਹੱਦ ਨੇੜਲੇ ਪਿੰਡ ਢਾਂਡੀਵਾਲ ਵਿਚ ਨਸ਼ਾ ਰੋਕਥਾਮ ਕਮੇਟੀ ਤੇ ਬੀ.ਐਸ.ਐਫ. ਨੇ ਦੋ ਪੁਲਿਸ ਮੁਲਾਜ਼ਮਾਂ ਨੂੰ ਦੋ ਕਿੱਲੋ ਹੈਰੋਇਨ ਸਣੇ ਫੜਿਆ ਸੀ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਫਿਰੋਜ਼ਪੁਰ ਪੁਲਿਸ ਦੇ ਅਧਿਕਾਰੀਆਂ ਕਹਿ ਰਹੇ ਹਨ ਕਿ ਜਲੰਧਰ ਦੇ ਦੋ ਪੁਲਿਸ ਅਧਿਕਾਰੀ ਦੋ ਕਿਲੋ ਹੈਰੋਇਨ ਨਾਲ ਫੜੇ ਗਏ ਹਨ, ਜਦਕਿ ਦੂਜੇ ਪਾਸੇ ਐਸ.ਐਸ.ਪੀ. ਮੁਖਵਿੰਦਰ ਸਿੰਘ ਭੁੱਲਰ ਦਾਅਵੇ ਕਰ ਰਹੇ ਹਨ ਕਿ 9 ਸਤੰਬਰ ਨੂੰ ਫੜੇ ਗਏ ਨਸਾ ਤਸਕਰ ਮਲਕੀਤ ਸਿੰਘ ਕਾਲੀ ਦੀ ਨਿਸ਼ਾਨਦੇਹੀ 'ਤੇ ਪੁਲਿਸ ਮੁਲਾਜ਼ਮ ਹੈਰੋਇਨ ਬਰਾਮਦ ਕਰਨ ਗਏ ਸਨ।

ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੇ ਪੰਜਾਬ 'ਚ ਨਸ਼ਿਆਂ ਦੀ ਤਸਕਰੀ ਰੋਕਣ ਲਈ ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਦਾ ਸਿੱਧਾ ਦਖਲ ਜਰੂਰੀ ਕਰਾਰ ਦਿੱਤਾ ਹੈ। ਫਿਰੋਜ਼ਪੁਰ ਵਿਚ ਸੀਮਾ ਸੁਰੱਖਿਆ ਬਲ ਵੱਲੋਂ ਦੋ ਪੁਲਿਸ ਮੁਲਾਜ਼ਮਾਂ ਨੂੰ ਇਕ ਵਾਹਨ ਦੇ ਟਾਇਰ ਵਿਚ ਲੁਕੋ ਕੇ ਦੋ ਕਿਲੋ ਹੈਰੋਇਨ ਲੈ ਕੇ ਜਾਂਦੇ ਹੋਏ ਫੜੇ ਜਾਣ ਦੀ ਘਟਨਾ ਨੂੰ ਗੰਭੀਰ ਕਰਾਰ ਦਿੰਦਿਆਂ ਸ੍ਰੀ ਜਾਖੜ ਨੇ ਕਿਹਾ ਕਿ ਹੁਣ ਸਥਿਤੀ ਅਜਿਹੀ ਹੈ ਕਿ ਪੰਜਾਬ ਵਿਚ ਲੋਕਾਂ ਦੀ ਸੁਰੱਖਿਆ ਲਈ ਤਾਇਨਾਤ ਪੁਲਿਸ 'ਤੇ ਨਜ਼ਰ ਰੱਖਣ ਦਾ ਸਮਾਂ ਆ ਗਿਆ ਹੈ। ਸੁਨੀਲ ਜਾਖੜ ਨੇ ਕਿਹਾ ਕਿ ਸਰਕਾਰ ਨਸਾ ਤਸਕਰਾਂ ਦੀ ਬਜਾਏ ਨਸ਼ਿਆਂ ਦੇ ਕਾਰੋਬਾਰ ਵਿਚ ਸ਼ਾਮਲ ਲੋਕਾਂ ਨੂੰ ਬੇਨਕਾਬ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਨ ਵਿਚ ਲੱਗੀ ਹੋਈ ਹੈ ਜਦਕਿ 'ਆਪ' ਨੇ ਸਰਕਾਰ ਬਣਦਿਆਂ ਹੀ ਨਸ਼ੇ ਖਤਮ ਕਰਨ ਦਾ ਵਾਅਦਾ ਕੀਤਾ ਸੀ।

ਇਸ ਦੌਰਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿਹਾ ਕਿ ਸੂਬੇ ਦੇ ਲੋਕ 'ਆਪ' ਸਰਕਾਰ ਦੇ ਹੱਥਾਂ ਵਿਚ ਸੁਰੱਖਿਅਤ ਨਹੀਂ ਹਨ। ਉਨ੍ਹਾਂ ਕਾਂਗਰਸੀ ਵਰਕਰਾਂ ਨੂੰ ਟੀਮਾਂ ਬਣਾ ਕੇ ਨਸ਼ਾ ਤਸਕਰਾਂ ਨੂੰ ਘੇਰਨ ਦਾ ਸੱਦਾ ਦਿੱਤਾ। ਉਨ੍ਹਾਂ ਕਾਂਗਰਸੀ ਵਰਕਰਾਂ, ਪੰਚਾਂ-ਸਰਪੰਚਾਂ ਨੂੰ ਨਸ਼ਿਆਂ ਦੇ ਖ਼ਾਤਮੇ ਖਿਲਾਫ ਅੱਗੇ ਆਉਣ ਦੀ ਪੁਰਜ਼ੋਰ ਅਪੀਲ ਕੀਤੀ।

ਬਾਜਵਾ ਨੇ 'ਆਪ' ਕੇਜਰੀਵਾਲ 'ਤੇ ਤਿੱਖਾ ਹਮਲਾ ਬੋਲਦਿਆਂ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ 'ਚ ਸਰਕਾਰ ਬਣਨ 'ਤੇ ਤਿੰਨ ਮਹੀਨੇ ਵਿਚ ਨਸ਼ਾ ਖ਼ਤਮ ਕਰਨ ਦਾ ਵਾਅਦਾ ਯਾਦ ਕਰਵਾਇਆ। ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਪੰਜਾਬ ਵਿਚ ਬੇਰੁਜ਼ਗਾਰੀ ਸਭ ਤੋਂ ਵੱਡਾ ਮੁੱਦਾ ਹੈ। ਸੂਬੇ 'ਚ ਤਿੰਨ ਲੱਖ ਤੋਂ ਵੱਧ ਨੌਜਵਾਨ ਤਾਂ ਰੁਜ਼ਗਾਰ ਨਾ ਮਿਲਣ ਕਰਕੇ ਬਾਹਰਲੇ ਮੁਲਕਾਂ ਵਿਚ ਚਲੇ ਗਏ ਹਨ। ਸ੍ਰੀ ਬਾਜਵਾ ਨੇ ਅਰਵਿੰਦ ਕੇਜਰੀਵਾਲ ਦੇ ਪੰਜਾਬ ਦੌਰੇ ਨੂੰ ਫਲਾਪ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਸਿਰਫ ਭਾਸ਼ਣਾਂ ਨਾਲ ਪੰਜਾਬ ਦੇ ਉਦਯੋਗਪਤੀਆਂ ਅਤੇ ਸਨਅਤਕਾਰਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਉਦਯੋਗਪਤੀਆਂ ਅਤੇ ਸਨਅਤਕਾਰਾਂ ਦੇ ਮਸਲਿਆਂ ਨੂੰ ਹੱਲ ਕਰਨ ਵਿਚ ਅਸਫਲ ਰਹੀ ਹੈ। ਇਸ ਤੋਂ ਇਲਾਵਾ ਹੋਰ ਫਰੰਟਾਂ 'ਤੇ ਵੀ ਸਰਕਾਰ ਦੀ ਕਾਰਗੁਜ਼ਾਰੀ ਮਾੜੀ ਹੀ ਰਹੀ ਹੈ।

### ਅਕਾਲੀਆਂ ਨੇ ਨਸ਼ੇ ਲਿਆਂਦੇ ਅਤੇ 'ਆਪ' ਦੇ ਰਾਜ ਦੌਰਾਨ ਵਧੇ: ਰਾਜਾ ਵੜਿੰਗ

**ਮੋਗਾ:** ਕਾਂਗਰਸ ਨੇ ਮੋਗਾ ਵਿਚ ਨਸ਼ਿਆਂ ਖਿਲਾਫ ਸੂਬਾ ਪੱਧਰੀ ਰੈਲੀ ਕੀਤੀ। ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੂਬੇ 'ਚ ਨਸ਼ਿਆਂ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਉਨ੍ਹਾਂ ਦੇ ਰਾਜ ਵਿਚ ਹੀ 'ਚਿੱਟੇ' ਦੀ ਨੀਂਹ ਰੱਖੀ ਗਈ ਅਤੇ 'ਆਪ' ਦੀ ਸਰਕਾਰ ਬਣਨ ਮਗਰੋਂ ਸੂਬੇ ਵਿਚ ਨਸ਼ਾ ਹੋਰ ਵਧਿਆ ਹੈ। ਉਨ੍ਹਾਂ ਕਿਹਾ ਕਿ ਔਰਤਾਂ ਵੀ ਨਸ਼ਾ ਤਸਕਰੀ ਵਿਚ ਸ਼ਾਮਲ ਹਨ ਤੇ ਗਲੀਆਂ ਵਿਚ ਨਸ਼ਾ ਵਿਕਣ ਦੀਆਂ ਵੀਡੀਓਜ਼ ਰੋਜ਼ਾਨਾ ਵਾਇਰਲ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਨਾਕਾਮੀ ਕਾਰਨ ਨਸ਼ਾ ਤਸਕਰ ਵਧ ਰਹੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸੂਬਾ ਸਰਕਾਰ ਨੇ ਨਸ਼ਿਆਂ ਦੇ ਸੌਦਾਗਰਾਂ ਖ਼ਿਲਾਫ਼ ਸਖਤ ਕਾਰਵਾਈ ਨਾ ਕੀਤੀ ਅਤੇ ਨੌਜਵਾਨਾਂ ਨੂੰ ਬਚਾਉਣ ਲਈ ਤੁਰਤ ਕੋਈ ਠੋਸ ਉਪਰਾਲੇ ਨਾ ਕੀਤੇ ਗਏ ਤਾਂ ਪੰਜਾਬ ਕਾਂਗਰਸ ਸੰਘਰਸ਼ ਜਾਰੀ ਰੱਖੇਗੀ।

# ਰਾਸ਼ਟਰਪਤੀ ਬਣਿਆ ਤਾਂ ਐਚ-1ਬੀ ਵੀਜ਼ਾ ਖਤਮ: ਰਾਮਾਸਵਾਮੀ

**ਵਾਸ਼ਿੰਗਟਨ:** ਅਮਰੀਕਾ ਵਿਚ ਭਾਰਤੀ ਮੂਲ ਦੇ ਰਿਪਬਲਿਕਨ ਪਾਰਟੀ ਤੋਂ ਰਾਸ਼ਟਰਪਤੀ ਅਹੁਦੇ ਦੇ ਦਾਅਵੇਦਾਰ ਵਿਵੇਕ ਰਾਮਾਸਵਾਮੀ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਬੱਝਵੀਂ ਗੁਲਾਮੀ ਦੱਸਦੇ ਹੋਏ 2024 ਵਿਚ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਲਾਟਰੀ ਆਧਾਰਿਤ ਪ੍ਰਣਾਲੀ ਨੂੰ ਖਤਮ ਕਰਨ ਅਤੇ ਇਸ ਦੀ ਥਾਂ ਯੋਗਤਾ ਆਧਾਰਿਤ ਪ੍ਰਵੇਸ਼ ਪ੍ਰਣਾਲੀ ਲਿਆਉਣ ਦਾ ਵਾਅਦਾ ਕੀਤਾ ਹੈ।

ਭਾਰਤੀ ਸੂਚਨਾ ਤਕਨਾਲੋਜੀ ਪੇਸ਼ੇਵਰਾਂ ਵਿਚ ਮਕਬੂਲ ਐੱਚ-1ਬੀ ਵੀਜ਼ਾ ਇਕ ਗੈਰ-ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਪੇਸ਼ੇਵਰਾਂ ਨੂੰ ਅਜਿਹੇ ਅਹੁਦਿਆਂ 'ਤੇ ਨਿਯੁਕਤੀ ਦਾ ਅਧਿਕਾਰ ਦਿੰਦਾ ਹੈ ਜਿਨ੍ਹਾਂ ਵਿਚ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ।



ਤਕਨਾਲੋਜੀ ਕੰਪਨੀਆਂ ਭਾਰਤ ਤੇ ਚੀਨ ਵਰਗੇ ਦੇਸ਼ਾਂ ਤੋਂ ਹਰੇਕ ਸਾਲ ਹਜ਼ਾਰਾਂ ਪੇਸ਼ੇਵਰਾਂ ਦੀ ਭਰਤੀ ਕਰਨ ਲਈ ਇਸੇ ਵੀਜ਼ਾ ਪ੍ਰੋਗਰਾਮ 'ਤੇ ਨਿਰਭਰ ਹਨ। ਰਾਮਾਸਵਾਮੀ ਨੇ ਖੁਦ ਐੱਚ-1ਬੀ ਪ੍ਰੋਗਰਾਮ ਦਾ 29 ਵਾਰ ਇਸਤੇਮਾਲ ਕੀਤਾ ਹੈ। ਅਖਬਾਰ 'ਦਿ ਪੋਲੀਟਿਕੋ' ਦੀ ਖ਼ਬਰ ਮੁਤਾਬਕ 2018 ਤੋਂ 2023 ਤੱਕ ਅਮਰੀਕਾ ਨਾਗਰਿਕ ਤੇ ਇਮੀਗ੍ਰੇਸ਼ਨ ਸੇਵਾ ਨੇ ਕਾਮਿਆਂ ਨੂੰ ਐੱਚ-1ਬੀ ਵੀਜ਼ਾ ਪ੍ਰੋਗਰਾਮ ਤਹਿਤ ਭਰਤੀ ਕਰਨ ਲਈ ਰਾਮਾਸਵਾਮੀ ਦੀ ਪਿਛਲੀ ਕੰਪਨੀ ਰੋਇਵੈਂਟ ਸਾਇੰਸਿਜ ਨੂੰ 29 ਵਾਰ ਮਨਜ਼ੂਰੀ ਦਿੱਤੀ ਹੈ। ਫਿਰ ਵੀ, ਅਖਬਾਰ ਨੇ 38 ਸਾਲਾ ਉੱਦਮੀ ਦੇ ਹਵਾਲੇ ਨਾਲ ਕਿਹਾ ਕਿ ਐਚ-1ਬੀ ਪ੍ਰਣਾਲੀ ਇਸ ਵਿਚ ਸ਼ਾਮਲ ਸਾਰੇ ਲੋਕਾਂ ਲਈ ਖਰਾਬ ਹੈ।

### 75 ਫੀਸਦ ਸਰਕਾਰੀ ਕਰਮਚਾਰੀ ਵੀ ਹਟਾ ਦੇਵਾਂਗਾ

**ਵਾਸ਼ਿੰਗਟਨ:** ਰਾਸ਼ਟਰਪਤੀ ਚੋਣਾਂ ਵਿਚ ਰਿਪਬਲੀਕਨ ਪਾਰਟੀ ਦਾ ਉਮੀਦਵਾਰ ਬਣਨ ਦੀ ਦੌੜ ਵਿਚ ਸ਼ਾਮਲ ਭਾਰਤੀ-ਅਮਰੀਕੀ ਵਿਵੇਕ ਰਾਮਾਸਵਾਮੀ ਨੇ ਕਿਹਾ ਹੈ ਕਿ ਜੇਕਰ ਉਹ 2024 ਦੀਆਂ ਚੋਣਾਂ ਜਿੱਤ ਜਾਂਦੇ ਹਨ ਤਾਂ ਸੰਘੀ ਸਰਕਾਰ ਦੇ 75 ਫੀਸਦ ਤੋਂ ਜ਼ਿਆਦਾ ਕਰਮਚਾਰੀਆਂ ਨੂੰ ਹਟਾ ਦੇਣਗੇ ਅਤੇ ਐੱਫ.ਬੀ.ਆਈ. ਵਰਗੀਆਂ ਕਈ ਪ੍ਰਮੁੱਖ ਏਜੰਸੀਆਂ ਨੂੰ ਬੰਦ ਕਰ ਦੇਣਗੇ। ਅਮਰੀਕੀ ਨਿਊਜ਼ ਵੈੱਬਸਾਈਟ 'ਐਕਸਿਓਸ' ਨੂੰ ਦਿੱਤੇ ਇਕ ਇੰਟਰਵਿਊ ਵਿਚ ਰਾਮਾਸਵਾਮੀ ਨੇ ਕਿਹਾ ਕਿ ਉਨ੍ਹਾਂ ਦੇ ਨਿਸ਼ਾਨੇ 'ਤੇ ਸਿੱਖਿਆ ਵਿਭਾਗ, ਐੱਫ.ਬੀ.ਆਈ, ਆਬਕਾਰੀ, ਤੰਬਾਕੂ, ਹਥਿਆਰ ਤੇ ਵਿਸਫੋਟਕ ਬਿਊਰੋ, ਪਰਮਾਣੂ ਰੈਗੂਲੇਟਰੀ ਕਮਿਸ਼ਨ, (ਅੰਦਰੂਨੀ ਮਾਲੀਆ ਸੇਵਾ) ਆਈ.ਆਰ.ਐੱਸ. ਅਤੇ ਵਣਜ ਵਿਭਾਗ ਹੋਣਗੇ।

## ਸ਼ਾਂਤੀਨਿਕੇਤਨ ਯੂਨੈਸਕੋ ਦੀ ਵਿਸ਼ਵ ਵਿਰਾਸਤਾਂ ਦੀ ਸੂਚੀ 'ਚ ਸ਼ਾਮਲ

**ਨਵੀਂ ਦਿੱਲੀ:** ਪੱਛਮੀ ਬੰਗਾਲ ਦਾ ਪ੍ਰਸਿੱਧ ਸਥਾਨ ਸ਼ਾਂਤੀਨਿਕੇਤਨ, ਜਿੱਥੇ ਕਵੀ ਰਬਿੰਦਰਨਾਥ ਟੈਗੋਰ ਨੇ ਸਦੀ ਤੋਂ ਵੀ ਵੱਧ ਪਹਿਲਾਂ ਵਿਸ਼ਵ-ਭਾਰਤੀ ਦੀ ਸਥਾਪਨਾ ਕੀਤੀ ਸੀ, ਨੂੰ ਯੂਨੈਸਕੋ ਨੇ ਵਿਸ਼ਵ ਵਿਰਾਸਤਾਂ ਦੀ ਸੂਚੀ ਵਿਚ ਸ਼ਾਮਲ ਕਰ ਲਿਆ ਹੈ। ਯੂਨੈਸਕੋ ਨੇ ਇਸ ਬਾਰੇ 'ਐਕਸ' ਉਤੇ ਪੋਸਟ ਕਰ ਕੇ ਐਲਾਨ ਕੀਤਾ ਤੇ ਵਧਾਈ ਦਿੱਤੀ। ਬੀਰਭੂਮ ਜ਼ਿਲ੍ਹੇ ਵਿਚ ਸਥਿਤ ਇਸ ਵਿਰਾਸਤੀ ਥਾਂ ਨੂੰ ਸੂਚੀ ਵਿਚ ਸ਼ਾਮਲ ਕਰਾਉਣ ਲਈ ਭਾਰਤ ਲੰਮੇ ਸਮੇਂ ਤੋਂ ਯਤਨ ਕਰ ਰਿਹਾ ਸੀ। ਕੁਝ ਮਹੀਨੇ ਪਹਿਲਾਂ ਕੌਮਾਂਤਰੀ ਸਲਾਹਕਾਰ ਇਕਾਈ 'ਆਈ.ਸੀ.ਓ.ਐਮ.ਓ.ਐੱਸ' ਨੇ ਇਸ ਇਤਿਹਾਸਕ ਸਥਾਨ ਨੂੰ ਯੂਨੈਸਕੋ ਦੀਆਂ ਵਿਸ਼ਵ ਵਿਰਾਸਤਾਂ ਦੀ ਸੂਚੀ 'ਚ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ।

# ਖਾਲਿਸਤਾਨ ਰਾਇਸ਼ੁਮਾਰੀ ਵਿਚ ਪੁੱਛਿਆ ਜਾਵੇਗਾ ਨਿੱਝਰ ਦੀ ਹੱਤਿਆ ਬਾਰੇ ਸੁਆਲ




**ਟੋਰਾਂਟੋ:** ਖਾਲਿਸਤਾਨ ਦੇ ਸਮਰਥਨ ਲਈ ਅਗਲੇ ਮਹੀਨੇ ਕੈਨੇਡਾ ਵਿਚ ਹੋਣ ਵਾਲੀ ਰਾਇਸ਼ੁਮਾਰੀ ਦੇ ਦੂਜੇ ਪੜਾਅ ਵਿਚ ਹੁਣ ਵੋਟਰਾਂ ਤੋਂ ਪੁੱਛਿਆ ਜਾਵੇਗਾ ਕਿ ਕੀ ਜੂਨ ਵਿਚ ਗਰਮਖਿਆਲੀ ਸਿੱਖ ਆਗੂ ਦੀ ਮੌਤ ਲਈ ਭਾਰਤੀ ਹਾਈ ਕਮਿਸ਼ਨਰ ਜ਼ਿੰਮੇਵਾਰ ਸੀ ਜਾਂ ਨਹੀਂ। ਵੈਨਕੂਵਰ ਸਨ ਅਖਬਾਰ ਦੀ ਰਿਪੋਰਟ ਅਨੁਸਾਰ ਸਮੂਹ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.), ਜਿਸ ਨੇ ਸਰੀ ਵਿਚ 10 ਸਤੰਬਰ ਨੂੰ ਰਾਇਸ਼ੁਮਾਰੀ ਦਾ ਪਹਿਲਾ ਪੜਾਅ ਕਰਵਾਇਆ ਸੀ, ਨੇ ਕਿਹਾ ਕਿ ਉਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ ਵਿਚ ਬੈਲੇਟ ਵਿਚ ਸਵਾਲ ਸ਼ਾਮਲ ਕੀਤਾ ਹੈ। 29 ਅਕਤੂਬਰ ਨੂੰ ਹੋਣ ਵਾਲੀ ਵੋਟਿੰਗ ਇਹ ਪੁੱਛੇਗੀ ਕਿ ਕੀ ਹਾਈ ਕਮਿਸ਼ਨਰ ਸੰਜੇ ਵਰਮਾ ਪਾਬੰਦੀਸ਼ੁਦਾ ਸੰਗਠਨ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐੱਫ.) ਦੇ ਮੁਖੀ ਅਤੇ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਦੀ ਕਤਲ ਲਈ ਜ਼ਿੰਮੇਵਾਰ ਹੈ ਜਾਂ ਨਹੀਂ। ਐੱਸ.ਐੱਫ.ਜੇ. ਨੇ ਕਿਹਾ ਕਿ ਇਸ ਮਹੀਨੇ ਦੀ ਰਾਇਸ਼ੁਮਾਰੀ ਵਿਚ 135,000 ਤੋਂ ਵੱਧ ਵੋਟਰਾਂ ਨੇ ਹਿੱਸਾ ਲਿਆ।

# ਰੂਸ ਦੇ ਦੌਰੇ ਮਗਰੋਂ ਉੱਤਰੀ ਕੋਰੀਆ ਪਰਤੇ ਕਿਮ

**ਸਿਓਲ:** ਉੱਤਰੀ ਕੋਰੀਆ ਦੇ ਆਗੂ ਕਿਮ ਜੌਂਗ ਉਨ ਛੇ ਦਿਨਾਂ ਦੇ ਰੂਸ ਦੌਰੇ ਤੋਂ ਬਾਅਦ ਵਤਨ ਪਰਤ ਆਏ ਹਨ। ਕਿਮ ਦੇ ਇਸ ਦੌਰੇ ਦੌਰਾਨ ਦੋਵਾਂ ਮੁਲਕਾਂ ਵਿਚਾਲੇ ਹਥਿਆਰਾਂ ਦਾ ਸੌਦਾ ਹੋਣ ਦੀਆਂ ਕਿਆਸਰਾਈਆਂ ਵੀ ਲਾਈਆਂ ਜਾ ਰਹੀਆਂ ਸਨ। ਜ਼ਿਕਰਯੋਗ ਹੈ ਕਿ ਰੂਸ ਤੇ ਉੱਤਰੀ ਕੋਰੀਆ ਦਾ ਵੱਖ-ਵੱਖ ਪੱਧਰ 'ਤੇ ਪੱਛਮੀ ਮੁਲਕਾਂ ਨਾਲ ਟਕਰਾਅ ਚੱਲ ਰਿਹਾ ਹੈ। ਕਿਮ ਦੀ ਹਥਿਆਰਬੰਦ ਰੇਲ ਗੱਡੀ ਰੇਲਵੇ ਸਟੇਸ਼ਨ ਤੋਂ ਰੂਸੀ ਦੇਸ਼ ਭਗਤੀ ਦੇ ਇਕ ਗੀਤ ਨਾਲ ਰਵਾਨਾ ਹੋਈ। ਇਹ ਸਟੇਸ਼ਨ ਰੂਸ ਦੇ ਪੂਰਬੀ ਖੇਤਰ ਵਿਚ ਹੈ ਤੇ ਉੱਤਰੀ ਕੋਰੀਆ ਦੀ ਸਰਹੱਦ ਤੋਂ 200 ਕਿਲੋਮੀਟਰ ਦੂਰ ਹੈ। ਕਿਮ ਦਾ ਪਿਛਲੇ ਚਾਰ ਸਾਲਾਂ ਵਿਚ ਇਹ ਪਹਿਲਾ ਵਿਦੇਸ਼ੀ ਦੌਰਾ ਸੀ। ਇਸ ਦੌਰਾਨ ਉੱਤਰੀ ਕੋਰੀਆ ਦੇ ਆਗੂ ਨੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਮੁਲਾਕਾਤ ਕੀਤੀ ਤੇ ਕਈ ਅਹਿਮ ਸੈਨਿਕ ਤੇ ਤਕਨੀਕੀ ਕੇਂਦਰਾਂ ਦਾ ਦੌਰਾ ਕੀਤਾ। ਅਮਰੀਕਾ ਤੇ ਦੱਖਣੀ ਕੋਰੀਆ ਦਾ ਕਹਿਣਾ ਹੈ ਕਿ ਉੱਤਰੀ ਕੋਰੀਆ ਮਾਸਕੋ ਨੂੰ ਯੂਕਰੇਨ ਜੰਗ ਲਈ ਅਸਲਾ ਮੁਹੱਈਆ ਕਰਵਾ ਸਕਦਾ ਹੈ ਜਿਸ ਦੀ ਰੂਸ ਨੂੰ ਬੇਹੱਦ ਲੋੜ ਹੈ। ਇਸ ਦੇ ਬਦਲੇ ਉੱਤਰੀ ਕੋਰੀਆ ਨੂੰ ਰੂਸ ਤੋਂ



ਅਤਿ-ਆਧੁਨਿਕ ਹਥਿਆਰਾਂ ਲਈ ਤਕਨੀਕੀ ਮਦਦ ਮਿਲ ਸਕਦੀ ਹੈ।

ਜ਼ਿਕਰਯੋਗ ਹੈ ਕਿ ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ ਦੇ ਮਤਿਆਂ ਵਿਚ ਉੱਤਰੀ ਕੋਰੀਆ ਨੂੰ ਹਥਿਆਰ ਦੇਣ ਜਾਂ ਉਸ ਤੋਂ ਹਥਿਆਰ ਲੈਣ ਉਤੇ ਪਾਬੰਦੀਆਂ ਲਾਈਆਂ ਗਈਆਂ ਹਨ। ਰੂਸ ਵੀ ਪਰਿਸ਼ਦ ਦਾ ਸਥਾਈ ਮੈਂਬਰ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਉੱਤਰੀ ਕੋਰੀਆ ਤੋਂ ਹਥਿਆਰ ਲੈ ਕੇ ਰੂਸ, ਯੂਕਰੇਨ ਜੰਗ ਕਾਰਨ ਖਾਲੀ ਹੋ ਰਹੇ ਆਪਣੇ ਅਸਲਾ ਭੰਡਾਰ ਨੂੰ ਮੁੜ ਤੋਂ ਭਰਨਾ ਚਾਹੁੰਦਾ ਹੈ।

# ਆੜ੍ਹਤੀ ਢਾਈ ਫੀਸਦੀ ਕਮਿਸ਼ਨ ਬਹਾਲ ਕਰਵਾਉਣ ਲਈ ਅੜੇ

**ਚੰਡੀਗੜ੍ਹ:** ਉੱਤਰੀ ਭਾਰਤ ਦੇ ਕਮਿਸ਼ਨ ਏਜੰਟਾਂ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦਾ ਢਾਈ ਫੀਸਦੀ ਕਮਿਸ਼ਨ ਬਹਾਲ ਨਾ ਕੀਤਾ ਤਾਂ ਉਹ ਅਗਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਖ਼ਿਲਾਫ਼ ਡਟਣਗੇ। ਇੱਥੋਂ ਦੇ ਕਿਸਾਨ ਭਵਨ 'ਚ ਛੇ ਸੂਬਿਆਂ ਦੇ ਕਮਿਸ਼ਨ ਏਜੰਟਾਂ, ਵਪਾਰੀਆਂ ਅਤੇ ਸਨਅਤਕਾਰਾਂ ਨੇ ਸਾਂਝਾ ਸੰਮੇਲਨ ਕੀਤਾ ਜਿਸ ਵਿਚ ਕੇਂਦਰ ਸਰਕਾਰ ਨੂੰ ਆੜ੍ਹਤੀਆਂ ਦੀਆਂ ਮੰਗਾਂ 28 ਸਤੰਬਰ ਤੱਕ ਪੂਰੀਆਂ ਕਰਨ ਦਾ ਅਲਟੀਮੇਟਮ ਦਿੱਤਾ ਗਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਕੇਂਦਰ ਨੇ ਬੇਰੁਖ਼ੀ ਦਿਖਾਈ ਤਾਂ 28 ਸਤੰਬਰ ਮੁੜ ਆੜ੍ਹਤੀਏ ਇਕੱਠੇ ਹੋ ਕੇ ਅਗਲਾ ਐਕਸ਼ਨ ਉਲੀਕਣਗੇ।

ਸਾਂਝੇ ਸੰਮੇਲਨ ਵਿਚ ਪੰਜਾਬ, ਹਰਿਆਣਾ, ਰਾਜਸਥਾਨ, ਉੱਤਰਾਖੰਡ, ਉੱਤਰ ਪ੍ਰਦੇਸ਼, ਚੰਡੀਗੜ੍ਹ ਅਤੇ ਮੱਧ ਪ੍ਰਦੇਸ਼ ਤੋਂ ਆਏ ਆੜ੍ਹਤੀਆਂ ਨੇ ਮੰਗ ਕੀਤੀ ਕਿ ਖੇਤੀਬਾੜੀ ਉਤਪਾਦ ਮਾਰਕੀਟ ਕਮੇਟੀ ਐਕਟ ਵਿਚ ਦਰਜ ਕਮਿਸ਼ਨ ਨੂੰ ਬਹਾਲ ਕੀਤਾ ਜਾਵੇ ਜੋ ਢਾਈ ਫ਼ੀਸਦੀ ਬਣਦਾ ਹੈ। ਉਨ੍ਹਾਂ ਕਿਹਾ ਕਿ ਸਾਲ 2020 ਤੋਂ ਕੇਂਦਰ ਸਰਕਾਰ ਨੇ ਆੜ੍ਹਤ ਢਾਈ ਫ਼ੀਸਦੀ ਦੀ ਥਾਂ ਵੱਧ ਤੋਂ ਵੱਧ 46 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕਰ ਦਿੱਤੀ ਹੈ। ਕਮਿਸ਼ਨ ਏਜੰਟਾਂ ਨੇ ਕਿਹਾ ਕਿ ਏ.ਪੀ.ਐਮ.ਸੀ. ਅਨੁਸਾਰ ਉਨ੍ਹਾਂ ਦਾ ਕਮਿਸ਼ਨ 52.50 ਰੁਪਏ ਪ੍ਰਤੀ ਕੁਇੰਟਲ ਹੋਣਾ ਚਾਹੀਦਾ ਹੈ। ਐਸੋਸੀਏਸ਼ਨਾਂ ਦੇ ਸੰਘ ਦੇ ਕੌਮੀ ਪ੍ਰਧਾਨ ਬਾਬੂ ਲਾਲ ਗੁਪਤਾ ਨੇ ਕਿਹਾ ਕਿ ਭਾਰਤ ਸਰਕਾਰ ਹੌਲੀ-ਹੌਲੀ ਕਮਿਸ਼ਨ ਏਜੰਟਾਂ ਦੇ ਘੇਰੇ ਵਿਚੋਂ ਬਹੁਤ ਸਾਰੀਆਂ ਫ਼ਸਲਾਂ ਖੋਹ ਰਹੀ ਹੈ ਜਿਵੇਂ ਕਿ ਕਪਾਹ, ਦਾਲਾਂ ਅਤੇ ਤੇਲ ਬੀਜਾਂ ਦੀ ਹੁਣ ਆੜ੍ਹਤੀਆਂ ਰਾਹੀਂ ਖ਼ਰੀਦ ਨਹੀਂ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਵੀ ਹਰ ਖ਼ਰੀਦ ਕੇਂਦਰ ਵਿਚ ਸਾਇਲੋ ਬਣਾ ਸਕਦੀ ਹੈ ਪਰ ਜੋ ਕੇਂਦਰ ਸਰਕਾਰ ਨੇ ਸ਼ਰਤਾਂ ਤੈਅ ਕੀਤੀਆਂ ਹਨ, ਉਨ੍ਹਾਂ ਦੇ ਯੋਗ ਵੱਡੀਆਂ ਬਹੁਕੌਮੀ ਕੰਪਨੀਆਂ ਹੀ ਹਨ। ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਰਾਵਿੰਦਰ ਸਿੰਘ ਚੀਮਾ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਇਸ ਤਰ੍ਹਾਂ ਦੇ ਫ਼ੈਸਲੇ ਕਰਕੇ ਸੰਘੀ ਢਾਂਚੇ ਨੂੰ ਵੀ ਢਾਹ ਲਾ ਰਹੀ ਹੈ ਅਤੇ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਨੂੰ ਵੀ ਚੁਣੌਤੀ ਦੇ ਰਹੀ ਹੈ। ਅਨਾਜ ਮੰਡੀਆਂ ਦੇ ਕਾਰੋਬਾਰ 'ਤੇ ਦਿਨੋਂ ਦਿਨ ਬਹੁਕੌਮੀ ਕੰਪਨੀਆਂ ਦਾ ਏਕਾਧਿਕਾਰ ਵਧ ਰਿਹਾ ਹੈ।

## ਰੂਸੀ ਕਾਰਾਂ ਦੇ ਪੋਲੈਂਡ ਵਿਚ ਦਾਖਲ ਹੋਣ ਉਤੇ ਰੋਕ

**ਵਾਰਸਾ:** ਪੋਲੈਂਡ ਨੇ ਯੂਰਪੀਅਨ ਯੂਨੀਅਨ ਦੀ ਉਸ ਪਾਬੰਦੀ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਤਹਿਤ ਰੂਸ 'ਚ ਰਜਿਸਟਰਡ ਸਾਰੀਆਂ ਮੁਸਾਫਰ ਕਾਰਾਂ ਨੂੰ ਦੇਸ਼ 'ਚ ਦਾਖਲ ਹੋਣ ਤੋਂ ਰੋਕਿਆ ਜਾਵੇਗਾ। ਯੂਕਰੇਨ ਜੰਗ ਦੇ ਮੱਦੇਨਜ਼ਰ ਰੂਸ 'ਤੇ ਲਾਈਆਂ ਜਾ ਰਹੀਆਂ ਪਾਬੰਦੀਆਂ ਦੀ ਕੜੀ 'ਚ ਇਹ ਨਵੀਂ ਕੜੀ ਜੁੜ ਗਈ ਹੈ। ਯੂਰਪੀਅਨ ਯੂਨੀਅਨ ਦੇ ਫੈਸਲੇ ਮੁਤਾਬਕ ਰੂਸੀ ਫੈਡਰੇਸ਼ਨ 'ਚ ਰਜਿਸਟਰਡ ਮੋਟਰ ਵਾਹਨ ਹੁਣ 27 ਮੈਂਬਰੀ ਬਲਾਕ ਵਿਚ ਦਾਖਲ ਨਹੀਂ ਹੋ ਸਕਣਗੇ। ਪੋਲੈਂਡ ਨੇ ਇਸ ਬਾਰੇ ਐਲਾਨ ਕਰਦਿਆਂ ਕਿਹਾ ਕਿ ਰੂਸੀ ਕਾਰਾਂ ਪੋਲੈਂਡ ਵਿਚ ਦਾਖਲ ਨਹੀਂ ਹੋ ਸਕਣਗੀਆਂ। ਪੋਲੈਂਡ ਨੇ ਕਿਹਾ ਹੈ ਕਿ ਰੂਸ ਨੇ ਕੌਮਾਂਤਰੀ ਸੁਰੱਖਿਆ ਲਈ ਖਤਰਾ ਖੜ੍ਹਾ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਨੇੜਲੇ ਬਾਲਟਿਕ ਮੁਲਕ-ਲਿਥੂਆਨੀਆ, ਲਾਤਵੀਆ ਤੇ ਇਸਟੋਨੀਆ ਰੂਸੀ ਲਾਇਸੈਂਸ ਪਲੇਟ ਵਾਲੇ ਵਾਹਨਾਂ ਦਾ ਮੁਲਕ ਵਿਚ ਦਾਖਲਾ ਰੋਕ ਚੁੱਕੇ ਹਨ। ਦੱਸਣਯੋਗ ਹੈ ਕਿ ਪੋਲੈਂਡ ਤੇ ਬਾਲਟਿਕ ਮੁਲਕ ਰੂਸ ਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਯੂਰਪੀ ਮੁਲਕਾਂ ਵਿਚੋਂ ਸਭ ਤੋਂ ਵੱਡੇ ਆਲੋਚਕ ਹਨ। ਇਸ ਤੋਂ ਪਹਿਲਾਂ ਰੂਸ ਦੀ ਸੁਰੱਖਿਆ ਪਰਿਸ਼ਦ ਦੇ ਉਪ ਮੁਖੀ ਦਮਿੱਤਰੀ ਮੈਦਵੇਦੇਵ ਨੇ ਯੂਰਪੀ ਕਮਿਸ਼ਨ ਦੇ ਕਦਮ ਨੂੰ ਨਸਲਵਾਦੀ ਦੱਸਿਆ ਸੀ। ਉਨ੍ਹਾਂ ਸੁਝਾਅ ਦਿੱਤਾ ਸੀ ਕਿ ਮਾਸਕੋ ਨੂੰ ਯੂਰਪੀਅਨ ਯੂਨੀਅਨ ਨਾਲੋਂ ਕੂਟਨੀਤਕ ਸਬੰਧ ਖਤਮ ਕਰ ਕੇ ਇਸ ਪਾਬੰਦੀ ਦਾ ਜਵਾਬ ਦੇਣਾ ਚਾਹੀਦਾ ਹੈ।

# ਪਰਾਲੀ ਪ੍ਰਬੰਧਨ: ਕਿਸਾਨਾਂ ਨੂੰ 1500 ਰੁਪਏ ਵਾਲੀ ਯੋਜਨਾ ਤਣ ਪੱਤਣ ਨਾ ਲੱਗੀ

**ਚੰਡੀਗੜ੍ਹ:** ਪੰਜਾਬ ਵਿਚ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਵਿੱਤੀ ਮਦਦ ਦੇਣ ਦੀ ਯੋਜਨਾ ਕਿਸੇ ਤਣ ਪੱਤਣ ਨਹੀਂ ਲੱਗ ਸਕੀ ਕਿਉਂਕਿ ਕੇਂਦਰ ਸਰਕਾਰ ਨੇ ਇਸ ਯੋਜਨਾ ਵਿਚ ਕੋਈ ਹਿੱਸੇਦਾਰੀ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਮਗਰੋਂ ਸੂਬਾ ਸਰਕਾਰ ਦਾ ਉਤਸ਼ਾਹ ਵੀ ਮੱਠਾ ਪੈ ਗਿਆ।

ਉਧਰ, ਹਰਿਆਣਾ ਸਰਕਾਰ ਪਰਾਲੀ ਪ੍ਰਬੰਧਨ ਨੂੰ ਹੱਲਾਸ਼ੇਰੀ ਦੇਣ ਲਈ ਕਿਸਾਨਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਏਕੜ ਦੀ ਵਿੱਤੀ ਮਦਦ ਦੇ ਰਹੀ ਹੈ। ਵੇਰਵਿਆਂ ਮੁਤਾਬਕ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਵਿੱਤੀ ਮਦਦ ਦੇਣ ਬਾਰੇ ਕੈਬਨਿਟ ਦੀ ਪਿਛਲੀ ਮੀਟਿੰਗ ਵਿਚ ਵੀ ਚਰਚਾ ਹੋਈ ਸੀ। ਕਿਸਾਨਾਂ ਨੂੰ ਵਿੱਤੀ ਮਦਦ ਦੇਣ ਨਾਲ ਖਜਾਨੇ 'ਤੇ ਅੰਦਾਜ਼ਨ 1100 ਕਰੋੜ ਤੋਂ ਵੱਧ ਦਾ ਭਾਰ ਪੈ ਸਕਦਾ ਹੈ, ਜੋ ਸੂਬੇ ਦੇ ਵਿੱਤ ਤੋਂ ਬਾਹਰ ਹੈ। ਜੇਕਰ ਇਹ ਸਕੀਮ ਲਾਗੂ ਵੀ ਹੋ ਜਾਂਦੀ ਹੈ ਤਾਂ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੋ ਜਾਵੇਗਾ ਕਿ ਕਿਹੜੇ ਕਿਸਾਨਾਂ ਨੇ ਅੱਗ ਲਾਈ ਅਤੇ ਕਿਹੜਿਆਂ ਨਹੀਂ ਲਾਈ। ਇਸ



ਦੌਰਾਨ ਖੇਤੀਬਾੜੀ ਵਿਭਾਗ ਨੂੰ ਇਸ ਸਕੀਮ 'ਤੇ ਮੁੜ ਵਿਚਾਰ ਕਰਨ ਲਈ ਵੀ ਆਖਿਆ ਗਿਆ ਸੀ।

ਦਿਲਚਸਪ ਗੱਲ ਇਹ ਹੈ ਕਿ ਹੁਣ ਪਹਿਲੀ ਅਕਤੂਬਰ ਤੋਂ ਪੰਜਾਬ ਵਿਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੋ ਜਾਣੀ ਹੈ ਪਰ ਸਰਕਾਰ ਕਿਸਾਨਾਂ ਤੇ ਸਹਿਕਾਰੀ ਸਭਾਵਾਂ ਨੂੰ ਸਰਫੇਸ ਸੀਡਰ ਖਰੀਦਣ ਲਈ ਕਹਿ ਰਹੀ ਹੈ। ਸਹਿਕਾਰੀ ਸਭਾਵਾਂ ਦੇ ਮੁਲਾਜ਼ਮਾਂ ਨੇ ਦੱਸਿਆ ਕਿ ਹੁਣ ਅਧਿਕਾਰੀ ਉਨ੍ਹਾਂ 'ਤੇ ਜ਼ੋਰ ਪਾ ਰਹੇ ਹਨ ਕਿ ਸਰਫੇਸ ਸੀਡਰ ਖਰੀਦਿਆ ਜਾਵੇ ਜਦਕਿ ਇਸ ਦਾ ਕੋਈ ਟਰਾਇਲ ਵੀ ਨਹੀਂ ਹੋਇਆ ਹੈ।

ਇਕ ਸਰਫੇਸ ਸੀਡਰ ਦੀ ਕੀਮਤ 80 ਹਜ਼ਾਰ ਰੁਪਏ ਹੈ। ਕਈ ਮੁਲਾਜ਼ਮਾਂ ਨੇ ਦੱਸਿਆ ਕਿ ਇਸ ਦੀ ਖਰੀਦ ਵਾਸਤੇ ਅਫਸਰ ਖੁਦ ਹੀ ਫਾਰਮ ਭਰ ਕੇ ਸਭਾਵਾਂ ਵਿਚ ਭੇਜ ਰਹੇ ਹਨ। ਦੂਜੇ ਪਾਸੇ ਕਿਸਾਨਾਂ ਦਾ ਕਹਿਣਾ ਹੈ ਜਦੋਂ ਉਨ੍ਹਾਂ ਪਹਿਲਾਂ ਹੀ ਲੋੜੀਂਦੀ ਮਸ਼ੀਨਰੀ ਮੌਜੂਦ ਹੈ ਤਾਂ ਅਜਿਹੇ ਵਿਚ ਸਰਫੇਸ ਸੀਡਰ ਖਰੀਦਣ ਦੀ ਕੀ ਤੁਕ ਬਣਦੀ ਹੈ। ਸੂਤਰ ਦੱਸਦੇ ਹਨ ਕਿ ਸਰਕਾਰ ਨੇ ਸਭਾਵਾਂ ਨੂੰ ਜ਼ਬਾਨੀ ਹੁਕਮ ਕਰਕੇ ਸਰਫੇਸ ਸੀਡਰ ਖਰੀਦਣ ਦੇ ਹੁਕਮ ਕੀਤੇ ਹਨ।

ਵਿਸ਼ੇਸ਼ ਮੁੱਖ ਸਕੱਤਰ ਕੇਏਪੀ ਸਿਨਹਾ ਨੇ ਇਸ ਗੱਲੋਂ ਇਨਕਾਰ ਕੀਤਾ ਕਿ ਸਰਫੇਸ ਸੀਡਰ ਖਰੀਦਣ ਵਾਸਤੇ ਕਿਸੇ 'ਤੇ ਕੋਈ ਦਬਾਅ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਫੇਸ ਸੀਡਰ ਦੀ ਪੰਜਾਬ ਖੇਤੀ 'ਵਰਸਿਟੀ ਵੱਲੋਂ ਜਾਂਚ ਕਰ ਕੇ ਸਿਫਾਰਸ਼ ਕੀਤੀ ਗਈ ਹੈ।

# ਭਾਰਤ ਵੱਲੋਂ ਕੈਨੇਡਾ 'ਚ ਸਿੱਖ ਵਿਦਿਆਰਥੀ ਉਤੇ ਹਮਲੇ ਦੀ ਨਿਖੇਧੀ



**ਟੋਰਾਂਟੋ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਇਸ ਹਫਤੇ ਇਕ 17 ਸਾਲਾ ਸਿੱਖ ਨੌਜਵਾਨ 'ਤੇ ਹੋਏ ਹਮਲੇ ਦੀ ਭਾਰਤ ਨੇ ਸਖਤ ਨਿਖੇਧੀ ਕੀਤੀ ਹੈ। ਦੱਸਣਯੋਗ ਹੈ ਕਿ ਇਸ ਨੌਜਵਾਨ 'ਤੇ ਬੀਅਰ ਸਪਰੇਅ ਵੀ ਕੀਤੀ ਗਈ ਸੀ। ਭਾਰਤ ਨੇ ਸਥਾਨਕ ਅਥਾਰਿਟੀ ਨੂੰ ਬੇਨਤੀ ਕੀਤੀ ਹੈ ਕਿ ਘਟਨਾ ਦੀ ਜਾਂਚ ਕੀਤੀ ਜਾਵੇ ਤੇ ਜ਼ਿੰਮੇਵਾਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

ਇਹ ਘਟਨਾ 11 ਸਤੰਬਰ ਨੂੰ ਉਸ ਵੇਲੇ ਵਾਪਰੀ ਸੀ ਜਦ ਸਿੱਖ ਵਿਦਿਆਰਥੀ ਕੇਲੋਨਾ ਤੋਂ ਆਪਣੇ ਘਰ ਵਾਪਸ ਜਾ ਰਿਹਾ ਸੀ।

ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਨੇ 11 ਸਤੰਬਰ ਨੂੰ ਇਕ ਬਿਆਨ ਵਿਚ ਕਿਹਾ ਸੀ ਕਿ ਘਟਨਾ ਓਕਨਾਗਨ ਸ਼ਹਿਰ ਦੇ ਰੁਟਲੈਂਡ ਤੇ ਰੌਬਸਨ ਰੋਡ ਵਿਚਾਲੇ ਬਸ ਸਟਾਪ 'ਤੇ ਸ਼ਾਮ 4 ਵਜੇ ਤੋਂ ਪਹਿਲਾਂ ਵਾਪਰੀ ਸੀ। ਸਪਰੇਅ ਕਰਨ ਦੀ ਘਟਨਾ ਤੋਂ ਇਕਦਮ ਪਹਿਲਾਂ ਬੱਸ ਵਿਚ ਝਗੜਾ ਹੋਇਆ ਸੀ ਤੇ ਇਸ ਵਿਚ ਜਿਨ੍ਹਾਂ ਦੀ ਸ਼ਮੂਲੀਅਤ ਸੀ, ਉਨ੍ਹਾਂ ਨੂੰ ਬੱਸ ਵਿਚੋਂ ਉਤਰਨ ਲਈ ਕਹਿ ਦਿੱਤਾ ਗਿਆ ਸੀ। ਬੱਸ ਵਿਚੋਂ ਉਤਰਨ ਤੋਂ ਬਾਅਦ ਦੂਜੀ ਘਟਨਾ ਵਾਪਰੀ ਜਿੱਥੇ ਪੀੜਤ 'ਤੇ ਬੀਅਰ ਸਪਰੇਅ ਛਿੜਕੀ ਗਈ। ਵੈਨਕੂਵਰ ਵਿਚਲੇ ਭਾਰਤ ਦੇ ਦੂਤਾਵਾਸ ਨੇ ਘਟਨਾ ਦੀ ਕਰੜੀ ਨਿਖੇਧੀ ਕੀਤੀ ਹੈ। ਦੱਸਣਯੋਗ ਹੈ ਕਿ ਇਸ ਮਾਮਲੇ ਵਿਚ 13 ਸਤੰਬਰ ਨੂੰ ਕੇਲੋਨਾ ਆਰ.ਸੀ.ਐਮ.ਪੀ. ਨੇ ਘਟਨਾਵਾਂ ਵਿਚ ਸ਼ਾਮਲ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ ਸੀ।

ਆਰ.ਸੀ.ਐਮ.ਪੀ. ਨੇ ਇਕ ਬਿਆਨ ਵਿਚ ਕਿਹਾ ਕਿ ਜਾਂਚਕਰਤਾ ਘਟਨਾ ਦੀ ਵੀਡੀਓ ਦਾ ਵਿਸ਼ਲੇਸ਼ਣ ਕਰਨਗੇ ਤੇ ਨਾਲ ਹੀ ਹੋਰ ਸਬੂਤ ਇਕੱਠੇ ਕੀਤੇ ਜਾਣਗੇ ਤਾਂ ਕਿ ਇਹ ਜਾਣਿਆ ਜਾ ਸਕੇ ਕਿ ਬੱਸ ਵਿਚ ਕੀ ਵਾਪਰਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਉਤਰਨ ਲਈ ਕਿਹਾ ਗਿਆ। ਹਾਲਾਂਕਿ ਪੁਲਿਸ ਨੇ ਨਾਲ ਹੀ ਕਿਹਾ ਕਿ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਵਿਦਿਆਰਥੀ ਉਤੇ ਹਮਲਾ ਹੋਇਆ ਤੇ ਨਾਲ ਹੀ ਸਪਰੇਅ ਛਿੜਕੀ ਗਈ।

'ਵਰਲਡ ਸਿੱਖ ਆਰਗੇਨਾਈਜੇਸ਼ਨ ਆਫ ਕੈਨੇਡਾ' ਨੇ ਇਕ ਬਿਆਨ ਜਾਰੀ ਕਰ ਕੇ ਘਟਨਾ ਦੀ ਨਿਖੇਧੀ ਕੀਤੀ ਹੈ ਤੇ ਨਾਲ ਹੀ ਕਿਹਾ ਹੈ ਕਿ ਸਿੱਖ ਵਿਦਿਆਰਥੀ ਨੂੰ ਸਮਝ ਨਹੀਂ ਆ ਸਕਿਆ ਕਿ ਉਸ 'ਤੇ ਇਸ ਤਰ੍ਹਾਂ ਹਮਲਾ ਕਿਉਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਪੀੜਤ ਕੈਨੇਡਾ ਵਿਚ ਨਵਾਂ ਆਇਆ ਹੈ ਤੇ ਹੁਣ ਰੁਟਲੈਂਡ ਸੀਨੀਅਰ ਸੈਕੰਡਰੀ ਸਕੂਲ ਵਾਪਸ ਜਾਣ ਤੋਂ ਡਰ ਰਿਹਾ ਹੈ, ਜਿੱਥੇ ਉਹ ਪੜ੍ਹਦਾ ਹੈ। ਉਹ ਸਰਕਾਰੀ ਬੱਸ ਸੇਵਾ ਵਿਚ ਜਾਣ ਤੋਂ ਘਬਰਾ ਰਿਹਾ ਹੈ। ਕੇਲੋਨਾ ਸ਼ਹਿਰ ਦੀ ਕਾਊਂਸਲਰ ਮੋਹਿਨੀ ਸਿੰਘ ਨੇ ਵੀ ਘਟਨਾ ਦੀ ਨਿਖੇਧੀ ਕੀਤੀ ਹੈ।

## ਟਰੈਵਲ ਏਜੰਟ ਦੀ ਧੋਖਾਧੜੀ ਕਾਰਨ ਨੌਜਵਾਨ ਵੱਲੋਂ ਖੁਦਕੁਸ਼ੀ

**ਫ਼ਰੀਦਕੋਟ:** ਸਦਰ ਪੁਲਿਸ ਫਰੀਦਕੋਟ ਨੇ ਇੱਥੋਂ ਦੇ ਟਰੈਵਲ ਏਜੰਟ ਸਣੇ ਛੇ ਵਿਅਕਤੀਆਂ ਖਿਲਾਫ਼ ਇਕ ਨੌਜਵਾਨ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਜਗਸੀਰ ਸਿੰਘ ਵਾਸੀ ਪਿੰਡ ਦਾਨਾ ਰੋਮਾਣਾ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਦਾ ਲੜਕਾ ਫ਼ਰੀਦਕੋਟ ਬੈਂਕ 'ਚ ਪ੍ਰਾਈਵੇਟ ਨੌਕਰੀ ਕਰਦਾ ਸੀ ਤੇ ਉਸ ਨੇ ਵਿਦੇਸ਼ ਜਾਣ ਲਈ ਟਰੈਵਲ ਏਜੰਟ ਗੁਰਸੇਵਕ ਸਿੰਘ, ਗੁਰਮੇਜ ਸਿੰਘ ਤੇ ਜਸਵੀਰ ਕੌਰ ਨੂੰ ਸਾਢੇ 3 ਲੱਖ ਰੁਪਏ ਦਿੱਤੇ ਸਨ, ਜਿਨ੍ਹਾਂ ਕੁਲਦੀਪ ਨੂੰ ਵਿਦੇਸ਼ ਨਹੀਂ ਭੇਜਿਆ ਤੇ ਨਾ ਹੀ ਪੈਸੇ ਵਾਪਸ ਕੀਤੇ। ਉਸ ਦੀ ਬੈਂਕ ਦੀ ਨੌਕਰੀ ਵੀ ਚਲੀ ਗਈ। ਪੁਲਿਸ ਨੇ ਉਕਤ ਤੋਂ ਇਲਾਵਾ ਬੈਂਕ ਦੀ ਮੈਨੇਜਰ ਕਨਿਕਾ, ਕੈਸ਼ੀਅਰ ਭਾਰਤੀ ਗੋਇਲ ਅਤੇ ਮੁਲਾਜ਼ਮ ਜਸਪਾਲ ਸਿੰਘ ਖਿਲਾਫ਼ ਵੀ ਕੇਸ ਦਰਜ ਕਰ ਲਿਆ ਹੈ।

## ਕੈਨੇਡਾ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਘਨੌਰ:** ਹਲਕਾ ਘਨੌਰ ਦੇ ਪਿੰਡ ਸ਼ੰਭੂ ਕਲਾਂ ਦੇ ਇਕ ਨੌਜਵਾਨ ਮਨਜੋਤ ਸਿੰਘ ਛਾਛੀ (20) ਪੁੱਤਰ ਕਰਮਜੀਤ ਸਿੰਘ ਛਾਛੀ ਦੀ ਕੈਨੇਡਾ (ਸਰੀ) ਵਿਚ ਦਿਲ ਫੇਲ੍ਹ ਹੋ ਜਾਣ ਕਾਰਨ ਮੌਤ ਹੋ ਗਈ। ਮਨਜੋਤ ਸਟੱਡੀ ਵੀਜ਼ਾ 'ਤੇ ਕੈਨੇਡਾ ਗਿਆ ਸੀ। ਪੁਲਿਸ ਵਿਚ ਬਤੌਰ ਸਹਾਇਕ ਥਾਣੇਦਾਰ ਸੇਵਾ ਨਿਭਾ ਰਹੇ ਮ੍ਰਿਤਕ ਦੇ ਪਿਤਾ ਕਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਪੁੱਤਰ ਨੂੰ ਇਸ ਸਾਲ 7 ਅਗਸਤ ਨੂੰ ਕੈਨੇਡਾ ਦਾ ਜਹਾਜ਼ ਚੜ੍ਹਾਇਆ ਸੀ ਜਿਸ ਦੀ ਕਲਾਸ ਵਿਚ ਹੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ।

# ਭ੍ਰਿਸ਼ਟਾਚਾਰ ਤੇ ਮਨੁੱਖੀ ਤਸਕਰੀ ਦੇ ਦੋਸ਼ ਹੇਠ ਪੰਜਾਬੀਆਂ ਸਣੇ 16 ਨੂੰ ਸਜ਼ਾ



**ਲੰਡਨ:** ਕੌਮਾਂਤਰੀ ਪੱਧਰ ਉਤੇ ਕਾਲੇ ਧਨ ਨੂੰ ਸਫੈਦ ਬਣਾਉਣ ਅਤੇ ਬਰਤਾਨੀਆ 'ਚ ਮਨੁੱਖੀ ਤਸਕਰੀ ਦੇ ਮਾਮਲੇ 'ਚ ਪੰਜਾਬੀਆਂ ਸਮੇਤ 16 ਵਿਅਕਤੀਆਂ ਨੂੰ ਕੁੱਲ ਮਿਲਾ ਕੇ 70 ਤੋਂ ਜ਼ਿਆਦਾ ਸਾਲ ਦੀ ਸਜਾ ਸੁਣਾਈ ਗਈ ਹੈ। ਕੌਮੀ ਅਪਰਾਧ ਏਜੰਸੀ (ਐੱਨ.ਸੀ.ਏ.) ਮੁਤਾਬਕ ਚਰਨ ਸਿੰਘ ਗਰੋਹ ਦਾ ਮੁਖੀ ਸੀ ਅਤੇ ਉਸ ਨੇ 2017 ਤੋਂ 2019 ਦੌਰਾਨ ਦੁਬਈ ਦੇ ਸੈਂਕੜੇ ਦੌਰੇ ਕਰਕੇ ਬਰਤਾਨੀਆ ਤੋਂ ਬਾਹਰ ਕਰੀਬ 7 ਕਰੋੜ ਪੌਂਡ ਗੈਰਕਾਨੂੰਨੀ ਢੰਗ ਨਾਲ ਭੇਜੇ ਸਨ।

ਏਜੰਸੀ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਪੈਸਾ ਨਸ਼ਿਆਂ ਦੀ ਵਿਕਰੀ ਅਤੇ ਸੰਗਠਤ ਇਮੀਗਰੇਸ਼ਨ ਅਪਰਾਧ ਤੋਂ ਕਮਾਇਆ ਗਿਆ ਸੀ। ਕ੍ਰੋਏਡੋਨ ਕ੍ਰਾਊਨ ਕੋਰਟ 'ਚ ਤਿੰਨ ਦਿਨਾਂ ਤੱਕ ਚੱਲੀ ਸੁਣਵਾਈ ਦੌਰਾਨ ਹੰਸਲੋਅ ਦੇ ਚਰਨ ਸਿੰਘ (44) ਨੂੰ ਸਾਢੇ 12 ਸਾਲ ਜੇਲ੍ਹ ਦੀ ਸਜਾ ਸੁਣਾਈ ਗਈ। ਉਸ ਦੇ ਦੋ ਨਜ਼ਦੀਕੀਆਂ ਵਲਜੀਤ ਸਿੰਘ ਨੂੰ 11 ਸਾਲ ਜਦਕਿ ਸਵੰਦਰ ਸਿੰਘ ਢੱਲ ਨੂੰ ਕਾਲੇ ਧਨ ਨੂੰ ਸਫੈਦ ਬਣਾਉਣ ਦੇ ਦੋਸ਼ ਹੇਠ 10 ਸਾਲ ਅਤੇ ਮਨੁੱਖੀ ਤਸਕਰੀ ਲਈ ਪੰਜ ਸਾਲ ਦੀ ਵਾਧੂ ਸਜਾ ਸੁਣਾਈ ਗਈ ਹੈ। ਗਰੋਹ ਦੇ ਹੋਰ ਮੈਂਬਰ ਅਮਰਜੀਤ, ਜਗਿੰਦਰ ਕਪੂਰ, ਜੈਕਦਾਰ ਕਪੂਰ, ਮਨਮੋਹਨ ਸਿੰਘ ਕਪੂਰ, ਪਿੰਕੀ ਕਪੂਰ ਅਤੇ ਜਸਬੀਰ ਸਿੰਘ ਮਲਹੋਤਰਾ ਨੂੰ 9 ਸਾਲ ਤੋਂ 11 ਮਹੀਨਿਆਂ ਤੱਕ ਦੀ ਸਜਾ ਦਿੱਤੀ ਗਈ ਹੈ।

ਐੱਨ.ਸੀ.ਏ. ਦੇ ਸੀਨੀਅਰ ਜਾਂਚ ਅਧਿਕਾਰੀ ਕ੍ਰਿਸ ਹਿਲ ਨੇ ਕਿਹਾ ਕਿ ਦੋ ਸਾਲ ਤੋਂ ਜ਼ਿਆਦਾ ਸਮੇਂ ਤੱਕ ਚੱਲੀ ਜਾਂਚ ਮਗਰੋਂ ਗਰੋਹ ਦੀਆਂ ਸਰਗਰਮੀਆਂ ਦੇ ਸਬੂਤ ਮਿਲੇ ਜਿਸ ਮਗਰੋਂ ਹੁਣ ਜਾ ਕੇ ਉਨ੍ਹਾਂ ਨੂੰ ਸਜਾ ਸੁਣਾਈ ਗਈ ਹੈ। ਗਰੋਹ ਵੱਲੋਂ ਪੰਜ ਬੱਚਿਆਂ ਅਤੇ ਇਕ ਗਰਭਵਤੀ ਮਹਿਲਾ ਨੂੰ 2019 'ਚ ਵੈਨ 'ਚ ਲੱਦੇ ਟਾਇਰਾਂ 'ਚ ਛਿਪਾ ਕੇ ਲਿਆਂਦਾ ਗਿਆ ਸੀ।

# ਲੰਡਨ ਦਾ ਇਤਿਹਾਸਕ 'ਇੰਡੀਆ ਕਲੱਬ' ਬੰਦ



**ਲੰਡਨ:** ਲੰਡਨ ਸਥਿਤ ਇੰਡੀਆ ਕਲੱਬ, ਜਿਸ ਦੀਆਂ ਜੜ੍ਹਾਂ ਭਾਰਤ ਦੇ ਆਜ਼ਾਦੀ ਅੰਦੋਲਨ ਦੌਰਾਨ ਲੱਗੀਆਂ ਸਨ, ਸਥਾਈ ਤੌਰ 'ਤੇ ਬੰਦ ਹੋ ਗਿਆ ਹੈ। ਇਹ ਕਲੱਬ ਕਈ ਸਾਲਾਂ ਤੱਕ ਬਰਤਾਨੀਆ 'ਚ ਰਾਸ਼ਟਰਵਾਦੀਆਂ ਦਾ ਕੇਂਦਰ ਬਣਿਆ ਰਿਹਾ ਤੇ ਵਤਨੋਂ ਦੂਰ ਬੈਠੇ ਭਾਰਤੀ ਇੱਥੇ ਆਪਣੇ ਘਰ ਵਾਂਗ ਵਿਚਰਦੇ ਰਹੇ।

ਇਸ ਦੀਆਂ ਕੰਧਾਂ ਉਤੇ ਕਈ ਉੱਘੀਆਂ ਹਸਤੀਆਂ ਦੀਆਂ ਤਸਵੀਰਾਂ ਹਨ ਜਿਨ੍ਹਾਂ ਵਿਚ ਭਾਰਤ ਦੇ ਕਈ ਸਾਬਕਾ ਪ੍ਰਧਾਨ ਮੰਤਰੀ ਤੇ ਕਲੱਬ ਦੇ ਬਾਨੀ ਮੈਂਬਰ ਕ੍ਰਿਸ਼ਨਾ ਮੈਨਨ ਸ਼ਾਮਲ ਹਨ। ਮੈਨਨ ਬਾਅਦ ਵਿਚ ਬਰਤਾਨੀਆ 'ਚ ਆਜ਼ਾਦ ਭਾਰਤ ਦੇ ਪਹਿਲੇ ਹਾਈ ਕਮਿਸ਼ਨਰ ਵੀ ਬਣੇ। ਇਸ ਕਲੱਬ ਵਿਚ ਇਕ ਭਾਰਤੀ ਰੈਸਟੋਰੈਂਟ ਵੀ ਚੱਲਦਾ ਰਿਹਾ ਜੋ ਕਿ ਬਰਤਾਨੀਆ ਦੇ ਪਹਿਲੇ ਅਜਿਹੇ ਰੈਸਟੋਰੈਂਟਾਂ ਵਿਚ ਸ਼ੁਮਾਰ ਸੀ। ਭਾਰਤ ਦੀ ਆਜ਼ਾਦੀ ਤੋਂ ਬਾਅਦ ਇਹ ਕਲੱਬ ਬਰਤਾਨਵੀ ਦੱਖਣੀ ਏਸ਼ਿਆਈ ਭਾਈਚਾਰੇ ਦਾ ਕੇਂਦਰ ਬਣ ਗਿਆ। ਕਲੱਬ ਦੀ ਮੈਨੇਜਰ ਫਿਰੋਜਾ ਮਾਰਕਰ ਨੇ ਕਿਹਾ ਕਿ 'ਅਸੀਂ ਇਸ ਨੂੰ ਬੰਦ ਕਰ ਰਹੇ ਹਾਂ ਪਰ ਨੇੜੇ ਹੀ ਕਿਤੇ ਕਲੱਬ ਲਈ ਨਵੀਂ ਜਗ੍ਹਾ ਵੀ ਲੱਭ ਰਹੇ ਹਾਂ।' ਜ਼ਿਕਰਯੋਗ ਹੈ ਕਿ ਪਾਰਸੀ ਮੂਲ ਦਾ ਪਰਿਵਾਰ ਇਸ ਕਲੱਬ ਨੂੰ 1997 ਤੋਂ ਚਲਾ ਰਿਹਾ ਹੈ।

# ਯੂ.ਕੇ. ਵਿਜ਼ਿਟਰ ਅਤੇ ਸਟੂਡੈਂਟ ਵੀਜ਼ਾ ਫੀਸ 'ਚ ਵਾਧਾ



**ਲੰਡਨ:** ਬਰਤਾਨੀਆ ਸਰਕਾਰ ਨੇ ਵਿਜ਼ਿਟਰ ਅਤੇ ਵਿਦਿਆਰਥੀ ਵੀਜ਼ਾ ਫੀਸ 'ਚ ਪ੍ਰਸਤਾਵਿਤ ਵਾਧਾ 4 ਅਕਤੂਬਰ ਤੋਂ ਲਾਗੂ ਕਰਨ ਦਾ ਐਲਾਨ ਕੀਤਾ ਹੈ। ਛੇ ਮਹੀਨੇ ਦੇ ਵੀਜ਼ੇ ਲਈ 15 ਪੌਂਡ ਅਤੇ ਸਟੂਡੈਂਟ ਵੀਜ਼ੇ ਲਈ 127 ਪੌਂਡ ਵਧੇਰੇ ਦੇਣੇ ਪੈਣਗੇ। ਸੰਸਦ 'ਚ ਰੱਖੇ ਗਏ ਬਿੱਲ 'ਚ ਬਰਤਾਨੀਆ ਦੇ ਗ੍ਰਹਿ ਦਫ਼ਤਰ ਨੇ ਕਿਹਾ ਕਿ ਵੀਜ਼ਾ ਫੀਸ 'ਚ ਬਦਲਾਅ ਦਾ ਮਤਲਬ ਹੈ ਕਿ ਛੇ ਮਹੀਨੇ ਤੋਂ ਘੱਟ ਸਮੇਂ ਦੇ ਵਿਜ਼ਿਟਰ ਵੀਜ਼ੇ ਦੀ ਲਾਗਤ ਵਧ ਕੇ 115 ਪੌਂਡ ਹੋ ਜਾਵੇਗੀ ਜਦਕਿ ਸਟੂਡੈਂਟ ਵੀਜ਼ਾ ਅਪਲਾਈ ਕਰਨ ਵਾਲਿਆਂ ਨੂੰ 490 ਪੌਂਡ ਦਾ ਭੁਗਤਾਨ ਕਰਨਾ ਪਵੇਗਾ। ਇਹ ਫੈਸਲਾ ਉਸ ਸਮੇਂ ਲਿਆ ਗਿਆ ਹੈ ਜਦੋਂ ਜੁਲਾਈ 'ਚ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਐਲਾਨ ਕੀਤਾ ਸੀ ਕਿ ਵੀਜ਼ਾ ਅਰਜ਼ੀਕਾਰਾਂ ਵੱਲੋਂ ਕੌਮੀ ਸਿਹਤ ਸੇਵਾ ਲਈ ਅਦਾ ਕੀਤੇ ਜਾਂਦੇ ਸਿਹਤ ਸਰਚਾਰਜ ਅਤੇ ਫੀਸ 'ਚ ਚੋਖਾ ਵਾਧਾ ਕੀਤਾ ਜਾਵੇਗਾ ਤਾਂ ਜੋ ਦੇਸ਼ ਦੇ ਜਨਤਕ ਖੇਤਰ ਦੀ ਉਜਰਤ 'ਚ ਵਾਧੇ ਨੂੰ ਪੂਰਾ ਕੀਤਾ ਜਾ ਸਕੇ। ਗ੍ਰਹਿ ਦਫਤਰ ਨੇ ਜ਼ਿਆਦਾਤਰ ਕੰਮ ਅਤੇ ਵਿਜ਼ਿਟਰ ਵੀਜ਼ਿਆਂ ਦੀ ਲਾਗਤ ਵਿਚ 15 ਫੀਸਦੀ ਅਤੇ ਤਰਜੀਹੀ ਵੀਜ਼ਾ, ਸਟੱਡੀ ਵੀਜ਼ਾ ਅਤੇ ਸਪਾਂਸਰਸ਼ਿਪ ਦੇ ਸਰਟੀਫਿਕੇਟਾਂ ਦੀ ਲਾਗਤ ਵਿਚ ਘੱਟੋ-ਘੱਟ 20 ਫੀਸਦੀ ਵਾਧੇ ਦਾ ਸੰਕੇਤ ਦਿੱਤਾ ਸੀ।

# ਪਾਕਿਸਤਾਨੀ ਅਦਾਲਤ ਵੱਲੋਂ ਭਗਤ ਸਿੰਘ ਦੀ ਸਜ਼ਾ ਦਾ ਕੇਸ ਮੁੜ ਖੋਲ੍ਹਣ 'ਤੇ ਇਤਰਾਜ਼



**ਲਾਹੌਰ:** ਪਾਕਿਸਤਾਨ ਦੀ ਇਕ ਅਦਾਲਤ ਨੇ 1931 ਵਿਚ ਸੁਤੰਤਰਤਾ ਸੰਗਰਾਮ ਦੇ ਨਾਇਕ ਭਗਤ ਸਿੰਘ ਦੀ ਸਜਾ ਦੇ ਮਾਮਲੇ ਨੂੰ ਮੁੜ ਖੋਲ੍ਹਣ ਅਤੇ ਸਮੀਖਿਆ ਦੇ ਸਿਧਾਂਤਾਂ ਦੀ ਵਰਤੋਂ ਕਰਕੇ ਇਸ ਨੂੰ ਰੱਦ ਕਰਨ ਤੇ ਸੂਬਾਈ ਪੁਰਸਕਾਰਾਂ ਨਾਲ ਸਨਮਾਨਿਤ ਕਰਨ ਦੀ ਪਟੀਸ਼ਨ 'ਤੇ ਇਤਰਾਜ਼ ਜਤਾਇਆ ਹੈ।

ਭਗਤ ਸਿੰਘ ਨੂੰ ਬਰਤਾਨਵੀ ਸ਼ਾਸਕਾਂ ਨੇ 23 ਮਾਰਚ, 1931 ਨੂੰ ਉਸ ਦੇ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਦੇ ਨਾਲ ਬ੍ਰਿਟਿਸ਼ ਹਕੂਮਤ ਵਿਰੁੱਧ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਮੁਕੱਦਮਾ ਚਲਾਉਣ ਤੋਂ ਬਾਅਦ ਫਾਂਸੀ ਦੇ ਦਿੱਤੀ ਸੀ। ਭਗਤ ਸਿੰਘ ਨੂੰ ਪਹਿਲਾਂ ਉਮਰ ਕੈਦ ਦੀ ਸਜਾ ਸੁਣਾਈ ਗਈ ਸੀ ਪਰ ਬਾਅਦ ਵਿਚ ਇਕ ਹੋਰ 'ਮਨਘੜਤ ਕੇਸ' ਵਿਚ ਮੌਤ ਦੀ ਸਜਾ ਸੁਣਾਈ ਗਈ ਸੀ।

ਲਾਹੌਰ ਹਾਈ ਕੋਰਟ ਨੇ ਦਹਾਕੇ ਪੁਰਾਣੇ ਕੇਸ ਨੂੰ ਮੁੜ ਖੋਲ੍ਹਣ ਅਤੇ ਉਸ ਪਟੀਸ਼ਨ ਨੂੰ ਸੁਣਨ ਲਈ ਇਕ ਵੱਡੇ ਬੈਂਚ ਦੇ ਗਠਨ 'ਤੇ ਇਤਰਾਜ਼ ਜਤਾਇਆ ਜੋ ਸਮੀਖਿਆ ਦੇ ਸਿਧਾਂਤਾਂ ਦਾ ਪਾਲਣ ਕਰਕੇ ਭਗਤ ਸਿੰਘ ਦੀ ਸਜਾ ਨੂੰ ਰੱਦ ਕਰਨ ਦੀ ਅਪੀਲ ਕਰਦਾ ਹੈ ਅਤੇ ਸਰਕਾਰ ਨੂੰ ਆਦੇਸ਼ ਦਿੰਦਾ ਹੈ ਕਿ ਉਨ੍ਹਾਂ ਨੂੰ ਮਰਨ ਉਪਰੰਤ ਰਾਜ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਵੇ। ਭਗਤ ਸਿੰਘ ਯਾਦਗਾਰੀ ਫਾਊਂਡੇਸ਼ਨ ਦੇ ਚੇਅਰਮੈਨ ਅਤੇ ਵਕੀਲ ਇਮਤਿਆਜ਼ ਰਸੀਦ ਕੁਰੈਸ਼ੀ ਨੇ ਦੱਸਿਆ, "ਲਾਹੌਰ ਹਾਈ ਕੋਰਟ ਨੇ ਭਗਤ ਸਿੰਘ ਸਬੰਧੀ ਕੇਸ ਮੁੜ ਖੋਲ੍ਹਣ ਅਤੇ ਉਸ ਦੀ ਛੇਤੀ ਸੁਣਵਾਈ ਲਈ ਇਕ ਵੱਡੇ ਬੈਂਚ ਦੇ ਗਠਨ 'ਤੇ ਇਤਰਾਜ਼ ਉਠਾਇਆ।

ਅਦਾਲਤ ਨੇ ਇਤਰਾਜ਼ ਕੀਤਾ ਕਿ ਪਟੀਸ਼ਨ ਵੱਡੇ ਬੈਂਚ ਦੇ ਗਠਨ ਲਾਇਕ ਨਹੀਂ ਹੈ।" ਕੁਰੈਸ਼ੀ ਨੇ ਕਿਹਾ ਕਿ ਸੀਨੀਅਰ ਵਕੀਲਾਂ ਦੇ ਇਕ ਪੈਨਲ ਦੀ ਪਟੀਸ਼ਨ, ਜਿਸ ਦਾ ਉਹ ਖੁਦ ਹਿੱਸਾ ਹਨ, ਇਕ ਦਹਾਕੇ ਤੋਂ ਹਾਈ ਕੋਰਟ ਵਿਚ ਬਕਾਇਆ ਪਈ ਹੈ। ਉਨ੍ਹਾਂ ਕਿਹਾ ਕਿ ਜਸਟਿਸ ਸੁਜਾਤ ਅਲੀ ਖਾਨ ਨੇ 2013 ਵਿਚ ਇਸ ਮਾਮਲੇ ਨੂੰ ਵੱਡੇ ਬੈਂਚ ਦੇ ਗਠਨ ਲਈ ਚੀਫ ਜਸਟਿਸ ਕੋਲ ਭੇਜ ਦਿੱਤਾ ਸੀ ਅਤੇ ਉਦੋਂ ਤੋਂ ਹੀ ਇਹ ਲੰਬਿਤ ਪਿਆ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਭਗਤ ਸਿੰਘ ਨੇ ਉਪ ਮਹਾਂਦੀਪ ਦੀ ਆਜ਼ਾਦੀ ਲਈ ਲੜਾਈ ਲੜੀ ਸੀ। ਪਟੀਸ਼ਨ ਵਿਚ ਅੱਗੇ ਕਿਹਾ ਗਿਆ ਹੈ ਕਿ ਭਗਤ ਸਿੰਘ ਦਾ ਨਾ ਸਿਰਫ ਸਿੱਖਾਂ ਅਤੇ ਹਿੰਦੂਆਂ ਵੱਲੋਂ ਸਗੋਂ ਮੁਸਲਮਾਨਾਂ ਵੱਲੋਂ ਵੀ ਸਤਿਕਾਰ ਕੀਤਾ ਜਾਂਦਾ ਹੈ।

ਪਾਕਿਸਤਾਨ ਦੇ ਬਾਨੀ ਕਾਇਦ-ਏ-ਆਜ਼ਮ ਮੁਹੰਮਦ ਅਲੀ ਜਿਨਾਹ ਨੇ ਕੇਂਦਰੀ ਅਸੈਂਬਲੀ ਵਿਚ ਆਪਣੇ ਭਾਸ਼ਨ ਦੌਰਾਨ ਦੋ ਵਾਰ ਉਨ੍ਹਾਂ ਨੂੰ ਸਰਧਾਂਜਲੀ ਦਿੱਤੀ ਸੀ। ਕੁਰੈਸ਼ੀ ਨੇ ਅਪੀਲ ਕੀਤੀ ਕਿ ਇਹ ਕੌਮੀ ਮਹੱਤਵ ਦਾ ਮਾਮਲਾ ਹੈ ਅਤੇ ਇਸ ਨੂੰ ਫੁੱਲ ਬੈਂਚ ਅੱਗੇ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਰਤਾਨਵੀ ਪੁਲਿਸ ਅਧਿਕਾਰੀ ਜੌਹਨ ਪੀ ਸਾਂਡਰਸ ਦੇ ਕਤਲ ਦੀ ਐੱਫ.ਆਈ.ਆਰ. ਵਿਚ ਭਗਤ ਸਿੰਘ ਦਾ ਨਾਮ ਨਹੀਂ ਸੀ ਜਿਸ ਲਈ ਉਨ੍ਹਾਂ ਨੂੰ ਮੌਤ ਦੀ ਸਜਾ ਸੁਣਾਈ ਗਈ ਸੀ। ਕਰੀਬ ਇਕ ਦਹਾਕਾ ਪਹਿਲਾਂ ਲਾਹੌਰ ਪੁਲਿਸ ਨੇ ਅਦਾਲਤ ਦੇ ਹੁਕਮਾਂ 'ਤੇ ਅਨਾਰਕਲੀ ਥਾਣੇ ਦੇ ਰਿਕਾਰਡ 'ਚੋਂ ਸਾਂਡਰਸ ਦੇ ਕਤਲ ਦੀ ਐੱਫ.ਆਈ.ਆਰ. ਲੱਭੀ ਸੀ। ਉਰਦੂ ਵਿਚ ਲਿਖੀ ਇਹ ਐੱਫ.ਆਈ.ਆਰ. ਅਨਾਰਕਲੀ ਥਾਣੇ ਵਿਚ 17 ਦਸੰਬਰ, 1928 ਨੂੰ ਸਾਮ 4.30 ਵਜੇ ਦੋ 'ਅਣਪਛਾਤੇ ਬੰਦੂਕਧਾਰੀਆਂ' ਖ਼ਿਲਾਫ਼ ਦਰਜ ਕੀਤੀ ਗਈ ਸੀ। ਭਾਰਤੀ ਦੰਡਾਵਲੀ ਦੀ ਧਾਰਾ 302, 120 ਅਤੇ 109 ਤਹਿਤ ਕੇਸ ਦਰਜ ਕੀਤਾ ਗਿਆ ਸੀ। ਕੁਰੈਸ਼ੀ ਨੇ ਕਿਹਾ ਕਿ ਭਗਤ ਸਿੰਘ ਦੇ ਕੇਸ ਦੀ ਸੁਣਵਾਈ ਕਰ ਰਹੇ ਟ੍ਰਿਬਿਊਨਲ ਦੇ ਵਿਸ਼ੇਸ਼ ਜੱਜਾਂ ਨੇ ਕੇਸ ਵਿਚ 450 ਗਵਾਹਾਂ ਨੂੰ ਸੁਣੇ ਬਿਨਾਂ ਹੀ ਉਸ ਨੂੰ ਮੌਤ ਦੀ ਸਜਾ ਸੁਣਾਈ ਸੀ। ਉਨ੍ਹਾਂ ਕਿਹਾ ਕਿ ਭਗਤ ਸਿੰਘ ਦੇ ਵਕੀਲਾਂ ਨੂੰ ਉਨ੍ਹਾਂ ਨਾਲ ਜਿਰ੍ਹਾ ਕਰਨ ਦਾ ਮੌਕਾ ਨਹੀਂ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਉਹ ਸਾਂਡਰਸ ਕੇਸ ਵਿਚ ਭਗਤ ਸਿੰਘ ਦੀ ਬੇਗੁਨਾਹੀ ਨੂੰ ਸਾਬਤ ਕਰਕੇ ਰਹਿਣਗੇ।

# ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਅਮੁੱਲ ਖਜ਼ਾਨੇ ਦਾ ਮਾਮਲਾ ਮੁੜ ਭਖਿਆ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ 'ਚ ਸ਼ਾਮਲ ਵਿਰੋਧੀ ਧਿਰ ਦੇ ਮੈਂਬਰਾਂ ਨੇ ਇਕ ਵਾਰ ਮੁੜ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਫੌਜ ਵੱਲੋਂ ਚੁੱਕੇ ਗਏ ਅਣਮੁੱਲੇ ਖਜਾਨੇ ਦੇ ਮਾਮਲੇ ਨੂੰ ਉਭਾਰਿਆ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਅਪੀਲ ਕੀਤੀ ਹੈ ਕਿ ਹੱਥ ਲਿਖਤ ਖਰੜੇ, ਪੁਰਾਤਨ ਸੁਨਹਿਰੀ ਪੋਥੀ, ਜਨਮ ਸਾਖੀਆਂ ਅਤੇ ਹੁਕਮਨਾਮਿਆਂ ਦੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਦਰਸ਼ਨ ਕਰਵਾਏ ਜਾਣ ਤਾਂ ਕਿ ਇਸ ਮਾਮਲੇ 'ਚ ਬਣੇ ਹੋਏ ਭੰਬਲਭੂਸੇ ਨੂੰ ਖਤਮ ਕੀਤਾ ਜਾ ਸਕੇ।

ਇਸ ਸਬੰਧੀ ਅੰਤ੍ਰਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ, ਜਸਵੰਤ ਸਿੰਘ ਪੜੈਣ, ਅਮਰੀਕ ਸਿੰਘ ਸ਼ਾਹਪੁਰ ਅਤੇ ਸਰਬੰਸ ਸਿੰਘ ਮਾਨਕੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਇਕ ਪੱਤਰ ਲਿਖਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਆਖਿਆ ਗਿਆ ਹੈ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਪੁਰਾਤਨ ਗ੍ਰੰਥ, ਪੋਥੀਆਂ ਤੇ ਹੋਰ ਦਸਤਾਵੇਜ਼ ਸ਼੍ਰੋਮਣੀ ਕਮੇਟੀ ਕੋਲ ਹਨ। ਉਨ੍ਹਾਂ ਦੱਸਿਆ ਕਿ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੇ ਦੱਸਣ ਮੁਤਾਬਕ ਸ਼੍ਰੋਮਣੀ ਕਮੇਟੀ ਕੋਲ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ 240 ਪਾਵਨ ਹੱਥ ਲਿਖਤ ਬੀੜਾਂ, ਬਾਬਾ ਹਰਦਾਸ ਜੀ ਦੀ ਹੱਥ ਲਿਖੀ ਪੁਰਾਤਨ ਸੁਨਹਿਰੀ ਪੋਥੀ, ਜਨਮ ਸਾਖੀਆਂ ਦੇ ਅਸਲ ਖਰੜੇ, ਅਸਲ ਹੱਥ ਲਿਖਤ 28 ਹੁਕਮਨਾਮੇ, ਦਸਮ ਗ੍ਰੰਥ ਦੇ ਦੋ ਸਰੂਪ ਜਿਨ੍ਹਾਂ ਉਪਰ ਕੁਝ ਗੁਰੂ ਸਾਹਿਬਾਨ ਦੇ ਦਸਤਖ਼ਤ ਹੋਏ ਹਨ, ਮੌਜੂਦ ਸਨ।

ਉਨ੍ਹਾਂ ਨੇ ਇਹ ਵੀ ਸਾਫ ਤੌਰ 'ਤੇ ਕਿਹਾ ਕਿ ਇਨ੍ਹਾਂ ਦਸਤਾਵੇਜ਼ਾਂ ਨੂੰ ਦੇਖਣ ਤੋਂ ਬਾਅਦ ਉਹ ਸੰਗਤ ਨੂੰ ਦੱਸਣਾ ਚਾਹੁੰਦੇ ਹਨ ਕਿ ਇਹ ਅਹਿਮ ਖਜ਼ਾਨਾ ਸ਼੍ਰੋਮਣੀ ਕਮੇਟੀ ਨੇ ਚੰਗੀ ਤਰ੍ਹਾਂ ਸੰਭਾਲਿਆ ਹੋਇਆ ਹੈ ਅਤੇ ਪੂਰੀ ਤਰ੍ਹਾਂ ਸੁਰੱਖਿਅਤ ਹੈ।

## ਸਿੱਖਾਂ ਨੂੰ ਵਿਦੇਸ਼ਾਂ 'ਚ ਮਰਵਾਉਣ ਪਿੱਛੇ ਏਜੰਸੀਆਂ: ਮਾਨ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਦੀ ਵਿਦਿਆਰਥਣ ਜਸ਼ਨਦੀਪ ਕੌਰ ਦੀ ਮੌਤ ਦੇ ਮਾਮਲੇ ਵਿਚ ਵਿਦਿਆਰਥੀਆਂ ਵੱਲੋਂ ਵਿੱਢੇ ਸੰਘਰਸ਼ ਦੀ ਹਮਾਇਤ ਵਿਚ ਪੁੱਜੇ ਸੰਗਰੂਰ ਦੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਖਾਲਿਸਤਾਨ ਦੀ ਗੱਲ ਕਰਨ ਵਾਲੇ ਸਿੱਖਾਂ ਨੂੰ ਭਾਰਤੀ ਏਜੰਸੀਆਂ ਵਿਦੇਸ਼ਾਂ 'ਚ ਜਾ ਕੇ ਵੀ ਮੌਤ ਦੇ ਘਾਟ ਉਤਾਰ ਰਹੀਆਂ ਹਨ। ਉਨ੍ਹਾਂ ਕੈਨੇਡਾ ਅਤੇ ਪਾਕਿਸਤਾਨ ਸਮੇਤ ਅਜਿਹੀਆਂ ਘਟਨਾਵਾਂ ਨਾਲ ਸਬੰਧਤ ਹੋਰਨਾਂ ਦੇਸ਼ਾਂ ਨੂੰ ਵੀ ਸਿੱਖਾਂ ਦੀ ਜਾਨ-ਮਾਲ ਦੀ ਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ। ਉਨ੍ਹਾਂ ਦਲੀਲ ਦਿੱਤੀ ਕਿ ਪਨਾਹ ਦੇਣ ਵਾਲੇ ਦੇਸ਼ਾਂ ਨੂੰ ਜਾਨ-ਮਾਲ ਦੀ ਰੱਖਿਆ ਦਾ ਜ਼ਿੰਮਾ ਵੀ ਓਟਣਾ ਬਣਦਾ ਹੈ। ਉਨ੍ਹਾਂ ਰਿਪੁਦਮਨ ਸਿੰਘ ਮਲਿਕ, ਹਰਜਿੰਦਰ ਸਿੰਘ ਨਿੱਜਰ, ਅਵਤਾਰ ਸਿੰਘ ਖੰਡਾ ਤੇ ਪਰਮਜੀਤ ਸਿੰਘ ਪੰਜਵੜ ਅਤੇ ਦੀਪ ਸਿੱਧੂ ਦੀ ਮੌਤ ਪਿੱਛੇ ਕਥਿਤ ਤੌਰ 'ਤੇ ਕੇਂਦਰੀ ਏਜੰਸੀਆਂ ਦਾ ਹੱਥ ਕਰਾਰ ਦਿੱਤਾ।

# ਅਕਾਲੀ-ਭਾਜਪਾ ਗੱਠਜੋੜ ਦਾ ਕਿਸੇ ਵੇਲੇ ਵੀ ਹੋ ਸਕਦਾ ਹੈ ਐਲਾਨ: ਆਪ



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਜਲਦ ਹੀ ਗੱਠਜੋੜ ਕਰ ਸਕਦੇ ਹਨ। ਉਹ ਢੁਕਵੇਂ ਸਮੇਂ ਦੀ ਉਡੀਕ ਕਰ ਰਹੇ ਹਨ। ਸਾਬਕਾ ਕੇਂਦਰੀ ਮੰਤਰੀ ਤੇ ਸੁਖਬੀਰ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ ਗੱਠਜੋੜ ਨੂੰ ਸੰਭਵ ਬਣਾਉਣ ਲਈ ਯਤਨ ਆਰੰਭੇ ਹਨ ਤੇ 15 ਦਿਨ ਪਹਿਲਾਂ ਦਿੱਲੀ ਵਿਚ ਮੀਟਿੰਗ ਹੋਈ ਸੀ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਦੀਆਂ ਸ਼ਰਤਾਂ ਪਹਿਲਾਂ ਹੀ ਤੈਅ ਹੋ ਚੁੱਕੀਆਂ ਹਨ ਜਿਸ ਦਾ ਐਲਾਨ ਜਲਦ ਹੋ ਸਕਦਾ ਹੈ।

ਸ੍ਰੀ ਕੰਗ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਹਮੇਸ਼ਾ ਇਕੱਠੇ ਰਹੇ ਹਨ ਤੇ ਉਨ੍ਹਾਂ ਕਦੇ ਵੀ ਆਪਣੇ ਰਾਹ ਅੱਡ ਨਹੀਂ ਕੀਤੇ। ਕਿਸਾਨਾਂ ਦੇ ਧਰਨੇ ਦੌਰਾਨ ਅਕਾਲੀ ਦਲ ਨੇ ਸਿਰਫ ਲੋਕਾਂ ਨੂੰ ਗੁਮਰਾਹ ਕਰਨ ਲਈ ਭਾਜਪਾ ਨਾਲੋਂ ਆਪਣਾ ਗੱਠਜੋੜ ਤੋੜਨ ਦਾ ਡਰਾਮਾ ਕੀਤਾ ਸੀ।

ਕੰਗ ਨੇ ਕਿਹਾ ਕਿ ਇਹ ਇਕ ਨਾਪਾਕ ਗਠਜੋੜ ਹੈ, ਜਿਸ ਨੂੰ ਲੋਕ ਕਦੇ ਵੀ ਪ੍ਰਵਾਨ ਨਹੀਂ ਕਰਨਗੇ। 'ਆਪ' ਦੇ ਮੁੱਖ ਬੁਲਾਰੇ ਨੇ ਕਿਹਾ ਕਿ ਭਾਜਪਾ ਵੱਲੋਂ ਲਿਆਂਦੇ ਗਏ ਤਿੰਨ ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਕਰਦਿਆਂ 750 ਕਿਸਾਨਾਂ ਦੀ ਮੌਤ ਹੋ ਗਈ ਸੀ। ਉਨ੍ਹਾਂ ਅਕਾਲੀ ਦਲ ਨੂੰ ਸਵਾਲ ਕੀਤਾ ਕਿ ਕੀ ਅਕਾਲੀ ਦਲ ਨੇ ਕਿਸਾਨਾਂ ਦੀਆਂ ਮੌਤਾਂ ਲਈ ਭਾਜਪਾ ਨੂੰ ਮੁਆਫ਼ ਕਰ ਦਿੱਤਾ ਹੈ। ਇਸੇ ਤਰ੍ਹਾਂ ਅਕਾਲੀ ਦਲ ਭਾਜਪਾ 'ਤੇ ਦੋਸ਼ ਲਗਾਉਂਦਾ ਰਿਹਾ ਹੈ ਕਿ ਭਾਜਪਾ ਹਰਿਆਣਾ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸਿੱਖਾਂ ਦੇ ਮਾਮਲਿਆਂ ਵਿਚ ਦਖਲ ਦਿੰਦੀ ਹੈ, ਕੀ ਇਹ ਦਖਲ ਹੁਣ ਬੰਦ ਹੋ ਗਿਆ ਹੈ।

# ਦੇਸ਼ ਭਗਤ 'ਵਰਸਿਟੀ ਦੇ ਕੁਲਪਤੀ ਸਣੇ 16 'ਤੇ ਧੋਖਾਧੜੀ ਦਾ ਕੇਸ




**ਅਮਲੋਹ:** ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਵੱਲੋਂ ਨਰਸਿੰਗ ਦੀਆਂ 60 ਸੀਟਾਂ ਦੀ ਥਾਂ 187 ਵਿਦਿਆਰਥੀਆਂ ਦੇ ਦਾਖਲੇ ਦਾ ਮਾਮਲਾ ਭਖ ਗਿਆ ਹੈ। ਪੁਲਿਸ ਨੇ ਵਿਦਿਆਰਥੀਆਂ ਦੀ ਸ਼ਿਕਾਇਤ 'ਤੇ ਯੂਨੀਵਰਸਿਟੀ ਦੇ ਕੁਲਪਤੀ ਤੇ 11 ਅਧਿਕਾਰੀਆਂ ਸਣੇ 16 ਜਣਿਆਂ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਆਪਣਾ ਧਰਨਾ ਮੁੱਖ ਮਾਰਗ ਤੋਂ ਹਟਾ ਕੇ ਯੂਨੀਵਰਸਿਟੀ ਦੇ ਗੇਟ ਅੱਗੇ ਤਬਦੀਲ ਕਰ ਲਿਆ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵਰਕਰਾਂ ਨੂੰ ਵਿਦਿਆਰਥੀਆਂ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਸੀ। ਵਿਦਿਆਰਥੀਆਂ ਨੇ ਦੋਸ਼ ਲਾਇਆ ਕਿ ਕਾਲਜ ਨੇ ਇੰਡੀਅਨ ਨਰਸਿੰਗ ਕੌਂਸਲ ਵੱਲੋਂ ਅਲਾਟ ਕੀਤੀਆਂ ਸੀਟਾਂ ਨਾਲੋਂ ਵੱਧ ਵਿਦਿਆਰਥੀ ਦਾਖਲ ਕਰਕੇ ਉਨ੍ਹਾਂ ਦਾ ਭਵਿੱਖ ਖਰਾਬ ਕੀਤਾ ਹੈ। ਕਾਲਜ ਨੂੰ 60 ਸੀਟਾਂ ਅਲਾਟ ਹਨ ਪਰ ਕਾਲਜ ਨੇ 187 ਦੇ ਕਰੀਬ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਹੈ। ਕਾਲਜ ਅਧਿਕਾਰੀ ਲਾਲ ਸਿੰਘ ਕਾਲਜ ਦੀ ਡਿਗਰੀ ਦੀ ਪੇਸ਼ਕਸ਼ ਕਰ ਰਹੇ ਹਨ ਜਿਸ ਨੂੰ ਆਈ.ਐਨ.ਸੀ. ਅਤੇ ਕਿਸੇ ਦੂਸਰੇ ਸੂਬੇ ਦੀ ਮਾਨਤਾ ਨਹੀਂ। ਉਨ੍ਹਾਂ ਮੰਗ ਕੀਤੀ ਕਿ ਨਰਸਿੰਗ ਕੌਂਸਲ ਤੋਂ ਮਨਜ਼ੂਰ ਕਾਲਜ ਤੋਂ ਉਨ੍ਹਾਂ ਦੀਆਂ ਡਿਗਰੀਆਂ ਦਾ ਪ੍ਰਬੰਧ ਕਰਵਾਇਆ ਜਾਵੇ। ਇਸ ਤੋਂ ਬਾਅਦ ਬੀ.ਐਸ.ਸੀ. ਨਰਸਿੰਗ ਬੈਚ 2020 ਦੇ ਸਾਲ ਤੀਜੇ ਦੇ ਵਿਦਿਆਰਥੀਆਂ ਦੀ ਸ਼ਿਕਾਇਤ 'ਤੇ ਯੂਨੀਵਰਸਿਟੀ ਦੇ ਕੁਲਪਤੀ ਡਾ. ਜ਼ੋਰਾ ਸਿੰਘ, ਉਪ ਕੁਲਪਤੀ ਤਜਿੰਦਰ ਕੌਰ, ਮੀਤ ਪ੍ਰਧਾਨ ਹਰਸ਼ਦੀਪ ਸਿੰਘ, ਪੈਰਾ ਮੈਡੀਕਲ ਦੇ ਐਚ.ਕੇ.ਸਿੱਧੂ, ਸਕਿਉਰਿਟੀ ਇੰਚਾਰਜ ਦਰਸ਼ਨ ਸਿੰਘ, ਵੈਲਡਰ ਸੋਨੂ, ਸੀ.ਐਸ.ਓ. ਕੁਲਦੀਪ ਸਿੰਘ, ਸਟਾਫ ਮੈਂਬਰ ਹਰਵਿੰਦਰ ਸਿੰਘ, ਸੰਦੀਪ, ਖੁਸ਼ਬੂ, ਡਾਇਰੈਕਟਰ ਲਵ ਸਪੂਰਨ ਅਤੇ ਪ੍ਰਧਾਨ ਸੰਦੀਪ ਸਿੰਘ ਸਮੇਤ ਚਾਰ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ।

# ਬਾਸਮਤੀ ਉਤਪਾਦਕਾਂ ਲਈ ਅੰਮ੍ਰਿਤਸਰ 'ਚ ਪ੍ਰੋਜੈਕਟ ਸ਼ੁਰੂ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਚੋਗਾਵਾਂ ਬਲਾਕ 'ਚ ਰਸਾਇਣ-ਰਹਿਤ ਬਾਸਮਤੀ ਦੀ ਕਾਸ਼ਤ ਲਈ ਇਕ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਇਸ ਪਾਇਲਟ ਪ੍ਰੋਜੈਕਟ ਲਈ ਚੋਗਾਵਾਂ ਬਲਾਕ ਦੀ ਚੋਣ ਇਸ ਲਈ ਕੀਤੀ ਗਈ ਹੈ ਕਿਉਂਕਿ ਇਹ ਖੇਤਰ ਰਾਵੀ ਦਰਿਆ ਦੇ ਨੇੜੇ ਪੈਂਦਾ ਹੈ ਅਤੇ ਇੱਥੋਂ ਦਾ ਜਲਵਾਯੂ ਵਧੀਆ ਮਹਿਕ ਤੇ ਗੁਣਵੱਤਾ ਵਾਲੀ ਬਾਸਮਤੀ ਦੀ ਪੈਦਾਵਾਰ ਲਈ ਢੁਕਵਾਂ ਹੈ।

ਉਨ੍ਹਾਂ ਕਿਹਾ ਕਿ ਬਾਸਮਤੀ ਦੀ ਬਰਾਮਦ ਦੀਆਂ ਬਹੁਤ ਸੰਭਾਵਨਾਵਾਂ ਹਨ ਕਿਉਂਕਿ ਇਸ ਖੇਤਰ ਵਿਚ ਪੈਦਾ ਹੋਣ ਵਾਲੀ ਜ਼ਿਆਦਾਤਰ ਬਾਸਮਤੀ ਅਰਬ, ਯੂਰਪੀ ਅਤੇ ਮੱਧ ਪੂਰਬੀ ਦੇਸ਼ਾਂ ਨੂੰ ਬਰਾਮਦ ਕੀਤੀ ਜਾਂਦੀ ਹੈ। ਮੌਜੂਦਾ ਸਮੇਂ ਬਾਸਮਤੀ 60 ਤੋਂ ਵੱਧ ਦੇਸ਼ਾਂ ਨੂੰ ਬਰਾਮਦ ਕੀਤੀ ਜਾਂਦੀ ਹੈ, ਜਿਸ ਵਿਚੋਂ ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਨੇ ਪਿਛਲੇ ਸਾਲ ਦੌਰਾਨ ਤਕਰੀਬਨ 9 ਹਜ਼ਾਰ ਕਰੋੜ ਰੁਪਏ ਦੀ ਬਾਸਮਤੀ ਦੀ ਬਰਾਮਦ ਕੀਤੀ ਹੈ। ਉਨ੍ਹਾਂ ਕਿਹਾ ਕਿ ਚੋਗਾਵਾਂ ਬਲਾਕ 'ਚ ਤਾਇਨਾਤ ਖੇਤੀਬਾੜੀ ਵਿਭਾਗ ਦੇ ਸਮੁੱਚੇ ਸਟਾਫ ਨੂੰ ਇਸ ਪ੍ਰੋਜੈਕਟ 'ਤੇ ਲਗਾਇਆ ਗਿਆ ਹੈ ਅਤੇ ਘਰ-ਘਰ ਜਾ ਕੇ ਕੀਤੇ ਸਰਵੇਖਣ ਤੋਂ ਬਾਅਦ 3691 ਕਿਸਾਨਾਂ ਨੂੰ ਸ਼ਾਰਟ ਲਿਸਟ ਕੀਤਾ ਗਿਆ ਹੈ। ਪਾਬੰਦੀਸ਼ੁਦਾ ਕੀਟਨਾਸ਼ਕਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ 54 ਤੋਂ ਵੱਧ ਪਿੰਡ ਪੱਧਰੀ ਕੈਂਪ ਲਗਾਏ ਗਏ ਹਨ। ਚੋਗਾਵਾਂ ਬਲਾਕ ਵਿਚ 38 ਕਿਸਾਨ ਮਿੱਤਰ, ਤਿੰਨ ਸੁਪਰਵਾਈਜ਼ਰ ਅਤੇ ਅੱਠ ਫੀਲਡ ਸੁਪਰਵਾਈਜ਼ਰ ਪੱਕੇ ਤੌਰ 'ਤੇ ਖੇਤਾਂ ਦਾ ਦੌਰਾ ਕਰ ਰਹੇ ਹਨ ਅਤੇ ਕਿਸਾਨਾਂ ਨੂੰ ਰਸਾਇਣ-ਰਹਿਤ ਬਾਸਮਤੀ ਦੀ ਕਾਸ਼ਤ ਲਈ ਜਾਗਰੂਕ ਕਰ ਰਹੇ ਹਨ।

# ਕਾਂਗਰਸ ਵੱਲੋਂ ਆਮ ਆਦਮੀ ਪਾਰਟੀ 'ਤੇ ਭਾਜਪਾ ਦੀ ਲੀਹੇ ਤੁਰਨ ਦਾ ਦੋਸ਼

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਭਾਜਪਾ ਦੀ ਲੀਹ 'ਤੇ ਚੱਲਣ ਦਾ ਦੋਸ਼ ਲਾਇਆ। ਬਾਜਵਾ ਨੇ ਕਿਹਾ ਕਿ ਅੰਮ੍ਰਿਤਸਰ ਵਿਚ ਰੈਲੀ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 'ਇਕ ਰਾਸ਼ਟਰ, ਇਕ ਸਿੱਖਿਆ' ਦੀ ਤਜਵੀਜ਼ ਪੇਸ਼ ਕੀਤੀ ਹੈ, ਜੋ ਭਾਜਪਾ ਦੀ ਯੋਜਨਾ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਵੀ ਬਹੁ-ਸਭਿਆਚਾਰ, ਬਹੁ-ਧਰਮ ਅਤੇ ਬਹੁ-ਨਸਲੀ ਭਾਰਤ 'ਤੇ ਇਕ ਹੋਣ ਦਾ ਵਿਚਾਰ ਥੋਪ ਰਹੀ ਹੈ ਤੇ ਇਹ ਭਾਜਪਾ ਦਾ ਏਜੰਡਾ ਹੈ। ਭਗਵਾਂ ਪਾਰਟੀ ਇਕ ਰਾਸ਼ਟਰ ਇਕ ਮੰਡੀ, ਇਕ ਰਾਸ਼ਟਰ ਇਕ ਚੋਣ, ਯੂਨੀਵਰਸਲ ਸਿਵਲ ਕੋਡ ਆਦਿ ਸਮੇਤ ਤਰਕਹੀਣ ਵਿਚਾਰਾਂ ਦਾ ਪ੍ਰਚਾਰ ਕਰਨ 'ਤੇ ਤੁਲੀ ਹੋਈ ਹੈ।

ਬਾਜਵਾ ਨੇ ਕਿਹਾ ਕਿ ਸਿੱਖਿਆ ਸੂਬੇ ਦਾ ਵਿਸ਼ਾ ਹੈ। ਵੱਖ-ਵੱਖ ਸੂਬਿਆਂ ਦੇ ਬੱਚਿਆਂ ਦੀਆਂ ਵੱਖ-ਵੱਖ ਲੋੜਾਂ ਹਨ ਅਤੇ ਇਕ ਸਿੱਖਿਆ ਪ੍ਰਣਾਲੀ ਸਾਰਿਆਂ 'ਤੇ ਥੋਪੀ ਨਹੀਂ ਜਾ ਸਕਦੀ। ਉਨ੍ਹਾਂ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਪਿਛਲੀ ਕਾਂਗਰਸ ਸਰਕਾਰ ਵੱਲੋਂ ਲਿਆਂਦੇ ਗਏ ਸੁਧਾਰਾਂ ਦਾ ਸਿਹਰਾ ਲੈ ਰਹੀ ਹੈ। ਅਖੌਤੀ ਸਕੂਲ ਆਫ ਐਮੀਨੈਂਸ ਦਾ ਉਦਘਾਟਨ ਦਿੱਲੀ ਦੇ ਮੁੱਖ ਮੰਤਰੀ ਨੇ ਕੀਤਾ ਸੀ ਜਦਕਿ ਇਹ ਪਹਿਲਾਂ ਹੀ ਸਮਾਰਟ ਸਕੂਲ ਸੀ ਤੇ ਵਧੀਆ ਪ੍ਰਦਰਸ਼ਨ ਕਰ ਰਿਹਾ ਸੀ। 'ਆਪ' ਸਰਕਾਰ ਨੇ ਇਸ ਦੀ ਇਮਾਰਤ ਦੀ ਦਿਖ ਬਦਲ ਕੇ ਇਸ ਦਾ ਨਾਂ ਸਕੂਲ ਆਫ ਐਮੀਨੈਂਸ ਰੱਖਿਆ ਹੈ।

## ਸਿਹਤ ਮੰਤਰੀ ਦੇ ਘਰ ਵੱਲ ਰੋਸ ਮਾਰਚ

**ਪਟਿਆਲਾ:** ਸਿਹਤ ਮਹਿਕਮੇ ਵਿਚ ਨਿਗੂਣੇ ਭੱਤਿਆਂ 'ਤੇ ਕੰਮ ਕਰਦੀਆਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੇ ਡੈਮੋਕ੍ਰੇਟਿਕ ਆਸ਼ਾ ਵਰਕਰਜ਼ ਫੈਸਿਲੀਟੇਟਰ ਯੂਨੀਅਨ ਦੇ ਬੈਨਰ ਹੇਠ ਸਥਾਨਕ ਦਾਣਾ ਮੰਡੀ ਵਿਚ ਰੈਲੀ ਕੀਤੀ ਅਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਦੇ ਘਰ ਵੱਲ ਰੋਸ ਮਾਰਚ ਕੀਤਾ।

ਜਥੇਬੰਦੀ ਦੀ ਸੂਬਾ ਪ੍ਰਧਾਨ ਮਨਦੀਪ ਕੌਰ ਬਿਲਗਾ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ 'ਆਪ' ਮੁਖੀ ਅਰਵਿੰਦ ਕੇਜਰੀਵਾਲ ਨੇ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਅੰਮ੍ਰਿਤਸਰ ਸੱਦ ਕੇ ਸਰਕਾਰ ਬਣਨ ਮਗਰੋਂ ਮਾਣ-ਭੱਤੇ ਦੁੱਗਣੇ ਕਰਨ ਦਾ ਵਾਅਦਾ ਕੀਤਾ ਸੀ ਪਰ ਵਾਅਦਾ ਪੂਰਾ ਨਹੀਂ ਕੀਤਾ।

# 'ਆਪ' ਵਿਧਾਇਕ ਹੀ ਸਰਕਾਰ ਦੀ ਕਾਰਗੁਜ਼ਾਰੀ ਉਤੇ ਉਂਗਲ ਚੁੱਕਣ ਲੱਗੇ



**ਚੰਡੀਗੜ੍ਹ:** ਅੰਮ੍ਰਿਤਸਰ ਵਿਚ ਖੁੱਲ੍ਹੇ ਪੰਜਾਬ ਦੇ ਪਹਿਲੇ ਸਕੂਲ ਆਫ ਐਮੀਨੈਂਸ ਉਤੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਹੀ ਉਂਗਲ ਚੁੱਕਣ ਲੱਗੇ ਹਨ। ਪੰਜਾਬ ਦੇ ਸਾਬਕਾ ਮੰਤਰੀ ਇੰਦਰਬੀਰ ਸਿੰਘ ਨਿੱਜਰ ਨੇ ਐਮੀਨੈਂਸ ਸਕੂਲ ਸਬੰਧੀ ਟਵੀਟ ਕੀਤਾ। ਇਸ ਦੌਰਾਨ ਸਾਬਕਾ ਆਈ.ਪੀ.ਐਸ. ਅਧਿਕਾਰੀ ਤੇ 'ਆਪ' ਵਿਧਾਇਕ ਕੁੰਵਰ ਵਿਜੈ ਪ੍ਰਤਾਪ ਨੇ ਪ੍ਰਤੀਕਿਰਿਆ ਦਿੰਦਿਆਂ ਸ੍ਰੀ ਨਿੱਜਰ ਨੂੰ ਐਮੀਨੈਂਸ ਸਕੂਲ ਖੁੱਲ੍ਹਣ 'ਤੇ ਮੁਬਾਰਕ ਦਿੱਤੀ ਅਤੇ ਆਖਿਆ ਕਿ ਜੇਕਰ ਇਹ ਸਕੂਲ ਨਵਾਂ ਬਣਿਆ ਹੈ ਤਾਂ ਉਨ੍ਹਾਂ ਨੂੰ ਵੀ ਦਿਖਾਇਆ ਜਾਵੇ। ਹਾਲਾਂਕਿ ਕੁੰਵਰ ਵਿਜੈ ਪ੍ਰਤਾਪ ਨੇ ਬਾਅਦ ਵਿਚ ਇਸ ਟਵੀਟ ਬਾਰੇ ਕੀਤੀ ਆਪਣੀ ਟਿੱਪਣੀ ਡਿਲੀਟ ਕਰ ਦਿੱਤੀ ਪਰ ਹੁਣ ਇਹ ਪੋਸਟ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਜਾਣਕਾਰੀ ਅਨੁਸਾਰ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਨੇ ਸੂਬੇ ਦੇ ਪਲੇਠੇ ਸਕੂਲ ਆਫ ਐਮੀਨੈਂਸ ਦਾ ਜ਼ੋਰ-ਸ਼ੋਰ ਨਾਲ ਉਦਘਾਟਨ ਕੀਤਾ ਸੀ। ਇਸ ਤੋਂ ਪਹਿਲਾਂ ਕੁੰਵਰ ਵਿਜੈ ਪ੍ਰਤਾਪ ਨੇ ਨਿੱਜਰ ਦੇ ਟਵੀਟ 'ਤੇ ਪ੍ਰਤੀਕਿਰਿਆ ਕਰਦਿਆਂ ਆਖਿਆ, ''ਜਿੱਥੋਂ ਤੱਕ ਮੇਰਾ ਖ਼ਿਆਲ ਹੈ ਇਹ ਸਕੂਲ ਪਹਿਲਾਂ ਹੀ ਬਿਹਤਰੀਨ ਸੀ। ਪਿਛਲੀਆਂ ਸਰਕਾਰਾਂ ਵੱਲੋਂ ਇਸ ਨੂੰ ਸਮਾਰਟ ਸਕੂਲ ਬਣਾਇਆ ਗਿਆ ਸੀ। ਮੈਂ ਕਈ ਖ਼ਾਸ ਮੌਕਿਆਂ 'ਤੇ ਇਸ ਸਕੂਲ ਵਿਚ ਗਿਆ ਹਾਂ।

ਹੁਣ ਇਸ ਸਕੂਲ ਵਿਚ ਮਹਿਜ਼ ਰੈਨੋਵੇਸ਼ਨ ਕੀਤੀ ਗਈ ਹੈ। ਜਿੱਥੋਂ ਤੱਕ ਮੈਨੂੰ ਪਤਾ ਹੈ, ਇਸ ਸਕੂਲ ਦੀ ਕਾਇਆ-ਕਲਪ ਸਤਪਾਲ ਡਾਂਗ ਨੇ ਕੀਤੀ ਸੀ। ਹਾਲ ਹੀ ਵਿਚ ਮੈਂ ਉਨ੍ਹਾਂ ਦੀ ਭਤੀਜੀ ਮਧੂ ਡਾਂਗ ਵੱਲੋਂ ਇਸ ਸਕੂਲ ਵਿਚ ਕਰਵਾਏ ਗਏ ਇਕ ਸਮਾਗਮ ਦੌਰਾਨ ਸ਼ਿਰਕਤ ਕੀਤੀ ਸੀ। ਇਸ ਸਕੂਲ ਦੇ ਨਤੀਜੇ ਪਿਛਲੇ ਸਮੇਂ ਤੋਂ ਬਹੁਤ ਸ਼ਾਨਦਾਰ ਆ ਰਹੇ ਹਨ। ਅਸੀਂ ਜਿਹੜੇ ਲੋਕਾਂ ਨਾਲ ਨਵੇਂ ਸਕੂਲ ਬਣਾਉਣ ਦੇ ਵਾਅਦੇ ਕੀਤੇ ਸਨ, ਉਨ੍ਹਾਂ ਬਾਰੇ ਚਾਨਣਾ ਪਾਇਆ ਜਾਵੇ।'' ਸਾਬਕਾ ਪੁਲਿਸ ਅਧਿਕਾਰੀ ਦਾ ਟਵੀਟ ਉਦੋਂ ਆਇਆ ਜਦੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਨਅਤਕਾਰਾਂ ਨਾਲ ਮੀਟਿੰਗ ਕਰ ਰਹੇ ਸਨ। ਇਸ ਟਵੀਟ ਨੇ ਸਿਆਸੀ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ।

ਜਾਣਕਾਰੀ ਅਨੁਸਾਰ ਪੰਜਾਬ ਵਿਚ 'ਆਪ' ਦੀ ਸਰਕਾਰ ਬਣਨ ਤੋਂ ਬਾਅਦ ਕੁੰਵਰ ਵਿਜੈ ਪ੍ਰਤਾਪ ਲਗਾਤਾਰ ਵੱਖ-ਵੱਖ ਮਾਮਲਿਆਂ ਵਿਚ ਸਰਕਾਰ ਦੀ ਆਲੋਚਨਾ ਕਰਦੇ ਆ ਰਹੇ ਹਨ। ਇਸ ਤੋਂ ਪਹਿਲਾਂ ਕੁੰਵਰ ਵਿਜੈ ਪ੍ਰਤਾਪ ਨੇ ਬੇਅਦਬੀ ਮਾਮਲਿਆਂ ਸਬੰਧੀ ਵੀ ਸਰਕਾਰ ਨੂੰ ਘੇਰਿਆ ਸੀ। ਉਹ ਸਰਕਾਰ ਤੋਂ ਖਫ਼ਾ ਹੋ ਕੇ ਵਿਧਾਨ ਸਭਾ ਦੀ ਕਮੇਟੀ ਤੋਂ ਅਸਤੀਫ਼ਾ ਦੇ ਚੁੱਕੇ ਹਨ, ਜੋ ਬੇਅਦਬੀ ਮਾਮਲਿਆਂ ਦੀ ਸਮੀਖਿਆ ਲਈ ਕਾਇਮ ਕੀਤੀ ਗਈ ਸੀ।

# ਭਾਜਪਾ ਵੱਲੋਂ ਪੰਜਾਬ ਵਿਚ ਸਿਆਸੀ ਮੁਹਿੰਮ ਭਖਾਉਣ ਦੀ ਤਿਆਰੀ

**ਚੰਡੀਗੜ੍ਹ:** ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਭਾਜਪਾ ਦੇ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਹੈ। ਲੋਕ ਸਭਾ ਚੋਣਾਂ ਦੀ ਤਿਆਰੀ ਦਾ ਪਰਛਾਵਾਂ ਨਵੀਂ ਕਾਰਜਕਾਰਨੀ ਤੋਂ ਸਾਫ ਦਿਖਾਈ ਦੇ ਰਿਹਾ ਹੈ। ਸੂਚੀ ਵਿਚ ਟਕਸਾਲੀ ਆਗੂਆਂ ਨੂੰ ਵੀ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਐਲਾਨੀ ਕਾਰਜਕਾਰਨੀ ਕਮੇਟੀ ਦੀ ਸੂਚੀ ਅਨੁਸਾਰ ਕੋਰ ਕਮੇਟੀ ਦੇ 21 ਮੈਂਬਰ ਐਲਾਨੇ ਗਏ ਹਨ ਜਦੋਂ ਕਿ 12 ਉਪ ਪ੍ਰਧਾਨ ਅਤੇ ਪੰਜ ਜਨਰਲ ਸਕੱਤਰਾਂ ਤੋਂ ਇਲਾਵਾ 12 ਸੂਬਾ ਸਕੱਤਰ ਬਣਾਏ ਗਏ ਹਨ। ਭਾਜਪਾ ਪ੍ਰਧਾਨ ਜੇਪੀ ਨੱਢਾ ਦੀ ਪ੍ਰਵਾਨਗੀ ਨਾਲ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਇਹ ਸੂਚੀ ਜਾਰੀ ਕੀਤੀ ਹੈ।

ਦੱਸ ਦਈਏ ਕਿ ਭਾਰਤੀ ਜਨਤਾ ਪਾਰਟੀ ਦੇ ਸੂਬਾਈ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਨੂੰ ਲੈ ਕੇ ਪਾਰਟੀ ਵਿਚਲੇ ਟਕਸਾਲੀਆਂ ਅਤੇ ਅਕਾਲੀ ਦਲ ਜਾਂ ਕਾਂਗਰਸ ਛੱਡ ਕੇ ਭਾਜਪਾ 'ਚ ਆਏ ਆਗੂਆਂ ਦਰਮਿਆਨ ਖਿੱਚੋਤਾਣ ਚੱਲ ਰਹੀ ਸੀ। ਪਾਰਟੀ ਆਗੂਆਂ ਦਾ ਦੱਸਣਾ ਹੈ ਕਿ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਅਤੇ ਹੋਰਨਾਂ ਆਗੂਆਂ ਵੱਲੋਂ ਟਕਸਾਲੀਆਂ ਤੇ ਦਲ ਬਦਲੂਆਂ ਦਰਮਿਆਨ ਸੰਤੁਲਨ ਬਣਾਏ ਜਾਣ ਦੇ ਯਤਨ ਕੀਤੇ ਹਨ ਤਾਂ ਜੋ ਪਾਰਟੀ ਅੰਦਰ ਚੱਲ ਰਹੀ ਠੰਢੀ ਜੰਗ ਸ਼ਾਂਤ ਕੀਤੀ ਜਾ ਸਕੇ। ਭਗਵਾਂ ਪਾਰਟੀ ਦੇ ਆਗੂਆਂ ਦਾ ਮੰਨਣਾ ਹੈ ਕਿ ਪਾਰਟੀ ਅੰਦਰਲਾ ਟਕਸਾਲੀ ਧੜਾ ਇਸ ਸਮੇਂ ਨਾਰਾਜ਼ ਚੱਲ ਰਿਹਾ ਸੀ। ਭਾਜਪਾ ਦੀਆਂ ਸਿਆਸੀ ਗਤੀਵਿਧੀਆਂ ਇਸ ਵੇਲੇ ਠੰਢੀਆਂ




ਪਈਆਂ ਹੋਈਆਂ ਹਨ। ਕਾਂਗਰਸ ਪਿਛੋਕੜ ਵਾਲੇ ਸੁਨੀਲ ਜਾਖੜ ਦੇ ਭਾਜਪਾ ਦਾ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਨਵੇਂ ਭਾਜਪਾਈਆਂ ਦੀ ਪਾਰਟੀ ਅੰਦਰ ਵੁੱਕਤ ਵਧਣ ਲੱਗੀ ਸੀ।

ਨਵੀਂ ਸੂਚੀ ਵਿਚ ਜਿੱਥੇ ਭਾਜਪਾ ਦੇ ਟਕਸਾਲੀ ਆਗੂਆਂ ਨੂੰ ਪੂਰਨ ਨੁਮਾਇੰਦਗੀ ਮਿਲੀ ਹੈ, ਉੱਥੇ ਕਾਂਗਰਸ 'ਚੋਂ ਆਏ ਆਗੂਆਂ ਨੂੰ ਵੀ ਪ੍ਰਮੁੱਖਤਾ ਦਿੱਤੀ ਗਈ ਹੈ। ਕੈਪਟਨ ਅਮਰਿੰਦਰ ਸਿੰਘ ਦੀ ਬੇਟੀ ਜੈ ਇੰਦਰ ਕੌਰ ਨੂੰ ਭਾਜਪਾ ਦੀ ਮਹਿਲਾ ਮੋਰਚਾ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਅਤੇ ਦਰਸ਼ਨ ਸਿੰਘ ਨੈਣੇਵਾਲ ਨੂੰ ਕਿਸਾਨ ਮੋਰਚਾ ਦੀ ਡਿਊਟੀ ਦਿੱਤੀ ਗਈ ਹੈ। ਇਸ ਸੂਚੀ ਵਿਚ ਹਰ ਵਰਗ ਨੂੰ ਢੁਕਵੀਂ ਪ੍ਰਤੀਨਿਧਤਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੁਨੀਲ ਜਾਖੜ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਏ ਜਾਣ ਮਗਰੋਂ ਭਾਜਪਾ ਦੇ ਕੁਝ ਆਗੂ ਅੰਦਰੋਂ ਅੰਦਰੀ ਔਖ ਵਿਚ ਸਨ।

ਪੰਜਾਬ ਭਾਜਪਾ ਦੀ ਕੋਰ ਕਮੇਟੀ ਵਿਚ ਸੁਨੀਲ ਜਾਖੜ, ਕੈਪਟਨ ਅਮਰਿੰਦਰ ਸਿੰਘ, ਸੋਮ ਪ੍ਰਕਾਸ਼, ਅਸ਼ਵਨੀ ਸ਼ਰਮਾ, ਵਿਜੈ ਸਾਂਪਲਾ, ਮਨੋਰੰਜਨ ਕਾਲੀਆ, ਅਵਿਨਾਸ਼ ਰਾਏ ਖੰਨਾ, ਚਰਨਜੀਤ ਸਿੰਘ ਅਟਵਾਲ, ਰਾਣਾ ਗੁਰਮੀਤ ਸਿੰਘ ਸੋਢੀ, ਅਮਨਜੋਤ ਕੌਰ ਰਾਮੂਵਾਲੀਆ, ਤੀਕਸ਼ਣ ਸੂਦ, ਮਨਪ੍ਰੀਤ ਬਾਦਲ, ਹਰਜੀਤ ਸਿੰਘ ਗਰੇਵਾਲ, ਕੇਵਲ ਸਿੰਘ ਢਿੱਲੋਂ, ਜੰਗੀ ਲਾਲ ਮਹਾਜਨ, ਰਾਜ ਕੁਮਾਰ ਵੇਰਕਾ, ਦਿਨੇਸ਼ ਸਿੰਘ ਬੱਬੂ, ਜੀਵਨ ਗੁਪਤਾ, ਸਰਬਜੀਤ ਸਿੰਘ ਵਿਰਕ, ਅਵਿਨਾਸ਼ ਚੰਦਰ ਅਤੇ ਐਸ.ਪੀ.ਐਸ. ਗਿੱਲ ਨੂੰ ਸ਼ਾਮਲ ਕੀਤਾ ਗਿਆ ਹੈ। ਸੂਬਾ ਜਨਰਲ ਸਕੱਤਰਾਂ ਵਿਚ ਦਿਆਲ ਸਿੰਘ ਸੋਢੀ, ਰਾਕੇਸ਼ ਰਾਠੌਰ, ਅਨਿਲ ਸਰੀਨ, ਜਗਮੋਹਨ ਸਿੰਘ ਰਾਜੂ ਅਤੇ ਪਰਮਿੰਦਰ ਸਿੰਘ ਬਰਾੜ ਦੇ ਨਾਮ ਸ਼ਾਮਲ ਹਨ।

ਪੰਜਾਬ ਭਾਜਪਾ ਵੱਲੋਂ ਸੁਰਜੀਤ ਕੁਮਾਰ ਜਿਆਣੀ, ਕੇਡੀ ਭੰਡਾਰੀ, ਸੁਭਾਸ਼ ਸ਼ਰਮਾ, ਰਾਜੇਸ਼ ਬੱਗਾ, ਅਰਵਿੰਦ ਖੰਨਾ, ਜਗਦੀਪ ਸਿੰਘ ਨਕਈ, ਬਲਬੀਰ ਸਿੰਘ ਸਿੱਧੂ, ਫਤਹਿਜੰਗ ਸਿੰਘ ਬਾਜਵਾ, ਬਿਕਰਮਜੀਤ ਸਿੰਘ ਚੀਮਾ, ਗੁਰਪ੍ਰੀਤ ਸਿੰਘ ਕਾਂਗੜ, ਮੋਨਾ ਜੈਸਵਾਲ ਅਤੇ ਜੈਸਮੀਨ ਸੰਧਾਵਾਲੀਆ ਨੂੰ ਉੱਪ ਪ੍ਰਧਾਨ ਬਣਾਇਆ ਗਿਆ ਹੈ। ਡਾ. ਹਰਜੀਤ ਕਮਲ, ਸ਼ਿਵਰਾਜ ਚੌਧਰੀ, ਸੰਜੀਵ ਖੰਨਾ, ਦਾਮਨ ਥਿੰਦ ਬਾਜਵਾ, ਰੇਣੂ ਕਸ਼ਯਪ, ਰੇਣੂ ਥਾਪਰ, ਭਾਨੂ ਪ੍ਰਤਾਪ ਸਿੰਘ, ਮੀਨੂ ਸੇਠੀ, ਕਰਨਵੀਰ ਸਿੰਘ ਟੌਹੜਾ, ਦੁਰਗੇਸ਼ ਸ਼ਰਮਾ, ਵੰਦਨਾ ਸਾਗਵਾਨ ਅਤੇ ਰਾਕੇਸ਼ ਸ਼ਰਮਾ ਨੂੰ ਸੂਬਾ ਸਕੱਤਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਗੁਰਦੇਵ ਸਿੰਘ ਦੇਬੀ ਨੂੰ ਖ਼ਜ਼ਾਨਚੀ, ਸੁਖਵਿੰਦਰ ਸਿੰਘ ਗੋਲਡੀ ਨੂੰ ਸੰਯੁਕਤ ਖ਼ਜ਼ਾਨਚੀ, ਸੁਨੀਲ ਦੱਤ ਭਾਰਦਵਾਜ ਨੂੰ ਦਫਤਰ ਸਕੱਤਰ ਅਤੇ ਸੁੱਚਾ ਰਾਮ ਲੱਧੜ ਨੂੰ ਐੱਸ.ਸੀ. ਮੋਰਚਾ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਥੋਮਸ ਮਸੀਹ ਨੂੰ ਘੱਟ ਗਿਣਤੀ ਮੋਰਚਾ ਦੀ, ਅਮਰਪਾਲ ਸਿੰਘ ਬੋਨੀ ਅਜਨਾਲਾ ਨੂੰ ਓ.ਬੀ.ਸੀ. ਮੋਰਚਾ, ਸੁਖਵੰਤ ਰਾਏ ਗਿੱਗਾ ਨੂੰ ਪ੍ਰੋਟੋਕਾਲ ਸਕੱਤਰ, ਹਰਦੇਵ ਸਿੰਘ ਉੱਭਾ ਨੂੰ ਪ੍ਰੈੱਸ ਸਕੱਤਰ ਅਤੇ ਕਰਨਲ ਜੈਬੰਸ ਸਿੰਘ ਨੂੰ ਬੁਲਾਰੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

### ਪਟਿਆਲਾ ਦੀ ਸੀਟ ਕੈਪਟਨ ਪਰਿਵਾਰ ਹਿੱਸੇ...

**ਪਟਿਆਲਾ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪਟਿਆਲਾ ਤੋਂ ਸੰਸਦ ਮੈਂਬਰ ਪ੍ਰਨੀਤ ਕੌਰ ਦੀ ਧੀ ਬੀਬਾ ਜੈਇੰਦਰ ਕੌਰ ਰਾਜਨੀਤੀ ਖੇਤਰ 'ਚ ਡੇਢ ਕੁ ਸਾਲ ਤੋਂ ਹੀ ਸਰਗਰਮ ਹੋਏ ਹਨ। ਅਸਲ 'ਚ ਸ਼ਾਹੀ ਪਰਿਵਾਰ ਦੇ ਫਰਜ਼ੰਦ ਰਣਇੰਦਰ ਸਿੰਘ ਟਿੱਕੂ ਦੀ ਰਾਜਨੀਤੀ 'ਚ ਬਹੁਤੀ ਦਿਲਚਸਪੀ ਨਹੀਂ ਹੈ ਜਿਸ ਕਰਕੇ ਪਰਿਵਾਰ ਹੁਣ ਬੀਬਾ ਜੈਇੰਦਰ ਕੌਰ ਨੂੰ ਰਾਜਨੀਤਕ ਖੇਤਰ 'ਚ ਕਾਮਯਾਬ ਕਰਨਾ ਲੋਚਦਾ ਹੈ ਜਿਸ ਵਾਸਤੇ ਐਤਕੀਂ ਉਨ੍ਹਾਂ ਨੂੰ ਪਟਿਆਲਾ ਤੋਂ ਭਾਜਪਾ ਉਮੀਦਵਾਰ ਵਜੋਂ ਲੋਕ ਸਭਾ ਦੀ ਚੋਣ ਲੜਾਏ ਜਾਣ ਦੀ ਤਿਆਰੀ ਹੈ। ਇਸੇ ਦੌਰਾਨ ਬੀਬਾ ਜੈਇੰਦਰ ਕੌਰ ਨੇ ਇਸ ਨਿਯੁਕਤੀ ਲਈ ਭਾਜਪਾ ਹਾਈ ਕਮਾਨ ਦਾ ਧੰਨਵਾਦ ਕੀਤਾ ਹੈ।

## ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੁੱਖ ਦਫਤਰ 'ਚ ਹੈਲਪ ਡੈਸਕ ਬਣਾਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਉਦਯੋਗਾਂ ਲਈ ਸੁਖਾਵਾਂ ਮਾਹੌਲ ਬਣਾਉਣ ਦੇ ਮੱਦੇਨਜ਼ਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਮੁੱਖ ਦਫ਼ਤਰ 'ਚ ਇਕ ਹੈਲਪ ਡੈਸਕ ਸਥਾਪਤ ਕੀਤਾ ਹੈ, ਜੋ ਉੱਦਮੀਆਂ ਦੀ ਸਹੂਲਤ ਲਈ 24 ਘੰਟੇ ਕੰਮ ਕਰੇਗਾ। ਇਸ ਬਾਰੇ ਵਾਤਾਵਰਨ ਤੇ ਵਿਗਿਆਨ ਤਕਨਾਲੋਜੀ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਇਹ ਹੈਲਪ ਡੈਸਕ ਉਦਯੋਗਾਂ ਨੂੰ ਪ੍ਰਦੂਸ਼ਣ 'ਤੇ ਕਾਬੂ ਪਾਉਣ ਅਤੇ ਰੈਗੂਲੇਟਰੀ ਪ੍ਰਵਾਨਗੀਆਂ ਪ੍ਰਤੀ ਬਣਦੀਆਂ ਜ਼ਿੰਮੇਵਾਰੀਆਂ ਬਾਰੇ ਸੇਧ ਦੇਵੇਗਾ। ਉਨ੍ਹਾਂ ਕਿਹਾ ਕਿ ਮੁੱਖ ਦਫ਼ਤਰ, ਪਟਿਆਲਾ 'ਚ ਹੈਲਪ ਡੈਸਕ 'ਤੇ ਸਹਾਇਕ ਵਾਤਾਵਰਨ ਇੰਜੀਨੀਅਰ (ਏ.ਈ.ਈ.) ਰੈਂਕ ਦੇ ਘੱਟੋ-ਘੱਟ ਦੋ ਅਧਿਕਾਰੀ ਉਪਲਬਧ ਰਹਿਣਗੇ। ਬੋਰਡ ਨੇ ਉੱਦਮੀਆਂ ਦੀ ਸਹੂਲਤ ਲਈ ਹੈਲਪਲਾਈਨ ਨੰਬਰ 99144-98899 ਵੀ ਸ਼ੁਰੂ ਕੀਤਾ ਹੈ।

## ਹੈਲਮਟ ਨਾ ਪਾਉਣ 'ਤੇ ਵਿਦਿਆਰਥੀ ਨੂੰ ਖੇਡ ਮੁਕਾਬਲੇ 'ਚੋਂ ਬਾਹਰ ਕੀਤਾ

**ਪਾਤੜਾਂ:** ਸਕੂਲੀ ਖੇਡਾਂ ਦੌਰਾਨ ਪਟਿਆਲਾ ਦੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨਜ਼ ਵਿਚ ਸਕੇਟਿੰਗ ਮੁਕਾਬਲੇ ਦੌਰਾਨ ਹੈਲਮਟ ਨਾ ਪਾਉਣ 'ਤੇ ਗੁਰਸਿੱਖ ਵਿਦਿਆਰਥੀ ਨੂੰ ਮੁਕਾਬਲੇ 'ਚੋਂ ਬਾਹਰ ਕਰ ਦਿੱਤਾ ਗਿਆ। ਵਿਦਿਆਰਥੀ ਦੇ ਮਾਤਾ-ਪਿਤਾ ਨੇ ਮੁੱਖ ਮੰਤਰੀ ਅਤੇ ਖੇਡ ਮੰਤਰੀ ਸਮੇਤ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਭੇਜ ਕੇ ਇਨਸਾਫ ਦੀ ਮੰਗ ਕੀਤੀ ਹੈ।

ਪਿੰਡ ਬਣਵਾਲਾ ਵਾਸੀ ਨਿਸ਼ਾਨ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਰਿਆਜਪ੍ਰਤਾਪ ਸਿੰਘ ਪਾਤੜਾਂ ਦੇ ਸਪਾਰਕਿੰਗ ਸਕੂਲ ਵਿਚ ਪੜ੍ਹਦਾ ਹੈ। ਪਟਿਆਲਾ ਦੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨਜ਼ ਵਿਚ ਜ਼ਿਲ੍ਹਾ ਪੱਧਰੀ ਸਕੇਟਿੰਗ ਮੁਕਾਬਲਿਆਂ ਵਿਚ 11 ਸਾਲ ਉਮਰ ਵਰਗ ਦੇ ਇਕ ਹਜ਼ਾਰ ਮੀਟਰ ਦੇ ਮੁਕਾਬਲੇ ਵਿਚ ਇਕ ਗੇੜ ਪੂਰਾ ਹੋਣ ਮਗਰੋਂ ਉਸ ਦੇ ਬੇਟੇ ਨੂੰ ਇਹ ਕਹਿ ਕੇ ਬਾਹਰ ਕੱਢ ਦਿੱਤਾ ਗਿਆ ਕਿ ਉਸ ਨੇ ਹੈਲਮਟ ਨਹੀਂ ਪਾਇਆ। ਇਸ ਤੋਂ ਪਹਿਲਾਂ ਹੋਏ ਗੇੜਾਂ ਵਿਚ ਵੀ ਕਈ ਵਿਦਿਆਰਥੀਆਂ ਨੇ ਬਿਨਾਂ ਹੈਲਮਟ ਮੁਕਾਬਲਿਆਂ ਵਿਚ ਹਿੱਸਾ ਲਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਖੇਡ ਮੁਕਾਬਲਿਆਂ ਦੇ ਇੰਚਾਰਜ ਪਰਮਜੀਤ ਸਿੰਘ ਸੋਹੀ ਨੇ ਉਸ ਕੋਲੋਂ ਸਿਖਲਾਈ ਲੈ ਰਹੇ ਵਿਦਿਆਰਥੀਆਂ ਨੂੰ ਅੱਗੇ ਲਿਆਉਣ ਦੇ ਮਕਸਦ ਨਾਲ ਉਸ ਦੇ ਬੇਟੇ ਨਾਲ ਪੱਖਪਾਤ ਕੀਤਾ ਹੈ।

ਪਰਮਜੀਤ ਸਿੰਘ ਸੋਹੀ ਨੇ ਕਿਹਾ ਕਿ ਖੇਡ ਨਿਯਮਾਂ ਮੁਤਾਬਕ ਕਿਸੇ ਗੁਰਸਿੱਖ ਬੱਚੇ ਨੂੰ ਹੈਲਮਟ ਪਹਿਨਣ ਤੋਂ ਛੋਟ ਨਹੀਂ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਬੱਚੇ ਨੂੰ ਡਿਸਕੁਆਲੀਫਾਈ ਕੀਤਾ ਗਿਆ ਹੈ। ਖੇਡ ਦਾ ਇਕ ਗੇੜ ਪੂਰਾ ਹੋਣ ਤੋਂ ਬਾਅਦ ਬੱਚੇ ਨੂੰ ਬਾਹਰ ਕੱਢੇ ਜਾਣ ਸਬੰਧੀ ਉਨ੍ਹਾਂ ਕਿਹਾ ਕਿ ਇਹ ਸਟਾਫ ਦੀ ਗਲਤੀ ਹੈ।

## ਮੂਸੇਵਾਲਾ ਦੇ ਪਿਤਾ ਨੇ ਜੇਲ੍ਹ ਵਿਚੋਂ ਬਿਸ਼ਨੋਈ ਦੀ ਵੀਡੀਓ ਵਾਇਰਲ ਹੋਣ 'ਤੇ ਚੁੱਕੇ ਸਵਾਲ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਸਰਕਾਰ ਦਾ ਸਾਰਾ ਸਿਸਟਮ ਖਰੀਦ ਲਿਆ ਹੈ ਅਤੇ ਇਹੋ ਕਾਰਨ ਹੈ ਕਿ ਲਾਰੈਂਸ ਦੀਆਂ ਜੇਲ੍ਹ ਵਿਚੋਂ ਵੀਡੀਓਜ਼ ਵਾਇਰਲ ਹੋਣ ਤੋਂ ਬਾਅਦ ਹੁਣ ਖੁੱਲ੍ਹੇਆਮ ਫੋਨ ਕਾਲਾਂ ਹੋਣ ਦੇ ਤੱਥ ਸਾਹਮਣੇ ਆਉਣ 'ਤੇ ਸਰਕਾਰ ਦਾ ਕੋਈ ਵੀ ਨੁਮਾਇੰਦਾ, ਆਗੂ ਅਤੇ ਨਾ ਹੀ ਵਿਰੋਧੀ ਧਿਰ ਦਾ ਕੋਈ ਆਗੂ ਪੰਜਾਬ ਦੇ ਪ੍ਰਬੰਧ 'ਤੇ ਬੋਲ ਰਿਹਾ ਹੈ।



ਉਨ੍ਹਾਂ ਪਿੰਡ ਮੂਸਾ ਵਿਚ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਇਸ ਮਾਮਲੇ 'ਤੇ ਮੁੱਖ ਮੰਤਰੀ ਜਵਾਬ ਦੇਣ ਕਿ ਜੇਲ੍ਹ ਵਿਚ ਬੈਠਾ ਬਿਸ਼ਨੋਈ ਇਸ ਤਰ੍ਹਾਂ ਫੋਨ 'ਤੇ ਬਾਹਰ ਸੰਪਰਕ ਬਣਾ ਕੇ ਫ਼ਿਰੌਤੀਆਂ ਮੰਗ ਰਿਹਾ ਹੈ ਅਤੇ ਉਨ੍ਹਾਂ ਵੱਲੋਂ ਕਿਸੇ ਦਾ ਕਤਲ ਕਰਨਾ ਕੋਈ ਵੱਡੀ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਨੂੰ ਛੱਡ ਕੇ ਬਾਕੀ 'ਆਪ' ਸਰਕਾਰ ਦੇ ਵਿਧਾਇਕ ਗੈਂਗਸਟਰਵਾਦ ਨੂੰ ਹੁਲਾਰਾ ਦੇ ਰਹੇ ਹਨ, ਜਿਸ ਕਾਰਨ ਕੋਈ ਵੀ ਜ਼ੁਬਾਨ ਨਹੀਂ ਖੋਲ੍ਹ ਰਿਹਾ। ਉਨ੍ਹਾਂ ਆਗੂਆਂ ਵੱਲੋਂ ਸਿੱਧੂ ਮੂਸੇਵਾਲਾ ਦੇ ਕਤਲ ਦੀ ਤੁਲਨਾ ਪੰਜਾਬ ਵਿਚ ਹੁੰਦੇ ਆਮ ਕਤਲਾਂ ਨਾਲ ਕੀਤੇ ਜਾਣ 'ਤੇ ਸਖ਼ਤ ਇਤਰਾਜ਼ ਜ਼ਾਹਿਰ ਕਰਦਿਆਂ ਕਿਹਾ ਕਿ ਸਿੱਧੂ ਮੂਸੇਵਾਲਾ ਦੁਨੀਆਂ ਦਾ ਸੈਲੀਬ੍ਰਿਟੀ ਸੀ, ਉਸ ਦਾ ਕਤਲ ਕੋਈ ਆਮ ਗੱਲ ਨਹੀਂ ਹੈ ਅਤੇ ਸਰਕਾਰ ਨੂੰ ਇਹ ਹੀ ਆਮ ਲੱਗ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਗੈਂਗਸਟਰਾਂ ਕਾਰਨ ਸਹਿਮ ਦਾ ਮਾਹੌਲ ਹੈ ਜਿਨ੍ਹਾਂ ਤੋਂ ਡਰਦੇ ਪੰਜਾਬੀ ਨੌਜਵਾਨ ਮੁੰਡੇ-ਕੁੜੀਆਂ ਤੇਜ਼ੀ ਨਾਲ ਵਿਦੇਸ਼ਾਂ ਦਾ ਰੁਖ ਕਰ ਰਹੇ ਹਨ।

## ਕਰਜ਼ੇ ਤੋਂ ਤੰਗ ਦੋ ਕਿਸਾਨਾਂ ਵੱਲੋਂ ਖੁਦਕੁਸ਼ੀ

**ਮਾਨਸਾ:** ਸੁਨਾਮ ਨੇੜਲੇ ਪਿੰਡ ਨਮੋਲ ਅਤੇ ਮਾਨਸਾ ਦੇ ਪਿੰਡ ਬੁਰਜ ਢਿੱਲਵਾਂ ਦੇ ਦੋ ਕਿਸਾਨਾਂ ਨੇ ਕਰਜ਼ੇ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ।

ਪਿੰਡ ਨਮੋਲ ਦੇ ਕਿਸਾਨ ਸਿਓਪਾਲ ਸਿੰਘ (50) ਸਿਰ ਕਾਫੀ ਕਰਜ਼ਾ ਸੀ ਜਿਸ ਕਾਰਨ ਉਹ ਪਰੇਸ਼ਾਨ ਰਹਿੰਦਾ ਸੀ। ਉਹ ਆਪਣੀ ਤਿੰਨ ਏਕੜ ਜ਼ਮੀਨ 'ਤੇ ਵਾਹੀ ਕਰਕੇ ਪਰਿਵਾਰ ਪਾਲਦਾ ਸੀ।

ਕਿਸਾਨ ਦੇ ਸਿਰ 'ਤੇ ਕਰੀਬ ਤਿੰਨ-ਚਾਰ ਲੱਖ ਰੁਪਏ ਦਾ ਸਰਕਾਰੀ ਅਤੇ ਗੈਰ-ਸਰਕਾਰੀ ਕਰਜ਼ਾ ਸੀ ਜਿਸ ਨੂੰ ਉਹ ਮੋੜਨ ਤੋਂ ਅਸਮਰੱਥ ਸੀ। ਉਸ ਨੇ ਆਪਣੇ ਖੇਤ 'ਚ ਹੀ ਦਰੱਖਤ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਦੂਜੇ ਪਾਸੇ ਪਿੰਡ ਬੁਰਜ ਢਿੱਲਵਾਂ ਦੇ ਇਕ ਨੌਜਵਾਨ ਕਿਸਾਨ ਮਿੰਟੂ ਸਿੰਘ (24) ਨੇ ਕਰਜ਼ੇ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ ਹੈ।

ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਧਨੇਰ ਦੇ ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀਬਾਘਾ ਨੇ ਦੱਸਿਆ ਕਿ ਮਿੰਟੂ ਸਿੰਘ ਮਜ਼ਦੂਰ ਭਾਈਚਾਰੇ ਨਾਲ ਸਬੰਧਤ ਸੀ। ਉਹ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਨ ਦੇ ਨਾਲ-ਨਾਲ ਪ੍ਰਾਈਵੇਟ ਨੌਕਰੀ ਵੀ ਕਰਦਾ ਸੀ। ਨੌਜਵਾਨ ਨੇ ਆਰਥਿਕ ਤੰਗੀ ਕਾਰਨ ਹਾਲੇ ਤੱਕ ਵਿਆਹ ਨਹੀਂ ਕਰਵਾਇਆ ਸੀ। ਉਸ ਦੇ ਪਰਿਵਾਰ ਦੇ ਸਿਰ 'ਤੇ ਫਸਲੀ ਬਰਬਾਦੀ ਕਾਰਨ ਚਾਰ ਲੱਖ ਰੁਪਏ ਦਾ ਕਰਜ਼ਾ ਚੜ੍ਹਿਆ ਹੋਇਆ ਸੀ। ਮਿੰਟੂ ਨੇ ਸਲਫਾਸ ਦੀਆਂ ਗੋਲੀਆਂ ਨਿਗਲ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਕਿਸਾਨ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਦੇ ਪਰਿਵਾਰਾਂ ਦੀ ਮਦਦ ਕੀਤੀ ਜਾਵੇ ਤੇ ਉਨ੍ਹਾਂ ਦਾ ਕਰਜ਼ਾ ਮੁਆਫ ਕੀਤਾ ਜਾਵੇ।

## ਸ਼ਿਲਪਕਾਰਾਂ ਲਈ ਲਾਹੇਵੰਦ ਹੋਵੇਗੀ ਵਿਸ਼ਵਕਰਮਾ ਯੋਜਨਾ: ਪੁਰੀ

**ਅੰਮ੍ਰਿਤਸਰ:** ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਪੀ.ਐੱਮ. ਵਿਸ਼ਵਕਰਮਾ ਯੋਜਨਾ ਗੈਰ-ਰਸਮੀ ਖੇਤਰ ਵਿਚ ਕੰਮ ਕਰ ਰਹੇ ਲੋਕਾਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗੀ ਅਤੇ ਵਿੱਤੀ ਸਹਾਇਤਾ ਦੇਣ ਦੇ ਨਾਲ-ਨਾਲ ਇਹ ਯੋਜਨਾ ਉਨ੍ਹਾਂ ਦੀ ਨਿਪੁੰਨਤਾ ਵਿਚ ਵੀ ਨਿਖਾਰ ਲਿਆਏਗੀ। ਇਸ ਯੋਜਨਾ ਤਹਿਤ 18 ਰਵਾਇਤੀ ਕਿੱਤਿਆਂ ਨੂੰ ਸ਼ਾਮਲ ਕੀਤਾ ਜਾਵੇਗਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਸ਼ਵਕਰਮਾ ਜੈਅੰਤੀ ਮੌਕੇ ਕਾਰੀਗਰਾਂ ਅਤੇ ਸ਼ਿਲਪਕਾਰਾਂ ਲਈ ਪੀ.ਐੱਮ. ਵਿਸ਼ਵਕਰਮਾ ਯੋਜਨਾ ਦੀ ਸ਼ੁਰੂਆਤ ਕੀਤੀ।

ਪੀ.ਐੱਮ. ਵਿਸ਼ਵਕਰਮਾ ਯੋਜਨਾ ਨੂੰ ਜਾਰੀ ਕਰਨ ਮੌਕੇ ਅੰਮ੍ਰਿਤਸਰ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਮਾਗਮ ਕਰਵਾਇਆ ਗਿਆ ਜਿਸ ਵਿਚ ਕੇਂਦਰੀ ਪੈਟਰੋਲੀਅਮ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਹਰਦੀਪ ਸਿੰਘ ਪੁਰੀ ਨੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਗੈਰ-ਰਸਮੀ ਖੇਤਰ ਵਿਚ ਕੰਮ ਕਰ ਰਹੇ ਲੋਕਾਂ ਲਈ ਪੀ.ਐੱਮ. ਵਿਸ਼ਵਕਰਮਾ ਯੋਜਨਾ ਲਾਹੇਵੰਦ ਸਾਬਤ ਹੋਵੇਗੀ। ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ ਨੇ ਕਿਹਾ ਕਿ ਇਸ ਯੋਜਨਾ ਦਾ ਆਗਾਜ਼ ਦੀਨ ਦਿਆਲ ਉਪਾਧਿਆਏ ਕੌਸ਼ਲ ਯੋਜਨਾ ਦੀ ਸ਼ੁਰੂਆਤ ਦੀ ਯਾਦ ਦਿਵਾਉਂਦਾ ਹੈ। ਇਸ ਯੋਜਨਾ ਦਾ ਉਦੇਸ਼ ਗੁਰੂ-ਚੇਲੇ ਦੀ ਪਰੰਪਰਾ ਜਾਂ ਆਪਣੇ ਹੱਥਾਂ ਅਤੇ ਔਜ਼ਾਰਾਂ ਨਾਲ ਕੰਮ ਕਰਨ ਵਾਲੇ ਰਵਾਇਤੀ ਕਿੱਤਿਆਂ ਨਾਲ ਜੁੜੀ ਪਰਿਵਾਰ-ਆਧਾਰਿਤ ਪ੍ਰਥਾ ਨੂੰ ਮਜ਼ਬੂਤ ਅਤੇ ਉਤਸ਼ਾਹਿਤ ਕਰਨਾ ਹੈ। ਇਸ ਦਾ ਮੁੱਖ ਮੰਤਵ ਕਾਰੀਗਰਾਂ ਅਤੇ ਸ਼ਿਲਪਕਾਰਾਂ ਦੇ ਉਤਪਾਦਾਂ ਅਤੇ ਸੇਵਾਵਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਹੈ। ਪੀ.ਐੱਮ. ਵਿਸ਼ਵਕਰਮਾ ਯੋਜਨਾ ਨੂੰ 13,000 ਕਰੋੜ ਰੁਪਏ ਦੇ ਖਰਚ ਨਾਲ ਕੇਂਦਰ ਸਰਕਾਰ ਵੱਲੋਂ ਚਲਾਇਆ ਜਾਵੇਗਾ। ਇਹ ਯੋਜਨਾ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਕਾਰੀਗਰਾਂ ਤੇ ਸ਼ਿਲਪਕਾਰਾਂ ਨੂੰ ਸਹਾਇਤਾ ਪ੍ਰਦਾਨ ਕਰੇਗੀ ਜਿਸ ਤਹਿਤ 18 ਰਵਾਇਤੀ ਕਿੱਤਿਆਂ ਨੂੰ ਸ਼ਾਮਲ ਕੀਤਾ ਜਾਵੇਗਾ।

## ਨਿਊਯਾਰਕ 'ਕਬੱਡੀ-ਕੱਪ 2023' ਹੋਵੇਗਾ ਧਮਾਕੇਦਾਰ

**ਨਿਊਯਾਰਕ:** ਇੱਥੇ 23 ਸਤੰਬਰ ਦਿਨ ਸ਼ਨੀਵਾਰ ਨੂੰ 'ਸਮੋਕੀ ਪਾਰਕ' ਵਿਖੇ ਕਬੱਡੀ ਕੱਪ ਦੀਆਂ ਪੂਰੀਆਂ ਰੌਣਕਾਂ ਲੱਗਣਗੀਆਂ। ਚੋਟੀ ਦੇ ਖਿਡਾਰੀ ਇਸ ਖੇਡ ਮੇਲੇ ਵਿਚ ਆਪਣੀਆਂ ਪਕੜਾਂ ਤੇ ਜੁੱਸੇ ਵਿਖਾਉਣਗੇ। ਲੜਕਿਆਂ ਦੀਆਂ ਟੀਮਾਂ ਤੋਂ ਇਲਾਵਾ ਅਮਰੀਕਾ ਤੇ ਮੈਕਸੀਕੋ ਦੀਆਂ ਗੋਰੀਆਂ ਲੜਕੀਆਂ ਦੇ ਦਿਲ ਖਿੱਚਵੇਂ ਮੁਕਾਬਲੇ ਵੀ ਹੋਣਗੇ। 21 ਸਾਲ ਤੋਂ ਘੱਟ ਲੜਕਿਆਂ ਦਾ ਕਬੱਡੀ-ਮੈਚ ਵੀ ਮਨੋਰੰਜਨ ਭਰਪੂਰ ਹੋਵੇਗਾ। ਗੱਭਰੂਆਂ ਦੇ ਡੌਲਿਆਂ ਦੀ ਤਾਕਤ ਪਰਖਣ ਲਈ ਰੱਸਾਕਸ਼ੀ ਵੀ ਹੋਵੇਗੀ। ਇਹ ਜਾਣਕਾਰੀ ਸ. ਮਹਿੰਦਰ ਸਿੰਘ ਸਿੱਧੂ ਨੇ ਦਿੰਦਿਆਂ ਦੱਸਿਆ ਕਿ ਇਹ ਬੜਾ ਚੰਗਾ ਹੈ ਕਿ ਸਾਰੇ ਕਲੱਬ ਇਕੱਠੇ ਹੋ ਕੇ ਵੱਡੇ ਕਬੱਡੀ-ਕੱਪ ਦਾ ਇਤਿਹਾਸ ਰਚਣਗੇ।

ਕਬੱਡੀ ਦੇ ਨਜ਼ਾਰੇ ਮਾਨਣ ਲਈ ਬਲੀਚਰ ਲਾਏ ਜਾਣਗੇ। ਔਰਤਾਂ, ਬੱਚਿਆਂ ਤੇ ਪਰਿਵਾਰਾਂ ਲਈ ਬੈਠਣ ਦੇ ਵਧੀਆਂ ਪ੍ਰਬੰਧ ਹੋਣਗੇ। ਨਿਊਯਾਰਕ ਵਾਸੀ ਵੀ ਖੁਸ਼ ਹਨ ਕਿ ਪੰਜਾਬੀ ਵਿਰਸਾ ਸਪੋਰਟਸ ਐਸੋਸੀਏਸ਼ਨ, ਐਨ ਵਾਈ ਸੀ ਕਬੱਡੀ ਕਲੱਬ, ਨਿਊਯਾਰਕ ਮੈਟਰੋ ਕਬੱਡੀ ਕਲੱਬ ਤੇ ਮਾਲਵਾ ਬ੍ਰਦਰਜ਼ ਸਪੋਰਟਸ ਐਸੋਸੀਏਸ਼ਨ ਇਕ ਮੰਚ 'ਤੇ ਇਕੱਠੇ ਹਨ। ਨਿਊਯਾਰਕ ਦੇ ਸਮੂਹ ਗੁਰੂ-ਘਰਾਂ, ਜਥੇਬੰਦੀਆਂ, ਖੇਡ-ਕਲੱਬਾਂ ਤੇ ਖੇਡ-ਪ੍ਰੇਮੀਆਂ ਦਾ ਪੂਰਨ ਸਹਿਯੋਗ ਹੈ।

ਹੋਰ ਜਾਣਕਾਰੀ ਲਈ ਬਿਲਵਿੰਦਰ ਸਿੰਘ ਵਿਰਕ ਨਾਲ 516-503-9494, ਹੈਰੀ ਪਵਾਰ-347-675-2717, ਰਵੀ ਸੰਧੂ-347-613-5445 ਤੇ ਗੁਰਮੀਤ ਸਿੰਘ ਬੁੱਟਰ ਨਾਲ 516-209-7902 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*-ਇਕਬਾਲ ਸਿੰਘ ਜੱਬੋਵਾਲੀਆ*

ਪੰਜਾਬ ਟਾਈਮਜ਼

*ਸ਼ਨਿਚਰਵਾਰ, 23 ਸਤੰਬਰ, 2023*

# ਕੌਮਾਂਤਰੀ ਸਿਆਸਤ ਭਖੀ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਬਾਰੇ ਦਿੱਤੇ ਬਿਆਨ ਨੇ ਕੌਮਾਂਤਰੀ ਪੱਧਰ 'ਤੇ ਸਿਆਸਤ ਭਖਾ ਦਿੱਤੀ ਹੈ। ਸਿਆਸੀ ਵਿਸ਼ਲੇਸ਼ਕਾਂ ਵੱਲੋਂ ਟਰੂਡੋ ਦੇ ਇਸ ਬਿਆਨ ਨੂੰ ਕੈਨੇਡਾ ਵਿਚ 2025 ਅਤੇ ਭਾਰਤ ਵਿਚ ਅਗਲੇ ਸਾਲ ਹੋ ਰਹੀਆਂ ਚੋਣਾਂ ਦੇ ਪ੍ਰਸੰਗ ਵਿਚ ਵੀ ਵਿਚਾਰਿਆ ਜਾ ਰਿਹਾ ਹੈ। ਜਸਟਿਨ ਟਰੂਡੋ 2015 ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਬਣੇ ਸਨ। ਹੁਣ ਉਨ੍ਹਾਂ ਦੀ ਲੋਕਪ੍ਰਿਯਤਾ ਦਾ ਗ੍ਰਾਫ ਬਹੁਤ ਹੇਠਾਂ ਡਿੱਗ ਚੁੱਕਾ ਹੈ ਅਤੇ ਉਨ੍ਹਾਂ ਦੀ ਲਿਬਰਲ ਪਾਰਟੀ ਨੂੰ ਲੈਣੇ ਦੇ ਦੇਣੇ ਪਏ ਹੋਏ ਹਨ। ਉਂਝ ਵੀ ਉਨ੍ਹਾਂ ਦੇ ਦੋ ਦੇ ਦੋ ਭਾਰਤ ਦੌਰੇ ਬੁਰੀ ਤਰ੍ਹਾਂ ਅਸਫਲ ਰਹੇ ਹਨ। ਕੁਝ ਮਾਹਿਰਾਂ ਨੇ ਟਰੂਡੋ ਦੇ ਤਾਜ਼ਾ ਬਿਆਨ ਦਾ ਅਸਰ ਦੋਹਾਂ ਦੇਸ਼ਾਂ ਦੇ ਦੁਵੱਲੇ ਸਬੰਧਾਂ ਉਤੇ ਪੈਣ ਤੋਂ ਵੀ ਇਨਕਾਰ ਨਹੀਂ ਕੀਤਾ ਹੈ। ਕਿਹਾ ਜਾ ਰਿਹਾ ਹੈ ਕਿ ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿਚ ਅਜਿਹੀ ਗਿਰਾਵਟ ਇਤਿਹਾਸ ਵਿਚ ਪਹਿਲਾਂ ਕਦੀ ਦੇਖਣ ਨੂੰ ਨਹੀਂ ਮਿਲੀ। ਦੱਸਣਾ ਬਣਦਾ ਹੈ ਕਿ ਭਾਰਤ ਤੇ ਕੈਨੇਡਾ ਦੇ ਦੁਵੱਲੇ ਸਬੰਧਾਂ ਵਿਚ ਪਿਛਲੇ ਕਈ ਮਹੀਨਿਆਂ ਤੋਂ ਤਣਾਅ ਹੈ। ਹਾਲ ਹੀ 'ਚ ਕੈਨੇਡਾ ਨੇ ਭਾਰਤ ਨਾਲ ਵਪਾਰਕ ਵਾਰਤਾ ਵੀ ਰੱਦ ਕਰ ਦਿੱਤੀ ਸੀ। ਕੈਨੇਡਾ ਦਾ ਦਾਅਵਾ ਹੈ ਕਿ ਇਸ ਨੇ ਨਿੱਝਰ ਕਤਲ ਦੇ ਮਾਮਲੇ ਵਿਚ ਭਾਰਤ ਦੇ ਇਕ ਡਿਪਲੋਮੈਟ ਨੂੰ ਮੁਲਕ ਵਿਚੋਂ ਕੱਢ ਦਿੱਤਾ ਹੈ। ਜਵਾਬੀ ਕਾਰਵਾਈ ਕਰਦਿਆਂ ਭਾਰਤ ਨੇ ਵੀ ਕੈਨੇਡਾ ਦੇ ਇਕ ਡਿਪਲੋਮੈਟ ਨੂੰ ਨਵੀਂ ਦਿੱਲੀ ਤੋਂ ਕੈਨੇਡਾ ਵਾਪਸ ਭੇਜ ਦਿੱਤਾ ਹੈ। ਇਥੇ ਹੀ ਬੱਸ ਨਹੀਂ, ਟਰੂਡੋ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਨਿੱਝਰ ਦੇ ਕਤਲ ਦਾ ਮੁੱਦਾ ਨਵੀਂ ਦਿੱਲੀ ਵਿਚ ਜੀ-20 ਸਿਖਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਈ ਮੀਟਿੰਗ 'ਚ ਉਠਾਇਆ ਸੀ ਅਤੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਉਹ ਇਸ ਮਾਮਲੇ ਦੀ ਤਹਿ ਤੱਕ ਜਾਣ ਵਿਚ ਕੈਨੇਡਾ ਦਾ ਸਹਿਯੋਗ ਕਰਨ। ਦੱਸਿਆ ਜਾ ਰਿਹਾ ਹੈ ਕਿ ਟਰੂਡੋ ਨਾਲ 10 ਸਤੰਬਰ ਨੂੰ ਹੋਈ ਦੁਵੱਲੀ ਮੀਟਿੰਗ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡਾ ਵਿਚ ਭਾਰਤ ਵਿਰੋਧੀ ਗਤੀਵਿਧੀਆਂ ਅਤੇ ਕੱਟੜਵਾਦੀ ਅਨਸਰਾਂ ਦਾ ਮੁੱਦਾ ਉਠਾਇਆ ਸੀ ਤੇ ਭਾਰਤ ਦੇ ਫਿਕਰ ਸਾਂਝੇ ਕੀਤੇ ਸਨ। ਭਾਰਤ ਦਾ ਪੱਖ ਸੀ ਕਿ ਅਜਿਹੇ ਤੱਤ ਭਾਰਤ ਵਿਚ ਵੱਖਵਾਦ ਅਤੇ ਕੈਨੇਡਾ ਭਾਰਤੀ ਰਾਜਦੂਤਾਂ ਵਿਰੁੱਧ ਹਿੰਸਾ ਭੜਕਾ ਰਹੇ ਹਨ, ਨਾਲ ਹੀ ਕੈਨੇਡਾ ਵਿਚ ਮੌਜੂਦ ਭਾਰਤੀ ਭਾਈਚਾਰੇ ਨੂੰ ਧਮਕਾ ਰਹੇ ਹਨ।

ਇਸੇ ਤਰ੍ਹਾਂ ਭਾਰਤ ਵਿਚ ਅਗਲੇ ਸਾਲ 2024 ਵਿਚ ਹੋ ਰਹੀਆਂ ਚੋਣਾਂ ਦਾ ਮਸਲਾ ਹੈ ਜਿਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਜਥੇਬੰਦੀ ਭਾਰਤੀ ਜਨਤਾ ਪਾਰਟੀ ਪਿਛਲੇ ਕੁਝ ਸਮੇਂ ਤੋਂ ਤਿਆਰੀ ਵਿਚ ਜੁਟੀ ਹੋਈ ਹੈ। ਟਰੂਡੋ ਦੇ ਇਸ ਬਿਆਨ ਨੂੰ ਸਿੱਧਾ ਮੋਦੀ ਦੀ ਸਿਆਸਤ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਕੌਮਾਂਤਰੀ ਭਾਈਚਾਰੇ ਵੱਲੋਂ ਅਜਿਹੇ ਸੰਕੇਤ ਵਾਰ-ਵਾਰ ਆ ਰਹੇ ਹਨ ਕਿ ਸੰਸਾਰ ਦੇ ਕੁਝ ਮੋਹਰੀ ਮੁਲਕ ਨਰਿੰਦਰ ਮੋਦੀ ਨੂੰ ਇਕ ਵਾਰ ਹੋਰ ਭਾਰਤ ਦਾ ਪ੍ਰਧਾਨ ਮੰਤਰੀ ਬਣਿਆ ਨਹੀਂ ਦੇਖਣਾ ਚਾਹੁੰਦੇ। ਅਸਲ ਵਿਚ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਨੇ ਜਿਸ ਤਰ੍ਹਾਂ ਦੀ ਸਿਆਸਤ ਪਿਛਲੇ 9 ਸਾਲਾਂ ਵਿਚ ਕੀਤੀ ਹੈ, ਉਸ ਤੋਂ ਕੌਮਾਂਤਰੀ ਭਾਈਚਾਰੇ ਅੰਦਰ ਹਲਚਲ ਹੈ। ਸ਼ਾਇਦ ਇਸੇ ਕਰ ਕੇ ਜਦੋਂ ਕੁਝ ਸਮਾਂ ਪਹਿਲਾਂ ਬੀ.ਬੀ.ਸੀ. ਨੇ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਅਤੇ ਨਰਿੰਦਰ ਮੋਦੀ ਬਾਰੇ ਦਸਤਾਵੇਜ਼ੀ ਨਸ਼ਰ ਕੀਤੀ ਸੀ ਤਾਂ ਇੰਗਲੈਂਡ ਦੀ ਸਰਕਾਰ ਨੇ ਭਾਰਤ ਸਰਕਾਰ ਦੇ ਇਤਰਾਜ਼ ਦੇ ਬਾਵਜੂਦ ਕੋਈ ਵੀ ਕਾਰਵਾਈ ਕਰਨ ਤੋਂ ਸਾਫ ਨਾਂਹ ਕਰ ਦਿੱਤੀ ਸੀ। ਹਿੰਡਨਬਰਗ ਮਸਲੇ ਨੂੰ ਵੀ ਇਸੇ ਵਰਗ ਵਿਚ ਰੱਖਿਆ ਜਾ ਰਿਹਾ ਹੈ। ਹੁਣ ਟਰੂਡੋ ਦੇ ਬਿਆਨ ਤੋਂ ਬਾਅਦ ਇੰਗਲੈਂਡ ਦੇ ਨਾਲ-ਨਾਲ ਅਮਰੀਕਾ ਅਤੇ ਆਸਟਰੇਲੀਆ ਨੇ ਫਿਕਰਮੰਦੀ ਪ੍ਰਗਟਾਈ ਹੈ। ਅਸਲ ਵਿਚ, ਕੌਮਾਂਤਰੀ ਭਾਈਚਾਰਾ ਭਾਰਤ ਅੰਦਰ ਤਾਨਾਸ਼ਾਹੀ ਦੀ ਪੈੜਚਾਲ ਨੂੰ ਬਹੁਤ ਨੇੜਿਓਂ ਦੇਖ ਰਿਹਾ ਹੈ। ਭਾਰਤ ਸਰਕਾਰ ਅਨੁਸਾਰ ਹਰਦੀਪ ਸਿੰਘ ਨਿੱਝਰ ਪਾਬੰਦੀਸ਼ੁਦਾ ਜਥੇਬੰਦੀ ਖਾਲਿਸਤਾਨ ਟਾਈਗਰ ਫੋਰਸ ਦਾ ਮੁਖੀ ਰਿਹਾ ਹੈ ਅਤੇ ਉਹ ਭਾਰਤ ਵਿਚ 'ਮੋਸਟ ਵਾਂਟੇਡ' ਅਤਿਵਾਦੀਆਂ ਦੀ ਸੂਚੀ ਵਿਚ ਸ਼ਾਮਲ ਸੀ। ਉਸ 'ਤੇ 10 ਲੱਖ ਰੁਪਏ ਦਾ ਇਨਾਮ ਵੀ ਰੱਖਿਆ ਹੋਇਆ ਸੀ। 2016 ਵਿਚ ਉਸ ਵਿਰੁੱਧ ਇੰਟਰਪੋਲ ਦਾ ਰੈੱਡ ਕਾਰਨਰ ਨੋਟਿਸ ਵੀ ਨਿਕਲਿਆ ਸੀ। ਸਰੀ (ਬ੍ਰਿਟਿਸ਼ ਕੋਲੰਬੀਆ) ਦੀ ਪੁਲਿਸ ਨੇ 2018 ਵਿਚ ਉਸ ਨੂੰ ਅਤਿਵਾਦ 'ਚ ਸ਼ਮੂਲੀਅਤ ਦੇ ਸ਼ੱਕ ਵਿਚ ਆਰਜ਼ੀ ਤੌਰ 'ਤੇ ਘਰ ਵਿਚ ਨਜ਼ਰਬੰਦ ਕੀਤਾ ਸੀ ਪਰ ਮਗਰੋਂ ਰਿਹਾਅ ਕਰ ਦਿੱਤਾ ਸੀ। ਸਰੀ ਵਿਚ 18 ਜੂਨ ਨੂੰ ਇਕ ਗੁਰਦੁਆਰੇ ਦੇ ਬਾਹਰ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ।

ਭਾਰਤ ਸਰਕਾਰ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬਿਆਨ ਨੂੰ ਬੇਤੁਕਾ ਅਤੇ ਬੇਬੁਨਿਆਦ ਕਰਾਰ ਦਿੱਤਾ ਹੈ। ਨਾਲ ਹੀ ਕਿਹਾ ਹੈ ਕਿ ਇਸ ਕਤਲ ਕੇਸ ਬਾਰੇ ਜੇ ਕੈਨੇਡਾ ਕੋਲ ਕੋਈ ਸਬੂਤ ਹਨ ਤਾਂ ਭਾਰਤ ਨਾਲ ਸਾਂਝੇ ਕਰਨੇ ਚਾਹੀਦੇ ਹਨ ਪਰ ਇਸ ਦੀ ਬਜਾਇ ਪ੍ਰਧਾਨ ਮੰਤਰੀ ਟਰੂਡੋ ਹਾਊਸ ਆਫ ਕਾਮਨਜ਼ ਵਿਚ ਬਿਆਨ ਦੇ ਰਹੇ ਹਨ। ਜ਼ਾਹਿਰ ਹੈ ਕਿ ਇਸ ਮੁੱਦੇ 'ਤੇ ਸਿਰਫ ਸਿਆਸਤ ਕੀਤੀ ਜਾ ਰਹੀ ਹੈ। ਉਂਝ, ਇਹ ਮੰਨਣ ਵਿਚ ਕੋਈ ਦੋ ਰਾਵਾਂ ਨਹੀਂ ਕਿ ਪਿਛਲੇ ਕਾਫੀ ਸਮੇਂ ਤੋਂ ਕੈਨੇਡਾ ਦੀ ਸਿਆਸਤ ਅੰਦਰ ਸਿੱਖਾਂ ਨੇ ਵਾਹਵਾ ਥਾਂ ਬਣਾਈ ਹੈ। ਕਈ ਸੂਬਿਆਂ ਵਿਚ ਸਿੱਖ ਤੇ ਪੰਜਾਬੀ ਮੰਤਰੀ ਬਣੇ ਹਨ ਅਤੇ ਫੈਡਰਲ ਸਿਆਸਤ ਵਿਚ ਵੀ ਖਾਸ ਮੁਕਾਮ ਰੱਖਦੇ ਹਨ। ਇਸ ਲਈ ਕੈਨੇਡਾ ਦੇ ਕੁਝ ਹਿੱਸਿਆਂ ਵਿਚ ਸਿਆਸਤ ਇਸ ਭਾਈਚਾਰੇ ਦੇ ਹਿਸਾਬ ਨਾਲ ਹੀ ਚੱਲਦੀ ਹੈ। ਸਿੱਖਾਂ ਵਿਚੋਂ ਰੈਡੀਕਲ ਸਿੱਖਾਂ ਦਾ ਇਕ ਹਿੱਸਾ ਭਾਰਤ ਵਿਚ ਸਿੱਖਾਂ ਲਈ ਵੱਖਰੇ ਮੁਲਕ ਦੀ ਕਾਇਮੀ ਲਈ ਲਗਾਤਾਰ ਪੈਰਵਾਈ ਕਰ ਰਿਹਾ ਹੈ। ਇਸ ਤਬਕੇ ਦੀਆਂ ਕੈਨੇਡਾ ਵਿਚ ਅਜਿਹੀਆਂ ਸਰਗਰਮੀਆਂ ਵੀ ਹੁਣ ਆਮ ਹਨ। ਹੁਣ ਦੇਖਣਾ ਇਹ ਹੈ ਕਿ ਦੋਵੇਂ ਮੁਲਕ ਅਜਿਹੇ ਮਸਲਿਆਂ ਨਾਲ ਕਿਵੇਂ ਨਜਿੱਠਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮਾਂ-ਬੋਲੀ ਨੂੰ ਅੰਗਰੇਜ਼ੀ ਦੀ ਪੁੱਠ!

ਕਈ ਲੋਕ ਹੁਣ ਭਾਅ ਜੀ ਨੂੰ ਲਿਖਣ 'ਪਾਜੀ' ਹਾਲਤ ਅੱਜ ਪੰਜਾਬੀ ਦੀ 'ਦਿੱਸ' ਹੋ ਗਈ।
ਸ਼ਬਦ ਵੀਰ ਵੀ ਬਣ ਗਿਆ 'ਬਰੋ' ਹੁਣ ਤਾਂ ਸਾਡੀ ਭੈਣ ਵੀ ਬਦਲ ਕੇ 'ਸਿੱਸ' ਹੋ ਗਈ।
ਟਿੱਚਰ ਅਤੇ ਮਖੌਲ ਵੀ 'ਲੌਲ' ਬਣ ਗਏ ਆਵੇ ਯਾਦ ਪਿਆਰੇ ਦੀ 'ਮਿੱਸ' ਹੋ ਗਈ।
ਚੁੰਮਣ ਕ੍ਰਿਆ ਸੀ ਮਿਸ਼ਰੀ ਦੀ ਡਲੀ ਜੇਹੀ ਨਵੇਂ ਪੋਚ ਲਈ ਵਿਗੜ ਕੇ 'ਕਿੱਸ' ਹੋ ਗਈ।
ਨਿਗਲ ਲਿਆ 'ਗੁੱਡ ਲੱਕ' ਨੇ ਭਲਾ ਹੋਵੇ ਘੁੱਟ ਸਿਮਟ ਕੇ ਰਹਿ ਗਿਆ 'ਸਿੱਪ' ਯਾਰੋ।
'ਐਚ.ਏ-ਐਚ.ਏ' ਨੇ ਹਾਸੇ ਦੀ ਥਾਂਹ ਮੱਲੀ, ਹੁਣ 'ਅਫਸੋਸ' ਵੀ ਹੋ ਗਿਆ 'ਰਿੱਪ' ਯਾਰੋ!

# ਸਕੂਲ ਆਫ ਐਮੀਨੈਂਸ ਦੀ ਹਕੀਕਤ ਅਤੇ ਸਰਕਾਰ

ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ 13 ਤੋਂ 15 ਸਤੰਬਰ ਤੱਕ ਤਿੰਨ ਦਿਨ ਪੰਜਾਬ ਦਾ ਦੌਰਾ ਕੀਤਾ। ਗਹੁ ਨਾਲ ਤੱਕਿਆਂ ਲੱਗਦਾ ਹੈ ਕਿ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਕੇਜਰੀਵਾਲ ਵੱਲੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਮੁਹਾਲੀ ਵਰਗੇ ਵੱਡੇ ਸ਼ਹਿਰਾਂ ਵਿਚ ਕੀਤੀਆਂ ਇਕੱਤਰਤਾਵਾਂ ਚੋਣਾਂ ਲਈ ਸਿਆਸੀ ਜ਼ਮੀਨ ਤਿਆਰ ਕਰਨ ਤੋਂ ਵੱਧ ਕੁਝ ਨਹੀਂ ਜਾਪਦੀਆਂ ਹਨ। ਇਨ੍ਹਾਂ ਦੌਰਿਆਂ ਦੇ ਪਹਿਲੇ ਦਿਨ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਛੇਹਰਟਾ (ਅੰਮ੍ਰਿਤਸਰ) ਵਿਚ ਸੂਬੇ ਦੇ ਪਹਿਲੇ 'ਸਕੂਲ ਆਫ ਐਮੀਨੈਂਸ' ਦਾ ਉਦਘਾਟਨ ਕਰਦਿਆਂ ਵੱਡਾ ਸ਼ਕਤੀ ਪ੍ਰਦਰਸ਼ਨ ਕੀਤਾ।

ਉਦਘਾਟਨ ਮੌਕੇ ਦੋਹਾਂ ਆਗੂਆਂ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ ਸਿੱਖਿਆ ਦੇ ਖੇਤਰ ਵਿਚ ਨਵੀਂ ਕ੍ਰਾਂਤੀ ਦਾ ਆਗਾਜ਼ ਹੋ ਗਿਆ ਹੈ। ਇਹ ਉਸੇ ਤਰ੍ਹਾਂ ਦਾ ਦਾਅਵਾ ਸੀ ਜਿਸ ਤਰ੍ਹਾਂ ਦਾ ਦਾਅਵਾ 'ਆਮ ਆਦਮੀ ਕਲੀਨਿਕ' ਖੋਲ੍ਹਣ ਵੇਲੇ ਕੀਤਾ ਗਿਆ ਸੀ। ਤੱਥ ਇਹ ਹਨ ਕਿ ਪਹਿਲਾਂ ਪੁਰਾਣੀਆਂ ਡਿਸਪੈਂਸਰੀਆਂ/ ਸਿਹਤ ਕੇਂਦਰਾਂ 'ਤੇ ਰੰਗ ਰੋਗਨ ਕਰਕੇ 'ਆਮ ਆਦਮੀ ਕਲੀਨਿਕ' ਲਿਖ ਦਿੱਤਾ ਗਿਆ ਸੀ ਅਤੇ ਹੁਣ ਪੁਰਾਣੇ ਸਕੂਲਾਂ ਦੀਆਂ ਇਮਾਰਤਾਂ 'ਤੇ ਰੰਗ ਰੋਗਨ ਕਰ ਕੇ ਤੇ ਇੱਕ-ਦੋ ਕਮਰੇ ਹੋਰ ਉਸਾਰ ਕੇ 'ਸਕੂਲ ਆਫ ਐਮੀਨੈਂਸ' ਲਿਖ ਦਿੱਤਾ ਗਿਆ ਹੈ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਹੋਰਾਂ ਦੇ ਬੋਲਣ ਤੋਂ ਪਹਿਲਾਂ ਹੀ ਇਹਨਾਂ ਦੇ ਆਪਣੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਨੇ ਸੋਸ਼ਲ ਮੀਡੀਆ 'ਤੇ ਸਰਕਾਰ ਦੇ ਦਾਅਵੇ ਦੀ ਹਵਾ ਕੱਢ ਕੇ ਰੱਖ ਦਿੱਤੀ। ਉਹਨਾਂ ਟਿੱਪਣੀ ਕੀਤੀ- "ਜੇ ਇਹ ਸਕੂਲ ਨਵਾਂ ਬਣਿਆ ਹੈ ਤਾਂ ਉਨ੍ਹਾਂ ਨੂੰ ਵੀ ਦਿਖਾਇਆ ਜਾਵੇ। ਜਿਥੋਂ ਤੱਕ ਮੇਰਾ ਖਿਆਲ ਹੈ, ਇਹ ਸਕੂਲ ਪਹਿਲਾਂ ਹੀ ਬਿਹਤਰੀਨ ਸੀ। ਪਿਛਲੀਆਂ ਸਰਕਾਰਾਂ ਵੱਲੋਂ ਇਸ ਨੂੰ ਸਮਾਰਟ ਸਕੂਲ ਬਣਾਇਆ ਗਿਆ ਸੀ। ਮੈਂ ਕਈ ਖਾਸ ਮੌਕਿਆਂ 'ਤੇ ਇਸ ਸਕੂਲ ਵਿਚ ਗਿਆ ਹਾਂ। ਹੁਣ ਇਸ ਸਕੂਲ ਵਿਚ ਮਹਿਜ਼ ਰੈਨੋਵੇਸ਼ਨ ਕੀਤੀ ਗਈ ਹੈ।" ਕੁੰਵਰ ਵਿਜੈ ਪ੍ਰਤਾਪ ਦੀ ਟਿੱਪਣੀ ਦਾ ਮੰਤਵ ਜੋ ਵੀ ਹੋਵੇ ਪਰ ਉਹਨਾਂ ਜੋ ਲਿਖਿਆ, ਉਹ ਹਕੀਕਤ ਹੈ ਕਿ ਇਹ ਅਭਿਆਸ ਚੰਗੇ ਭਲੇ ਚੱਲ ਰਹੇ ਸਕੂਲ ਦਾ ਨਾਮ ਬਦਲਣ ਤੋਂ ਵੱਧ ਕੁਝ ਨਹੀਂ।

ਸਰਕਾਰ ਸਕੂਲਾਂ 'ਤੇ ਲਿਪਾਪੋਚੀ ਕਰ ਕੇ ਸਕੂਲ ਆਫ ਐਮੀਨੈਂਸ ਲਿਖਣ ਲਈ ਐਨੀ ਕਾਹਲੀ ਨਜ਼ਰ ਆਈ ਕਿ ਇੰਜਨੀਅਰਾਂ ਤੋਂ ਸਕੂਲਾਂ ਦੀਆਂ ਇਮਾਰਤਾਂ ਦੀ ਜਾਂਚ ਤੱਕ ਨਹੀਂ ਕਰਵਾਈ ਗਈ। ਲੁਧਿਆਣਾ ਦੇ ਬੱਦੋਵਾਲ ਵਿਚਲੇ ਜਿਸ ਸਰਕਾਰੀ ਸਕੂਲ ਦੀ ਇਮਾਰਤ ਡਿੱਗੀ ਹੈ, ਉਹ ਲੱਗਭੱਗ 1960 ਦੇ ਦਹਾਕੇ ਦੀ ਹੈ। ਬੱਸ ਉਸ ਸਕੂਲ ਅੱਗੇ ਸਕੂਲ ਆਫ ਐਮੀਨੈਂਸ ਲਿਖਣ ਲਈ ਕਾਹਲੀ-ਕਾਹਲੀ ਇਮਾਰਤ ਦੀ ਲਿੱਪਾ ਪੋਚੀ (ਰੈਨੋਵੇਟ) ਕੀਤੀ ਜਾ ਰਹੀ ਸੀ। ਇਹੋ ਕੰਮ ਪਿਛਲੀਆਂ ਸਰਕਾਰਾਂ ਕਰਦੀਆਂ ਸੀ। ਪਿਛਲੀ ਕਾਂਗਰਸ ਸਰਕਾਰ ਨੇ ਇਸੇ ਇਮਾਰਤ ਨੂੰ ਰੰਗ ਕਰ ਕੇ ਥੋੜ੍ਹੀ ਲਿਪਾਪੋਚੀ ਨਾਲ ਇਸ 'ਤੇ ਸਮਾਰਟ ਸਕੂਲ ਲਿਖ ਕੇ ਇਸ ਨੂੰ 'ਸਮਾਰਟ ਸਕੂਲ' ਐਲਾਨ ਦਿੱਤਾ ਸੀ ਅਤੇ ਹੁਣ ਇਸ 'ਆਪ' ਸਰਕਾਰ ਨੇ ਇਸ ਨੂੰ 'ਸਕੂਲ ਆਫ ਐਮੀਨੈਂਸ' ਐਲਾਨ ਦਿੱਤਾ ਹੈ।

ਸਕੂਲ ਦੇ ਉਦਘਾਟਨ ਸਮੇਂ ਭਗਵੰਤ ਮਾਨ ਨੇ ਕਿਹਾ ਕਿ 'ਇਕ ਦੇਸ਼-ਇਕ ਸਿੱਖਿਆ' ਦਾ ਨਾਅਰਾ ਸਾਕਾਰ ਕੀਤਾ ਜਾ ਰਿਹਾ ਹੈ। ਜਿਵੇਂ ਗਿੱਦੜ 'ਤੇ ਰੰਗ ਕਰ ਕੇ ਉਸਨੂੰ ਸ਼ੇਰ ਨਹੀਂ ਬਣਾਇਆ ਜਾ ਸਕਦਾ, ਉਸੇ ਤਰ੍ਹਾਂ 117 ਸਕੂਲਾਂ ਦੀ ਲਿਪਾਪੋਚੀ ਕਰ ਕੇ 'ਇਕ ਦੇਸ਼-ਇਕ ਸਿੱਖਿਆ' ਪ੍ਰਣਾਲੀ ਦਾ ਨਾਅਰਾ ਸਾਕਾਰ ਨਹੀਂ ਕੀਤਾ ਜਾ ਸਕਦਾ ਹੈ। ਸਕੂਲ ਆਫ ਐਮੀਨੈਂਸ ਤਾਂ ਪੂਰੇ ਹਲਕੇ ਦੇ ਸਰਕਾਰੀ ਸਕੂਲਾਂ ਵਿਚੋਂ ਹੁਸ਼ਿਆਰ ਬੱਚੇ ਚੁਣ ਕੇ ਇੱਕ ਥਾਂ ਇਕੱਠੇ ਕਰਨ ਦੀ ਨੀਤੀ ਹੈ, ਇਸ ਨਾਲ ਪਿੱਛੇ ਰਹਿ ਗਏ ਬੱਚਿਆਂ ਵਿਚ ਹੀਣ ਭਾਵਨਾ ਪੈਦਾ ਹੋਵੇਗੀ ਤੇ ਉਹਨਾਂ ਸਕੂਲਾਂ ਵਿਚ ਸਿੱਖਿਆ ਦਾ ਮਿਆਰ ਬੁਰੀ ਤਰ੍ਹਾਂ ਡਿੱਗ ਪਵੇਗਾ ਕਿਉਂਕਿ ਜਮਾਤ ਵਿਚ ਦੋ-ਚਾਰ ਬੱਚੇ ਹੁਸ਼ਿਆਰ ਹੋਣ ਤਾਂ ਅਧਿਆਪਕ ਵੀ ਉਤਸ਼ਾਹਿਤ ਰਹਿੰਦਾ ਹੈ ਤੇ ਬਾਕੀ ਜਮਾਤ ਨੂੰ ਵੀ ਉਸ ਦਾ ਫਾਇਦਾ ਹੁੰਦਾ ਹੈ। ਇਸ ਸਮੇਂ ਪੰਜਾਬ ਸਮੇਤ ਦੇਸ਼ ਭਰ ਵਿਚ ਦੋਹਰੀ ਸਿੱਖਿਆ ਪ੍ਰਣਾਲੀ ਲਾਗੂ ਹੈ; ਇੱਕ ਪਾਸੇ ਤਮਾਮ ਸਹੂਲਤਾਂ ਨਾਲ ਲੈਸ ਨਿੱਜੀ ਸਕੂਲ ਹਨ; ਦੂਜੇ ਪਾਸੇ ਅਧਿਆਪਕਾਂ



ਦੀਆਂ ਖਾਲੀ ਅਸਾਮੀਆਂ ਸਮੇਤ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੇ ਸਰਕਾਰੀ ਸਕੂਲ ਹਨ। ਸਰਕਾਰ ਦੀ ਤਰਜੀਹ ਹੋਣੀ ਚਾਹੀਦੀ ਸੀ ਕਿ ਸਾਰੇ ਸਕੂਲਾਂ ਵਿਚ ਖਾਲੀ ਅਸਾਮੀਆਂ ਪੂਰੀਆਂ ਕਰ ਕੇ ਨਿੱਜੀ ਸਕੂਲਾਂ ਵਾਲੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ, ਇਸ ਤਰ੍ਹਾਂ ਸੂਬੇ ਦੇ ਸਾਰੇ ਸਕੂਲ ਹੀ ਸਕੂਲ ਆਫ ਐਮੀਨੈਂਸ ਬਣ ਜਾਂਦੇ ਪਰ ਸਰਕਾਰ ਨੇ ਸਾਰੇ ਸਕੂਲਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਦੀ ਥਾਂ ਮੁੱਠੀ ਭਰ ਸਕੂਲ ਚੁਣੇ ਹਨ। 'ਇਕ ਦੇਸ਼-ਇਕ ਸਿੱਖਿਆ' ਦੀ ਗੱਲ ਕਰਨ ਵਾਲੇ ਮੁੱਖ ਮੰਤਰੀ ਦੱਸ ਸਕਦੇ ਹਨ ਕਿ ਕੀ ਆਮ ਆਦਮੀ ਪਾਰਟੀ ਦੇ ਕਿਸੇ ਮੰਤਰੀ, ਵਿਧਾਇਕ ਦੇ ਬੱਚੇ ਸਰਕਾਰੀ ਸਕੂਲ ਵਿਚ ਪੜ੍ਹਦੇ ਹਨ?

ਕਹਾਵਤ ਹੈ- ਸਿੱਖਿਆ ਵਿਚਾਰੀ ਤਜਰਬਿਆਂ ਨੇ ਮਾਰੀ। 'ਆਪ' ਸਰਕਾਰ ਵੱਲੋਂ ਸਕੂਲ ਆਫ ਐਮੀਨੈਂਸ ਦੇ ਨਾਮ ਹੇਠ ਕੀਤੀ ਜਾ ਰਹੀ ਸ਼ੋਸ਼ੇਬਾਜ਼ੀ ਕੋਈ ਨਵੀਂ ਨਹੀਂ। ਇਸ ਤੋਂ ਪਹਿਲਿਆਂ ਸਰਕਾਰਾਂ ਵੀ ਇਸ ਤਰ੍ਹਾਂ ਦੇ ਬਹੁਤ ਸਾਰੇ ਮਾਡਲ ਲਿਆਉਂਦੀਆਂ ਰਹੀਆਂ ਹਨ ਜਿਵੇਂ ਆਦਰਸ਼ ਸਕੂਲ, ਸਮਾਰਟ ਸਕੂਲ, ਮੈਰੀਟੋਰੀਅਸ ਸਕੂਲ ਆਦਿ ਪਰ ਇਹ ਸਾਰੇ ਨਿੱਜੀਕਰਨ ਦੀ ਨੀਤੀ ਲਾਗੂ ਕਰਨ ਦਾ ਜ਼ਰੀਆ ਹੀ ਸਾਬਤ ਹੁੰਦੇ ਆਏ ਹਨ।

ਜਿਵੇਂ ਕੋਈ ਗੂੜ੍ਹੀ ਨੀਂਦ ਵਿਚੋਂ ਉੱਭੜਵਾਹੇ ਉੱਠ ਕੇ ਗੱਲਾਂ ਕਰਦਾ ਹੈ, ਉਸੇ ਤਰ੍ਹਾਂ ਦੇ ਫੈਸਲੇ 'ਆਪ' ਸਰਕਾਰ ਕਰ ਰਹੀ ਹੈ। ਸਕੂਲਾਂ ਵਿਚ ਸਹੂਲਤਾਂ ਦੇਣ ਦੀ ਬਜਾਇ ਪ੍ਰਿੰਸੀਪਲਾਂ, ਮੁੱਖ ਅਧਿਆਪਕਾਂ ਨੂੰ ਕਰੋੜਾਂ ਰੁਪਏ ਖਰਚ ਕੇ ਵਿਦੇਸ਼ਾਂ ਤੋਂ ਸਿਖਲਾਈ ਦਿਵਾਉਣ ਦੇ ਰਾਹ ਪਈ ਹੋਈ ਹੈ। ਸਿੰਗਾਪੁਰ ਵਾਲੇ ਟਰੇਨਰਾਂ ਨੂੰ ਕੀ ਪਤਾ ਕਿ ਪੰਜਾਬ ਦੇ ਮਾਸਟਰ ਸਕੂਲ ਵਿਚ ਸਿਰਫ ਪੜ੍ਹਾਉਣ ਦਾ ਕੰਮ ਨਹੀਂ ਕਰਦੇ ਬਲਕਿ ਕਲਰਕ ਦਾ ਕੰਮ ਵੀ ਕਰਦੇ ਹਨ। ਵੋਟਾਂ ਬਣਾਉਣ-ਕੱਟਣ-ਪਵਾਉਣ, ਸਰਵੇ ਕਰਨ, ਇੱਥੋਂ ਤੱਕ ਕਿ ਰੈਲੀਆਂ ਵਿਚ ਬੱਸਾਂ ਲਿਜਾਣ ਦਾ ਕੰਮ ਵੀ ਕਰਦੇ ਹਨ। ਅਸਲ ਵਿਚ ਕਿਸੇ ਵੀ ਸਮਾਜ ਦੀ ਸਿੱਖਿਆ ਪ੍ਰਣਾਲੀ ਉੱਥੋਂ ਦੀਆਂ ਜੀਵਨ ਹਾਲਤਾਂ ਅਨੁਸਾਰ ਹੀ ਹੁੰਦੀ ਹੈ, ਸਿੰਗਾਪੁਰ ਦੀ ਕਾਪੀ ਸਾਡੇ ਸਮਾਜ ਵਿਚ ਸਫਲ ਨਹੀਂ ਹੋ ਸਕਦੀ।

ਆਮ ਆਦਮੀ ਪਾਰਟੀ ਵੱਲੋਂ ਦੇਸ਼ ਭਰ ਵਿਚ ਪੇਸ਼ ਕੀਤਾ ਜਾ ਰਿਹਾ ਦਿੱਲੀ ਦਾ ਸਿੱਖਿਆ ਅਤੇ ਸਿਹਤ ਮਾਡਲ ਅੰਕੜਿਆਂ ਦੀ ਖੇਡ ਤੋਂ ਵੱਧ ਕੁਝ ਨਹੀਂ ਹੈ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ 'ਆਪ' ਵੱਲੋਂ ਅੰਮ੍ਰਿਤਸਰ ਵਿਚ ਸਕੂਲ ਆਫ ਐਮੀਨੈਂਸ ਦੇ ਉਦਘਾਟਨ ਸਮੇਂ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰ ਕੇ ਸਿਆਸੀ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਵੱਡਾ ਇਕੱਠ ਕਰਨ ਲਈ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੀ ਦੁਰਵਰਤੋਂ ਕੀਤੀ ਗਈ, ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ। ਰੈਲੀ ਵਿਚ ਕਿਸੇ ਕਿਸਮ ਦੇ ਵਿਘਨ ਦੇ ਡਰੋਂ ਕੇਜਰੀਵਾਲ ਦੇ ਪੰਜਾਬ ਦੀ ਜੂਹ ਵਿਚ ਵੜਨ ਤੋਂ ਪਹਿਲਾਂ ਪਹੁ-ਫੁਟਾਲੇ ਨਾਲ ਹੀ ਪੰਜਾਬ ਪੁਲਿਸ ਨੇ ਬੇਰੁਜ਼ਗਾਰ ਅਧਿਆਪਕਾਂ ਦੇ ਘਰਾਂ ਵਿਚ ਰੇਡਾਂ ਮਾਰ ਕੇ ਫੜੋ-ਫੜਾਈ ਸ਼ੁਰੂ ਕਰ ਦਿੱਤੀ ਸੀ। ਭਗਵੰਤ ਮਾਨ ਕਹਿੰਦੇ ਹਨ ਕਿ ਘਰ ਬੈਠਿਆਂ ਨੂੰ ਗੇਟ ਖੜਕਾ ਕੇ ਨੌਕਰੀਆਂ ਵੰਡਾਂਗੇ ਪਰ ਹੋਇਆ ਉਸ ਦੇ ਬਿਲਕੁੱਲ ਉਲਟ; ਗੇਟ ਖੜਕਾ ਕੇ ਨੌਕਰੀਆਂ ਦੇਣ ਦੀ ਥਾਂ ਗ੍ਰਿਫਤਾਰੀਆਂ ਕੀਤੀਆਂ ਗਈਆਂ।

ਕਾਂਗਰਸ ਸਰਕਾਰ ਸਮੇਂ ਮੁਹਾਲੀ ਵਿਚ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਕੇ ਬੇਰੁਜ਼ਗਾਰ ਅਧਿਆਪਕ ਰੋਸ ਪ੍ਰਦਰਸ਼ਨ ਕਰ ਰਹੇ ਸਨ, ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਵਿਚ ਪਹੁੰਚੇ ਅਰਵਿੰਦ ਕੇਜਰੀਵਾਲ ਨੇ ਜ਼ਿਲ੍ਹਾ ਮਾਨਸਾ ਦੀ ਜਿਸ ਮਹਿਲਾ ਬੇਰੁਜ਼ਗਾਰ ਅਧਿਆਪਕਾ ਸਿੱਪੀ ਸ਼ਰਮਾ ਨੂੰ ਭੈਣ ਕਹਿ ਕੇ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ, ਉਸ ਨੂੰ ਨੌਕਰੀ ਤਾਂ ਕੀ ਦੇਣੀ ਸੀ, ਕੇਜਰੀਵਾਲ ਦੀ ਪੰਜਾਬ ਫੇਰੀ ਕਾਰਨ ਪੁਲਿਸ ਨੇ ਸਵੇਰੇ-ਸਵੇਰੇ ਘਰ ਤੋਂ ਹਿਰਾਸਤ ਵਿਚ ਲੈ ਲਿਆ। ਪੰਜਾਬ ਦੇ ਸਭਿਆਚਾਰ ਦੀ ਗੱਲ ਕਰਨ ਵਾਲੇ ਕੇਜਰੀਵਾਲ ਨੂੰ ਸ਼ਾਇਦ ਪੰਜਾਬ ਦੇ ਸਭਿਆਚਾਰ ਦਾ ਇਹ ਗਿਆਨ ਨਹੀਂ ਹੈ ਕਿ ਜਿਸ ਨੂੰ ਭੈਣ ਕਹੀਏ, ਉਸ ਨੂੰ ਪੁਲਿਸ ਨੂੰ ਨਹੀਂ ਫੜਾਈਦਾ ਹੁੰਦਾ। ਇਸ ਤੋਂ ਇਲਾਵਾ ਸੂਬਾ ਸਰਕਾਰ ਨੇ ਕਈ ਮੁਲਾਜ਼ਮ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਦਾ ਕਰਵਾਉਣ ਦਾ ਲਾਰਾ ਲਾ ਕੇ ਬੁਲਾ ਲਿਆ ਅਤੇ ਸ਼ਾਮ ਦੇ 6 ਵਜੇ ਤੱਕ ਅੰਮ੍ਰਿਤਸਰ ਪੁਲਿਸ ਲਾਈਨ ਦੇ ਹਾਲ ਵਿਚ 'ਡੱਕ' ਕੇ ਰੱਖਿਆ ਗਿਆ।

ਤਿੰਨ ਦਿਨ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਸਨਅਤਕਾਰਾਂ ਨਾਲ ਮੀਟਿੰਗਾਂ ਕਰ ਕੇ ਪੰਜਾਬ ਵਿਚ ਨਿਵੇਸ਼ ਦਾ ਸੱਦਾ ਦਿੱਤਾ, ਨਹਿਰੀ ਪਾਣੀ ਦੇਣ ਸਮੇਤ ਕਈ ਤਰ੍ਹਾਂ ਦੇ ਵਾਅਦੇ ਕੀਤੇ। ਪਿਛਲੀਆਂ ਕੇਂਦਰੀ ਤੇ ਸੂਬਾਈ ਸਰਕਾਰਾਂ ਵੀ ਅਡਾਨੀ, ਅੰਬਾਨੀ, ਟਾਟਾ, ਬਿਰਲਾ ਵਰਗਿਆਂ ਨੂੰ ਐਸ.ਈ.ਜ਼ੈਡ. ਜਿਹੀਆਂ ਸਹੂਲਤਾਂ ਦੇ ਕੇ ਗਲੀਚੇ ਵਿਛਾਉਂਦੀਆਂ ਰਹੀਆਂ ਹਨ; ਇਸ ਸਰਕਾਰ ਨੇ ਵੀ ਤਿੰਨ ਦਿਨ ਵਪਾਰੀਆਂ ਨੂੰ ਪੂਰਾ ਖੁਸ਼ ਕਰਨ ਦਾ ਯਤਨ ਕੀਤਾ। ਸਨਅਤੀ ਵਿਕਾਸ ਕੋਈ ਮਾੜੀ ਗੱਲ ਨਹੀਂ ਪਰ ਇਹ ਸਵਾਲ ਜ਼ਰੂਰ ਹੈ ਕਿ ਕਿਹੋ ਜਿਹਾ ਸਨਅਤੀ ਵਿਕਾਸ?

ਸਾਫ ਹੈ ਕਿ ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ ਵਿਚ ਖੇਤੀਬਾੜੀ ਦੇ ਧੰਦੇ ਨਾਲ ਜੋੜ ਕੇ ਹੀ ਸਨਅਤੀ ਵਿਕਾਸ ਹੋਣਾ ਚਾਹੀਦਾ ਹੈ। ਸਨਅਤਕਾਰਾਂ ਨੂੰ ਗਲੀਚੇ ਵਿਛਾਉਣ ਲਈ ਤਤਪਰ ਨਜ਼ਰ ਆ ਰਹੀ 'ਆਪ' ਸਰਕਾਰ ਨੇ ਸੂਬੇ ਦੀਆਂ ਬੰਦ ਪਈਆਂ ਜਾਂ ਬੰਦ ਹੋਣ ਦੀ ਕਗਾਰ ਵੱਲ ਜਾ ਰਹੀਆਂ ਸਹਿਕਾਰੀ ਖੰਡ ਮਿੱਲਾਂ ਚਲਾਉਣ ਵੱਲ ਭੋਰਾ ਵੀ ਧਿਆਨ ਨਹੀਂ ਦਿੱਤਾ। ਪੰਜਾਬ ਸਰਕਾਰ ਕਦੇ ਬੀ.ਐਮ.ਡਬਲਿਊ. ਵਾਲਿਆਂ ਦੀਆਂ ਲੇਲ੍ਹੜੀਆਂ ਕੱਢਦੀ ਹੈ ਤੇ ਕਦੇ ਟਾਟਾ ਸਮੂਹ ਦੀਆਂ ਪਰ ਇਸ ਸਭ ਦੀ ਬਜਾਇ ਖੁਦ ਖੰਡ ਮਿੱਲਾਂ, ਤੇਲ ਕੱਢਣ ਵਾਲੀਆਂ ਫੈਕਟਰੀਆਂ, ਵੱਡੇ ਕੋਲਡ ਸਟੋਰ, ਨਰਮਾ-ਕਪਾਹ ਦੀ ਵਰਤੋਂ ਵਾਲੇ ਕਾਰਖਾਨੇ, ਮੀਟ ਪਲਾਂਟ ਆਦਿ ਬਣਾਉਣ ਦੇ ਰਾਹ ਤੁਰ ਕੇ ਇੱਥੋਂ ਦੇ ਕਿਸਾਨਾਂ, ਮਜ਼ਦੂਰਾਂ ਨੂੰ ਪੈਰਾਂ ਸਿਰ ਕਰ ਸਕਦੀ ਹੈ। ਪੰਜਾਬ ਦੀ ਉਪਜਾਊ ਧਰਤੀ 'ਤੇ ਖੇਤੀ ਆਧਾਰਿਤ ਜਾਂ ਖੇਤੀ ਵਿਚ ਵਰਤੋਂ ਵਾਲੀ ਸਨਅਤ ਤੋਂ ਬਗੈਰ ਹੋਰ ਸਨਅਤ ਨੂੰ ਹੋਕਰੇ ਮਾਰਨੇ ਪੰਜਾਬ ਨਾਲ ਬੇਇਨਸਾਫੀ ਹੋਵੇਗੀ। ਸਨਅਤਕਾਰਾਂ ਨਾਲ ਮੀਟਿੰਗਾਂ ਦੀ ਥਾਂ ਖੇਤੀ ਆਧਾਰਿਤ ਸਨਅਤ ਨੂੰ ਸਹਿਕਾਰੀ ਸਭਾਵਾਂ ਰਾਹੀਂ ਪ੍ਰਫੁੱਲਿਤ ਕਰਨ ਦੀ ਜ਼ਰੂਰਤ ਹੈ।

ਸਵਾਲ ਇਹ ਵੀ ਉੱਠਦਾ ਹੈ ਕਿ ਇੱਕ ਪਾਸੇ ਮਜ਼ਦੂਰ ਜਥੇਬੰਦੀਆਂ ਨੂੰ ਵਾਰ-ਵਾਰ ਸਮਾਂ ਦੇਣ ਦੇ ਬਾਵਜੂਦ ਮੁੱਖ ਮੰਤਰੀ ਉਹਨਾਂ ਨਾਲ ਮੀਟਿੰਗ ਕਰਨ ਤੋਂ ਇਨਕਾਰੀ ਹਨ; ਦੂਜੇ ਪਾਸੇ ਆਪਣੇ ਕੌਮੀ ਲੀਡਰ ਨੂੰ ਨਾਲ ਲੈ ਕੇ ਖੁਦ ਸਨਅਤਕਾਰਾਂ ਕੋਲ ਜਾ ਰਹੇ ਹਨ। ਇਹ ਕਿਹਾ ਜਾ ਸਕਦਾ ਹੈ ਕਿ ਕੇਜਰੀਵਾਲ ਅਤੇ ਉਸ ਦੀ ਟੀਮ ਪੰਜਾਬ ਨੂੰ ਸਮਝੇ, ਜਾਣੇ ਬਗੈਰ ਹੀ ਵਿਕਾਸ ਦੇ ਨਾਮ ਹੇਠ ਟਰਪੱਲੇ ਮਾਰ ਰਹੇ ਹਨ।

# ਵਿਨਾਸ਼ਕਾਰੀ 'ਵਿਕਾਸ' ਖਿਲਾਫ ਡਟੀ ਆਦਿਵਾਸੀ ਅਵਾਮ

***ਹਕੂਮਤੀ ਜਬਰ ਆਦਿਵਾਸੀਆਂ ਲਈ ਨਵੀਂ ਗੱਲ ਨਹੀਂ। ਅੰਗਰੇਜ਼ੀ ਰਾਜ ਦੇ ਜ਼ਮਾਨੇ ਤੋਂ ਹੀ ਆਦਿਵਾਸੀਆਂ ਨੂੰ ਸਟੇਟ ਦੀ ਧਾੜਵੀ ਨੀਤੀ ਕਾਰਨ ਉਜਾੜੇ ਤੇ ਨਸਲਕੁਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਆਜ਼ਾਦ ਭਾਰਤ' ਵਿਚ ਦੇਸੀ ਹੁਕਮਰਾਨਾਂ ਦੇ ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਆਧਾਰਿਤ 'ਵਿਕਾਸ ਮਾਡਲ' ਨੇ ਇਸ ਤਬਾਹੀ ਨੂੰ ਜ਼ਰਬਾਂ ਦਿੱਤੀਆਂ ਹਨ ਅਤੇ ਆਦਿਵਾਸੀ ਜੂਝ ਰਹੇ ਹਨ।***

ਇਕ ਪਾਸੇ ਭਾਰਤ ਨੂੰ ਧਰਮਤੰਤਰੀ ਹਿੰਦੂ ਸਟੇਟ ਬਣਾਉਣ ਲਈ ਸੰਘ ਬ੍ਰਿਗੇਡ ਦਾ ਹਕੂਮਤੀ ਬੁਲਡੋਜ਼ਰ ਅਵਾਮ ਨੂੰ ਦਰੜ ਰਿਹਾ ਹੈ; ਦੂਜੇ ਪਾਸੇ, ਮੁਲਕ ਦੇ ਕੁਦਰਤੀ ਵਸੀਲਿਆਂ ਉੱਪਰ ਸੰਘ ਦੇ ਚਹੇਤੇ ਕਾਰਪੋਰੇਟਾਂ ਦਾ ਮੁਕੰਮਲ ਕਬਜ਼ਾ ਕਰਾਉਣ ਲਈ ਇਸੇ ਹਕੂਮਤ ਵੱਲੋਂ ਰਾਜਕੀ ਦਹਿਸ਼ਤਵਾਦ ਦਾ ਬੇਦਰੇਗ ਇਸਤੇਮਾਲ ਪੂਰੇ ਜ਼ੋਰਾਂ 'ਤੇ ਹੈ। ਇਹ ਗੱਲ ਵੱਖਰੀ ਹੈ ਕਿ ਭਿਆਨਕ ਜਬਰ ਵੀ ਜੰਗਲਾਂ-ਪਹਾੜਾਂ ਦੀ ਰਾਖੀ ਲਈ ਜੂਝ ਰਹੀ ਆਦਿਵਾਸੀ ਅਵਾਮ ਦਾ ਮਨੋਬਲ ਤੋੜਨ 'ਚ ਕਾਮਯਾਬ ਨਹੀਂ ਹੋ ਰਿਹਾ ਕਿਉਂਕਿ ਉਨ੍ਹਾਂ ਅੱਗੇ ਆਪਣੀ ਹੋਂਦ ਨੂੰ ਬਚਾਉਣ ਦਾ ਸਵਾਲ ਹੈ। ਜੇ ਆਦਿਵਾਸੀ ਹੁਣ ਇਹ ਲੜਾਈ ਨਹੀਂ ਲੜਨਗੇ ਤਾਂ ਉਨ੍ਹਾਂ ਦੀ ਨਸਲਕੁਸ਼ੀ ਤੈਅ ਹੈ।

ਇਸੇ ਲੜੀ 'ਚ ਪਿਛਲੇ ਦਿਨੀਂ ਉੜੀਸਾ ਦੇ ਨਿਆਮਗਿਰੀ ਅਤੇ ਕਾਸ਼ੀਪੁਰ ਖੇਤਰ 'ਚ ਪੁਲਿਸ ਨੇ ਆਦਿਵਾਸੀਆਂ ਦੇ ਵਿਰੋਧ ਨੂੰ ਕੁਚਲਣ ਲਈ ਬੇਤਹਾਸ਼ਾ ਗ੍ਰਿਫ਼ਤਾਰੀਆਂ ਕੀਤੀਆਂ, ਝੂਠੇ ਕੇਸ


**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਪਾਏ। ਅਗਸਤ ਮਹੀਨੇ ਉੜੀਸਾ ਪੁਲਿਸ ਨੇ ਨਵੀਨ ਪਟਨਾਇਕ ਹਕੂਮਤ ਦੇ ਇਸ਼ਾਰੇ 'ਤੇ ਖਣਨ ਦਾ ਵਿਰੋਧ ਕਰ ਰਹੇ ਆਦਿਵਾਸੀਆਂ ਅਤੇ ਦਲਿਤਾਂ ਵਿਰੁੱਧ ਸੰਗੀਨ ਧਾਰਾਵਾਂ ਲਗਾ ਕੇ ਫ਼ੌਜਦਾਰੀ ਕੇਸ ਦਰਜ ਕੀਤੇ ਅਤੇ 25 ਆਦਿਵਾਸੀ ਕਾਰਕੁਨ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਡੱਕ ਦਿੱਤੇ। ਨਿਆਮਗਿਰੀ ਸੁਰੱਖਿਆ ਸਮਿਤੀ ਦੇ ਨੌਂ ਕਾਰਕੁਨਾਂ ਵਿਰੁੱਧ ਦਹਿਸ਼ਤਵਾਦੀ ਵਿਰੋਧੀ ਵਿਸ਼ੇਸ਼ ਕਾਨੂੰਨ ਯੂ.ਏ.ਪੀ.ਏ. ਸਮੇਤ ਅਤਿ ਸੰਗੀਨ ਧਾਰਾਵਾਂ ਲਗਾਈਆਂ ਹਨ ਜਿਨ੍ਹਾਂ ਨੇ ਵੇਦਾਂਤ ਕੰਪਨੀ ਦੀ ਬਾਕਸਾਈਟ ਮਾਈਨਿੰਗ ਵਿਰੁੱਧ ਸੰਘਰਸ਼ ਲੜ ਕੇ ਨਵਾਂ ਇਤਿਹਾਸ ਰਚਿਆ ਸੀ। ਆਦਿਵਾਸੀਆਂ ਦੇ ਹੱਕਾਂ ਦਾ ਇਹ ਘਾਣ ਉਸੇ ਉੜੀਸਾ ਵਿਚ ਹੋ ਰਿਹਾ ਜਿੱਥੋਂ ਦੀ 'ਆਦਿਵਾਸੀ ਔਰਤ' ਦਰੋਪਦੀ ਮੁਰਮੂ ਨੂੰ ਰਾਸ਼ਟਰਪਤੀ ਥਾਪ ਕੇ ਆਰ.ਐੱਸ.ਐੱਸ.-ਭਾਜਪਾ ਨੇ ਇਹ ਪ੍ਰਭਾਵ ਦੇਣ ਦੀ ਚਾਲ ਖੇਡੀ ਸੀ ਕਿ ਦੇਖ ਲਓ ਅਸੀਂ ਘੱਟਗਿਣਤੀਆਂ, ਆਦਿਵਾਸੀਆਂ, ਦਲਿਤਾਂ ਅਤੇ ਔਰਤਾਂ ਨੂੰ ਕਿੰਨਾ ਮਹੱਤਵ ਦਿੰਦੇ ਹਾਂ!

9 ਅਗਸਤ ਨੂੰ ਨਿਆਮਗਿਰੀ ਸੁਰੱਖਿਆ ਸਮਿਤੀ 'ਸੰਸਾਰ ਦੇ ਮੂਲਵਾਸੀ ਲੋਕਾਂ ਦਾ ਕੌਮਾਂਤਰੀ ਦਿਹਾੜਾ' ਮਨਾਉਣ ਲਈ ਤਿਆਰੀਆਂ ਕਰ ਰਹੀ ਸੀ। 5 ਅਗਸਤ ਨੂੰ ਪੁਲਿਸ ਨੇ ਸਮਿਤੀ ਦੇ ਦੋ ਨੌਜਵਾਨ ਕਾਰਕੁਨ ਕਾਲਾਹਾਂਡੀ ਜ਼ਿਲ੍ਹੇ ਦੀ ਲਾਂਜੀਗੜ੍ਹ ਹਾਟ (ਮੰਡੀ) 'ਚੋਂ ਚੁੱਕ ਲਏ ਜਿੱਥੇ ਉਹ ਇਸੇ ਤਿਆਰੀ ਲਈ ਹੋਰ ਆਦਿਵਾਸੀਆਂ ਨਾਲ ਵਿਚਾਰ-ਚਰਚਾ ਲਈ ਗਏ ਸਨ। ਉਨ੍ਹਾਂ ਦਾ ਇਕ ਸਾਥੀ ਪੁਸ਼ਪਾ ਸਿਕਾਕਾ ਭੱਜਣ 'ਚ ਕਾਮਯਾਬ ਹੋ ਗਿਆ, ਉਸ ਨੇ ਹੀ ਅਗਵਾ ਦੀ ਖ਼ਬਰ ਪਿੰਡ ਵਾਸੀਆਂ ਨੂੰ ਦਿੱਤੀ। ਜਦੋਂ ਪਿੰਡ ਵਾਸੀ ਪੁਲਿਸ ਅਧਿਕਾਰੀਆਂ ਨੂੰ ਮਿਲੇ ਤਾਂ ਅਧਿਕਾਰੀ ਗ੍ਰਿਫ਼ਤਾਰੀ ਤੋਂ ਸਾਫ਼ ਮੁੱਕਰ ਗਏ। 7 ਅਗਸਤ ਨੂੰ ਹਾਈਕੋਰਟ ਵਿਚ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ ਗਈ। 8 ਅਗਸਤ ਨੂੰ ਪੁਲਿਸ ਨੇ ਬਾਰੀ ਸਿਕਾਕਾ ਨੂੰ ਤਾਂ ਛੱਡ ਦਿੱਤਾ ਪਰ ਕਰੁਸ਼ਨਾ ਸਿਕਾਕਾ ਨੂੰ 2018 ਦੇ ਇਕ ਕਥਿਤ ਬਲਾਤਕਾਰ ਕੇਸ 'ਚ ਫਸਾ ਕੇ ਜੇਲ੍ਹ ਭੇਜ ਦਿੱਤਾ।

ਪੁਲਿਸ ਅਧਿਕਾਰੀਆਂ ਦੀ ਬਦਨੀਅਤ ਤਾੜ ਕੇ ਸਮਿਤੀ ਨੇ 6 ਅਗਸਤ ਨੂੰ ਕਲਿਆਣਸਿੰਘਪੁਰ ਥਾਣੇ ਅੱਗੇ ਪ੍ਰਦਰਸ਼ਨ ਕੀਤਾ ਅਤੇ ਗ੍ਰਿਫ਼ਤਾਰ ਨੌਜਵਾਨਾਂ ਦਾ ਥਹੁ-ਪਤਾ ਦੱਸਣ ਦੀ ਮੰਗ ਕੀਤੀ। ਪੁਲਿਸ ਨੇ ਉੱਥੋਂ ਇਕ ਹੋਰ ਨੌਜਵਾਨ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ ਜੋ ਆਦਿਵਾਸੀ ਇਕਜੁੱਟਤਾ ਨੇ ਅਸਫ਼ਲ ਬਣਾ ਦਿੱਤੀ। ਇਸੇ ਦਿਨ ਕਲਿਆਣਸਿੰਘਪੁਰਾ ਥਾਣੇ 'ਚ ਯੂ.ਏ.ਪੀ.ਏ. ਅਤੇ ਆਈ.ਪੀ.ਸੀ. ਦੀਆਂ ਹੋਰ ਅਤਿ ਸੰਗੀਨ ਧਾਰਾਵਾਂ ਲਗਾ ਕੇ ਇਕ ਹੋਰ ਐੱਫ.ਆਈ.ਆਰ. ਦਰਜ ਕਰ ਲਈ ਗਈ। ਇਸ ਕੇਸ ਵਿਚ ਨਿਆਮਗਿਰੀ ਸੁਰੱਖਿਆ ਸਮਿਤੀ ਦੇ ਦੋ ਸੀਨੀਅਰ ਆਗੂਆਂ ਲਾਦਾ ਸਿਕਾਕਾ, ਧਰਿੰਜੂ ਕਰੁਸ਼ਕਾ, ਸਮਿਤੀ ਦੇ ਕਾਰਕੁਨਾਂ ਸਾਂਬਾ ਹਿਓਕਾ, ਮਨੂ ਸਿਕਾਕਾ, ਉਪੇਂਦਰ ਉਰਫ਼ ਦਰਾਵਿੜ ਬਾਗ ਦੇ ਨਾਲ-ਨਾਲ ਕਵੀ ਲੈਨਿਨ ਕੁਮਾਰ, ਸੀਨੀਅਰ ਦਲਿਤ ਕਾਰਕੁਨ ਅਤੇ ਸਮਿਤੀ ਦੇ ਸਲਾਹਕਾਰ ਲਿੰਗਰਾਜ ਆਜ਼ਾਦ, ਖਾਂਡੁਆਲਾਮਾਲੀ ਸੁਰੱਖਿਆ ਸਮਿਤੀ ਦੇ ਕਾਰਕੁਨ ਬ੍ਰਿਤਿਸ਼ ਨਾਇਕ ਨੂੰ ਦੋਸ਼ੀ ਬਣਾਇਆ ਗਿਆ।

ਦੋਸ਼ ਇਹ ਲਾਇਆ ਕਿ ਪ੍ਰਦਰਸ਼ਨਕਾਰੀ "ਲਾਠੀਆਂ ਤੇ ਘਾਤਕ ਹਥਿਆਰਾਂ ਯਾਨੀ ਕੁਹਾੜੀਆਂ" ਨਾਲ ਲੈਸ ਸਨ ਅਤੇ ਉਨ੍ਹਾਂ ਨੇ ਪੁਲਿਸ ਵਾਲਿਆਂ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ। ਗ਼ੈਰ-ਕਾਨੂੰਨੀ ਇਕੱਠ, ਘਾਤਕ ਹਥਿਆਰ ਲੈ ਕੇ ਦੰਗੇ-ਫ਼ਸਾਦ ਕਰਨ, ਡਿਊਟੀ ਦੇ ਰਹੇ ਸਰਕਾਰੀ ਮੁਲਾਜ਼ਮਾਂ ਉੱਪਰ ਮਿੱਥ ਕੇ ਹਮਲਾ ਕਰਨ ਅਤੇ ਉਨ੍ਹਾਂ ਨੂੰ ਡਿਊਟੀ ਕਰਨ ਤੋਂ ਰੋਕਣ ਸਬੰਧੀ ਵੱਖ-ਵੱਖ ਧਾਰਾਵਾਂ ਲਗਾਉਣ ਦੇ ਨਾਲ-ਨਾਲ ਹਾਸੋਹੀਣੇ ਦੋਸ਼ ਵੀ ਲਗਾਏ ਕਿ ਉਨ੍ਹਾਂ ਨੇ ਜਨਤਕ ਥਾਂ 'ਤੇ ਅਸ਼ਲੀਲ ਗੀਤ/ਸ਼ਬਦ ਬੋਲੇ, ਸਰਕਾਰੀ ਮੁਲਾਜ਼ਮਾਂ ਜਾਂ ਕਾਰੋਬਾਰ ਦਾ ਅਪਮਾਨ ਕੀਤਾ ਅਤੇ ਸਰਕਾਰੀ ਮੁਲਾਜ਼ਮ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ। ਯੂ.ਏ.ਪੀ.ਏ. ਦੀਆਂ ਧਾਰਾਵਾਂ ਇਹ ਬਹਾਨਾ ਘੜ ਕੇ ਲਗਾਈਆਂ ਗਈਆਂ ਕਿ ਪ੍ਰਦਰਸ਼ਨਕਾਰੀਆਂ ਕੋਲ ਲਾਠੀਆਂ ਤੇ ਕੁਹਾੜੀਆਂ ਸਨ ਅਤੇ ਉਹ "ਖੱਬੇ ਪੱਖੀ ਅਤਿਵਾਦ" ਵਿਰੁੱਧ ਪੁਲਿਸ ਦੀ ਕਾਰਵਾਈ 'ਚ ਅੜਿੱਕਾ ਪਾ ਰਹੇ ਹਨ ਤੇ ਉਨ੍ਹਾਂ ਨੇ ਘਾਤਕ ਹਥਿਆਰਾਂ ਨਾਲ ਪੁਲਿਸ ਉੱਪਰ ਹਮਲਾ ਕੀਤਾ ਜਦਕਿ ਲਾਠੀ ਤੇ ਕੁਹਾੜੀ ਡੌਂਗਰੀਆ ਕੌਂਧ ਆਦਿਵਾਸੀਆਂ ਦੇ ਰਵਾਇਤੀ ਹਥਿਆਰ ਹਨ ਅਤੇ ਇਹ ਉਨ੍ਹਾਂ ਦੀ ਰੋਜ਼ਮੱਰਾ ਜ਼ਿੰਦਗੀ ਦਾ ਅਨਿੱਖੜ ਅੰਗ ਹਨ। ਖੱਬੇ ਪੱਖੀ ਅਤਿਵਾਦ ਦਾ ਠੱਪਾ ਉਨ੍ਹਾਂ ਉੱਪਰ ਜਬਰ ਨੂੰ ਵਾਜਬ ਦਰਸਾਉਣ ਲਈ ਲਗਾਇਆ ਗਿਆ।




10 ਅਗਸਤ ਨੂੰ ਪੁਲਿਸ ਨੇ ਦਰਾਵਿੜ ਬਾਗ ਨੂੰ ਚੁੱਕ ਲਿਆ। ਉਸ ਬਾਰੇ ਦੱਸਣ ਲਈ ਹੈਬੀਅਸ ਕਾਰਪਸ ਪਾਏ ਜਾਣ 'ਤੇ 15 ਅਗਸਤ ਨੂੰ ਪਤਾ ਲੱਗਿਆ ਕਿ ਉਸ ਨੂੰ ਰਾਏਗੜ੍ਹ ਜੇਲ੍ਹ ਵਿਚ ਰੱਖਿਆ ਗਿਆ ਹੈ ਅਤੇ ਹਿਰਾਸਤ ਵਿਚ ਉਸ ਉੱਪਰ ਤਿੰਨ ਦਿਨ ਬੇਰਹਿਮੀ ਨਾਲ ਤਸ਼ੱਦਦ ਕੀਤਾ ਗਿਆ ਹੈ। ਇਕ ਹੋਰ ਐੱਫ.ਆਈ.ਆਰ. ਕਾਸ਼ੀਪੁਰ ਥਾਣੇ 'ਚ 170 ਪਛਾਤੇ ਅਤੇ ਅਣਪਛਾਤੇ ਲੋਕਾਂ ਵਿਰੁੱਧ ਦਰਜ ਕਰ ਲਈ। ਇਸ ਵਿਚ ਹੁਣ ਤੱਕ 24 ਆਦਿਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਣਪਛਾਤੇ ਅਜਿਹਾ ਬਹਾਨਾ ਹੈ ਜਿਸ ਤਹਿਤ ਕਿਸੇ ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਦਹਿਸ਼ਤ ਪਾਉਣ ਲਈ ਅੱਧੀ ਰਾਤ ਨੂੰ ਪਿੰਡਾਂ ਵਿਚ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ ਅਤੇ ਆਦਿਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਐੱਫ.ਆਈ.ਆਰ. ਵਿਚ ਉਨ੍ਹਾਂ ਦੇ ਵੀ ਨਾਮ ਸ਼ਾਮਿਲ ਹਨ ਜੋ ਇਸ ਵਿਰੋਧ ਪ੍ਰਦਰਸ਼ਨ 'ਚ ਕਦੇ ਸ਼ਾਮਿਲ ਹੀ ਨਹੀਂ ਹੋਏ। 23 ਅਗਸਤ ਨੂੰ ਸਾਦਾ ਵਰਦੀ 'ਚ ਪੁਲਿਸ ਨੇ ਮਾਲੀ ਪਰਵਤ ਸੁਰੱਖਿਆ ਸਮਿਤੀ ਕੋਰਾਪੁਟ ਦੇ ਦੋ ਅਹੁਦੇਦਾਰ ਅਗਵਾ ਕਰ ਲਏ ਅਤੇ ਗ਼ੈਰ-ਕਾਨੂੰਨੀ ਹਿਰਾਸਤ 'ਚ ਰੱਖਣ ਤੋਂ ਬਾਅਦ 26 ਅਗਸਤ ਨੂੰ ਦਾਂਤੇਵਾੜਾ (ਛੱਤੀਸਗੜ੍ਹ) ਨੇੜੇ ਲਿਜਾ ਕੇ ਛੱਡ ਦਿੱਤੇ। ਹਕੂਮਤ ਦੇ ਇਸ਼ਾਰੇ 'ਤੇ ਪੁਲਿਸ ਦੀਆਂ ਮਨਮਾਨੀਆਂ ਇਸ ਕਦਰ ਹਨ ਕਿ ਜਦੋਂ ਉੱਘੇ ਸਮਾਜੀ ਅਤੇ ਵਾਤਾਵਰਨ ਪ੍ਰੇਮੀ ਕਾਰਕੁਨ ਪ੍ਰਫੁਲ ਸਮਾਂਤਰਾ ਨੇ ਬਾਕਸਾਈਟ ਮਾਈਨਿੰਗ ਵਿਰੁੱਧ 29 ਅਗਸਤ ਨੂੰ ਰਾਏਗੜ੍ਹ ਵਿਚ ਪ੍ਰੈੱਸ ਕਾਨਫਰੰਸ ਕਰਨੀ ਚਾਹੀ ਤਾਂ ਪੁਲਿਸ ਨੇ ਉਸ ਨੂੰ ਹੋਟਲ 'ਚੋਂ ਚੁੱਕ ਲਿਆ। ਪ੍ਰੈੱਸ ਕਾਨਫਰੰਸ ਨੂੰ ਨਾਕਾਮ ਬਣਾਉਣ ਲਈ ਪੁਲਿਸ ਉਸ ਨੂੰ ਗੰਜਮ ਜ਼ਿਲ੍ਹੇ 'ਚ ਬਹਿਰਾਮਪੁਰ ਵਿਖੇ ਉਸ ਦੇ ਘਰ ਛੱਡ ਕੇ ਆਈ ਜੋ ਰਾਏਗੜ੍ਹ ਤੋਂ 200 ਕਿਲੋਮੀਟਰ ਦੂਰ ਹੈ।

ਹਕੂਮਤੀ ਜਬਰ ਆਦਿਵਾਸੀਆਂ ਲਈ ਨਵੀਂ ਗੱਲ ਨਹੀਂ। ਅੰਗਰੇਜ਼ੀ ਰਾਜ ਦੇ ਜ਼ਮਾਨੇ ਤੋਂ ਹੀ ਆਦਿਵਾਸੀਆਂ ਨੂੰ ਸਟੇਟ ਦੀ ਧਾੜਵੀ ਨੀਤੀ ਕਾਰਨ ਉਜਾੜੇ ਅਤੇ ਨਸਲਕੁਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਆਜ਼ਾਦ ਭਾਰਤ' ਵਿਚ ਦੇਸੀ ਹੁਕਮਰਾਨਾਂ ਦੇ ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਆਧਾਰਿਤ 'ਵਿਕਾਸ ਮਾਡਲ' ਨੇ ਇਸ ਤਬਾਹੀ ਨੂੰ ਜ਼ਰਬਾਂ ਦੇ ਦਿੱਤੀਆਂ। ਆਦਿਵਾਸੀ ਇਹ ਹਕੀਕਤ ਚੰਗੀ ਤਰ੍ਹਾਂ ਸਮਝਦੇ ਹਨ ਕਿ ਇਹ ਕਥਿਤ ਵਿਕਾਸ ਮਹਿਜ਼ ਉਨ੍ਹਾਂ ਦੀ ਹੋਂਦ ਲਈ ਹੀ ਖ਼ਤਰਾ ਨਹੀਂ, ਇਹ ਕੁਦਰਤੀ ਚੌਗਿਰਦੇ ਅਤੇ ਪੌਣ-ਪਾਣੀ ਦੀ ਵਿਆਪਕ ਪੈਮਾਨੇ 'ਤੇ ਬੇਤਹਾਸ਼ਾ ਤਬਾਹੀ ਦੀ ਆਮਦ ਵੀ ਹੈ। ਇਸੇ ਕਰ ਕੇ ਇਹ ਵਿਕਾਸ ਉਨ੍ਹਾਂ ਨੂੰ ਮਨਜ਼ੂਰ ਨਹੀਂ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੀ ਲੜਾਈ ਵਹਿਸ਼ਤ ਨਾਲ ਪਾਗਲ ਹੋਏ ਸਟੇਟ ਨਾਲ ਹੈ। ਇਸ ਦੇ ਬਾਵਜੂਦ ਉਹ ਆਪਣੇ ਜੰਗਲਾਂ-ਪਹਾੜਾਂ ਨੂੰ ਬਚਾਉਣ ਲਈ ਜਾਨ-ਹੂਲਵੀਂ ਲੜਾਈ ਲੜ ਰਹੇ ਹਨ। ਜੰਗਲਾਂ ਤੇ ਪਹਾੜਾਂ ਉੱਪਰ ਉਨ੍ਹਾਂ ਦਾ ਕੁਦਰਤੀ ਹੱਕ ਸੰਵਿਧਾਨਕ ਤੌਰ 'ਤੇ ਸਵੀਕਾਰ ਕੀਤਾ ਗਿਆ ਹੈ। ਪਿਛਲੇ ਦਿਨੀਂ ਜੰਗਲਾਤ ਕਾਨੂੰਨ 'ਚ ਵਿਸ਼ੇਸ਼ ਸੋਧਾਂ ਰਾਹੀਂ ਇਹ ਹੱਕ ਖੋਹ ਕੇ ਕਾਰਪੋਰੇਟ ਪ੍ਰੋਜੈਕਟਾਂ ਲਈ ਜੰਗਲਾਂ ਨੂੰ ਕਬਜ਼ੇ 'ਚ ਲੈਣ ਦਾ ਰਾਹ ਪੱਧਰਾ ਕੀਤਾ ਗਿਆ ਹੈ। ਜਨਰਲ ਆਫ ਐਨਵਾਇਰਨਮੈਂਟ ਦੀ 2022 ਦੀ ਰਿਪੋਰਟ ਅਨੁਸਾਰ 2001-2019 ਦੇ ਅਰਸੇ 'ਚ ਉੜੀਸਾ ਵਿਚ ਮਾਈਨਿੰਗ ਲਈ 1655 ਸਕੇਅਰ ਕਿਲੋਮੀਟਰ ਜੰਗਲ ਸਾਫ਼ ਕਰ ਕੇ ਪੰਜ ਲੱਖ ਲੋਕ ਉਜਾੜੇ ਗਏ।

ਹਕੂਮਤ ਦੀ ਉਪਰੋਕਤ ਬਦਲਾਖ਼ੋਰੀ ਦਾ ਕਾਰਨ ਉੜੀਸਾ ਦੇ ਇਸ ਖੇਤਰ ਦਾ ਬਾਕਸਾਈਟ ਭਰਪੂਰ ਹੋਣਾ ਹੈ। ਮੁਲਕ ਦੇ ਕੁਲ ਬਾਕਸਾਈਟ ਭੰਡਾਰ ਦਾ ਅੱਧੇ ਤੋਂ ਜ਼ਿਆਦਾ ਹਿੱਸਾ ਇਸੇ ਧਰਤੀ 'ਚ ਹੈ। ਇਸੇ ਕਾਰਨ ਆਲਮੀ ਤੇ ਦੇਸੀ ਕਾਰਪੋਰੇਟ ਦੀਆਂ ਨਜ਼ਰਾਂ ਬਾਕਸਾਈਟ ਭੰਡਾਰ ਉੱਪਰ ਹਨ ਅਤੇ ਉਹ ਹੁਕਮਰਾਨਾਂ ਦੀ ਮਿਲੀਭੁਗਤ ਨਾਲ ਸੈਂਕੜੇ ਪਿੰਡਾਂ ਦੇ ਆਦਿਵਾਸੀਆਂ ਨੂੰ ਹਰ ਹਾਲਤ ਉਜਾੜ ਕੇ ਬਾਕਸਾਈਟ ਉੱਪਰ ਕਬਜ਼ਾ ਕਰਨਾ ਚਾਹੁੰਦੇ ਹਨ। ਦੋ ਦਹਾਕਿਆਂ ਤੋਂ ਨਿਆਮਗਿਰੀ ਦੇ ਆਦਿਵਾਸੀ ਧਾੜਵੀ ਪ੍ਰੋਜੈਕਟਾਂ ਵਿਰੁੱਧ ਡਟੇ ਹੋਏ ਹਨ। ਹਕੂਮਤੀ ਬਲ ਅਤੇ ਛਲ ਦੇ ਹਰ ਵਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਦੇ ਨਾਲ ਹੀ ਉੜੀਸਾ ਦੇ ਆਦਿਵਾਸੀਆਂ ਦਾ 1987 'ਚ ਭਾਰਤ ਐਲਮਿਨੀਅਮ ਕੰਪਨੀ ਵੱਲੋਂ ਕੀਤੀ ਜਾ ਰਹੀ ਮਾਈਨਿੰਗ ਰੋਕਣ, ਗੋਪਾਲਪੁਰ ਵਿਚ



ਟਾਟਾ ਸਟੀਲ ਪਲਾਂਟ ਦੇ ਪ੍ਰੋਜੈਕਟ, ਚਿਲਿਕਾ ਝੀਲ ਉੱਪਰ ਟਾਟਾ ਸ਼ਰਿੰਪ ਦੇ ਕਬਜ਼ੇ ਅਤੇ ਕੋਰਾਪੁਟ ਵਿਖੇ ਆਦਿਤਿਆ ਬਿਰਲਾ ਗਰੁੱਪ ਦੀ ਹਿੰਡਾਲਕੋ ਕੰਪਨੀ ਦੇ ਬਾਕਸਾਈਟ ਮਾਈਨਿੰਗ ਪ੍ਰੋਜੈਕਟ ਵਿਰੁੱਧ ਡੱਟਣ ਦਾ ਵੀ ਸ਼ਾਨਦਾਰ ਇਤਿਹਾਸ ਹੈ।

ਡੌਂਗਰੀਆ ਕੌਂਧ ਕਬੀਲਾ ਉੜੀਸਾ ਵਿਚ ਬਾਕਸਾਈਟ ਮਾਈਨਿੰਗ ਵਿਰੁੱਧ ਨਿਆਮਗਿਰੀ ਅੰਦੋਲਨ ਦੀ ਮੋਹਰੀ ਤਾਕਤ ਹੈ। ਨਿਆਮਗਿਰੀ ਅੰਦੋਲਨ 2003 ਵਿਚ ਉੜੀਸਾ ਸਰਕਾਰ ਦੁਆਰਾ ਵੇਦਾਂਤਾ ਐਲੂਮੀਨੀਅਮ ਲਿਮਟਿਡ (ਵੀ.ਏ.ਐਲ.) ਨਾਲ ਰਾਏਗੜ੍ਹ ਅਤੇ ਕਾਲਾਹਾਂਡੀ ਜ਼ਿਲ੍ਹਿਆਂ ਵਿਚ ਨਿਆਮਗਿਰੀ ਪਹਾੜੀਆਂ ਵਿਚ ਐਲੂਮਿਨਾ ਰਿਫਾਈਨਰੀ ਅਤੇ ਬਾਕਸਾਈਟ ਮਾਈਨਿੰਗ ਪਲਾਂਟ ਸਥਾਪਤ ਕਰਨ ਲਈ ਸਮਝੌਤੇ (ਐਮ.ਓ.ਯੂ.) ਉੱਪਰ ਦਸਤਖ਼ਤ ਕਰਨ 'ਤੇ ਸ਼ੁਰੂ ਹੋਇਆ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਮਾਈਨਿੰਗ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਗ੍ਰਾਮ ਸਭਾਵਾਂ ਦੀ ਸਹਿਮਤੀ ਲਾਜ਼ਮੀ ਹੈ। 112 ਪਿੰਡਾਂ ਦੀਆਂ ਸਾਰੀਆਂ ਹੀ 12 ਗ੍ਰਾਮ ਸਭਾਵਾਂ ਨੇ ਮਾਈਨਿੰਗ ਪ੍ਰੋਜੈਕਟ ਨੂੰ ਨਾਮਨਜ਼ੂਰ ਕਰ ਦਿੱਤਾ। ਮਈ 2016 'ਚ ਸਰਕਾਰੀ ਮਾਲਕੀ ਵਾਲੀ ਮਾਈਨਿੰਗ ਕੰਪਨੀ ਉੜੀਸਾ ਮਾਈਨਿੰਗ ਕਾਰਪੋਰੇਸ਼ਨ ਨੇ ਨਿਆਮਗਿਰੀ ਪਹਾੜੀਆਂ ਦੀ ਚੋਟੀ 'ਤੇ ਬਾਕਸਾਈਟ ਮਾਈਨਿੰਗ ਦਾ ਫ਼ੈਸਲਾ ਕਰਨ ਲਈ ਗ੍ਰਾਮ ਸਭਾਵਾਂ ਕਰਨ ਦੀ ਸੰਭਾਵਨਾ ਉੱਪਰ ਨਵੇਂ ਸਿਰੇ ਤੋਂ ਵਿਚਾਰ ਕਰਨ ਲਈ ਸੁਪਰੀਮ ਕੋਰਟ ਵਿਚ ਨਵੀਂ ਅਰਜ਼ੀ ਦਾਇਰ ਕੀਤੀ ਜੋ ਸੁਪਰੀਮ ਕੋਰਟ ਨੇ ਰੱਦ ਕਰ ਦਿੱਤੀ। ਗ੍ਰਾਮ ਸਭਾਵਾਂ ਦੁਆਰਾ ਸਹਿਮਤੀ ਦੇਣ ਤੋਂ ਇਨਕਾਰ ਕਰਨ ਤੋਂ ਬਾਅਦ ਵੇਦਾਂਤ ਕੰਪਨੀ ਦੇ ਠੇਕੇ ਰੱਦ ਕਰਨ ਦੇ ਬਾਵਜੂਦ, ਉੜੀਸਾ ਦੀ ਰਾਜ ਸਰਕਾਰ ਨੇ ਸਥਾਨਕ ਡੌਂਗਰੀਆ ਕੌਂਧ ਆਦਿਵਾਸੀਆਂ ਨੂੰ ਇਹ ਭਰੋਸਾ ਨਹੀਂ ਦਿੱਤਾ ਕਿ ਨਿਆਮਗਿਰੀ ਪਹਾੜੀਆਂ ਨੂੰ ਕੰਪਨੀ ਦੇ ਹਵਾਲੇ ਨਹੀਂ ਕੀਤਾ ਜਾਵੇਗਾ। ਅਜਿਹਾ ਕੁਝ ਹੀ ਕੋਰਾਪੁਟ ਜ਼ਿਲ੍ਹੇ ਦੇ ਮਾਲੀ ਪਰਬਤ ਇਲਾਕੇ 'ਚ ਵਾਪਰਿਆ ਜਿੱਥੇ 42 ਪਿੰਡਾਂ ਦੇ ਲੋਕ ਹਿੰਡਾਲਕੋ ਬਾਕਸਾਈਟ ਮਾਈਨਿੰਗ ਪ੍ਰੋਜੈਕਟ ਦਾ ਵਿਰੋਧ ਕਰ ਰਹੇ ਹਨ। ਉੜੀਸਾ ਹਾਈਕੋਰਟ ਨੇ ਸਟੇਟ ਪ੍ਰਦੂਸ਼ਨ ਕੰਟਰੋਲ ਬੋਰਡ ਵੱਲੋਂ ਕਰਵਾਈ ਜਨਤਕ ਸੁਣਵਾਈ ਰੱਦ ਕਰ ਦਿੱਤੀ ਅਤੇ ਮੁੜ ਸੁਣਵਾਈ ਕਰਨ ਦਾ ਆਦੇਸ਼ ਦਿੱਤਾ। ਜਨਵਰੀ 2023 ਨੂੰ ਹੋਈ ਸੁਣਵਾਈ ਵਿਚ ਲੋਕਾਂ ਨੇ ਵਿਰੋਧ ਦਰਜ ਕਰਾਇਆ। ਮਾਲੀ ਪਰਬਤ ਮਾਮਲੇ 'ਚ ਰਾਜ ਸਰਕਾਰ ਨੇ ਹਾਈਕੋਰਟ ਦੇ ਆਦੇਸ਼ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਦੀ ਕਾਰਪੋਰੇਟ ਪੱਖੀ ਦਖ਼ਲਅੰਦਾਜ਼ੀ ਦਾ ਨੋਟਿਸ ਨਹੀਂ ਲਿਆ। ਸਰਕਾਰ ਤਾਂ ਜਬਰ ਅਤੇ ਹਕੂਮਤੀ ਦਹਿਸ਼ਤ ਰਾਹੀਂ ਇਹ ਯਕੀਨੀ ਬਣਾ ਰਹੀ ਹੈ ਕਿ ਇਹ ਵੱਖ-ਵੱਖ ਅੰਦੋਲਨ ਇਕਜੁੱਟ ਹੋ ਕੇ ਹੋਰ ਮਜ਼ਬੂਤ ਵਿਰੋਧ ਲਹਿਰ ਨਾ ਬਣ ਜਾਣ।

ਜਨਤਕ ਸੁਣਵਾਈ ਅਤੇ ਗ੍ਰਾਮ ਸਭਾ ਦੀ ਮਨਜ਼ੂਰੀ ਦਾ ਅਮਲ ਪੂਰਾ ਕੀਤੇ ਬਿਨਾਂ ਹੀ ਰਾਜ ਸਰਕਾਰ ਨੇ ਰਾਏਗੜ੍ਹ ਅਤੇ ਕਾਲਾਹਾਂਡੀ ਜ਼ਿਲ੍ਹਿਆਂ ਵਿਚਲੀ ਸਿਜੀਮਾਲੀ ਪਹਾੜੀ ਬਾਕਸਾਈਟ ਮਾਈਨਿੰਗ ਲਈ ਵੇਦਾਂਤ ਕੰਪਨੀ ਦੇ ਹਵਾਲੇ ਕਰਨ ਲਈ ਬਜ਼ਿੱਦ ਹੈ। 23 ਨਵੰਬਰ 2022 ਨੂੰ ਉੜੀਸਾ ਦੇ ਡਾਇਰੈਕਟਰ ਮਾਈਨਜ਼ ਐਂਡ ਜਿਓਆਲੋਜੀ ਨੇ ਬਾਕਸਾਈਟ ਅਤੇ ਚੂਨੇ ਦੀਆਂ ਖਾਣਾਂ ਲੀਜ਼ 'ਤੇ ਦੇਣ ਲਈ ਟੈਂਡਰ ਜਾਰੀ ਕਰ ਕੇ ਕਾਲਾਹਾਂਡੀ, ਰਾਏਗੜ੍ਹ ਤੇ ਕੋਰਾਪੁਟ ਵਿਚ ਤਿੰਨ ਬਾਕਸਾਈਟ ਬਲਾਕਾਂ ਲਈ ਅਤੇ ਨੁਆਪਾੜਾ ਤੇ ਮਲਕਾਨਗਿਰੀ ਵਿਚ ਚੂਨੇ ਦੇ ਦੋ ਬਲਾਕਾਂ ਲਈ ਟੈਂਡਰ ਮੰਗੇ ਸਨ। 21 ਫਰਵਰੀ ਨੂੰ ਪ੍ਰੈੱਸ ਬਿਆਨ ਜਾਰੀ ਕਰਕੇ ਵੇਦਾਂਤ ਨੇ ਦਾਅਵਾ ਕੀਤਾ ਕਿ ਸਿਜੀਮਾਲੀ ਬਾਕਸਾਈਟ ਬਲਾਕ (ਅੰਦਾਜ਼ਨ 3110 ਲੱਖ ਟਨ ਬਾਕਸਾਈਟ ਦਾ ਭੰਡਾਰ) ਦਾ ਤਰਜੀਹੀ ਬੋਲੀ 'ਚ ਉਨ੍ਹਾਂ ਦੀ ਕੰਪਨੀ ਨੂੰ ਤਰਜੀਹ ਦਿੱਤੀ ਗਈ ਹੈ। 12 ਅਗਸਤ 2023 ਨੂੰ ਮੈਤਰੀ ਇਨਫ੍ਰਾਸਟਰਕਚਰ ਐਂਡ ਮਾਈਨਿੰਗ ਇੰਡੀਆ ਪ੍ਰਾਈਵੇਟ ਲਿਮਟਡ ਦੇ ਅਧਿਕਾਰੀ ਇਹ ਦਾਅਵਾ ਕਰਦੇ ਹੋਏ ਪਹਾੜੀ ਦੀ ਚੋਟੀ ਦਾ ਦੌਰਾ ਕਰਨ ਲਈ ਗਏ ਕਿ ਵੇਦਾਂਤ ਨੇ ਇੱਥੇ ਮਾਈਨਿੰਗ ਸ਼ੁਰੂ ਕਰਨ ਦਾ ਅਧਿਕਾਰ ਉਨ੍ਹਾਂ ਨੂੰ ਦੇ ਦਿੱਤਾ ਹੈ। ਮੈਤਰੀ ਅਧਿਕਾਰੀਆਂ ਨੇ ਮੁਕਾਮੀ ਥਾਣੇ ਤੋਂ ਪੁਲਿਸ ਦੀ ਸੁਰੱਖਿਆ ਟੁਕੜੀ ਲੈ ਕੇ ਪਹਾੜੀ ਦਾ ਸਰਵੇ ਕਰਨ ਦੀ ਕੋਸ਼ਿਸ਼ ਕੀਤੀ। ਇਹ ਪਤਾ ਲੱਗਣ 'ਤੇ ਆਦਿਵਾਸੀ ਗੁੱਸੇ 'ਚ ਆ ਗਏ ਅਤੇ ਉਨ੍ਹਾਂ ਨੇ ਕੰਪਨੀ ਅਧਿਕਾਰੀਆਂ ਨੂੰ ਘੇਰ ਕੇ ਕਾਰਪੋਰਟ ਆਮਦ ਦਾ ਵਿਰੋਧ ਕੀਤਾ। ਅਧਿਕਾਰੀਆਂ ਨੂੰ ਵਾਪਸ ਮੁੜਨਾ ਪਿਆ। ਇਸ ਵਿਰੋਧ ਨੂੰ ਘਾਤਕ ਹਥਿਆਰਾਂ ਨਾਲ ਲੈਸ ਹੋ ਕੇ ਪੁਲਿਸ ਤੇ ਕਾਰੋਬਾਰੀਆਂ ਉੱਪਰ ਹਮਲਾ ਬਣਾ ਲਿਆ ਗਿਆ। ਸਿਜੀਮਾਲੀ ਮਾਮਲੇ 'ਚ ਸਰਕਾਰ ਮੈਤਰੀ ਕੰਪਨੀ ਦੀ ਜਵਾਬ ਤਲਬੀ ਨਹੀਂ ਕਰ ਰਹੀ ਕਿ ਉਹ ਕਾਨੂੰਨੀ ਮਨਜ਼ੂਰੀ ਤੋਂ ਬਿਨਾਂ ਇਲਾਕੇ ਵਿਚ ਕਿਵੇਂ ਦਾਖ਼ਲ ਹੋਏ। ਇਸ ਦੀ ਬਜਾਇ, ਹਕੂਮਤ ਤੇ ਖਣਨ ਮਾਫ਼ੀਆ ਗੱਠਜੋੜ ਨੇ ਨਾਬਰ ਆਦਿਵਾਸੀਆਂ ਨੂੰ ਦਹਿਸ਼ਤਜ਼ਦਾ ਕਰਨ ਤੇ ਉਨ੍ਹਾਂ ਦੇ ਵਿਰੋਧ ਨੂੰ ਕੁਚਲਣ ਲਈ ਪੁਲਿਸ ਦਾ ਕਟਕ ਚਾੜ੍ਹ ਦਿੱਤਾ ਅਤੇ ਇਸ ਇਲਾਕੇ ਤੋਂ 21 ਸਿਰਕੱਢ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਹੁਣ ਇਕ ਹੋਰ ਮੁੱਖ ਕਾਰਕੁਨ ਨੂੰ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਝੂਠੇ ਕੇਸਾਂ ਅਤੇ ਧੜਾਧੜ ਗ੍ਰਿਫ਼ਤਾਰੀਆਂ ਦਾ ਮਨੋਰਥ ਨਿਆਮਗਿਰੀ ਅਤੇ ਮਾਲੀ ਪਰਬਤ ਦੇ ਮਜ਼ਬੂਤ ਅੰਦੋਲਨਾਂ ਵੱਲੋਂ ਹੋਰ ਛੋਟੇ ਅੰਦੋਲਨਾਂ ਦੀ ਹਮਾਇਤ ਕਰਨ ਤੋਂ ਰੋਕਣਾ ਅਤੇ 16 ਅਕਤੂਬਰ ਦੀ ਕਥਿਤ ਜਨਤਕ ਸੁਣਵਾਈ ਲਈ ਰਾਹ ਪੱਧਰਾ ਕਰਨਾ ਹੈ ਜੋ ਦਰਅਸਲ ਖਣਨ ਵਿਰੋਧੀ ਸਰਗਰਮ ਹਿੱਸਿਆਂ ਨੂੰ ਬਾਹਰ ਕਰ ਕੇ ਪ੍ਰੋਜੈਕਟ ਲਈ ਜਾਅਲੀ ਸਹਿਮਤੀ ਲੈਣ ਦੀ ਸਾਜ਼ਿਸ਼ ਹੈ।

ਯੂ.ਏ.ਪੀ.ਏ. ਅਤੇ ਹੋਰ ਕਾਲੇ ਕਾਨੂੰਨਾਂ ਤਹਿਤ ਬੇਗੁਨਾਹਾਂ ਵਿਰੁੱਧ ਝੂਠੇ ਕੇਸ ਅਦਾਲਤਾਂ ਵਿਚ ਸਾਬਤ ਨਾ ਹੋਣ ਦੇ ਬਾਵਜੂਦ ਅਵਾਮ ਵੱਲੋਂ ਕਾਰਪੋਰੇਟ ਪ੍ਰੋਜੈਕਟਾਂ ਦੇ ਪੂਰੀ ਤਰ੍ਹਾਂ ਜਾਇਜ਼ ਵਿਰੋਧ ਨੂੰ ਕੁਚਲਣ ਲਈ ਨਵੇਂ ਕੇਸ ਬਣਾਉਣ ਦਾ ਸਿਲਸਿਲਾ ਜਾਰੀ ਹੈ। ਪੀਪਲਜ਼ ਯੂਨੀਅਨ ਆਫ ਸਿਵਲ ਲਿਬਰਟੀਜ਼ ਦੀ ਸਤੰਬਰ 2022 ਦੀ ਰਿਪੋਰਟ ਜੋ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ 'ਤੇ ਆਧਾਰਿਤ ਹੈ, ਅਨੁਸਾਰ 2015 ਤੋਂ ਲੈ ਕੇ 2020 ਦਰਮਿਆਨ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰ 8371 ਜਣਿਆਂ ਵਿਚੋਂ ਸਿਰਫ਼ 235 (3%) ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਬਾਕੀ ਸਾਰੇ ਬੇਗੁਨਾਹ ਸਾਬਤ ਹੋਏ। ਪਿਛਲੇ ਸਾਲ ਜੁਲਾਈ ਮਹੀਨੇ ਦਾਂਤੇਵਾੜਾ (ਛੱਤੀਸਗੜ੍ਹ) ਦੀ ਵਿਸ਼ੇਸ਼ ਅਦਾਲਤ ਨੇ 121 ਆਦਿਵਾਸੀਆਂ ਨੂੰ ਬੇਗੁਨਾਹ ਕਰਾਰ ਦੇ ਕੇ ਰਿਹਾਅ ਕਰ ਦਿੱਤਾ ਸੀ। ਉਨ੍ਹਾਂ ਨੂੰ 2017 'ਚ ਇਕ ਮਾਓਵਾਦੀ ਹਮਲੇ ਦੇ ਕੇਸ 'ਚ ਗ੍ਰਿਫ਼ਤਾਰ ਕਰ ਕੇ ਯੂ.ਏ.ਪੀ.ਏ. ਲਗਾ ਦਿੱਤਾ ਸੀ ਅਤੇ ਬੇਗੁਨਾਹਾਂ ਨੂੰ ਪੰਜ ਸਾਲ ਜੇਲ੍ਹ ਦਾ ਸੰਤਾਪ ਝੱਲਣਾ ਪਿਆ ਸੀ।

ਇਸ ਹਮਲੇ ਦਾ ਮੁਕਾਬਲਾ ਕਰਨ ਲਈ ਨਿਆਮਗਿਰੀ, ਸਿਜੀਮਾਲੀ, ਕੁਤਰੂਮਾਲੀ, ਮਾਝਿੰਗਮਾਲੀ, ਖਾਂਡੂਆਮਾਲੀ, ਕੋਡਿੰਗਾਮਾਲੀ, ਮਾਲੀ ਪਰਬਤ, ਸੇਰੂਬੰਧ, ਕਰਨਕਕੋਂਡਾਮਾਲੀ ਤੇ ਨਾਗੇਸ਼ਵਰੀ ਮਾਲੀ ਦੇ ਸੰਘਰਸ਼ਸ਼ੀਲ ਆਦਿਵਾਸੀ ਆਪਸੀ ਏਕਤਾ ਅਤੇ ਇਕਜੁੱਟਤਾ ਉਸਾਰਨ ਅਤੇ ਅੰਦੋਲਨਾਂ ਦਾ ਤਾਲਮੇਲ ਮਜ਼ਬੂਤ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਯੂ.ਏ.ਪੀ.ਏ. ਲਗਾਉਣ ਤੇ ਗ੍ਰਿਫ਼ਤਾਰੀਆਂ ਵਿਰੁੱਧ ਬੁੱਧੀਜੀਵੀ ਅਤੇ ਜਮਹੂਰੀ ਹਲਕਿਆਂ ਨੇ ਆਵਾਜ਼ ਉਠਾਈ ਹੈ ਅਤੇ ਆਦਿਵਾਸੀਆਂ ਦੀ ਹੱਕ-ਜਤਾਈ ਨੂੰ ਕੁਚਲਣ ਲਈ ਢਾਹਿਆ ਜਾ ਰਿਹਾ ਜਬਰ ਬੰਦ ਕਰਨ ਦੀ ਮੰਗ ਕੀਤੀ ਹੈ। ਇਹ ਤਸੱਲੀ ਵਾਲੀ ਗੱਲ ਤਾਂ ਹੈ ਪਰ ਰਾਜਕੀ ਦਹਿਸ਼ਤਵਾਦ ਨੂੰ ਰੋਕਣ ਲਈ ਇਹ ਕਾਫ਼ੀ ਨਹੀਂ ਹੈ। ਇਸ ਲਈ ਪੂਰੇ ਮੁਲਕ 'ਚ ਵਿਆਪਕ ਪੈਮਾਨੇ 'ਤੇ ਲੋਕ ਰਾਇ ਲਾਮਬੰਦੀ ਹੋਣੀ ਚਾਹੀਦੀ ਹੈ ਅਤੇ ਇਸ ਅਖੌਤੀ ਵਿਕਾਸ ਦੇ ਨਾਂ ਹੇਠ ਦੂਰ-ਦਰਾਜ ਇਲਾਕਿਆਂ 'ਚ ਕੀਤੇ ਜਾ ਰਹੇ ਵਿਨਾਸ਼ ਦੀ ਹਕੀਕਤ ਹਰ ਨਾਗਰਿਕ ਤੱਕ ਪਹੁੰਚਣੀ ਚਾਹੀਦੀ ਹੈ।

# ਜ਼ਿਮਨੀ ਚੋਣਾਂ ਤੇ ਕੇਂਦਰ ਸਰਕਾਰ




**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਹੁਣੇ ਹੁਣੇ ਰਾਜਾਂ ਦੀਆਂ 7 ਸੀਟਾਂ ਲਈ ਜ਼ਿਮਨੀ ਚੋਣਾਂ ਦੇ ਨਤੀਜੇ ਆਏ ਹਨ। 7 ਵਿਚੋਂ 3 ਸੀਟਾਂ ਭਾਜਪਾ ਦੇ ਹਿੱਸੇ ਆਈਆਂ ਹਨ ਤੇ 4 ਸਮਾਜਵਾਦੀ ਪਾਰਟੀ (ਉੱਤਰ ਪ੍ਰਦੇਸ਼) ਝਾਰਖੰਡ ਮੁਕਤੀ ਮੋਰਚਾ (ਝਾਰਖੰਡ) ਤ੍ਰਿਣਮੂਲ ਕਾਂਗਰਸ (ਪਛਮੀ ਬੰਗਾਲ) ਤੇ ਕਾਂਗਰਸ (ਕੇਰਲ) ਦੇ। ਇਹ ਚਾਰੇ ਪਾਰਟੀਆਂ ਇੰਡੀਆ ਗੱਠਜੋੜ ਦਾ ਹਿੱਸਾ ਹਨ। ਭਾਵੇਂ ਇਨ੍ਹਾਂ ਨਤੀਜਿਆਂ ਤੋਂ ਅਗਾਮੀ ਚੋਣਾਂ ਦੇ ਨਤੀਜਿਆਂ ਬਾਰੇ ਅੰਦਾਜ਼ਾ ਲਾਉਣ ਠੀਕ ਨਹੀਂ ਫੇਰ ਵੀ ਉੱਤਰ ਪ੍ਰਦੇਸ਼ ਦੇ ਘੋਪੀ ਚੋਣ ਹਲਕੇ ਤੋਂ ਸਮਾਜਵਾਦੀ ਪਾਰਟੀ ਦੇ ਅਖਿਲੇਸ਼ ਯਾਦਵ ਦਾ ਭਾਜਪਾ ਦੇ ਦਾਰਾ ਸਿੰਘ ਚੌਹਾਨ ਨੂੰ ਕੋਈ 42 ਹਜ਼ਾਰ ਵੋਟਾਂ ਦੇ ਫਰਕ ਨਾਲ ਹਰਾਉਣਾ ਭਾਜਪਾ ਲਈ ਚਿੰਤਾ ਦਾ ਵਿਸ਼ਾ ਹੈ। ਖਾਸ ਕਰਕੇ ਏਸ ਲਈ ਕਿ ਏਥੇ ਯਾਦਵ ਨੂੰ ਹਰਾਉਣ ਲਈ ਮੁੱਖ ਮੰਤਰੀ ਅਦਿਤਿਆ ਨਾਥ ਯੋਗੀ ਨੇ ਖ਼ੁਦ ਪੂਰਾ ਜ਼ੋਰ ਲਾਇਆ ਸੀ; ਹਿੰਦੂ ਪੱਤਾ ਰੱਜ ਕੇ ਖੇਡਣ ਸਮੇਤ।

ਭਾਜਪਾ ਦੀ ਚਿੰਤਾ ਨੂੰ ਪੂਰੀ ਤਰ੍ਹਾਂ ਉਜਾਗਰ ਕਰਨ ਲਈ ਸੁਪਰੀਮ ਕੋਰਟ ਦੇ ਮੰਨੇ ਪ੍ਰਮੰਨੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਤਾਂ ਏਥੋਂ ਤੱਕ ਕਹਿ ਦਿੱਤਾ ਹੈ ਕਿ ਕੇਂਦਰ ਦੀ ਸਰਕਾਰ ਨੂੰ ਚਿੰਤਾ ਏਨੀ ਵੱਧ ਹੈ ਕਿ ਇਹ 'ਇਕ ਦੇਸ਼ ਇੱਕ ਚੋਣ' ਦੇ ਨਾਅਰੇ 'ਤੇ ਪਹਿਰਾ ਦੇ ਕੇ ਦੇਸ਼ ਦੇ ਲੋਕਤੰਤਰ ਦਾ ਘਾਣ ਕਰਨ ਉੱਤੇ ਤੁਲ ਪਈ ਹੈ। ਘੱਟੋ ਘੱਟ ਮੰਤਵ 5 ਸੂਬਿਆਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਮੁਲਤਵੀ ਕਰਨਾ ਹੈ। ਕੁੱਝ ਵੀ ਹੋਵੇ ਮੋਦੀ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਯਕੀਨੀ ਨਹੀਂ ਤਾਂ ਨੇੜੇ ਜ਼ਰੂਰ ਹੈ।

**ਭਾਰਤ, ਹਿੰਦੁਸਤਾਨ, ਇੰਡੀਆ ਜਾਂ ਸਾਰੇ ਹੀ**

ਵਿਰੋਧੀ ਧਿਰ ਵਲੋਂ ਆਪਣੇ ਇਕੱਠ ਨੂੰ ਇੰਡੀਆ ਕਹਿਣ ਉਤੇ ਕੇਂਦਰ ਵਿਚ ਭਾਰੂ ਪਾਰਟੀ ਨੇ ਖਾਹਮਖਾਹ ਦਾ ਵਿਵਾਦ ਤੇ ਵਾਵੇਲਾ ਮਚਾ ਰੱਖਿਆ ਹੈ। ਜਦੋਂ ਮੁਹੰਮਦ ਅਲੀ ਜਿਨਾਹ ਨੇ ਦੇਰ ਰਾਤ ਸਮੇਂ ਪੰਜਾਬ ਤੇ ਬੰਗਾਲ ਵਿਚੋਂ ਆਪਣੇ ਬਣਨ ਵਾਲੇ ਦੇਸ਼ ਦਾ ਨਾਂ ਪਾਕਿਸਤਾਨ ਰੱਖਿਆ ਸੀ ਤਾਂ ਉਸਦਾ ਮਨਸ਼ਾ ਅਖੰਡ ਹਿੰਦੁਸਤਾਨ ਦੀ ਬਰਾਬਰੀ ਕਰਨਾ ਜਾਂ ਇਸਨੂੰ ਮਾਤ ਪਾਉਣਾ ਸੀ। ਮੁਗ਼ਲਾਂ ਦੇ ਨਾਮਕਰਨ ਵਾਲੇ ਹਿੰਦੁਸਤਾਨ ਨੂੰ। ਉਹ ਬਰਤਾਨਵੀ ਰਾਜ ਦੇ ਇੰਡੀਆ ਨੂੰ ਉੱਕਾ ਹੀ ਵਿਸਾਰਨਾ ਚਾਹੁੰਦਾ ਸੀ। ਇਹ ਗੱਲ ਵੱਖਰੀ ਹੈ ਕਿ 1971 ਵਿਚ ਪਾਕਿਸਤਾਨੀ ਬੰਗਾਲੀਆਂ ਨੇ ਆਪਣੀ ਬੋਲੀ ਸਾਹਿਤ ਤੇ ਸਭਿਆਚਾਰ ਦਾ ਬੋਲਬਾਲਾ



ਜਤਾਉਣ ਲਈ ਆਪਣੇ ਆਪ ਨੂੰ ਜਿਨਾਹ ਦੇ ਸਿਰਜੇ ਪਾਕਿਸਤਾਨ ਤੋਂ ਵੱਖ ਕਰ ਲਿਆ। ਏਸ ਭੰਨ-ਤੋੜ ਵਿੱਚ ਮੁੱਖ ਮਕਸਦ ਬੋਲੀ ਦੀ ਸਰਦਾਰੀ ਜਤਾਉਣਾ ਸੀ। ਬੰਗਾਲੀ ਬੋਲਣ ਵਾਲਾ ਬੰਗਾਲ ਦੋ ਹਿੱਸਿਆਂ ਵਿਚ ਵੰਡਿਆ ਗਿਆ। ਅੱਧਾ ਹਿੱਸਾ ਪੱਛਮੀ ਬੰਗਾਲ ਦੇ ਨਾਂ ਥੱਲੇ ਸੁਤੰਤਰ ਦੇਸ਼ ਹੋ ਗਿਆ ਤੇ ਬਾਕੀ ਅੱਧਾ ਪਹਿਲਾ ਵਾਂਗ ਹੀ ਭਾਰਤ ਦਾ ਇੱਕ ਵੱਡਾ ਰਾਜ ਰਹਿ ਗਿਆ। ਵਿਵਾਦ ਦੀ ਜੜ੍ਹ ਹਿੰਦੁਸਤਾਨ ਦਾ ਨਵਾਂ ਨਾਂ ਹੈ। ਇੰਡੀਆ ਤੇ ਭਾਰਤ।

ਹੁਣ ਇੱਕੀਵੀਂ ਸਦੀ ਵਿਚ ਅਸੀਂ ਸੋਚਣਾ ਹੈ ਕਿ ਅਸੀਂ ਆਪਣੇ ਦੇਸ਼ ਲਈ ਮੁਗ਼ਲਾਂ ਦਾ ਨਾਮਕਰਨ ਹਿੰਦੁਸਤਾਨ ਵਰਤਣਾ ਹੈ, ਬਰਤਾਨੀਆ ਵਾਲਿਆਂ ਦਾ ਇੰਡੀਅਗ ਜਾਂ ਸੁਤੰਤਰਤਾ ਤੋਂ ਪਿਛੋਂ ਵਾਲਾ ਇੰਡੀਆ ਤੇ ਭਾਰਤ ਤਵਾਰੀਖ ਗਵਾਹ ਹੈ ਕਿ ਗੋਆ, ਦਮਨ ਦਿਊ ਤੇ ਪਾਂਡੀਚਰੀ ਦਾ ਇਲਾਕਾ ਛੱਡ ਕੇ ਬਰਤਾਨੀਆ ਵਾਲਿਆਂ ਨੇ ਸਾਨੂੰ ਇੰਡੀਆ ਨਾਂ ਥੱਲੇ ਇਕਜੁੱਟ ਕੀਤਾ। ਦੱਖਣੀ ਦੇ ਧੁਰ ਪੂਰਬੀ ਰਾਜ ਅੱਜ ਵੀ ਆਪਣੇ ਆਪ ਨੂੰ ਭਾਰਤੀ ਜਾਂ ਹਿੰਦੁਸਤਾਨੀ ਕਹਿਣ ਨਾਲੋਂ ਇੰਡੀਆ ਕਹਿਣਾ ਚੰਗਾ ਸਮਝਦੇ ਹਨ।

ਚੇਤੇ ਰਹੇ ਕਿ ਭਾਰਤ ਦਾ ਸੰਵਿਧਾਨ ਸਿਰਜਣ ਵਾਲੀ ਪੰਡਤ ਜਵਾਹਰ ਲਾਲ ਨਹਿਰੂ ਦੀ ਸਰਕਾਰ ਸੀ। ਉਸ ਨੇ ਸੰਵਿਧਾਨ ਦੀ ਅੰਗ੍ਰੇਜ਼ੀ ਭਾਸ਼ਾ ਵਾਲੀ ਕਾਪੀ ਨੂੰ 'ੋਨਸਟਟਿੁਟਿੋਨ ੋਾ 9ਨਦਅਿ' ਲਿਖਿਆ ਹਿੰਦੀ ਭਾਸ਼ਾ ਵਾਲੀ ਨੂੰ ਭਾਰਤ ਕਾ ਸੰਵਿਧਾਨ ਇਸਨੂੰ ਲੋਕ ਸਭਾ ਉਦੋਂ ਭਾਰਤ ਦੀ ਥਾਂ ਹਿੰਦੁਸਤਾਨ ਨੂੰ ਵੀ ਪ੍ਰਵਾਨਗੀ ਦਿੱਤੀ ਜਾ ਸਕਦੀ ਸੀ ਪਰ ਵੇਲੇ ਦੀ ਸਰਕਾਰ ਤੇ ਸੰਸਦ ਨੇ ਭਾਰਤ ਨੂੰ ਤਰਜੀਹ ਦਿੱਤੀ। ਕੌਣ ਨਹੀਂ ਜਾਣਦਾ ਕਿ ਹਿੰਦੁਸਤਾਨ ਵਿਚ ਹਿੰਦੂਤਵ ਦੀ ਭਾਵਨਾ ਭਾਰਤ ਨਾਲੋਂ ਵੱਧ ਹੈ। ਉਂਝ ਵੀ ਭਾਰਤ ਸ਼ਬਦ ਵਿਚ ਮਿਥਿਹਾਸਕ ਭਾਵਨਾ ਹੈ ਤੇ ਹਿੰਦੁਸਤਾਨ ਵਿਚ ਇਤਿਹਾਸਕ। ਇਤਿਹਾਸ ਉੱਤੇ ਪਹਿਰਾ ਦਿੱਤਾ ਜਿਹੜਾ ਮਿਥਿਹਾਸ ਨਾਲੋਂ ਵੱਢਾ ਹੁੰਦਾ ਹੈ। ਭਾਜਪਾ ਵਾਲਿਆਂ ਦਾ ਮਿਥਿਹਾਸ ਨੂੰ ਵਿਗਿਆਨਕ ਸੱਚ ਨਾਲੋਂ ਵਡਿਆਉਣ ਦਾ ਮੂਲ ਮੰਤਵ ਸੁਤੰਤ੍ਰਤਾ ਪ੍ਰਾਪਤੀ ਵਿਚ ਵੱਡਾ ਹਿੱਸਾ ਪਾਉਣ ਵਾਲੀ ਪ੍ਰਮੁੱਖ ਰਾਜਨੀਤਕ ਪਾਰਟੀ ਨੂੰ ਛੁਟਿਆਉਣਾ ਹੈ। ਕੁਝ ਏਸੇ ਤਰ੍ਹਾਂ ਜਿਵੇਂ ਚੰਦਰਯਾਨ ਤਿੰਨ ਦੀ ਸਫਲਤਾ ਨੂੰ ਭਾਜਪਾ ਦੀ ਪ੍ਰਾਪਤੀ ਤੱਕ ਸੀਮਤ ਕਰਨਾ। ਇਹ ਭੁੱਲ ਭਲਾ ਕੇ ਇਸਰੋ ਦੀ ਸਥਾਪਨਾ ਪੰਡਤ ਨਹਿਰੂ ਦੇ ਕਾਲ ਵਿਚ ਹੋਈ ਸੀ ਤੇ ਇਹ ਪ੍ਰਾਪਤੀ ਇਸਰੋ ਤੇ ਉਸ ਨਾਲ ਸੱਤ ਸਦੀਆਂ ਤੋਂ ਜੁੜੇ ਵਿਗਿਆਨੀਆਂ ਦੀ ਹੈ। ਉਨ੍ਹਾਂ ਰਾਜਨੀਤਕ ਨੇਤਾਵਾਂ ਦੀ ਨਹੀਂ ਜਿਹੜੇ ਹਿੱਕ ਥਾਪੜ ਕੇ ਅੱਗੋਂ ਆ ਰਹੇ ਹਨ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਭਾਰਤ ਤੇ ਇੰਡੀਆ ਸ਼ਬਦਾਂ ਦਾ ਭਾਵਨਾਤਕ ਮਹੱਤਵ ਵੱਖੋ ਵਖਰਾ ਹੈ। ਭਾਜਪਾ ਵਲੋਂ ਇਸਨੂੰ ਉਤਰੀ ਹਿੰਦੀ ਭਾਸ਼ੀ ਰਾਜਾਂ ਵਿਚ 2024 ਵਾਲੀਆਂ ਚੋਣਾਂ ਸਮੇਂ ਵੋਟਾਂ ਦਾ ਲਾਭ ਮਿਲ ਸਕਦਾ ਹੈ। 18 ਸਤੰਬਰ, 2023 ਨੂੰ ਸੱਦਿਆ ਗਿਆ ਸੰਸਦ ਸੈਸ਼ਨ ਵੀ ਭਾਜਪਾ ਨੂੰ 2024 ਦੀਆਂ ਚੋਣਾਂ ਵਿਚ ਲਾਭ ਦੇਣ ਲਈ ਹੈ। ਚੇਤੇ ਰਹੇ ਕਿ 1949 ਵਿਚ 'ਇੰਡੀਆ ਜੋ ਕਿ ਭਾਰਤ ਹੈ' ਜੁਮਲੇ ਨੂੰ ਪ੍ਰਵਾਨਗੀ ਦੇਣ ਵਾਲੀ ਮਿਤੀ ਵੀ 18 ਸਤੰਬਰ ਹੀ ਸੀ। ਵਰਤਮਾਨ ਸਰਕਾਰ ਇਹ ਭੁਲਾ ਦੇਣਾ ਚਾਹੁੰਦੀ ਹੈ ਜਿਸ ਸ਼ਬਦ ਨੂੰ ਵਿਵਾਦ ਦੀ ਜੜ੍ਹ ਬਣਾਈ ਬੈਠੇ ਹਨ। ਇਸਦੀ ਨੀਂਹ ਪੂਰੇ 75 ਸਾਲ ਪਹਿਲਾਂ ਪੰਡਤ ਨਹਿਰੂ ਕਾਲ ਵਿਚ ਰੱਖੀ ਗਈ ਸੀ। ਉਹ ਨਹੀਂ ਜਾਣਦੇ ਕਿ ਇਸਰੋ ਦੇ ਪ੍ਰਸੰਗ ਵਿਚ ਤਾਂ ਇਹ ਪੱਤਾ ਚੱਲ ਗਿਆ ਏਥੇ ਚੱਲਣਾ ਔਖਾ ਹੈ। ਇਹ ਵੀ ਹੋ ਸਕਦਾ ਹੈ ਕਿ ਇਹ ਪੁੱਠਾ ਪੈ ਜਾਵੇ।

ਇੱਕ ਗੱਲ ਤਾਂ ਸਪੱਸ਼ਟ ਹੈ ਜਿਸ ਰਾਹ ਕੇਂਦਰ ਦੀ ਵਰਤਮਾਨ ਸਰਕਾਰ ਤੁਰੀ ਹੋਈ ਹੈ ਇੰਡੀਆ (ਭਾਵ ਅਖੰਡ ਭਾਰਤ) ਵਿਚੋਂ ਹਿੰਦੀ ਭਾਸ਼ੀ ਰਾਜਾਂ ਦੇ ਜੁਦਾ ਹੋਣ ਦੀ ਸੰਭਾਵਨਾ ਵਧ ਜਾਵੇਗੀ। ਇਹ ਵੀ ਕਿ ਅਜਿਹਾ ਟੁਕੜਾ ਕਿੰਨਾ ਵੀ ਵੱਡਾ ਹੋਵੇ ਚਾਰ ਚੁਫੇਰੇ ਵਾਲੇ ਰਾਜਾਂ ਨੇ ਇਸਨੂੰ ਟਿਕਣ ਨਹੀਂ ਦੇਣਾ। ਖਾਸ ਕਰਕੇ ਦੱਖਣੀ ਭਾਰਤ, ਧੁਰ ਪੂਰਬ ਤੇ ਪੰਜਾਬ ਨੇ ਜਿਸਨੂੰ ਵਿਦੇਸ਼ ਵਸਦੇ ਪੰਜਾਬੀਆਂ ਨੇ ਲੂਤੀ ਲਾਈ ਰੱਖਣੀ ਹੈ। ਖਾਲਿਸਤਾਨ ਦਾ ਨਾਅਰਾ ਲਾ ਕੇ।

ਜਿਨ੍ਹਾਂ ਨੇ ਅਜੋਕੇ ਪਾਕਿਸਤਾਨ ਦੀ ਯਾਤਰਾ ਕੀਤੀ ਹੈ ਉਹ ਜਾਣਦੇ ਹਨ ਕਿ ਉਥੇ ਗੋਰੀ ਸਰਕਾਰ ਦੀਆਂ ਵਧਾਈਆਂ ਵਾਰਾਂ ਵਿਚ ਹੀ ਭੰਗ ਨਹੀਂ ਭੁੰਜਦੀ ਪਿੰਡਾਂ ਦੀਆਂ ਸੜਕਾਂ ਤੰਗ ਅਤੇ ਭੋੜੀਆਂ ਹਨ। ਪਿੰਡਾਂ ਦੇ ਮਕਾਨ ਹਾਲੀ ਵੀ ਕੱਚੇ ਹਨ ਤੇ ਪੱਕੇ ਘਰਾਂ ਦੀਆਂ ਇੱਟਾਂ ਤਾਂ ਪੱਕੀਆਂ ਹਨ ਪਰ ਉਨ੍ਹਾਂ ਉੱਤੇ ਸੀਮੇਂਟ ਦੀ ਟੀਪ ਨਹੀਂ ਕੀਤੀ ਮਿਲਦੀ। ਛੋਟਾ ਦੇਸ਼ ਵੱਡੇ ਦੇਸ਼ ਦਾ ਟਾਕਰਾ ਨਹੀਂ ਕਰ ਸਕਦਾ। ਵੱਡੇ ਦੇਸ਼ ਵਿਚ ਹਰ ਤਰ੍ਹਾਂ ਦੀ ਵਡਿੱਤਣ ਹੁੰਦੀ ਹੈ। ਟੁਕੜੇ ਹੋਇਆਂ ਵੱਡਿਤਣ ਦੇ ਵੀ ਟੁਕੜੇ ਹੋ ਜਾਂਦੇ ਹਨ। ਇਹ ਟੁਕੜੇ ਮੁਹੰਮਦ ਇਕਬਾਲ ਵਰਗੇ ਸ਼ਾਇਰਾਂ ਨੂੰ ਵੀ ਝੁਠਲਾ ਦਿੰਦੇ ਹਨ। ਜਿਹੜਾ ਆਪਣੇ ਜਨਮ ਸਮੇਂ ਦੇ ਹਿੰਦੁਸਤਾਨ ਨੂੰ 'ਹਿੰਦੂ ਹੈ ਹਮ ਵਤਨ ਹੈ ਹਿੰਦੁਸਤਾ ਹਮਾਰਾ' ਕਹਿੰਦਾ, ਪਾਕਿਸਤਾਨ ਦੀ ਮੰਗ ਦੇ ਟੇਟੇ ਚੜ੍ਹ ਕੇ, 'ਮੁਸਲਮ ਹੈ ਹਮ ਵਤਨ ਹੈ ਸਾਰਾ ਜਹਾਂ ਹਮਾਰਾ' ਕਹਿਣ ਲੱਗ ਗਿਆ ਸੀ।

***ਅੰਤਿਕਾ***

—ਮਿਰਜ਼ਾ ਗ਼ਾਲਿਬ—

ਨਗਮਾਗਏ ਗ਼ਮ ਕੋ ਭੀ ਐ ਦਿਲ ਗਨੀਮਤ ਜਾਨੀਏ
ਬੇ ਸਦਾ ਹੋ ਜਾਏਗਾ ਯੇਹ ਸਾਜ਼ ਏ ਹਸਤੀ ਏਕ ਦਿਨ।

# ਪੰਜਾਬ ਸਟੂਡੈਂਟਸ ਯੂਨੀਅਨ ਦੇ ਪ੍ਰਮਾਣਿਕ ਇਤਿਹਾਸ ਦੀ ਪਹਿਲੀ ਤੇ ਇਕਲੌਤੀ ਪੁਸਤਕ

## *'ਪੰਜਾਬ ਸਟੂਡੈਂਟਸ ਯੂਨੀਅਨ ਦਾ ਇਤਿਹਾਸ: ਇਤਿਹਾਸ ਦੀਆਂ ਝਲਕਾਂ'*



**ਗੁਰਪ੍ਰੀਤ**
**ਫੋਨ: 98887-89421**

ਪੰਜਾਬ ਵਿਚ ਇਨਕਲਾਬੀ ਵਿਦਿਆਰਥੀ ਲਹਿਰ ਦਾ ਸ਼ਾਨਾਮੱਤਾ ਇਤਿਹਾਸ ਹੈ ਜਿਸ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਮੋਹਰੀ ਜਥੇਬੰਦੀ ਰਹੀ ਹੈ। 1964 ਵਿਚ ਬਣੀ ਇਹ ਜਥੇਬੰਦੀ ਕਰੀਬ ਡੇਢ ਦਹਾਕਾ ਪੰਜਾਬ ਦੇ ਵਿਦਿਆਰਥੀਆਂ ਦੀ ਸਿਰਮੌਰ ਲੜਾਕੂ ਜਥੇਬੰਦੀ ਰਹੀ ਹੈ। ਉਸ ਤੋਂ ਬਾਅਦ ਇਹ ਕਮਜ਼ੋਰ ਹੋ ਗਈ ਪਰ ਇਸਦੀ ਲਗਾਤਾਰਤਾ ਅੱਜ ਤੱਕ ਬਰਕਰਾਰ ਹੈ। ਇਸਨੇ ਨਾ ਸਿਰਫ ਵਿਦਿਆਰਥੀਆਂ ਦੇ ਅਹਿਮ ਮਸਲਿਆਂ ਉੱਪਰ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿਚ ਸੰਘਰਸ਼ ਲੜੇ ਸਗੋਂ ਵਿੱਦਿਅਕ ਸੰਸਥਾਵਾਂ ਦਾ ਕੁੱਲ ਮਾਹੌਲ ਹੀ ਬਦਲ ਕੇ ਰੱਖ ਦਿੱਤਾ। ਇਸ ਜਥੇਬੰਦੀ ਨੇ ਪੰਜਾਬ ਦੀ ਜਵਾਨੀ ਨੂੰ ਮੜ੍ਹਕ ਨਾਲ਼ ਜਿਊਣ ਦਾ ਨਵਾਂ ਰਾਹ ਦਿੱਤਾ, ਹਕੂਮਤੀ ਜਬਰ ਨਾਲ਼ ਆਢਾ ਲਾਉਂਦੇ ਹੋਏ ਹੱਕ, ਸੱਚ ਲਈ ਰਣ ਤੱਤੇ ਵਿਚ ਜੂਝਣ ਤੇ ਸ਼ਹਾਦਤਾਂ ਦੀ ਪਿਰਤ ਪਾਈ। ਇਸਨੇ ਨਾ ਸਿਰਫ ਵਿਦਿਆਰਥੀਆਂ ਨੂੰ ਜਥੇਬੰਦ ਕੀਤਾ ਸਗੋਂ ਇੱਥੋਂ ਨਿਕਲ਼ੇ ਕਾਰਕੁਨਾਂ ਨੇ ਅੱਗੇ ਹੋਰਾਂ ਤਬਕਿਆਂ ਨੂੰ ਜਥੇਬੰਦ ਕਰਨ ਦਾ ਵੀ ਕੰਮ ਕੀਤਾ।

ਪਰ ਪੰਜਾਬੀਆਂ ਦੀ ਇਹ ਤ੍ਰਾਸਦੀ ਵੀ ਮੰਨੀ ਜਾਂਦੀ ਹੈ ਕਿ ਇਹ ਇਤਿਹਾਸ ਸਿਰਜਣ ਵਿਚ ਤਾਂ ਅੱਗੇ ਹਨ, ਪਰ ਇਤਿਹਾਸ ਨੂੰ ਸਾਂਭਣ ਵਿਚ ਬਹੁਤ ਪੱਛੜੇ ਹੋਏ ਹਨ। ਪੰਜਾਬ ਸਟੂਡੈਂਟਸ ਯੂਨੀਅਨ ਦੇ ਇਤਿਹਾਸ ਬਾਰੇ ਵੀ ਇਹੋ ਸੱਚ ਹੈ। ਕਰੀਬ ਦਹਾਕਾ ਪਹਿਲਾਂ ਇਸਦੇ ਇਤਿਹਾਸ ਬਾਰੇ ਲਿਖਤੀ ਸਮੱਗਰੀ ਨਾਮਾਤਰ ਸੀ ਤੇ ਅੱਜ ਵੀ ਬਹੁਤ ਥੋੜ੍ਹੀ ਹੀ ਹੈ। ਹੁਣ ਤੱਕ ਪੰਜਾਬ ਸਟੂਡੈਂਟਸ ਯੂਨੀਅਨ ਦੇ ਇਤਿਹਾਸ ਸਬੰਧੀ ਇਹ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਸਨ: 'ਵਿਦਿਆਰਥੀ ਲਹਿਰ ਦਾ ਸੁਰਖ ਇਤਿਹਾਸ ਅਤੇ ਮੇਰੀ ਹੱਡਬੀਤੀ' (ਬਿੱਕਰ ਸਿੰਘ ਕੰਮੇਆਣਾ, 1999), 'ਜ਼ਿੰਦਗੀ ਦੇ ਰਾਹਾਂ 'ਤੇ' (ਰਣਜੀਤ ਲਹਿਰਾ, 2015), 'ਪੰਜਾਬ ਸਟੂਡੈਂਟਸ ਯੂਨੀਅਨ ਦਾ ਇਤਿਹਾਸ' (ਦਰਸ਼ਨ ਖਹਿਰਾ, 2018), 'ਪੰਜਾਬ ਸਟੂਡੈਂਟਸ ਯੂਨੀਅਨ ਦੇ ਅੰਗ-ਸੰਗ' (ਸੁਖਦੇਵ ਪਾਂਧੀ, 2019), 'ਅਧੂਰਾ ਪੰਨਾ' (ਸੁਰਜੀਤ ਸਿੰਘ ਸੰਧੂ, 2021)। ਇਹ ਸਭ ਕਿਤਾਬਾਂ ਮੁੱਖ ਤੌਰ 'ਤੇ ਲੇਖਕਾਂ ਦੀਆਂ ਆਪਣੀਆਂ ਯਾਦਾਂ ਨਾਲ਼ ਵੱਧ ਸਬੰਧਤ ਹਨ ਤੇ ਪੀ.ਐਸ.ਯੂ. ਦੇ ਕਿਸੇ ਇੱਕ ਦੌਰ ਨਾਲ਼ ਹੀ ਸਬੰਧਤ ਹਨ। ਇਨ੍ਹਾਂ ਵਿਚ ਤੱਥਾਂ ਦੀ ਪ੍ਰਮਾਣਿਕਤਾ ਲਈ ਕੋਈ ਬਹੁਤੀ ਖੋਜ-ਪੜਤਾਲ ਵੀ ਨਹੀਂ ਕੀਤੀ ਗਈ। ਪੰਜਾਬ ਸਟੂਡੈਂਟਸ ਯੂਨੀਅਨ 1975 ਵਿਚ ਦੋ ਗਰੁੱਪਾਂ ਵਿਚ ਵੰਡੀ ਗਈ ਸੀ ਤੇ 1978 ਵਿਚ ਤਿੰਨ ਵਿਚ। ਉਪਰੋਕਤ ਕਿਤਾਬਾਂ ਪੀ.ਐਸ.ਯੂ. ਦੇ ਤਿੰਨਾਂ ਗਰੁੱਪਾਂ ਦਾ ਬੱਝਵਾਂ ਇਤਿਹਾਸ ਪੇਸ਼ ਕਰਨ ਦੀ ਥਾਂ ਕਿਸੇ ਨਾ ਕਿਸੇ ਗਰੁੱਪ ਪ੍ਰਤੀ ਵੱਧ ਉਲਾਰ ਹਨ। ਇਸ ਤੋਂ ਬਿਨਾਂ ਦੋ ਹੋਰ ਪੁਸਤਕਾਂ ਨਾਵਲ ਦੇ ਰੂਪ ਵਿਚ ਉਪਲੱਬਧ ਹਨ




'ਚਾਨਣ ਦੀ ਲੀਕ' (ਅਮਰ ਆਫਤਾਬ, 2000), 'ਰੋਹਲੀ ਗਰਜ' (ਨੰਦ ਸਿੰਘ ਮਹਿਤਾ, 2015)। ਨਾਵਲ ਦੇ ਰੂਪ ਵਿਚ ਨਾ ਸਿਰਫ ਅਸਲ ਨਾਮ ਬਦਲ ਦਿੱਤੇ ਜਾਂਦੇ ਹਨ ਸਗੋਂ ਲੇਖਕ ਅਣਜਾਣੇ ਇਤਿਹਾਸਕ ਤੱਥਾਂ ਤੇ ਖੱਪਿਆਂ ਨੂੰ ਪੂਰਨ ਲਈ ਆਪਣੀ ਕਲਪਨਾ ਦਾ ਸਹਾਰਾ ਲੈਣ ਦੀ ਖੁੱਲ੍ਹ ਲੈਂਦੇ ਹਨ। ਇਨ੍ਹਾਂ ਸਭ ਲਿਖਤਾਂ ਨੂੰ ਇਕੱਠਿਆਂ ਕਰਨ 'ਤੇ ਵੀ ਪੀ.ਐਸ.ਯੂ. ਦੇ ਇਤਿਹਾਸ ਦੀ ਕੋਈ ਬੱਝਵੀਂ ਜਾਣਕਾਰੀ ਹਾਸਲ ਨਹੀਂ ਹੁੰਦੀ।

ਦਸਤਾਵੇਜ਼ਾਂ ਨੂੰ ਇੱਕ ਥਾਂ ਇਕੱਤਰ ਕਰਨ ਦਾ ਹੀ ਵਡਮੁੱਲਾ ਯਤਨ ਹੈ। ਇਸ ਇਤਿਹਾਸ ਦੇ ਮੁਲਾਂਕਣ ਦੇ ਵਡੇਰੇ ਕਾਰਜ ਨੂੰ ਲੇਖਕ ਨੇ ਹੋਰਾਂ ਉੱਪਰ ਛੱਡ ਦਿੱਤਾ ਹੈ। ਇਤਿਹਾਸ ਦੇ ਪ੍ਰਮਾਣਿਕ ਤੱਥਾਂ ਨਾਲ਼ ਭਰਪੂਰ ਇਸ ਕਿਤਾਬ ਸਦਕਾ ਭਵਿੱਖ ਵਿਚ ਕਿਸੇ ਲਈ ਪੰਜਾਬ ਸਟੂਡੈਂਟਸ ਯੂਨੀਅਨ ਦਾ ਮੁਕੰਮਲ ਇਤਿਹਾਸ ਲਿਖਣਾ, ਉਸਦੇ ਕਿਸੇ ਖਾਸ ਦੌਰ ਜਾਂ ਸੰਘਰਸ਼ ਬਾਰੇ ਲਿਖਣਾ ਤੇ ਇਸਦਾ ਮੁਲਾਂਕਣ ਕਰਨ ਦਾ ਕਾਰਜ ਕਰਨਾ ਸੰਭਵ ਬਣਿਆ ਹੈ। ਇਨ੍ਹਾਂ ਵਿਚੋਂ ਕਿਸੇ ਵੀ ਕੰਮ ਕਰਨ ਵਾਲ਼ੇ ਲੇਖਕ ਨੂੰ ਇਸ ਕਿਤਾਬ ਤੋਂ ਬਿਨਾਂ ਹੋਰ ਬਹੁਤ ਘੱਟ ਸ੍ਰੋਤ ਖੰਘਾਲਣੇ ਪੈਣਗੇ। ਭਾਵੇਂ ਇਹ ਕਿਤਾਬ ਕਿਸੇ ਨਵੇਂ ਵਿਦਿਆਰਥੀ ਕਾਰਕੁਨ ਲਈ ਨਹੀਂ ਹੈ, ਪਰ ਪੀ.ਐਸ.ਯੂ. ਦੇ ਇਤਿਹਾਸ ਤੋਂ ਥੋੜ੍ਹਾ-ਬਹੁਤ ਵਾਕਿਫ ਤਜਰਬੇਕਾਰ ਕਾਰਕੁਨਾਂ ਨੂੰ ਇਹ ਕਿਤਾਬ ਨਾ ਸਿਰਫ ਬਹੁਤ ਸਾਰੀਆਂ ਅਹਿਮ ਜਾਣਕਾਰੀਆਂ ਮੁਹੱਈਆ ਕਰਵਾਉਂਦੀ ਹੈ ਸਗੋਂ ਕਈ ਮਸਲਿਆਂ ਨੂੰ ਦੇਖਣ, ਸਮਝਣ ਦਾ ਨਜ਼ਰੀਆ ਵੀ ਦਿੰਦੀ ਹੈ।

ਪੰਜਾਬ ਦੀ ਇਨਕਲਾਬੀ ਲਹਿਰ ਤੇ ਖਾਸ ਕਰਕੇ ਵਿਦਿਆਰਥੀ ਲਹਿਰ ਨਾਲ਼ ਜੁੜੇ ਰਹੇ ਕਾਰਕੁਨਾਂ ਨੂੰ ਇਹ ਕਿਤਾਬ ਲਾਜ਼ਮੀ ਆਪਣੀ ਲਾਇਬ੍ਰੇਰੀ ਵਿਚ ਰੱਖਣੀ ਚਾਹੀਦੀ ਹੈ। ਕਿਤਾਬ ਹਾਸਲ ਕਰਨ ਲਈ ਲੇਖਕ ਨਾਲ਼ ਸੰਪਰਕ (78887-38476) ਕੀਤਾ ਜਾ ਸਕਦਾ ਹੈ।

## *ਟੁੱਟ ਰਹੇ ਪਰਿਵਾਰ ਨੇ ਸਾਰੇ*

ਟੁੱਟ ਰਹੇ ਪਰਿਵਾਰ ਨੇ ਸਾਰੇ
ਮੁੱਕ ਰਏ ਸਤਿਕਾਰ ਨੇ ਸਾਰੇ।
ਅਣਖ਼ਾਂ, ਅਤੇ ਗ਼ੈਰਤਾਂ ਵਾਲੇ
ਖ਼ਤਮ ਹੋਏ ਕਿਰਦਾਰ ਨੇ ਸਾਰੇ।

ਸ਼ਬਦ ਗੁਰੂ ਗੁਰਬਾਣੀ ਉਤੇ
ਲੜਦੇ ਪਏ ਸਰਦਾਰ ਨੇ ਸਾਰੇ

ਕੁਝ ਸੁਣੀਐ ਕੁਝ ਕਹੀਐ ਵਾਲੇ
ਬੈਠੇ ਭੁੱਲ ਵਿਚਾਰ ਨੇ ਸਾਰੇ

ਅੱਜ ਪ੍ਰਚਾਰਕ ਕੌਮ ਦੇ ਬੇੜੇ
ਡੋਬ ਰਹੇ ਮੰਝਧਾਰ ਨੇ ਸਾਰੇ

ਆਗੂ ਲੀਡਰ ਪੰਥ ਮੇਰੇ ਦੇ
ਬੈਠੇ ਬਣੀ ਗੱਦਾਰ ਨੇ ਸਾਰੇ

ਗੁਰੂ ਨਾਨਕ ਦੀ ਸਿੱਖੀ ਦੇ ਨਾਲ
ਕਰ ਰਹੇ ਅੱਤਿਆਚਾਰ ਨੇ ਸਾਰੇ

ਕੁਰਸੀ ਤੇ ਚੌਧਰ ਦੇ ਲਈ ਹੁਣ
ਮਰੀ ਜ਼ਮੀਰ, ਬੀਮਾਰ ਨੇ ਸਾਰੇ

ਗੋਲਕ ਤੇ ਕਿੰਜ ਕਬਜ਼ਾ ਕਰਣੈ
ਵਰਤ ਰਹੇ ਹਥਿਆਰ ਨੇ ਸਾਰੇ

ਗੁਰੂ ਘਰਾਂ ਵਿਚ ਇਕ ਦੂਜੇ ਦੀ
ਲਾਹੁੰਦੇ ਪਏ ਦਸਤਾਰ ਨੇ ਸਾਰੇ

ਦੂਜੇ ਪਾਸੇ ਵਰਲਡ ਜੰਗ ਲਈ
ਬੈਠੇ ਮੁਲਕ ਤਿਆਰ ਨੇ ਸਾਰੇ

ਪੂਤਨ ਨੂੰ ਮਾਰਨ ਲਈ ਬਾਈਡਨ
ਵੇਚ ਰਿਹਾ ਹਥਿਆਰ ਹੈ ਸਾਰੇ

ਨਾ ਜਿਊਣਾ ਨਾ ਜਿਊਣ ਹੈ ਦੇਣਾ
ਆਗੂ ਬਣੇ ਮੱਕਾਰ ਨੇ ਸਾਰੇ
ਰੱਬ 'ਸੁਰਜੀਤ' ਬਚਾਵੇ ਦੁਨੀਆਂ
ਬਾਕੀ ਬੰਦ ਦਵਾਰ ਨੇ ਸਾਰੇ

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥ ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ॥

ਬਾਬਾ ਫਰੀਦ ਜੀ ਦੀ ਪਵਿੱਤਰ ਧਰਤੀ ਫਰੀਦਕੋਟ ਦੇ ਇਲਾਕਾ ਨਿਵਾਸੀਆਂ ਅਤੇ ਸਮੂਹ ਸਾਧ ਸੰਗਤ ਵਲੋਂ

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ





ਮਹਾਨ ਸੂਫੀ ਬਾਬਾ ਸ਼ੇਖ ਫਰੀਦ (1173-1266 ਈਸਵੀ) ਦਾ ਆਗਮਨ ਪੁਰਬ
ਗੁਰਦੁਆਰਾ ਸਾਹਿਬ ਫਰੀਮਾਂਟ (300 Gurdwara Road, Fremont, CA 94536) ਵਿਖੇ
ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ

**ਪ੍ਰੋਗਰਾਮ**

**22 ਸਤੰਬਰ 2023 (ਸ਼ੁੱਕਰਵਾਰ)**
ਆਰੰਭ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 10 ਵਜੇ

**24 ਸਤੰਬਰ 2023 (ਐਤਵਾਰ)**
ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

ਪੰਥ ਪ੍ਰਸਿਧ ਜਥਿਆਂ ਵਲੋਂ ਗੁਰਬਾਣੀ ਕੀਰਤਨ ਉਪਰੰਤ ਬਾਬਾ ਫਰੀਦ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਜਾਵੇਗਾ।
ਸੰਗਤ ਨੂੰ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ: ਸਤਪਾਲ ਸਿੰਘ ਢਿੱਲਵਾਂ ਕਲਾਂ, ਫੋਨ: 510-952-6702; ਤਰਸੇਮ ਲਾਲ ਪ੍ਰਧਾਨ ਫਰੀਦਕੋਟ, ਫੋਨ: 510-258-9266; ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ, ਫੋਨ: 408-368-2143; ਜਸਵੀਰ ਸਿੰਘ ਸੰਧੂ, ਫੋਨ: 510-303-8789



ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

# ਬਾਬਾ ਫਰੀਦ ਜੀ ਦੇ ਆਗਮਨ ਪੁਰਬ ਦੀਆਂ ਸਮੂਹ ਸੰਗਤਾਂ ਨੂੰ

# ਕੋਟਾਨਿ ਕੋਟਿ ਵਧਾਈਆਂ



ਬਾਬਾ ਸ਼ੇਖ ਫਰੀਦ ਜੀ



**Harminder Singh Gill**
*D.H.M.S;B.C.I.H*
(Ex Homeopathic Medical officer Punjab Govt.)

**Homeopathicvibes**

**Now we have two locations:**
940 E. El Camino Real, Sunnyvale, CA 94087
www.homeopathicvibes.com
Office: (408)737-7100; Fax: (408)737-7102
39210 State Street, Suite 111, Fremont, CA 94538

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

# ਅਮਰੀਕਾ ਦੇ ਇਤਿਹਾਸ ਵਿਚ ਸਿੱਖਾਂ ਦੀ ਇਤਿਹਾਸਕ ਜਿੱਤ

**ਸੈਕਰਾਮੈਂਟੋ:** ਲੰਘੀ 14 ਸਤੰਬਰ ਨੂੰ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਕੈਲੀਫੋਰਨੀਆ ਸਟੇਟ ਸੈਨੇਟ ਵਿਚ ਬਿੱਲ ਭ-847 ਵੱਡੇ ਬਹੁਮਤ ਨਾਲ ਪਾਸ ਹੋ ਗਿਆ ਹੈ, ਜੋ ਸਿੱਖ ਭਾਈਚਾਰੇ ਲਈ ਖੁਸ਼ੀ ਵਾਲੀ ਗੱਲ ਹੈ। ਹੁਣ ਇਸ ਬਿੱਲ 'ਤੇ ਕੈਲੀਫੋਰਨੀਆ ਸਟੇਟ ਦੇ ਗਵਰਨਰ ਦੇ ਦਸਤਖ਼ਤਾਂ ਨਾਲ ਇਹ ਬਿੱਲ ਕਾਨੂੰਨ ਬਣ ਜਾਵੇਗਾ। ਇਸ ਦੇ ਤਹਿਤ ਜਲਦੀ ਹੀ ਸਿੱਖ ਸਿਰਾਂ ਉੱਪਰ ਪੱਗਾਂ, ਦਸਤਾਰਾਂ ਅਤੇ ਦੁਮਾਲੇ ਸਜਾ ਕੇ, ਕੈਲੀਫੋਰਨੀਆ ਸਟੇਟ ਵਿਚ ਕਾਨੂੰਨੀ ਤੌਰ 'ਤੇ ਮੋਟਰਸਾਈਕਲ ਚਲਾ ਸਕਦੇ ਹਨ। ਇਹ ਬਿੱਲ ਸਟੇਟ ਸੈਨੇਟਰ ਬਰਾਇਨ ਡਾਹਲੀ ਨੇ ਕਾਨੂੰਨੀ ਮਾਹਿਰਾਂ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਦੀ ਮਦਦ ਨਾਲ ਤਿਆਰ ਕੀਤਾ ਸੀ। ਇਕ ਮੁਕੰਮਲ ਕਾਨੂੰਨ ਬਣਨ ਤੋਂ ਪਹਿਲਾ ਬਿੱਲ ਭ-847 ਨੂੰ ਬਹੁਤ ਸਾਰੀਆਂ ਸਟੇਟ ਕਮੇਟੀਆਂ, ਸੈਨੇਟ ਫਲੋਰ, ਅਸੈਂਬਲੀ ਫਲੋਰ ਅਤੇ ਹੋਰ ਬਹੁਤ ਸਾਰੀਆਂ ਪ੍ਰਕਿਰਿਆਵਾਂ ਵਿਚੋਂ ਲੰਘਣਾ ਪਿਆ। ਸੈਨੇਟਰ ਬਰਾਇਨ ਡਾਹਲੀ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਨੇ ਬਹੁਤ ਮਿਹਨਤ ਕਰ ਕੇ ਇਸ ਬਿੱਲ ਨੂੰ ਹਰੇਕ ਪੜਾਅ ਵਿਚੋਂ ਵੱਡੇ ਬਹੁਮਤ ਨਾਲ ਪਾਸ ਕਰਵਾਇਆ ਹੈ। ਅਮਰੀਕਾ ਵਿਚ ਵੱਡੀ ਗਿਣਤੀ ਸਿੱਖ ਭਾਈਚਾਰਾ ਰਹਿ ਰਿਹਾ ਹੈ ਅਤੇ ਇਤਿਹਾਸ 'ਚ ਪਹਿਲੀ ਵਾਰ ਸਿੱਖਾਂ ਨੂੰ ਅਮਰੀਕਾ ਦੀ ਕਿਸੇ ਸਟੇਟ ਵਿਚ ਕਾਨੂੰਨੀ ਤੌਰ 'ਤੇ ਪੱਗ ਬੰਨ੍ਹ ਕੇ ਮੋਟਰਸਾਈਕਲ ਚਲਾਉਣ ਦਾ ਹੱਕ ਮਿਲਣ ਜਾ ਰਿਹਾ ਹੈ।





Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CISI

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ




ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377
Website: www.caials.com e-mail: rosy@caials.com
ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਉੱਘੇ ਸ਼ਾਇਰ ਪ੍ਰੋ. ਸੁਰਿੰਦਰ ਸੀਰਤ ਨਾਲ ਰੂ-ਬ-ਰੂ

**ਨਿਵਾਰਕ (ਕੈਲੀਫ਼ੋਰਨੀਆ) –** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ (ਵਿਪਸਾਅ) ਵਲੋਂ ਮਹਿਰਾਨ ਰੈਸਟੋਰੈਂਟ ਵਿਖੇ ਖ਼ੂਬਸੂਰਤ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਉੱਘੇ ਸ਼ਾਇਰ ਪ੍ਰੋ. ਸੁਰਿੰਦਰ ਸੀਰਤ ਨਾਲ ਰੂ-ਬ-ਰੂ ਕੀਤਾ ਗਿਆ। ਪਹਿਲੇ ਸੈਸ਼ਨ ਦੀ ਸ਼ੁਰੂਆਤ ਕਰਦਿਆਂ ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਨੇ ਆਏ

## ਖ਼ੂਬਸੂਰਤ ਸਾਹਿਤਕ ਮਹਿਫ਼ਲ ਸਜੀ

ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ। ਕੁਲਵਿੰਦਰ, ਸੁਖਵਿੰਦਰ ਕੰਬੋਜ, ਡਾ. ਗੁਰਪ੍ਰੀਤ ਧੁੱਗਾ ਅਤੇ ਸੁਰਜੀਤ ਸਖੀ ਨੇ ਸੁਰਿੰਦਰ ਸੀਰਤ ਅਤੇ ਮਿਸਿਜ਼ ਸੀਰਤ ਨੂੰ ਫ਼ੁੱਲਾਂ ਦਾ ਗੁਲਦਸਤਾ ਭੇਂਟ ਕਰਦਿਆਂ ਰੂ-ਬ-ਰੂ ਸਮਾਗਮ ਵਿਚ ਜੀ ਆਇਆਂ ਕਿਹਾ। ਇਸ ਮਹਿਫ਼ਲ ਦੇ ਪ੍ਰਧਾਨਗੀ ਮੰਡਲ ਵਿਚ ਸੁਰਿੰਦਰ ਸੀਰਤ ਦੇ ਨਾਲ ਕੈਨੇਡਾ ਤੋਂ ਪਹੁੰਚੇ ਕਵੀ ਰਾਜਵੰਤ ਰਾਜ, ਦਵਿੰਦਰ ਗੌਤਮ, ਯੂ.ਕੇ ਤੋਂ ਨਛੱਤਰ ਭੋਗਲ ਅਤੇ ਕੁਲਵਿੰਦਰ ਸੁਸ਼ੋਭਿਤ ਹੋਏ। ਸੁਖਦੇਵ ਸਾਹਿਲ ਨੇ ਸੁਰਿੰਦਰ ਸੀਰਤ ਦੀ ਮਕਬੂਲ ਗ਼ਜ਼ਲ "ਉਦਾਸ ਗਲੀਆਂ ਉਜਾੜ ਮੰਜ਼ਰ, ਮੇਰੇ ਗਿਰਾਂ ਦਾ ਨਸੀਬ ਹੋਇਆ, ਹਵਾ ਹਵਾ ਦੀ ਬਣੀ ਹੈ ਬੈਰਨ, ਸਮਾਂ ਸਮੇਂ ਦਾ ਰਕੀਬ ਹੋਇਆ" ਦਾ ਗਾਇਨ ਕਰ ਕੇ ਮਹਿਫ਼ਲ ਦੀ ਸ਼ੁਰੂਆਤ ਕੀਤੀ।

ਰੂ-ਬ-ਰੂ ਦੌਰਾਨ ਸੀਰਤ ਨੇ ਆਪਣੀਆਂ ਕਵਿਤਾਵਾਂ ਅਤੇ ਸ਼ੇਅਰਾਂ ਦੇ ਹਵਾਲੇ ਦਿੰਦਿਆਂ ਆਪਣੇ ਸਾਹਿਤਕ ਸਫ਼ਰ ਦਾ ਤੁਆਰਫ਼ ਸਰੋਤਿਆਂ ਨਾਲ ਕਰਾਇਆ। ਉਨ੍ਹਾਂ ਕਿਹਾ ਕਿ ਹਰ ਲੇਖਕ ਦੀ ਜੋ ਸ਼ਨਾਖ਼ਤ ਹੁੰਦੀ ਹੈ ਉਹਦੇ ਪਿੱਛੇ ਲੇਖਕ ਦਾ ਪਿਛੋਕੜ ਹੁੰਦਾ ਹੈ। ਜੇ ਮੈਂ ਸਾਹਿਤ ਦੇ ਮੈਦਾਨ ਵਿਚ ਆਇਆ ਹਾਂ ਤਾਂ ਇਸ ਪਿੱਛੇ ਮੇਰਾ ਪਿਛੋਕੜ ਹੈ। 'ਕੁਝ ਇਵੇਂ ਜਾਂਦਾ ਏ ਗੁਆਚ' ਕਵਿਤਾ ਰਾਹੀਂ ਉਨ੍ਹਾਂ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਵੱਸਦੇ ਆਪਣੇ ਪਿੰਡ "ਸੈਦਪੁਰਾ" ਦੀ ਪੱਤੀ ਕਲਾਲ ਪੁਰਾ ਵਿਚ ਗੁਜ਼ਾਰੇ ਬਚਪਨ ਅਤੇ ਜਵਾਨੀ ਦੇ ਦਿਨਾਂ ਨਾਲ ਸਾਂਝ ਪਵਾਈ। ਕਵਿਤਾ ਵਿਚ ਪਿੰਡ ਦਾ ਦ੍ਰਿਸ਼ ਏਨੀ ਸੰਜੀਦਗੀ ਨਾਲ ਬਿੰਬਾਂ ਵਿਚ ਰਚਿਆ ਕਿ ਸਰੋਤਿਆਂ ਦਾ ਮਨ ਟੁੰਬਿਆ ਗਿਆ। ਉਨ੍ਹਾਂ ਕਿਹਾ, 'ਮਾਂ ਬਚਪਨ ਵਿਚ ਹੀ ਗੁਜ਼ਰ ਚੁੱਕੀ ਸੀ, ਮੈਨੂੰ ਉਸਦੀ ਕੋਈ ਯਾਦ ਨਹੀਂ। ਨਿਹਾਲੋ ਦਾਦੀ ਅੰਮਾਂ ਹੀ ਮੇਰੀ ਮਾਂ ਦੀ ਜਗ੍ਹਾ ਸੀ। ਮੈਨੂੰ ਬਚਪਨ ਤੋਂ ਹੀ ਲਿਖਣ ਅਤੇ ਗਾਉਣ ਦਾ ਸ਼ੌਕ ਸੀ। ਅਮਰ ਸਿੰਘ ਡਿਗਰੀ ਕਾਲਜ ਤੋਂ ਬੀ.ਐਸ.ਸੀ. ਅਤੇ ਕਸ਼ਮੀਰ ਯੂਨੀਵਰਸਿਟੀ, ਸ੍ਰੀਨਗਰ ਤੋਂ ਫਿਜ਼ਿਕਸ ਦੀ ਐਮ.ਐਸ.ਸੀ ਕਰਨ ਤੋਂ ਬਾਅਦ ਮੈਂ ਪਬਲਿਕ ਸਰਵਿਸ ਕਮਿਸ਼ਨ ਦਾ ਇਮਤਿਹਾਨ ਪਾਸ ਕਰਕੇ ਕਾਲਜ ਲੈਕਚਰਾਰ ਲਈ ਸਿਲੈਕਟ ਹੋ ਗਿਆ ਅਤੇ ਮੇਰੀ ਨਿਯੁਕਤੀ ਜੀ ਜੀ ਐੱਮ ਸਾਇੰਸ ਕਾਲਜ ਜੰਮੂ ਵਿਚ ਬਤੌਰ ਫਿਜ਼ਿਕਸ ਲੈਕਚਰਾਰ ਹੋਈ। ਕੁਝ ਸਾਲ ਬਾਅਦ ਏਥੇ ਹੀ ਮੈਂ ਫਿਜ਼ਿਕਸ ਦਾ ਅਸਿਸਟੈਂਟ ਪ੍ਰੋਫੈਸਰ ਬਣਿਆ। ਇਥੇ ਰਹਿੰਦਿਆਂ ਵਿਹਲਾ ਵਕਤ ਜੰਮੂ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਬਿਤਾਉਣ ਲੱਗਾ। ਯੂਨੀਵਰਸਿਟੀ ਅਤੇ ਲੇਖਕ ਸਭਾ ਪੰਜਾਬੀ ਸਾਹਿਤਕ ਸਰਗਰਮੀਆਂ ਦਾ ਖਾਸ ਕੇਂਦਰ ਸਨ। ਉਥੇ ਡਾ. ਕਰਤਾਰ ਸਿੰਘ ਸੂਰੀ ਅਤੇ ਯੂਨੀਵਰਸਿਟੀ ਵਿਚਲੇ ਹੋਰ ਪ੍ਰੋਫੈਸਰਾਂ ਨਾਲ ਮੁਲਾਕਾਤ ਹੋਈ। ਏਥੇ ਹੀ ਮੇਰੀ ਜਾਣ ਪਹਿਚਾਣ ਡਾ. ਅਤਰ ਸਿੰਘ ਅਤੇ ਡਾ. ਵਿਸ਼ਵਾ ਨਾਥ ਤਿਵਾੜੀ ਅਤੇ ਉਰਦੂ/ਪੰਜਾਬੀ ਦੇ ਹੋਰ ਬਹੁਤ ਸਾਰੇ ਸਾਹਿਤਕਾਰਾਂ ਨਾਲ ਹੋਈ। 1983 ਵਿਚ ਹੋਈ ਵਰਲਡ ਕਾਨਫਰੰਸ ਵਿਚ ਮੈਂ ਅਤੇ ਸੁਰਜੀਤ ਸਖੀ ਨੇ ਜੰਮੂ ਕਸ਼ਮੀਰ ਤੋਂ ਸ਼ਿਰਕਤ ਕੀਤੀ। ਜਦ ਮੈਂ ਇਸ ਮੁਸ਼ਾਇਰੇ ਵਿਚ ਆਪਣੀ ਕਵਿਤਾ "ਪੱਥਰ ਦਰ ਪੱਥਰ" ਸੁਣਾਈ ਤਾਂ ਡਾ. ਤਿਵਾੜੀ ਨੇ ਮੈਨੂੰ ਜੱਫੀ ਵਿਚ ਲੈ ਲਿਆ। ਇਸ ਮੁਸ਼ਾਇਰੇ 'ਚ ਮਿਲੀ ਪਹਿਚਾਣ ਨੇ ਮੈਨੂੰ ਬਹੁਤ ਉਤਸ਼ਾਹਿਤ ਕੀਤਾ।' ਉਨ੍ਹਾਂ ਆਪਣੀ ਕਵਿਤਾ "ਪੱਥਰ ਦਰ ਪੱਥਰ" ਸਰੋਤਿਆਂ ਨਾਲ ਸਾਂਝੀ ਕੀਤੀ।

ਉਨਹਾ ਦੱਸਿਆ, 'ਮੈਂ ਪਹਿਲੇ ਕਵਿਤਾ ਲਿਖਦਾ ਸੀ। ਤਰੰਨਮ 'ਚ ਗੀਤ ਕਹੇ ਜਾਂਦੇ ਸੀ ਪਰ ਸਾਨੂੰ ਗ਼ਜ਼ਲ ਦੀ ਸੂਝ ਨਹੀਂ ਸੀ। ਜੰਮੂ ਵਿਚ ਕਲਚਰਲ ਅਕੈਡਮੀ ਨੇ ਆਲ ਇੰਡੀਆ ਪੰਜਾਬੀ ਮੁਸ਼ਾਇਰਾ ਕਰਵਾਇਆ ਜਿਸ ਵਿਚ ਉਸਤਾਦ ਗ਼ਜ਼ਲਗੋ ਪ੍ਰਿੰ: ਤਖ਼ਤ ਸਿੰਘ ਵੀ ਸ਼ਾਮਲ ਸਨ। ਮੈਂ ਤਰੰਨਮ ਵਿਚ ਗ਼ਜ਼ਲ ਸੁਣਾਈ ਜੋ ਆਰੂਜ਼ 'ਤੇ ਪੂਰੀ ਨਹੀਂ ਸੀ। ਏਥੇ ਤਖਤ ਸਿੰਘ ਨੇ ਮੈਨੂੰ ਗ਼ਜ਼ਲ ਬਾਰੇ ਸਮਝਾਇਆ ਅਤੇ ਮੈਨੂੰ ਆਪਣਾ ਸ਼ਾਗਿਰਦ ਬਣਾ ਲਿਆ। ਇਸੇ ਦੌਰਾਨ ਸੁਰਜੀਤ ਸਖੀ ਨੇ ਵੀ ਪ੍ਰਿੰ: ਤਖ਼ਤ ਸਿੰਘ ਨੂੰ ਆਪਣਾ ਉਸਤਾਦ ਧਾਰ ਲਿਆ। ਮੈਂ ਛੇਤੀ ਗ਼ਜ਼ਲ ਬਾਰੇ ਸਿੱਖਿਆ ਅਤੇ ਗ਼ਜ਼ਲ ਲਿਖਣ ਲਗ ਪਿਆ।' ਉਨ੍ਹਾਂ ਕਿਹਾ ਕਿ ਸ਼ਾਇਰ ਵਲੋਂ ਜੋ ਵੀ ਸਿਨਫ਼ ਵਰਤੀ ਜਾਏ ਉਸ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਏ।



1990ਵਿਆਂ ਦੇ ਸ਼ੁਰੂ ਵਿਚ ਅਸਿਸਟੈਂਟ ਪ੍ਰੋਫੈਸਰ ਦੀ ਨੌਕਰੀ ਤੋਂ ਵਾਲੰਟਰੀ ਰਿਟਾਇਰਮੈਂਟ ਲੈ ਕੇ ਉਹ ਅਮਰੀਕਾ ਆ ਗਏ। ਏਥੇ ਆ ਕੇ ਸੁਖਵਿੰਦਰ ਕੰਬੋਜ, ਕਹਾਣੀਕਾਰ ਅਮਰਜੀਤ ਦਰਦੀ ਅਤੇ ਸੁਖਦਰਸ਼ਨ ਧਾਲੀਵਾਲ ਨਾਲ ਮੁਲਾਕਾਤ ਹੋਈ। ਇਸ ਮੌਕੇ ਸੁਖਵਿੰਦਰ ਕੰਬੋਜ ਨੇ ਕਿਹਾ "ਮੈਂ ਇਹ ਦੱਸਣਾ ਚਾਹਨਾਂ ਕਿ ਜੋ ਇਹ ਪੰਜਾਬੀ ਸਾਹਿਤ ਸਭਾ ਬਣਾਈ ਗਈ...ਇਹ ਪੰਜਾਬੀ ਸਾਹਿਤ ਸਭਾ (ਕੈਲੀਫ਼ੋਰਨੀਆ) ਦੇ ਜਨਮ ਦਾਤਾ ਨੇ।' ਉਨ੍ਹਾਂ ਦੱਸਿਆ ਕਿ ਸੀਰਤ ਦਾ ਗ਼ਜ਼ਲ ਸੰਗ੍ਰਹਿ "ਅਰੂਪੇ ਅੱਖਰਾਂ ਦਾ ਅਕਸ" ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਿਲੇਬਸ ਵਿਚ ਪੜ੍ਹਾਇਆ ਜਾ ਰਿਹਾ ਹੈ।

ਬਾਅਦ ਵਿਚ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਬਣਨ ਵੇਲੇ ਵੀ ਪ੍ਰੋ. ਸੀਰਤ ਇਸਦਾ ਮੁੱਢਲਾ ਅਤੇ ਮੋਢੀ ਮੈਂਬਰ ਬਣਿਆ, ਵਿਪਸਾਅ ਦੇ ਪ੍ਰਧਾਨ ਅਤੇ ਕਾਰਜਕਰਨੀ ਮੈਂਬਰ ਵਜੋਂ ਕਈ ਸਾਲ ਜ਼ਿੰਮੇਵਾਰੀ ਨਿਭਾਈ। ਉਹ ਪਿਛਲੇ 30 ਸਾਲ ਤੋਂ ਕੈਲੀਫ਼ੋਰਨੀਆ ਦੀਆਂ ਸਾਹਿਤਕ ਗਤੀਵਿਧੀਆਂ ਵਿਚ ਹਿੱਸਾ ਲੈਂਦੇ ਰਹੇ ਹਨ। ਉਨ੍ਹਾਂ ਦੀਆਂ ਪੰਜਾਬੀ ਗ਼ਜ਼ਲ ਅਤੇ ਕਵਿਤਾ ਦੀਆਂ ਅੱਧੀ ਦਰਜਨ ਤੋਂ ਵੱਧ ਕਿਤਾਬਾਂ ਛਪ ਚੁੱਕੀਆਂ ਹਨ। ਉਨ੍ਹਾਂ ਦਾ ਨਾਵਲ "ਭਰਮ ਭੁਲੱਈਆਂ" ਸਾਹਿਤਕ ਹਲਕਿਆਂ ਵਿਚ ਕਾਫੀ ਚਰਚਿਤ ਹੈ, ਜਿਸਦਾ ਦੂਜਾ ਸੰਸਕਰਣ ਵੀ ਛਪ ਗਿਆ ਹੈ। ਉਨ੍ਹਾਂ ਦਾ ਇਕ ਕਹਾਣੀ ਸੰਗ੍ਰਹਿ "ਪੂਰਬ ਪੱਛਮ ਤੇ ਪਰਵਾਸ" ਵੀ ਛਪ ਚੁੱਕਾ ਹੈ। ਡਾ. ਦਰਿਆ ਵੱਲੋਂ ਉਨ੍ਹਾਂ ਦੀਆਂ ਸਾਹਿਤਕ ਉਪਲੱਬਧੀਆਂ ਬਾਰੇ ਲਿਖੇ ਗਏ ਲੇਖਾਂ ਨੂੰ ਇਕੱਠਿਆਂ ਕਰ ਕੇ ਕਿਤਾਬ "ਸੀਰਤ – ਸਿਰਜਣਾ ਅਤੇ ਸੰਵਾਦ" ਸੰਪਾਦਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਸਾਹਿਤਕ ਅਤੇ ਨਿੱਜੀ ਜੀਵਨ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ।

ਸੁਰਿੰਦਰ ਸੀਰਤ ਦਿਲਕਸ਼ ਤਰੰਨਮ ਦਾ ਮਾਲਕ ਵੀ ਹੈ। ਰੂ-ਬ-ਰੂ ਦੇ ਅੰਤ ਵਿਚ ਸੀਰਤ ਨੇ ਆਪਣੀ ਤਾਜ਼ਾ ਗ਼ਜ਼ਲ ਤਰੰਨਮ ਵਿਚ ਗਾ ਕੇ ਸਰੋਤਿਆਂ ਦੀ ਦਾਦ ਵਸੂਲ ਕੀਤੀ:

ਜੋ ਨਿਗ੍ਹਾ ਮਿਰੀ 'ਚ ਹੈ ਛਬ ਤੇਰੀ, ਕੋਈ ਰੰਗ ਉਸ 'ਚ ਕਿਵੇਂ ਭਰਾਂ।

ਨਾ ਤੂੰ ਸਾਹਮਣੇ ਮਿਰੇ ਆ ਸਕੇਂ, ਤੇਰੀ ਆਰਤੀ ਮੈਂ ਕਿਵੇਂ ਕਰਾਂ।

ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਜੋ ਪਿਛਲੇ ਤੀਹ ਪੈਂਤੀ ਸਾਲ ਪੰਜਾਬੀ ਸਾਹਿਤ ਸਰਗਰਮੀਆਂ ਹੋਈਆਂ ਨੇ ਉਨ੍ਹਾਂ ਦੀ ਸ਼ੁਰੂਆਤ ਕਰਨ ਅਤੇ ਕੈਲੀਫ਼ੋਰਨੀਆ ਵਿਚ ਲੇਖਕਾਂ ਨੂੰ ਸਾਹਿਤ ਸੰਸਥਾਵਾਂ ਰਾਹੀਂ ਜੋੜਨ ਵਿਚ ਸੀਰਤ ਨੇ ਜੋ ਅਹਿਮ ਭੂਮਿਕਾ ਨਿਭਾਈ ਹੈ ਉਸਦੀ ਪ੍ਰਸ਼ੰਸਾ ਕਰਨੀ ਬਣਦੀ ਹੈ। ਹਰਜਿੰਦਰ ਕੰਗ ਨੇ ਕਿਹਾ, ਕੋਈ ਕੰਮ ਕਰਨਾ ਹੋਰ ਗੱਲ ਆ, ਪਰ ਕੰਮ ਨੂੰ ਜਨੂੰਨ ਨਾਲ ਕਰਨਾ ਹੋਰ ਗੱਲ ਏ। ਸੀਰਤ, ਸ਼ਬਦ ਦੇ ਨਾਲ ਨਾਲ ਰਹੇ ਨੇ ਤੇ ਸ਼ਬਦ ਨੂੰ ਜਿਉਂਦੇ ਜਿਉਂਦੇ ਸ਼ਬਦ ਵਰਗੇ ਹੀ ਹੋ ਗਏ ਨੇ।

ਪ੍ਰਿੰ: ਹਜ਼ੂਰਾ ਸਿੰਘ ਨੇ ਸੀਰਤ ਵਾਸਤੇ ਲਿਖੀ ਆਪਣੀ ਨਜ਼ਮ ਗਾ ਕੇ ਸੁਣਾਈ, 'ਪਿਆਰ ਕਰਨਾ ਸਿਖਾ ਰਿਹਾ ਸੀਰਤ, ਦਿਲ ਦੀ ਦੁਨੀਆਂ 'ਤੇ ਛਾ ਰਿਹਾ ਸੀਰਤ।' ਹਰਭਜਨ ਢਿੱਲੋਂ ਨੇ ਕਿਹਾ ਕਿ ਸੀਰਤ ਸਭ ਸਾਹਿਤਕਾਰਾਂ ਨੂੰ ਜੋੜਨ ਵਾਲਾ ਹੈ।

ਸਮਾਗਮ ਵਿਚ ਉਨ੍ਹਾਂ ਦੀ ਧਰਮ ਪਤਨੀ ਹਰਮਿੰਦਰ ਕੌਰ ਆਹਲੂਵਾਲੀਆ ਅਤੇ ਬੇਟੀਆਂ ਹਰਜਸਲੀਨ, ਜੀਨੂੰ ਅਤੇ ਦੋਹਤਰੀ ਰਾਨੀਆ ਵੀ ਹਾਜ਼ਰ ਸਨ।

ਸਮਾਗਮ ਦੌਰਾਨ ਚਾਰ ਕਿਤਾਬਾਂ – ਕੈਨੇਡਾ ਵਾਸੀ ਸ਼ਾਇਰਾ ਬਿੰਦੂ ਦਲਵੀਰ ਕੌਰ ਦੀ ਸ਼ਾਇਰੀ "ਹਰਫ਼ ਇਲਾਹੀ", ਕੈਨੇਡਾ ਵਾਸੀ ਗ਼ਜ਼ਲਕਾਰ ਪਾਲ ਢਿੱਲੋਂ ਦਾ ਗ਼ਜ਼ਲ ਸੰਗ੍ਰਹਿ 'ਸੁਪਨੇ ਵਾਲੀਆਂ ਅੱਖਾਂ', ਫਰਿਜ਼ਨੋ ਵਾਸੀ ਅਸ਼ਰਫ਼ ਗਿੱਲ ਦੀ ਕਿਤਾਬ, 'ਪੰਜਾਬੀ ਗ਼ਜ਼ਲਾਂ ਦੀ ਚੋਣਵੀਂ ਕਿਤਾਬ' ਅਤੇ ਪੰਜਾਬ ਤੋਂ ਮਹੰਤ ਹਰਪਾਲ ਦਾਸ ਜੀ ਦੀ "ਲਫ਼ਜ਼ਾਂ ਦੀ ਲੋਅ', ਅਵਤਾਰ ਗੋਂਦਾਰਾ, ਸੰਤੋਖ ਸਿੰਘ ਮਿਨਹਾਸ, ਗੁਰਪ੍ਰੀਤ ਧੁੱਗਾ, ਅਸ਼ੋਕ ਭੌਰਾ, ਬੀਬੀ ਸੁਰਜੀਤ ਕੌਰ, ਹਰਪ੍ਰੀਤ ਕੌਰ ਧੂਤ, ਅਮਰਜੀਤ ਪੰਨੂ, ਜੋਤੀ ਸਿੰਘ ਨੇ ਲੋਕ ਅਰਪਣ ਕੀਤੀਆਂ। ਸਮਾਗਮ ਦੇ ਦੂਜੇ ਸੈਸ਼ਨ ਵਿਚ ਮਹਿਮਾਨ ਲੇਖਕ ਰਾਜਵੰਤ ਰਾਜ, ਦਵਿੰਦਰ ਗੌਤਮ ਅਤੇ ਨਛੱਤਰ ਸਿੰਘ ਭੋਗਲ ਨਾਲ ਵੀ ਸਰੋਤਿਆਂ ਦੀ ਮੁਲਾਕਾਤ ਹੋਈ। ਵਿਪਸਾਅ ਮੈਂਬਰਾਂ ਵਲੋਂ ਤਿੰਨਾਂ ਆਏ ਮਹਿਮਾਨ ਲੇਖਕਾਂ ਦਾ ਲੋਈਆਂ ਦੇ ਕੇ ਸਨਮਾਨ ਕੀਤਾ ਗਿਆ। ਸਮਾਗਮ ਦੇ ਅੰਤ ਵਿਚ ਕੁਲਵਿੰਦਰ ਨੇ ਹਾਜ਼ਰ ਮਹਿਮਾਨਾਂ, ਲੇਖਕਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਕਵੀ ਦਰਬਾਰ ਵਿਚ ਹਰਭਜਨ ਢਿੱਲੋਂ, ਪ੍ਰਿੰਸੀਪਲ ਹਜ਼ੂਰਾ ਸਿੰਘ, ਐਸ਼ ਕੁਮ ਐਸ਼, ਚਰਨਜੀਤ ਸਿੰਘ ਪੰਨੂੰ, ਗਗਨਦੀਪ ਮਾਹਲ, ਸੰਤੋਖ ਸਿੰਘ ਮਿਨਹਾਸ, ਹਰਜਿੰਦਰ ਕੰਗ, ਅਵਤਾਰ ਗੋਂਦਾਰਾ, ਜੋਤੀ ਸਿੰਘ, ਨੰਨੂ ਸਹੋਤਾ, ਮਨਦੀਪ ਗੋਰਾ, ਰਮਨ, ਮਹਿੰਦਰ ਸਿੰਘ ਸੰਘੇੜਾ, ਬੀਬੀ ਸੁਰਜੀਤ ਕੌਰ, ਹਰਪ੍ਰੀਤ ਕੌਰ ਧੂਤ, ਮੁਕੇਸ਼ ਕੁਮਾਰ, ਸੁਰਜੀਤ ਸਖੀ, ਕੁਲਵਿੰਦਰ, ਲਾਜ ਨੀਲਮ ਸੈਣੀ, ਸੁਖਵਿੰਦਰ ਕੰਬੋਜ, ਅਤੇ ਜਗਜੀਤ ਨੌਸ਼ਹਿਰਵੀ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਤਤਿੰਦਰ ਕੌਰ ਨੇ ਕਹਾਣੀ ਪੇਸ਼ ਕੀਤੀ। ਹੋਰਨਾਂ ਤੋਂ ਇਲਾਵਾ ਪ੍ਰੋ. ਸੁਖਦੇਵ ਸਿੰਘ, ਸੁਰਿੰਦਰ ਸਿੰਘ ਧਨੋਆ, ਪ੍ਰੋ. ਬਲਜਿੰਦਰ ਸਿੰਘ ਸਵੈਚ, ਸਰਬਜੀਤ ਕੌਰ ਚੀਮਾ, ਮਨਜੀਤ ਪਲਾਹੀ, ਦਰਸ਼ ਢਿਲੋਂ ਹਾਜ਼ਰ ਸਨ।

*–ਜਗਜੀਤ ਨੌਸ਼ਹਿਰਵੀ*
*510-676-1565*



**ਪ੍ਰੋ. ਸੁਰਿੰਦਰ ਸੀਰਤ ਅਤੇ ਮਿਸਿਜ਼ ਸੀਰਤ ਦਾ ਸਵਾਗਤ ਕਰਦੇ ਹੋਏ (ਖੱਬਿਓਂ) ਸੁਖਵਿੰਦਰ ਕੰਬੋਜ, ਰਾਜਵੰਤ ਰਾਜ, ਦਵਿੰਦਰ ਗੌਤਮ, ਸੁਰਜੀਤ ਸਖੀ, ਨਛੱਤਰ ਭੋਗਲ, ਡਾ: ਗੁਰਪ੍ਰੀਤ ਧੁੱਗਾ ਅਤੇ ਕੁਲਵਿੰਦਰ।**




# ਅੰਮ੍ਰਿਤਾ ਸ਼ੇਰਗਿੱਲ

ਦੇਵਿੰਦਰ ਸਤਿਆਰਥੀ
ਅਨੁਵਾਦ: ਜਗਤਾਰਜੀਤ ਸਿੰਘ




*ਚਿੱਤਰਕਾਰ ਅੰਮ੍ਰਿਤਾ ਸ਼ੇਰਗਿੱਲ ਅਤੇ (ਸੱਜੇ) ਉਸ ਦਾ ਬਣਾਇਆ ਇਕ ਚਿੱਤਰ।*

## ਕਲਾ ਪਰਿਕਰਮਾ

**ਫਕੀਰ ਲਿਖਾਰੀ ਦੇਵਿੰਦਰ ਸਤਿਆਰਥੀ ਨੇ ਅੰਮ੍ਰਿਤਾ ਸ਼ੇਰਗਿਲ ਦੇ ਇਸ ਸ਼ਬਦ ਚਿੱਤਰ ਵਿਚ ਉਸ ਨੂੰ ਅੰਮ੍ਰਿਤ ਸ਼ੇਰਗਿਲ ਲਿਖਿਆ ਹੈ।**

ਚਿੱਤਰਕਾਰ ਅੰਮ੍ਰਿਤ ਦੀ ਮੁਸਕਾਨ ਮੈਨੂੰ ਸਦਾ ਪਿਆਰੀ-ਪਿਆਰੀ ਲੱਗਦੀ ਰਹੇਗੀ। ਅੰਮ੍ਰਿਤ ਹੁਣ ਜਿਊਂਦੀ ਨਹੀਂ ਪਰ ਉਸ ਦੀ ਮੁਸਕਾਨ ਅੱਜ ਵੀ ਹਾਜ਼ਰ ਹੈ। ਇਸ ਨੂੰ ਕੈਮਰਾਮੈਨ ਦਾ ਕੌਸ਼ਲ ਕਿਹਾ ਜਾਣਾ ਚਾਹੀਦਾ ਹੈ ਕਿ ਕਿਵੇਂ ਉਸ ਨੇ ਸੁਹਣੇ ਵਾਲਾਂ ਵਾਲੀ ਕੁੜੀ ਦੇ ਚਿਹਰੇ ਉਪਰ ਉਹੀ ਮੁਸਕਰਾਹਟ ਪੇਸ਼ ਕੀਤੀ ਜੋ ਅੰਮ੍ਰਿਤ ਦੇ ਬੁੱਲ੍ਹਾਂ 'ਤੇ ਨੱਚੀ ਸੀ ਜਦੋਂ ਮੈਂ ਉਸ ਨੂੰ ਪਹਿਲੀ ਵਾਰ 1936 ਵਿਚ ਦੇਖਿਆ ਸੀ। ਸ਼ਿਮਲੇ ਦੀ ਸਮਰ ਹਿੱਲ ਵਾਲੀ ਥਾਂ ਉਸ ਦੇ ਬਜ਼ੁਰਗ ਅਤੇ ਚਿੰਤਨਸ਼ੀਲ ਪਿਤਾ ਸਰਦਾਰ ਉਮਰਾਓ ਸਿੰਘ ਸ਼ੇਰਗਿੱਲ ਦੀ ਰਿਹਾਇਸ਼ਗਾਹ ਸੀ।

"ਤੁਹਾਨੂੰ ਅੰਮ੍ਰਿਤ ਦੀਆਂ ਤਸਵੀਰਾਂ ਕਿਵੇਂ ਲੱਗੀਆਂ ਹਨ?" ਉਸ ਦੇ ਪਿਤਾ ਨੇ ਪੁੱਛਿਆ।

ਮੈਂ ਕਿਹਾ, "ਮੇਰੇ ਵਾਸਤੇ ਇਨ੍ਹਾਂ ਵਿਚ ਨਵਾਂਪਣ ਹੈ। ਜੇਕਰ ਅੰਮ੍ਰਿਤ ਦੀ ਪ੍ਰਤਿਭਾ ਦਾ ਵਿਕਾਸ ਯੂਰਪੀ ਪ੍ਰਭਾਵਾਂ ਦਾ ਰਿਣੀ ਹੈ ਤਾਂ ਇਸ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਜਾਪਦਾ ਹੈ ਉਸ ਨੇ ਭਾਰਤੀਪਣ ਦਾ ਦਿਲ ਲੱਭ ਲਿਆ ਹੈ।"

ਸ਼ਿਮਲੇ ਵਿਖੇ ਅੰਮ੍ਰਿਤ ਦੀ ਇਕ ਛੋਟੀ ਜਿਹੀ ਗੈਲਰੀ ਕਿੰਨੀ ਸੋਹਣੀ ਸੀ। ਉੱਥੇ ਬੈਠ ਕੇ ਉਸ ਨੇ ਰੰਗ ਅਤੇ ਬੁਰਸ਼ ਨਾਲ ਕਈ ਤਜਰਬੇ ਕੀਤੇ। ਥੋੜ੍ਹੇ ਜਿਹੇ ਸਮੇਂ ਵਿਚ ਉਸ ਨੇ ਭਾਰਤੀ ਚਿੱਤਰਕਾਰਾਂ ਸਾਹਮਣੇ ਚੁਣੌਤੀ ਰੱਖ ਦਿੱਤੀ ਕਿਉਂਕਿ ਉਸ ਨੂੰ ਚਿੰਤਨ ਦੀ ਪਿੱਠਭੂਮੀ ਦੇ ਰੂਪ ਵਿਚ ਬਜ਼ੁਰਗ ਪਿਤਾ ਦਾ ਗਿਆਨ ਪ੍ਰਾਪਤ ਸੀ।

ਅੰਮ੍ਰਿਤ ਨੇ ਖ਼ੁਦ ਮੈਨੂੰ ਦੱਸਿਆ ਕਿ 1934 ਵਿਚ ਜਦੋਂ ਉਹ ਭਾਰਤ ਆਈ ਹੀ ਸੀ, ਉਸ ਦੀ ਬਣਾਈ ਪੇਂਟਿੰਗ ਨੂੰ ਸ਼ਿਮਲਾ ਵਿਖੇ ਲੱਗੀ ਨੁਮਾਇਸ਼ ਵਿਚ ਸਨਮਾਨਿਤ ਕੀਤਾ ਗਿਆ ਪਰ ਇਨਾਮ ਅਜਿਹੀ ਤਸਵੀਰ ਨੂੰ ਦਿੱਤਾ ਗਿਆ ਜੋ ਖ਼ੁਦ ਅੰਮ੍ਰਿਤ ਦੀ ਨਜ਼ਰ ਵਿਚ ਇੰਨੀ ਸ਼ਾਨਦਾਰ ਨਹੀਂ ਸੀ। ਉਸ ਨੇ ਇਸ ਨੂੰ ਆਪਣੇ ਪੋਰਟਰੇਟ ਦਾ ਅਪਮਾਨ ਸਮਝਿਆ। ਉਹ ਉਸ ਨੂੰ ਆਪਣੀ ਸਭ ਤੋਂ ਬਿਹਤਰ ਪੇਂਟਿੰਗ ਮੰਨਦੀ ਸੀ। ਇਸ ਕਾਰਨ ਉਸ ਨੇ ਇਨਾਮ ਵਾਲੀ ਰਕਮ ਪ੍ਰਦਰਸ਼ਨੀ ਕਮੇਟੀ ਨੂੰ ਵਾਪਸ ਕਰ ਦਿੱਤੀ। ਮੈਂ ਉਸੇ ਵੇਲੇ ਸਮਝ ਗਿਆ ਕਿ ਉਸ ਨੂੰ ਆਪਣੇ ਪੇਂਟ-ਬੁਰਸ਼ ਵਿਚ ਕਿੰਨਾ ਵਿਸ਼ਵਾਸ ਸੀ।

"ਅੰਮ੍ਰਿਤ ਤੇਰਾ ਜਨਮ ਕਿੱਥੇ ਹੋਇਆ ਸੀ?" ਮੈਂ ਪੁੱਛਿਆ।

ਉਸ ਨੇ ਕਿਹਾ, "ਹੰਗਰੀ ਦੀ ਰਾਜਧਾਨੀ ਬੁਡਾਪੈਸਟ ਵਿਚ ਮੇਰਾ ਜਨਮ 1913 ਵਿਚ ਹੋਇਆ ਸੀ।"

ਮੈਂ ਉਛਲ ਕੇ ਕਿਹਾ, "ਅੰਮ੍ਰਿਤ ਤੂੰ ਮੇਰੇ ਤੋਂ ਪੰਜ ਸਾਲ ਛੋਟੀ ਏਂ।"

ਅੰਮ੍ਰਿਤ ਮੁੜ ਬੋਲੀ, "ਛੋਟੀ ਈ ਸਹੀ, ਮੈਨੂੰ ਹਮੇਸ਼ਾ ਇਹੋ ਲੱਗਦਾ ਆ ਰਿਹਾ ਏ ਕਿ ਮੈਂ ਸਦਾ ਤਸਵੀਰਾਂ ਬਣਾਉਂਦੀ ਰਹੀ ਹਾਂ।"

"ਤਾਂ ਤੂੰ ਵੱਡੀ ਏਂ, ਅੰਮ੍ਰਿਤ!"

"ਚਿੱਤਰ ਰਚਨਾ ਦੇ ਅਨੁਭਵ ਦੇ ਆਧਾਰ 'ਤੇ ਨਿਸ਼ਚਿਤ ਤੌਰ 'ਤੇ ਮੈਂ ਵੱਡੀ ਹਾਂ।"

ਸੰਨ 1935 ਨੂੰ ਦਿੱਲੀ ਦੀ 'ਆਲ ਇੰਡੀਆ ਫਾਈਨ ਆਰਟਸ ਐਂਡ ਕਰਾਫਟਸ ਸੁਸਾਇਟੀ' ਵੱਲੋਂ ਅੰਮ੍ਰਿਤ ਦੀ ਪੇਂਟਿੰਗ ਨੂੰ ਇਨਾਮ ਦਿੱਤਾ ਗਿਆ। ਇਸੇ ਸਾਲ ਬੰਬਈ ਆਰਟਸ ਸੁਸਾਇਟੀ ਵੱਲੋਂ ਉਸ ਦੇ 'ਕੁਝ ਹਿੰਦੋਸਤਾਨੀ ਕੁੜੀਆਂ' ਚਿੱਤਰ ਨੂੰ ਸੋਨੇ ਦਾ ਤਮਗਾ ਦਿੱਤਾ ਗਿਆ। ਇਨ੍ਹਾਂ ਦਿਨਾਂ ਦੌਰਾਨ ਅੰਮ੍ਰਿਤ ਨੇ ਪੂਰੇ ਭਾਰਤ ਦੀ ਯਾਤਰਾ ਕੀਤੀ ਅਤੇ ਕਈ ਥਾਵਾਂ 'ਤੇ ਉਸ ਨੇ ਸੁਤੰਤਰ ਪ੍ਰਦਰਸ਼ਨੀਆਂ ਲਾਈਆਂ। ਜਦੋਂ ਉਸ ਨੇ ਦੱਖਣ ਦੀਆਂ ਅਜੰਤਾ ਦੀਆਂ ਗੁਫ਼ਾਵਾਂ ਵਾਲੀਆਂ ਪ੍ਰਸਿੱਧ ਤਸਵੀਰਾਂ ਦਾ ਰਸ ਮਾਣਿਆ ਤਾਂ ਸੱਚੀਂ-ਮੁੱਚੀਂ ਉਸ ਨੂੰ ਨਵੀਂ ਪ੍ਰੇਰਨਾ ਮਿਲੀ।

ਅੰਮ੍ਰਿਤ ਨੂੰ ਛੋਟੇ ਕੈਨਵਸ ਦੀ ਵਰਤੋਂ ਨਾਪਸੰਦ ਸੀ। ਵੱਡੇ ਕੈਨਵਸ ਦੀ ਵਰਤੋਂ ਕਾਰਨ ਆਪਣੇ ਕੰਮ ਵਿਚ ਕੰਧ-ਚਿੱਤਰਾਂ ਦੇ ਗੁਣ-ਲੱਛਣ ਰਲਾਉਣੇ ਉਸ ਲਈ ਸਹਿਜ ਹੋ ਗਏ। ਅਜੰਤਾ ਫੇਰੀ ਤੋਂ ਬਾਅਦ ਅੰਮ੍ਰਿਤ ਦੇ ਬੁਰਸ਼ ਵਿਚ ਆਈ ਤਬਦੀਲੀ ਜੱਗ ਜ਼ਾਹਿਰ ਹੈ। ਉਨ੍ਹੀਂ ਦਿਨੀਂ ਇਕ ਦੋਸਤ ਨੂੰ ਲਿਖੇ ਖ਼ਤਾਂ ਵਿਚ ਆਪਣੇ ਸ਼ਬਦਾਂ ਰਾਹੀਂ ਵੀ ਉਸ ਇਹ ਗੱਲ ਸਪਸ਼ਟ ਕਰ ਦਿੱਤੀ ਸੀ, "ਮੈਂ ਬਹੁਤ ਮਿਹਨਤ ਕਰ ਰਹੀ ਆਂ ਅਤੇ ਵੱਡੇ ਕੈਨਵਸ ਤਿਆਰ ਕਰਨ ਵਿਚ ਮਸਰੂਫ਼ ਹਾਂ। ਵਿਸ਼ੇ ਦੇ ਲਿਹਾਜ਼ ਪੱਖੋਂ ਉਹ ਦੱਖਣੀ ਭਾਰਤ ਦੀ ਛਾਪ ਰੱਖਦੇ ਹਨ ਜਿਸ ਨੂੰ ਮੈਂ ਗ੍ਰਹਿਣ ਕੀਤਾ ਹੈ। ਚਿੱਤਰਕਾਰੀ ਦੇ ਪੱਖੋਂ ਇਹ ਉਸ ਮਹਾਨ ਸਿੱਖਿਆ ਦਾ ਪ੍ਰਗਟਾਵਾ ਹੈ ਜੋ ਮੈਂ ਅਜੰਤਾ ਵਿਖੇ ਪ੍ਰਾਪਤ ਕੀਤੀ ਸੀ।"

ਬੰਬਈ ਦੇ ਪ੍ਰਸਿੱਧ ਕਲਾ ਸਮੀਖਿਆਕਾਰ ਕਾਰਲ ਖੰਡੇਲਵਾਲ ਨੇ ਅੰਮ੍ਰਿਤ ਸ਼ੇਰਗਿੱਲ ਦੇ ਚਿੱਤਰਾਂ ਦਾ ਸੰਗ੍ਰਹਿ ਛਪਵਾਇਆ। ਖੰਡੇਲਵਾਲ ਅਨੁਸਾਰ, "ਅੰਮ੍ਰਿਤ ਸ਼ੇਰਗਿੱਲ ਭਾਰਤੀ ਮੂਰਤੀ ਕਲਾ ਤੋਂ ਪ੍ਰਭਾਵਿਤ ਸੀ। ਇਹ ਤੱਥ ਉਸ ਦੇ ਚਿੱਤਰਾਂ ਦੀ ਬਣਤਰ, ਰੱਖ-ਰਖਾਓ ਤੋਂ ਸਾਹਮਣੇ ਆਉਂਦਾ ਹੈ।" ਦੋਸਤ ਨੂੰ ਲਿਖੀ ਆਪਣੀ ਚਿੱਠੀ ਵਿਚ ਉਸ ਨੇ ਇੱਥੋਂ ਤੱਕ ਲਿਖਿਆ, "ਮੈਨੂੰ ਰੂਪ ਨਾਲ ਬਹੁਤ ਪਿਆਰ ਹੈ ਹਾਲਾਂਕਿ ਮੈਂ ਰੰਗਾਂ ਦੀ ਪੂਜਾ ਕਰਦੀ ਹਾਂ।"

ਸੰਨ 1941 ਨੂੰ ਮੇਰੀ ਅੰਮ੍ਰਿਤ ਨਾਲ ਮੁਲਾਕਾਤ ਹੋਈ। ਉਹ ਆਪਣੀਆਂ ਨਵੀਆਂ ਤਸਵੀਰਾਂ ਨੂੰ ਲੈ ਉਨ੍ਹਾਂ ਦੀ ਨੁਮਾਇਸ਼ ਦੀ ਤਿਆਰੀ ਵਿਚ ਰੁੱਝੀ ਹੋਈ ਸੀ। ਅਚਾਨਕ ਉਹ ਬਿਮਾਰ ਹੋ ਗਈ ਅਤੇ ਇਕ ਦਿਨ ਖ਼ਬਰ ਆਈ ਕਿ ਉਸ ਦੀ ਮੌਤ ਹੋ ਗਈ ਹੈ। ਭਾਰਤ ਦੀ ਇਸ ਚਿਤੇਰੀ ਦੀ ਜੁਆਨੀ ਵਿਚ ਹੀ ਮੌਤ ਹੋ ਗਈ- ਇਹ ਦੁਖਦਾਈ ਘਟਨਾ ਭਾਰਤੀ ਕਲਾ ਇਤਿਹਾਸ ਵਿਚ ਹਮੇਸ਼ਾ ਬਹੁਤ ਉਦਾਸੀ ਨਾਲ ਯਾਦ ਕੀਤੀ ਜਾਵੇਗੀ।





*ਆਪਣੇ ਵਕਤ ਦੀ ਉਘੀ ਚਿੱਤਰਕਾਰ ਅੰਮ੍ਰਿਤਾ ਸ਼ੇਰਗਿੱਲ ਦੇ ਆਪਣੇ ਬਣਾਏ ਚਿੱਤਰ (ਸੈਲਫ ਪੋਰਟਰੇਟ)।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਸਤੰਬਰ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-605



ਜੋਤਾ ਲੱਗਾ ਥੱਕ ਗਏ, ਘੜੀ ਖਾ.ਲ ਹੈ ਆਣ,
ਛਾਹ ਵੇ.ਲਾ ਹੋ ਗਿਆ, ਦੇਖੋ ਲੱਗੇ ਰੋਟੀ ਖਾਣ।
ਕਾਮੇ ਤੇ ਕਿਸਾਨ ਦੀ, ਨਹੀਂ ਹੈ ਕੋਈ ਪਛਾਣ,
ਦੋਵੇਂ ਪੁੱਤ ਨੇ ਧਰਤ ਦੇ, ਫੜ ਰੁੱਖੀ ਮਿੱਸੀ ਖਾਣ।

## ਕੈਪਸ਼ਨ ਮੁਕਾਬਲਾ-603



ਹੋ ਗਿਆ 'ਕੱਠਾ ਲੌਂਗਾ-ਲਾਣਾ
ਮਸਾਂ ਮਸਾਂ ਇਹ ਘੜੀ ਹੈ ਆਈ।
ਘਰ ਦੀਆਂ ਪੌੜੀਆਂ ਸੂਤ ਆ ਗੀਆਂ
ਸਭਨਾਂ ਆਪੋ ਆਪਣੀ ਥਾਂ ਬਣਾਈ।
ਮਨ ਮਰਜ਼ੀ ਦੇ ਪੋਜ਼ ਬਣਾ ਕੇ
ਯਾਦਗਾਰੀ ਤਸਵੀਰ ਖਿਚਾਈ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਪਰਦੇਸੀ ਹੋ ਕੇ ਸਾਂਭੀ ਬੋਲੀ,
ਤੇ ਨਾ ਛੱਡਿਆ ਪਹਿਰਾਵਾ।
ਪੱਛਮ ਨੇ ਸਾਨੂੰ ਗੋਦ ਖਿਡਾਇਆ
ਹੁਣ ਇਹੀ ਸਾਡਾ ਸਿਰਨਾਵਾਂ।
ਮਤਰੇਈ ਮਿੱਟੀ ਦੇ ਮੋਹ 'ਚ ਭਿੱਜ ਕੇ
ਸਾਂਭਿਆ ਵਿਰਸਾ ਤੇ ਢੋਲੇ ਮਾਹੀਏ।
ਇਸੇ ਕਰਕੇ ਤਾਂ ਚਾਰ ਪੀੜ੍ਹੀਆਂ
ਇਕੱਠੇ ਬਹਿ ਫੋਟੋ ਖਿਚਵਾਈ ਏ।
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

ਪਰਿਵਾਰ ਇਕੱਠਾ ਹੋ ਕੇ ਬੈਠਾ,
ਸ਼ੁਕਰ ਦਾਤੇ ਕਾਜ ਰਚਾਇਆ,
ਪੁੱਤ-ਭਤੀਜੇ, ਧੀਆਂ-ਜਵਾਈਆਂ,
ਚਾਚੇ-ਚਾਚੀ, ਤਾਈ-ਤਾਇਆ।
ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ,
ਜਾਗੋ ਨੂੰ ਰਲ਼ ਮਹਿਕਾਇਆ।
ਕੁਨਬਾ ਸਾਰਾ ਬੈਠਾ ਸਿਰ ਜੋੜੀ,
ਹੈ ਕਿੰਝ ਫ਼ੋਟੋ ਖਿਚਵਾਇਆ।
***-ਸੇਵਾ ਸਿੰਘ "ਨੂਰਪੁਰੀ"***
***ਫ਼ੋਨ: 408-912-3438***

---

ਕੋਈ ਹੱਸੇ ਕਿਸੇ ਨੀਵੀਂ ਪਾਈ,
ਪੌੜੀਆਂ 'ਤੇ ਬਹਿ ਫੋਟੋ ਖਿਚਵਾਈ
ਲੰਮੇ ਪੈ ਕਈਆਂ ਪੋਜ਼ ਬਣਾਏ,
ਕਈ ਗਲਾਸੀ ਪੀ ਨਸ਼ਿਆਏ
ਵਿਆਹ ਸਾਡੇ ਸਿਮਰਨ ਦਾ ਹੋਇਆ,
ਖੁਸ਼ੀ 'ਚ ਸਭ ਨੇ ਭੰਗੜੇ ਪਾਏ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਖ਼ੁਸ਼ੀ ਇਕ ਕੁਦਰਤੀ ਵਲਵਲਾ
ਝਜੋੜ ਦਿੰਦੀ ਹੈ ਆਪਾ
ਹੁੰਦਾ ਸੀ ਮਸ਼ਹੂਰ ਵਲੈਤੀਆ ਕਦੇ
ਝੋਟੇ 'ਤੇ ਝੁੱਲ ਪਾ ਕੇ ਵਿਆਹ ਲਵੋ ਭਾਵੇਂ
ਅਮਰੀਕਾ-ਕੈਨੇਡਾ ਦਾ ਨਾਂ ਤਾਂ ਬਹੁਤ ਉਚਾ
ਭਾਵੇਂ ਖੀਸਾ ਖਾਲੀ ਹੀ ਕਿਉਂ ਨਾ ਹੋਵੇ।
ਕਰਜ਼ਾ ਚੁੱਕ, ਜ਼ਮੀਨ ਰੱਖ ਗਹਿਣੇ
ਬਾਅਦ ਝੱਗਾ ਵੀ ਨਹੀਂ ਜੁੜਦਾ
ਹੁਣ ਕਰਜ਼ਾ ਮੋੜੋ ਜਾਂ ਗਲ ਪਾਓ ਫੰਦਾ
ਖ਼ੁਸ਼ੀਆਂ 'ਚ ਸ਼ਰੀਕ
ਖਾ ਪੀ ਕੇ ਲਾਂਭੇ ਹੋਏ।
***-ਦਰਸ਼ਨ ਪਾਲ ਦੋਸਾਂਝ***

# ਦਰਿਆ ਦਿਲ ਪੰਨੂੰ

**ਵਰਿਆਮ ਸਿੰਘ ਸੰਧੂ ਦੀ ਵਾਰਤਕ ਵਿਚ ਵੀ ਉਹਦੀਆਂ ਕਹਾਣੀਆਂ ਵਰਗਾ ਹੀ ਰਸ ਹੁੰਦਾ ਹੈ ਬਲਕਿ ਕਹਿਣਾ ਚਾਹੀਦਾ ਹੈ ਕਿ ਦੋ ਰੱਤੀਆਂ ਵੱਧ ਹੀ ਹੁੰਦਾ ਹੈ। ਕਿਰਪਾਲ ਸਿੰਘ ਪੰਨੂੰ ਦੇ ਸ਼ਬਦ ਚਿੱਤਰ ਵਿਚ ਉਹਦੀ ਵਾਰਤਕ ਦੇ ਨਿਆਰੇ ਰੰਗਾਂ ਦੇ ਝਲਕਾਰੇ ਪੈਂਦੇ ਹਨ। ਸ਼ਾਇਦ ਇਸੇ ਕਰ ਕੇ ਉਹਦੀਆਂ ਲੰਮੀਆਂ ਲਿਖਤਾਂ ਵੀ ਪਾਠਕਾਂ ਨੂੰ ਛੋਟੀਆਂ ਭਾਸਦੀਆਂ ਹਨ, ਇਹ ਅਕਾਉਂਦੀਆਂ ਨਹੀਂ ਸਗੋਂ ਅਗਾਂਹ ਪੜ੍ਹਨ ਲਈ ਆਖਦੀਆਂ ਹਨ। ਇਸ ਲਿਖਤ ਵਿਚ ਉਹਨੇ ਕਿਰਪਾਲ ਸਿੰਘ ਪੰਨੂੰ ਦੇ ਜੀਵਨ ਅਤੇ ਕੰਮ-ਕਾਰ ਬਾਰੇ ਜਿਸ ਢੰਗ ਨਾਲ ਤਫਸੀਲ ਦਿੱਤੀ ਹੈ, ਉਹ ਆਪਣੀ ਮਿਸਾਲ ਆਪ ਹੈ।**

ਮੈਂ ਆਪਣੇ ਪਿੰਡ ਸੁਰ ਸਿੰਘ ਦੇ ਹਾਈ ਸਕੂਲ ਵਿਚ ਆਪਣੀ ਜਮਾਤ ਦਾ ਪੀਰਡ ਲਾ ਕੇ ਦਫ਼ਤਰ ਵਿਚ ਆਣ ਕੇ ਬੈਠਾ ਹੀ ਸਾਂ ਕਿ ਸਕੂਲ ਦੇ ਗੇਟ ਅੱਗੇ ਇੱਕ ਜੀਪ ਰੁਕੀ। ਉਸ ਵਿਚੋਂ ਖ਼ਾਕੀ ਵਰਦੀ ਵਾਲਾ ਅਫ਼ਸਰ, ਅੱਗੇ ਨੂੰ ਥੋੜ੍ਹੇ ਕੁ ਮੋਢੇ ਝੁਕਾ ਕੇ ਤੁਰਦਾ ਹੋਇਆ। ਇੰਜ ਲੱਗਾ ਜਿਵੇਂ ਮੋਢਿਆਂ 'ਤੇ ਲਿਸ਼ਕਦੇ ਸਟਾਰ ਵਿਖਾਉਣ ਲਈ ਉਚੇਚ ਕਰ ਰਿਹਾ ਹੋਵੇ। ਉਸਦੇ ਪਿੱਛੇ ਪਿੱਛੇ ਉਸਦਾ ਸਹਾਇਕ। ਉਹ ਦਫ਼ਤਰ ਵਿਚ ਆ ਵੜੇ।

ਮੈਂ ਸੋਚਿਆ, "ਲੈ ਪੈ ਗਿਆ ਫੇਰ ਕੋਈ ਸਿਆਪਾ!"

ਅਫ਼ਸਰ ਨੇ ਪੁੱਛਦੀਆਂ ਨਜ਼ਰਾਂ ਨਾਲ ਸਾਹਮਣੀ ਕੁਰਸੀ 'ਤੇ ਬੈਠੇ ਮੁੱਖ ਅਧਿਆਪਕ ਨੂੰ ਪੁੱਛਿਆ, "ਵਰਿਆਮ ਸਿੰਘ ਸੰਧੂ?"

ਮੁੱਖ ਅਧਿਆਪਕ ਨੂੰ ਮੇਰੇ ਵਾਲਾ ਫ਼ੁਰਨਾ ਹੀ ਫੁਰਿਆ ਹੋਣਾ ਏਂ। ਮੁਸਕਰਾ ਕੇ ਬੜੇ ਅਦਬ ਨਾਲ ਕਹਿੰਦਾ, "ਸਾਹਿਬ ਬਹਾਦਰ! ਤੁਸੀਂ ਬੈਠੋ ਤਾਂ ਸਹੀ ਕੁਰਸੀ ਲੈ ਕੇ। ਸੰਧੂ ਸਾਬ੍ਹ ਏਥੇ ਈ ਨੇ। ਆਹ ਵੇਖੋ। ਲਿਆ ਬਈ ਬੁੱਢਾ ਸਿਉਂ! ਪਾਣੀ ਦਾ ਗਿਲਾਸ ਸਰਦਾਰ ਸਾਬ੍ਹ ਲਈ।"

ਪਰ 'ਸਾਹਿਬ ਬਹਾਦਰ' ਕੁਰਸੀ 'ਤੇ ਨਹੀਂ ਬੈਠਾ। ਮੇਰੀ ਕੁਰਸੀ ਵੱਲ ਵਧਿਆ। ਬੜੇ ਤਪਾਕ ਨਾਲ ਮੇਰੇ ਨਾਲ ਹੱਥ ਮਿਲਾਇਆ। ਉਸਦੇ ਮਿਲਣ ਵਿਚਲੀ ਗਰਮਜੋਸ਼ੀ ਨੇ ਮੇਰਾ ਸਾਹ ਸੌਖਾ ਜਿਹਾ ਕਰ ਦਿੱਤਾ। ਮੈਂ ਹੈਰਾਨ ਵੀ ਹੋਇਆ। ਪੁਲਿਸ ਵਿਚ 'ਏਡਾ ਮੇਰਾ ਕਿਹੜਾ ਦਰਦੀ!'



ਹੁਣ ਤੁਸੀਂ ਅੰਦਰੋ ਅੰਦਰ ਹੱਸਦੇ ਹੋਵੋਗੇ ਕਿ ਏਡਾ ਨਾਟਕੀ ਦ੍ਰਿਸ਼ ਸਿਰਜਣ ਦੀ ਭਲਾ ਕੀ ਲੋੜ ਸੀ! ਸਾਰੇ ਜਾਣਦੇ ਨੇ ਉਹ 'ਸਾਹਿਬ ਬਹਾਦਰ' ਆਪਣਾ ਕਿਰਪਾਲ ਸਿੰਘ ਪੰਨੂੰ ਹੀ ਸੀ।

**ਵਰਿਆਮ ਸਿੰਘ ਸੰਧੂ**
**ਫੋਨ: 647-535-1539**
**ਵਟਸਐਪ-98726-02296**

ਮੈਂ ਕਦੋਂ ਮੁੱਕਰਦਾਂ। ਹੈ ਤਾਂ ਕਿਰਪਾਲ ਸਿੰਘ ਪੰਨੂੰ ਹੀ ਸੀ ਪਰ ਇੱਕ ਵਾਰ ਤਾਂ ਜਨਾਬ ਨੇ ਮੇਰਾ ਤਰਾਹ ਕੱਢ ਦਿੱਤਾ ਸੀ। ਅੱਜ ਤੱਕ ਮੈਨੂੰ ਪੁਲਿਸ 'ਲੈਣ' ਈ ਆਉਂਦੀ ਰਹੀ ਸੀ, 'ਮਿਲਣ' ਕਦੀ ਨਹੀਂ ਸੀ ਆਈ ਤੇ ਉਹ ਵੀ ਏਸ ਮੁਹੱਬਤੀ ਤੇ ਮਿਲਾਪੜੇ ਅੰਦਾਜ਼ ਵਿਚ! ਉਨ੍ਹੀਂ ਦਿਨੀਂ ਸਰਕਾਰ ਦਾ ਕੁੱਝ ਵਧੇਰੇ ਹੀ 'ਚਹੇਤਾ' ਹੋਣ ਕਰਕੇ ਪੁਲਿਸ ਦੇ 'ਆਉਣ' ਅਤੇ ਮੈਨੂੰ 'ਲੈ ਜਾਣ' ਦਾ ਮਾਣ ਅਕਸਰ ਮਿਲਦਾ ਰਹਿੰਦਾ ਸੀ। ਹੁਣ ਵੀ ਮੈਂ ਉਨ੍ਹਾਂ ਨੂੰ ਵੇਖ ਕੇ ਇਹੋ ਹੀ ਲੇਖਣ ਲਾਇਆ ਸੀ ਕਿ 'ਲਾਲ ਪਗੜੀਆਂ ਵਾਲੇ ਆਲੋਚਕ' ਮੇਰੇ 'ਕੀਤੇ ਕੰਮਾਂ' ਤੇ ਲਿਖਤਾਂ ਦੀ ਦਾਦ ਦੇਣ ਮੁੜ ਤੋਂ ਆਣ ਧਮਕੇ ਹਨ!

ਕੁਰਸੀ ਉੱਤੇ ਬੈਠ ਕੇ ਪੰਨੂੰ ਮੇਰਾ ਵੱਜ ਬਣਾ ਰਿਹਾ ਸੀ। ਪਿਛਲੇ ਦਿਨ ਉਹ ਅੰਮ੍ਰਿਤਸਰ ਦੇ ਬੱਸ ਅੱਡੇ 'ਤੇ ਕਿਤਾਬਾਂ ਰਿਸਾਲੇ ਵੇਖ ਰਿਹਾ ਸੀ ਤੇ ਕੁੱਝ ਵਿਸ਼ੇਸ਼ ਸਾਹਿਤਕਾਰਾਂ ਦੀਆਂ ਨਵੀਆਂ ਛਪੀਆਂ ਕਿਤਾਬਾਂ ਬਾਰੇ ਪੁੱਛ ਰਿਹਾ ਸੀ ਕਿ ਸਟਾਲ 'ਤੇ ਖਲੋਤੇ ਮੇਰੇ ਕਿਸੇ ਜਾਣੂ ਪਾਠਕ ਨੇ ਪੁੱਛਿਆ, "ਤੁਸੀਂ ਸਾਡੇ ਇਲਾਕੇ ਦੇ ਲੇਖਕ ਵਰਿਆਮ ਸਿੰਘ ਸੰਧੂ ਨੂੰ ਪੜ੍ਹਿਆ ਏ?" ਤੇ ਫਿਰ ਮੇਰੀਆਂ ਗੱਲਾਂ ਚੱਲ ਪਈਆਂ। ਪੰਨੂੰ ਨੇ ਉਸਤੋਂ ਮੇਰੇ ਪਿੰਡ ਤੇ ਥਾਂ-ਟਿਕਾਣੇ ਬਾਰੇ ਪੁੱਛਿਆ। ਮੈਂ ਤਾਂ ਉਸਦੀ ਪਹੁੰਚ ਵਿਚ ਸਾਂ। ਪੰਨੂੰ ਉਦੋਂ ਮੇਰੇ ਪਿੰਡ ਤੋਂ ਸਵਾ-ਡੇਢ ਮੀਲ ਦੀ ਵਿੱਥ 'ਤੇ ਬਣੀ ਬੀ ਐਸ ਐਫ਼ ਦੀ ਛਾਉਣੀ ਵਿਖੇ ਤਾਇਨਾਤ ਸੀ। ਅਗਲੇ ਦਿਨ ਛਾਉਣੀਓਂ ਨਿਕਲਦਿਆਂ ਉਸਨੇ ਡਰਾਈਵਰ ਨੂੰ ਜੀਪ ਮੇਰੇ ਪਿੰਡ ਵੱਲ ਮੋੜਨ ਲਈ ਕਿਹਾ ਤੇ ਹੁਣ ਅਸੀਂ ਆਹਮੋ-ਸਾਹਮਣੇ ਸਾਂ।

ਉਥੋਂ ਉੱਠ ਕੇ ਅਸੀਂ ਘਰ ਚਲੇ ਗਏ। ਜਲ-ਪਾਣੀ ਪੀਤਾ, ਗੱਲਾਂ-ਬਾਤਾਂ ਹੁੰਦੀਆਂ ਰਹੀਆਂ। ਜਾਣ ਲੱਗਾ ਉਹ ਮੇਰੇ ਰੋਕਦਿਆਂ ਰੋਕਦਿਆਂ ਤੇ ਕਹਿੰਦਿਆਂ ਕਹਿੰਦਿਆਂ ਕਿ 'ਇਹ ਮੇਰੇ ਕੰਮ ਦੀ ਚੀਜ਼ ਨਹੀਂ' ਉਹ ਉਚੇਚੇ ਤੌਰ 'ਤੇ ਮੇਰੇ ਲਈ ਲਿਆਂਦੀ ਰੰਮ ਦੀ ਬੋਤਲ ਰੱਖ ਗਿਆ ਤੇ ਮੇਰੇ ਕੋਲੋਂ ਕੁੱਝ ਕਿਤਾਬਾਂ ਦੇ ਨਾਲ-ਨਾਲ ਮੇਰਾ ਦਿਲ ਵੀ ਆਪਣੇ ਨਾਲ ਲੈ ਗਿਆ। ਨਾ ਉਸਨੇ ਮੁੜ ਕੇ ਮੇਰੀਆਂ ਕਿਤਾਬਾਂ ਮੋੜੀਆਂ ਤੇ ਨਾ ਦਿਲ ਹੀ। ਪਰ ਉਸਦੇ ਮਿਲਣ ਆਉਣ ਨਾਲ ਮੇਰੀ ਚੰਗੀ ਭੱਲ ਬਣੀ। ਸਕੂਲ ਦੇ ਮਾਸਟਰ ਤੇ ਪਿੰਡ ਦੇ ਲੋਕ ਸਮਝਣ ਲੱਗੇ ਕਿ 'ਮੈਂ ਵੀ ਕੁੱਝ ਹਾਂ' ਜਿਹਨੂੰ ਏਡੇ ਏਡੇ ਅਫ਼ਸਰ 'ਸਲਾਮ' ਕਰਨ ਆਉਂਦੇ ਨੇ।

ਸਾਡੀਆਂ ਮਿਲਣੀਆਂ ਦਾ ਨਿੱਕਾ ਜਿਹਾ ਸਿਲਸਿਲਾ ਚੱਲ ਕੇ ਛੇਤੀ ਹੀ ਬੰਦ ਵੀ ਹੋ ਗਿਆ। ਫਿਰ ਲੰਮਾਂ ਅਰਸਾ ਉਸ ਵੱਲੋਂ ਕੁੱਝ ਸੁੱਖ-ਸੁਨੇਹਾ ਨਾ ਪੁੱਜਾ। ਇੱਕ ਦਿਨ ਇੱਕ ਬੰਦਾ ਆਇਆ। ਕਹਿਣ ਲੱਗਾ, "ਪੰਨੂੰ ਸਾਹਿਬ ਦੀ ਬਦਲੀ ਜੰਮੂ-ਕਸ਼ਮੀਰ ਵੱਲ ਹੋ ਗਈ ਏ ਤੇ ਉਨ੍ਹਾਂ ਤੁਹਾਡੇ ਲਈ ਕੁੱਝ ਸਮਾਨ ਭੇਜਿਆ ਏ।"

ਇਹ ਜੂਸ ਦੀਆਂ ਬੋਤਲਾਂ ਸਨ ਤੇ ਨਾਲ ਅਖ਼ਰੋਟਾਂ ਦੀ ਪੋਟਲੀ। ਪੰਨੂੰ ਦੂਰ ਜਾ ਕੇ ਵੀ ਮੇਰੇ ਨੇੜੇ ਸੀ। ਪਹਿਲਾਂ 'ਰੰਮ' ਦੇ ਰੂਪ ਵਿਚ ਤੇ ਹੁਣ 'ਜੂਸ' ਦੇ ਰੂਪ ਵਿਚ।

ਫਿਰ ਅਸੀਂ ਅਜਿਹਾ ਵਿਛੜੇ ਕਿ 'ਕੁੰਭ ਦੇ ਮੇਲੇ' 'ਤੇ ਵਿਛੜਿਆਂ ਦੇ ਸਾਲਾਂ ਬਾਅਦ ਮਿਲਣ ਵਾਲੀ ਗੱਲ ਹੋ ਗਈ। ਪਹਿਲੀ ਮਿਲਣੀ ਤੋਂ ਪੂਰੇ ਦਸ ਸਾਲ ਬਾਅਦ ਮੈਂ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਚੰਡੀਗੜ੍ਹ ਵਿਚ ਕਹਾਣੀ ਪੜ੍ਹਨ ਗਿਆ। ਪੰਨੂੰ ਪੰਜਾਬੀ ਲੇਖਿਕਾ ਕਾਨਾ ਸਿੰਘ ਦੇ ਸੰਗ-ਸਾਥ ਟਹਿਕਦਾ ਹੋਇਆ ਓਥੇ ਪਹੁੰਚਿਆ। ਇਹਨੀਂ ਦਿਨੀਂ ਉਹ ਨੌਕਰੀ ਤੋਂ ਸੇਵਾ-ਮੁਕਤ ਹੋ ਕੇ ਮੋਹਾਲੀ ਰਹਿ ਰਿਹਾ ਸੀ। ਏਸ ਮਿਲਣੀ ਤੋਂ ਬਾਅਦ ਅਸੀਂ ਫਿਰ 'ਕੁੰਭ ਦਾ ਮੇਲਾ' ਵੇਖਣ ਚਲੇ ਗਏ ਤੇ ਮੁੜ ਵਿਛੜ ਗਏ। ਮੁੜ ਨਾ ਮੈਂ ਤੇ ਨਾ ਪੰਨੂੰ ਆਪਸ ਵਿਚ ਸੰਪਰਕ ਸਾਧ ਸਕੇ।

ਮੁੜ 1999 ਵਿਚ ਮੈਂ ਆਪਣੇ ਲੜਕੇ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਟਰਾਂਟੋ ਗਿਆ ਤਾਂ ਪਤਾ ਲੱਗਾ ਕਿ ਕਿਰਪਾਲ ਸਿੰਘ ਪੰਨੂੰ ਟਰਾਂਟੋ ਰਹਿੰਦਾ ਹੈ ਤੇ ਸਭ ਸਾਹਿਤ-ਪ੍ਰੇਮੀਆਂ ਤੇ ਕਲਾਕਾਰਾਂ ਦੇ ਦਿਲ ਵਿਚ ਵੜਿਆ ਹੋਇਆ ਹੈ। ਸੇਵਾ-ਮੁਕਤ ਹੋਣ ਤੋਂ ਪਿੱਛੋਂ ਉਹ 1991 ਵਿਚ ਕਨੇਡਾ ਚਲਾ ਗਿਆ ਸੀ। ਏਥੇ ਹਰ ਕੋਈ ਉਹਨੂੰ ਜਾਣਦਾ ਸੀ। ਇਹ ਵੀ ਪਤਾ ਲੱਗਾ ਕਿ ਉਸਨੇ ਕੰਪਿਊਟਰ ਉੱਤੇ ਉਂਗਲਾਂ ਮਾਰ ਮਾਰ ਕੇ ਇਸ ਖੇਤਰ ਵਿਚ ਕਈ ਨਵੀਆਂ ਪ੍ਰਾਪਤੀਆਂ ਕਰ ਲਈਆਂ ਨੇ। ਪੰਜਾਬੀ ਫੌਂਟ ਤਿਆਰ ਕਰਨ ਵਿਚ ਬੜਾ ਵਿਸ਼ੇਸ਼ ਰੋਲ ਨਿਭਾਇਆ ਹੈ। ਸ਼ਾਹਮੁਖੀ-ਗੁਰਮੁਖੀ ਲਿਪੀਆਂ ਨੂੰ ਆਪਸ ਵਿਚ ਤਬਦੀਲ ਕਰਨ ਲਈ ਸੰਸਾਰ ਵਿਚ ਮੁਢਲਾ ਤੇ ਪਹਿਲਾ ਕੰਮ ਉਸਨੇ ਹੀ ਕੀਤਾ ਹੈ ਤੇ ਇਸ ਕਾਰਜ ਲਈ ਸ਼ਾਹਮੁਖੀ ਦੀ 'ਬਾਬਾ ਫ਼ਰੀਦ ਫੌਂਟ' ਵੀ ਉਸਾਰੀ ਹੈ; ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵੀ ਸ਼ਾਹਮੁਖੀ ਵਿਚ ਲਿਪੀਅੰਤਰ ਕੀਤਾ ਹੈ। ਇਸਤੋਂ ਇਲਾਵਾ ਵੈੱਬ ਸਾਈਟਾਂ ਉੱਤੇ ਸਾਰੀਆਂ ਫੌਂਟਾਂ ਦੇ ਅੱਖਰ ਖਿੱਲਰ ਜਾਣ ਦੀ ਸਮੱਸਿਆ ਦਾ ਹੱਲ ਖੋਜਿਆ ਹੈ ਤੇ ਲੱਗ ਪੱਗ ਸਾਰੀਆਂ ਗੁਰਮੁਖੀ ਫੌਂਟਾਂ ਉੱਤੇ ਉਹ ਟਰੀਟਮੈਂਟ ਦਿੱਤਾ ਜਾਣ ਲੱਗਾ ਹੈ; ਪੰਜਾਬੀ ਸ਼ਬਦ ਜੋੜ ਚੈੱਕ ਲਈ ਹਰਕੀਰਤ ਸਿੰਘ ਵਾਲਾ ਸ਼ਬਦਜੋੜ ਟਾਈਪ ਕੀਤਾ ਅਤੇ ਉਸਨੂੰ ਕੰਪਿਊਟਰ ਦੀ ਕਸਟਮ ਡਿਕਸ਼ਨਰੀ ਵਿਚ ਪਾ ਦਿੱਤਾ ਹੈ। ਲੱਗ ਪੱਗ ਗੁਰਮੁਖੀ ਦੀਆਂ ਸਾਰੀਆਂ ਫੌਂਟਾਂ ਦਾ ਇੱਕ ਦੂਜੇ ਵਿਚ ਕਨਵਰਸ਼ਨ ਤਿਆਰ ਕੀਤਾ ਹੈ ਆਦਿ ਆਦਿ।

ਹੈਰਾਨੀ ਹੋਈ; ਇੱਕ 'ਫੌਜੀ' ਤੇ ਏਨੇ ਬਰੀਕ ਖੇਤਰ ਦੀ ਜਾਣਕਾਰੀ ਤੇ ਉਹ ਵੀ ਆਪਣੇ ਬਲ-ਬੂਤੇ। ਬਿਨਾ ਕਿਸੇ ਅਗਵਾਈ ਤੋਂ। ਕੇਵਲ ਆਪਣੀ ਖੋਜੀ ਬਿਰਤੀ ਤੇ ਮਿਹਨਤ ਦੀ ਬਦੌਲਤ। ਜ਼ਰੂਰ ਉਸ ਵਿਚ ਲੁਕੀ ਪ੍ਰਤਿਭਾ ਦਾ ਹੀ ਕਮਾਲ ਤਾਂ ਸੀ। ਸੋਚਿਆ, ਜੇ ਉਹ ਸਿਪਾਹੀ ਤੋਂ ਅਫ਼ਸਰ ਬਣ ਸਕਦਾ ਹੈ ਤਾਂ ਉਹ ਇਹ ਸਭ ਕੁੱਝ ਭਲਾ ਕਿਉਂ ਨਹੀਂ ਕਰ ਸਕਦਾ! ਫਿਰ ਖ਼ਿਆਲ ਆਇਆ; ਨਹੀਂ, ਸਿਪਾਹੀ ਤੋਂ ਅਫ਼ਸਰ ਤਾਂ ਹੋਰ ਵੀ ਅਨੇਕਾਂ ਲੋਕ ਬਣੇ ਨੇ ਪਰ ਕਿਰਪਾਲ ਸਿੰਘ ਪੰਨੂੰ ਬਣਨਾ ਬੜਾ ਔਖਾ ਹੈ। ਇਹ ਵੱਖਰੀ ਗੱਲ ਹੈ ਕਿ ਪੰਨੂੰ ਅਨੁਸਾਰ ਹਰੇਕ ਬੰਦਾ ਉਸ ਵਾਂਗ ਕਰ ਸਕਦਾ ਹੈ ਤੇ ਉਸ ਜਿਹਾ ਬਣ ਸਕਦਾ ਹੈ। ਏਸੇ ਭਰੋਸੇ 'ਤੇ ਹੀ ਉਹ ਮੇਰੇ ਵਰਗਿਆਂ ਨੂੰ ਹੌਸਲਾ ਦੇਵੇਗਾ ਕਿ ਮੈਂ ਵੀ ਕੰਪਿਊਟਰ ਦੀਆਂ ਬਰੀਕੀਆਂ ਸਿੱਖ ਸਕਦਾ ਹਾਂ। ਪਰ ਕਿੱਥੇ 'ਰਾਜਾ' ਕਿਰਪਾਲ ਸਿੰਘ ਪੰਨੂੰ ਤੇ ਕਿੱਥੇ 'ਜੱਟ-ਬੂਟ' ਵਰਿਆਮ ਸਿੰਘ ਸੰਧੂ!

ਮੈਨੂੰ ਇਹ ਵੀ ਪਤਾ ਲੱਗਾ ਕਿ ਪੰਨੂੰ ਲੇਖਕ



ਵੀ ਬਣ ਗਿਆ ਹੈ। ਕਵਿਤਾ ਵੀ ਲਿਖਦਾ ਹੈ ਤੇ ਕਹਾਣੀ ਵੀ। ਸਗੋਂ ਇਸਤੋਂ ਵੀ ਅੱਗੇ ਵਧ ਕੇ ਉਹ 'ਉਸਤਾਦ' ਲੇਖਕ ਬਣ ਗਿਐ ਅਤੇ ਨਵੇਂ ਲੇਖਿਕ-ਲੇਖਿਕਾਵਾਂ ਨੂੰ ਲਿਖਣ ਦੇ ਗੁਰ ਸਿਖਾਉਂਦਾ ਹੈ ਤੇ ਉਨ੍ਹਾਂ ਦੀਆਂ ਲਿਖਤਾਂ ਦੀ ਇਸਲਾਹ ਵੀ ਕਰਦਾ ਹੈ। ਕਨੇਡਾ ਦੇ ਕਈ ਚਰਚਾ ਵਿਚ ਆਏ ਲੇਖਕ ਇਹ ਮੰਨਦੇ ਹਨ ਕਿ ਉਨ੍ਹਾਂ ਨੂੰ ਸਿਰਜਣਾਤਮਕ ਹੁਲਾਰਾ ਦੇਣ ਵਿਚ ਪੰਨੂੰ ਦਾ ਹੱਥ ਹੈ। ਇਹ ਵੀ ਪਤਾ ਲੱਗਾ ਕਿ ਉਹ ਅਖ਼ਬਾਰਾਂ ਲਈ ਲੇਖ ਵੀ ਲਿਖਦਾ ਹੈ ਤੇ 'ਠਰਕੀ ਦੀ ਅੱਖ 'ਚੋਂ' ਕਾਲਮ ਅਧੀਨ ਮੀਡੀਏ ਤੇ ਸਾਹਿਤ ਦੀ ਆਲੋਚਨਾ ਵੀ ਕਰਦਾ ਹੈ।

ਪੰਨੂੰ ਤਾਂ ਮੇਰੇ ਸਾਹਮਣੇ ਸਤਰੰਗੀ ਪੀਂਘ ਦੇ ਸੱਤਾਂ ਰੰਗਾਂ ਵਾਂਗ ਖਿੱਲਰਿਆ ਨਜ਼ਰ ਆਉਣ ਲੱਗਾ। ਇੱਕ ਇਕੱਲੇ ਬੰਦੇ ਵਿਚ ਏਨੀ ਵਿਵਿਧਤਾ ਤੇ ਏਨੀ ਸਮਰੱਥਾ। ਮੈਂ ਉਸਨੂੰ ਮਿਲਣ ਲਈ ਮੁੜ ਤੋਂ ਤਾਂਘਣ ਲੱਗਾ।

ਮੈਨੂੰ ਕਨੇਡਾ ਦੀ ਇਮੀਗ੍ਰੇਸ਼ਨ ਮਿਲੀ ਤਾਂ ਕੁਦਰਤ ਨੇ ਪਿਛਲੇ ਵਿਛੋੜਿਆਂ ਨੂੰ ਧੋ ਸੁੱਟਿਆ। ਅਸੀਂ ਦੋਵੇਂ ਨੇੜਲੇ ਗਵਾਂਢੀ ਬਣ ਗਏ। ਸਾਡੇ ਦੋਵਾਂ ਦੇ ਘਰ ਕਾਂ-ਉਡਾਰੀ ਮੁਤਾਬਕ ਮਾਪੀਏ ਤਾਂ ਸਿਰਫ਼ ਸੌ ਗਜ਼ ਦੀ ਦੂਰੀ 'ਤੇ ਹੋਣਗੇ। ਪਰ ਅਸੀਂ 'ਕਾਂ' ਤਾਂ ਨਹੀਂ ਨਾ, 'ਬੰਦੇ' ਹਾਂ; ਤੇ ਜੇ ਬੰਦਿਆਂ ਵਾਂਗ ਵਲ-ਵਲਾ ਕੇ ਸੜਕਾਂ ਰਾਹੀਂ ਇੱਕ-ਦੂਜੇ ਵੱਲ ਆਈਏ-ਜਾਈਏ ਤਾਂ ਵੀ ਮਸਾਂ ਪੰਦਰਾਂ-ਵੀਹ ਮਿੰਟ ਲੱਗਦੇ ਨੇ। ਅਸੀਂ ਰੋਜ਼ ਸੈਰ ਕਰਨ ਦਾ ਨੇਮ ਬਣਾ ਲਿਆ। ਸਵੇਰੇ ਸੈਰ ਕਰਨੀ ਹੋਵੇ ਜਾਂ ਸ਼ਾਮ ਨੂੰ ਵਿਚਕਾਰਲੀ ਵੱਡੀ ਸੜਕ 'ਬੋਵੇਰਡ' ਸਾਡੀ ਝਨਾਂ ਬਣ ਜਾਂਦੀ ਹੈ। ਜਿਹੜਾ ਪਹਿਲਾਂ ਪਹੁੰਚ ਜਾਏ ਉਹ 'ਮਹੀਂਵਾਲ' ਬਣ ਕੇ ਲਾਈਟਾਂ ਤੋਂ ਪਾਰ ਦੂਜੇ ਨੂੰ ਉਡੀਕ ਰਿਹਾ ਹੁੰਦਾ ਏ। ਬਹੁਤੀ ਵਾਰ ਮੈਂ ਹੀ ਝਨਾਂ ਪਾਰ ਕਰਕੇ ਉਸ ਪਾਸੇ ਜਾਂਦਾ ਹਾਂ ਕਿਉਂਕਿ ਅਸੀਂ ਸੈਰ ਉਹਦੇ ਘਰ ਵਾਲੇ ਪਾਸੇ ਦੀਆਂ ਸੜਕਾਂ 'ਤੇ ਕਰਦੇ ਹਾਂ। ਜੇ ਕਿਤੇ ਕੋਈ ਜਣਾ ਲੇਟ ਹੋ ਜਾਏ ਤਾਂ ਦੂਜਾ ਤੁਰਦਾ ਤੁਰਦਾ 'ਬੁਰੇ' ਦੇ ਘਰ ਤੱਕ ਅੱਪੜ ਜਾਂਦਾ ਹੈ। ਸੈਰ ਤੋਂ ਵਾਪਸੀ 'ਤੇ ਪੰਨੂੰ ਉਨ੍ਹਾਂ ਲਾਈਟਾਂ ਤੇ ਮੈਨੂੰ ਵਿਦਾ ਕਰਨ ਆਉਂਦਾ ਹੈ। ਮੈਂ ਜਿੰਨਾਂ ਚਿਰ ਸੜਕ ਪਾਰ ਕਰਕੇ ਪਿੱਛੇ ਨੂੰ ਵੇਖ ਕੇ ਉਹਨੂੰ ਹੱਥ ਨਾ ਹਿਲਾਵਾਂ ਉਹ ਓਥੇ ਖਲੋਤਾ ਰਹਿੰਦਾ ਹੈ।

ਜਦੋਂ ਅਜੇ ਅਸੀਂ ਸੈਰ ਸ਼ੁਰੂ ਨਹੀਂ ਸੀ ਕੀਤੀ, ਮੈਂ ਇੱਕ ਦਿਨ ਫਿਰਦਾ-ਫਿਰਾਉਂਦਾ, ਤੁਰਦਾ ਹੋਇਆ ਪੰਨੂੰ ਦੇ ਘਰ ਕੋਲੋਂ ਲੰਘਿਆ ਤਾਂ ਸੋਚਿਆ ਜਾਂਦਾ ਜਾਂਦਾ ਸਲਾਮ ਹੀ ਬੁਲਾ ਜਾਂਦਾ ਹਾਂ। ਕਨੇਡਾ ਵਿਚ ਕਿਸੇ ਦੇ ਘਰ ਬਿਨਾ ਪੁੱਛਿਆਂ ਜਾਣ ਦਾ ਰਿਵਾਜ ਨਹੀਂ ਪਰ ਮੈਂ ਜੇਰਾ ਕਰ ਲਿਆ। ਘੰਟੀ ਦੀ ਆਵਾਜ਼ ਸੁਣ ਕੇ ਪੰਨੂੰ ਨੇ ਬੂਹਾ ਖੋਲ੍ਹਿਆ ਪਰ ਬੂਹੇ 'ਚ ਡਟ ਕੇ ਖਲੋਤਾ ਰਿਹਾ ਤੇ ਬਿਨਾ ਅੰਦਰ ਆਉਣ ਦਾ ਸੱਦਾ ਦਿੱਤੇ ਅਜਨਬੀਆਂ ਵਾਂਗ ਮੈਨੂੰ ਕਹਿੰਦਾ, "ਦੱਸੋ।"

ਮੈਂ ਛਿੱਥਾ ਜਿਹਾ ਤਾਂ ਹੋਇਆ ਪਰ ਆਪਣੇ ਖ਼ਾਸ ਅੰਦਾਜ਼ ਵਿਚ ਕਿਹਾ, "ਜਨਾਬ! ਬਿਨਾਂ ਪੁੱਛਿਆਂ ਕਿਸੇ ਦੇ ਘਰ ਆ ਜਾਣਾ ਹੈ ਤਾਂ ਬੰਦੇ ਦੀ ਹਿਮਾਕਤ ਈ। ਪਰ ਇਸ ਘਰ ਨੂੰ ਆਪਣਾ ਘਰ ਤੇ ਤੁਹਾਨੂੰ ਆਪਣਾ ਬੰਦਾ ਸਮਝਣ ਦੀ ਭੁੱਲ ਕਰਦਿਆਂ ਹੋਇਆਂ ਮਨ ਬੇਕਾਬੂ ਜਿਹਾ ਹੋ ਗਿਆ। ਏਧਰ ਦੀ ਗੁਜ਼ਰ ਰਿਹਾ ਸਾਂ ਤਾਂ ਸੋਚਿਆ ਹਜ਼ੂਰ ਨੂੰ ਸਲਾਮ ਕੀਤੇ ਤੋਂ ਬਿਨਾ ਲੰਘ ਜਾਣਾ ਗੁਸਤਾਖ਼ੀ ਹੋਵੇਗੀ। ਹੁਣ ਅੰਦਰ ਆਉਣ ਲਈ ਤਾਂ ਤੁਸਾਂ ਮੈਨੂੰ ਕਹਿਣਾ ਨਹੀਂ। ਮੇਰੀ ਸਲਾਮ ਕਬੂਲ ਕਰੋ ਤੇ ਬੇਆਰਾਮ ਕਰਨ ਲਈ ਕੀਤੇ ਗੁਨਾਹ ਲਈ ਮੁਆਫ਼ ਕਰੋ।"

ਮੈਂ ਵਾਪਸ ਮੁੜਨ ਲਈ ਅਹੁਲਿਆ। ਪੰਨੂੰ ਹੱਸ ਪਿਆ ਤੇ ਅੰਦਰ ਲੰਘਣ ਲਈ ਰਾਹ ਛੱਡ ਦਿੱਤਾ। ਫਿਰ ਦਿਲ ਦੇ ਦਰਵਾਜ਼ੇ ਹੀ ਖੋਲ੍ਹ ਦਿੱਤੇ। ਦੋ ਘੰਟੇ ਗੱਪਾਂ ਵੀ ਮਾਰੀਆਂ। ਜਲ-ਪਾਣੀ ਵੀ ਛਕਾਇਆ ਤੇ ਕੰਪਿਊਟਰ ਬਾਰੇ ਧੱਕੇ ਨਾਲ ਜਾਣਕਾਰੀ ਦੇਣ ਦੀ ਕੋਸ਼ਿਸ਼ ਵੀ ਕੀਤੀ ਤੇ ਇਹ ਵੀ ਹਦਾਇਤ ਕੀਤੀ ਕਿ ਮੈਂ ਇੱਕ ਦੀ ਥਾਂ ਅੱਠ ਉਂਗਲਾਂ ਨਾਲ ਟਾਈਪ ਕਰਿਆ ਕਰਾਂ।

ਇਹ ਘਟਨਾ ਸੁਣਾਉਣ ਤੋਂ ਮੇਰੀ ਮੁਰਾਦ ਹੈ ਕਿ ਕਈ ਵਾਰ ਪੰਨੂੰ ਤੁਹਾਨੂੰ ਬੜਾ ਖੁਸ਼ਕ ਤੇ ਰੁੱਖਾ ਲੱਗੇਗਾ। ਫ਼ੋਨ ਉੱਤੇ ਵੀ ਕੋਈ ਆਪਣਾ ਨਾਂ ਦੱਸੇ ਤਾਂ ਉਹ ਕੋਰਾ ਜਿਹਾ ਹੋ ਕੇ ਆਖੇਗਾ, "ਹਾਂ, ਅੱਗੇ ਗੱਲ ਕਰ।" ਜਿਵੇਂ ਛੇਤੀ ਸ਼ੱਭ ਨਿਬੇੜਨਾ ਚਾਹੁੰਦਾ ਹੋਵੇ। ਉਸਦੇ ਭੇਤੀ ਜਾਣਦੇ ਨੇ ਕਿ ਇਹ ਤਾਂ ਬਦਾਮ ਦੀ ਉਤਲੀ ਛਿੱਲੜ ਵਰਗਾ ਉਤਲਾ ਉਤਲਾ ਹੈ; ਅਸਲੀ ਪੰਨੂੰ ਤਾਂ ਹੇਠਾਂ ਮਿੱਠੀ ਗਿਰੀ ਵਾਂਗ ਲੁਕਿਆ ਹੋਇਆ ਹੈ। ਇੱਕ ਦਿਨ ਫੇਰ ਮੈਂ ਪੰਨੂੰ ਦੇ ਘਰ ਕੋਲੋਂ ਲੰਘਿਆ ਪਰ ਬੈੱਲ ਨਾ ਕੀਤੀ। ਬਾਅਦ ਵਿਚ ਦੱਸਿਆ ਕਿ ਮੈਂ ਤੁਹਾਡੇ ਘਰ ਕੋਲੋਂ ਲੰਘਿਆ ਸਾਂ ਤਾਂ ਉਹ ਕਹਿੰਦਾ, "ਵੇਖ ਲਾ ਫੌਜੀਆ! ਚੰਗੀ ਨਹੀਂ ਕਰਦਾ। ਕੋਲੋਂ ਦੀ ਲੰਘ ਜਾਂਦਾ ਏਂ। ਤੇਰੇ ਲਈ ਤਾਂ ਦਿਲ ਦੇ ਦਰਵਾਜ਼ੇ ਸਦਾ ਚੌੜ-ਚੁਪੱਟ ਖੁੱਲ੍ਹੇ ਰਹਿੰਦੇ ਨੇ।" ਇਹਨਾਂ ਖੁੱਲ੍ਹੇ ਦਰਵਾਜ਼ਿਆਂ ਦਾ ਲਾਭ ਇਹ ਹੈ ਕਿ ਅਸੀਂ ਦੋਵੇਂ ਜੀਅ ਪੰਨੂੰ ਦੇ ਘਰ ਜਦੋਂ ਚਾਹੀਏ ਆਪਣੇ ਘਰ ਵਾਂਗ ਬਿਨਾ ਕਿਸੇ ਪੂਰਵ ਸੂਚਨਾ ਦੇ ਜਾ ਵੜਦੇ ਹਾਂ। ਅਸਲ ਗੱਲ ਤਾਂ ਇਹ ਹੈ ਕਿ ਹੁਣ ਸਾਡੀ ਪੰਨੂੰ ਨਾਲੋਂ ਵੀ ਵੱਧ ਰਸਾਈ ਆਪਣੀ ਵੱਡੀ ਭੈਣ ਮਿਸਿਜ਼ ਪਰਵੰਤ ਕੌਰ ਪੰਨੂੰ ਨਾਲ ਹੋ ਗਈ ਹੈ। ਹੁਣ ਪੰਨੂੰ ਨੂੰ ਕੌਣ ਪੁੱਛਦੈ!

ਸਾਡੀ ਸਾਂਝੀ ਸੈਰ ਦੌਰਾਨ ਪੰਨੂੰ ਦੀ ਸ਼ਖ਼ਸੀਅਤ ਦੇ ਅਨੇਕਾਂ ਰੰਗ ਮੇਰੇ ਅੱਗੇ ਖਿੜਨੇ ਸ਼ੁਰੂ ਹੋ ਗਏ। ਮੈਂ ਉਸਦੀ ਜ਼ਿੰਦਗੀ ਬਾਰੇ ਜਾਂ ਕਿਸੇ ਮਸਲੇ ਬਾਰੇ ਉਸਨੂੰ ਸਵਾਲ ਕਰ ਦਿੰਦਾ ਹਾਂ। ਪੰਨੂੰ ਬੋਲਣਾ ਸ਼ੁਰੂ ਕਰਦਾ ਹੈ ਤੇ ਫਿਰ ਬੋਲੀ ਜਾਂਦਾ ਹੈ। ਉਹਦੇ ਮਨ-ਮਸਤਕ ਦੀਆਂ ਪਿੜੀਆਂ ਉੱਧੜਦੀਆਂ ਜਾਂਦੀਆਂ ਹਨ। ਕਦੀ ਬਚਪਨ ਦੇ, ਕਦੀ ਜਵਾਨੀ ਦੇ, ਕਦੀ ਮੁਹੱਬਤ ਦੇ ਤੇ ਕਦੀ ਸੰਘਰਸ਼ ਦੇ ਦਿਨ ਉਹਦੇ ਬੋਲਾਂ ਵਿਚ ਲਿਸ਼ਕਣ ਲੱਗਦੇ ਹਨ। ਉਹ ਧੁਰ ਅੰਦਰ ਤੱਕ ਰੌਸ਼ਨ ਹੋ ਜਾਂਦਾ ਹੈ। ਤੇ ਆਤਮਾ ਉਹਦੀ ਐਨ ਸਾਫ਼-ਸ਼ਫ਼ਾਫ਼, ਦੁੱਧ ਧੋਤੀ ਲਿਸ਼ ਲਿਸ਼ ਕਰਦੀ ਦਿਸਣ ਲੱਗਦੀ ਹੈ। ਉਸ ਵਿਚ ਕੋਈ ਮੈਲ ਨਹੀਂ, ਕੋਈ ਓਹਲਾ ਨਹੀਂ। ਕਦੀ ਉਹ ਲਿਸ਼ਕਦੇ ਸੰਗਮਰਮਰੀ ਸੁਡੌਲ ਜਿਸਮ ਨਾਲ ਪੇਂਡੂ ਟੂਰਨਾਮੈਂਟਾਂ ਵਿਚ ਕਬੱਡੀ ਖੇਡਦਾ ਨਜ਼ਰ ਆਉਂਦਾ ਤੇ ਕਦੀ ਕਾਲਜ ਦੇ ਹਾਕੀ ਦੇ ਮੈਦਾਨ ਵਿਚ ਵਿਰੋਧੀ ਟੀਮ ਦੇ ਗੋਲਾਂ ਦਾ ਫੱਟਾ ਖੜਕਾਉਂਦਾ ਦਿਸਦਾ। ਪਸੀਨੋ-ਪਸੀਨਾ ਹੋਏ ਉਸਦੇ ਦਰਸ਼ਨੀ ਗੁਲਾਬੀ ਜੁੱਸੇ ਨੂੰ ਵੇਖ ਕੇ ਜਵਾਨਾਂ ਨੂੰ ਉਸ ਵਰਗਾ ਦਿਸਣ ਤੇ ਬਣਨ ਦਾ ਸ਼ੌਕ ਜਾਗਦਾ। ਫਿਰ ਕਾਲਜੋਂ ਨਿਕਲ ਕੇ ਉਹ ਭਰਤੀ ਕਰਨ ਵਾਲੀ ਲਾਈਨ ਵਿਚ ਖਲੋਤਾ ਦਿਸਦਾ ਤੇ ਚੋਣਵੇਂ ਜਵਾਨ ਵਜੋਂ ਭਰਤੀ ਹੋਣ ਦਾ ਮਾਣ ਹਾਸਲ ਕਰਦਾ। ਕਦੀ ਆਪਣੀ ਨਵ-ਵਿਆਹੀ ਪਤਨੀ ਦੇ ਅੰਗ-ਸੰਗ ਵਰ੍ਹਦੇ ਮੀਂਹ ਵਿਚ ਭਿੱਜਣ ਦੇ ਅਨੰਦ ਨਾਲ ਭਾਵ-ਵਿਭੋਰ ਹੋਇਆ ਅਜੇ ਵੀ ਭਿੱਜੀ ਜਾਂਦਾ। ਕਦੀ ਕਲਕੱਤੇ ਵਿਚ ਸੰਨ ਚੁਰਾਸੀ ਦੇ ਘੱਲੂਘਾਰੇ ਦੇ ਦਿਨੀਂ ਆਪਣੀ ਪੁਰਾਣੀ ਮੁਹੱਬਤ ਦੇ ਬਰੂਹੀਂ, ਉਸਨੂੰ ਸੰਕਟ ਵਿਚੋਂ ਬਚਾਉਣ ਅਤੇ ਆਪਣੇ ਜਿਗਰ ਤੋਂ ਵਿਛੋੜੇ ਦੇ ਦਾਗ਼ ਧੋਣ ਲਈ, ਵਰ੍ਹਿਆਂ ਬਾਦ ਜਾ ਖਲੋਂਦਾ। ਕਦੇ ਆਪਣੇ ਅਫ਼ਸਰਾਂ ਤੇ ਉਸਤਾਦਾਂ ਦੀਆਂ ਮਿਹਰਬਾਨੀਆਂ ਅਤੇ ਵਧੀਕੀਆਂ ਦਾ ਜ਼ਿਕਰ ਕਰਦਾ ਤੇ ਕਦੀ ਆਪਣੇ ਅਸੂਲਾਂ 'ਤੇ ਬੇਖ਼ੌਫ਼ ਹੋ ਕੇ ਡਟ ਜਾਣ ਦੀ ਕਹਾਣੀ ਛੁਹ ਲੈਂਦਾ। ਕਦੀ ਡਿਊਟੀ ਨਿਭਾਉਂਦਿਆਂ ਮੌਤ ਦੇ ਮੂੰਹੋਂ ਬਚਣ ਦਾ ਬਿਰਤਾਂਤ ਸੁਣਾਉਂਦਾ ਅਤੇ ਕਦੀ ਤਿਲੰਗੇ ਫੌਜੀਆਂ ਦੇ ਛੜੇ-ਛੜਾਂਗ ਹਾਸੇ ਮਜ਼ਾਕ ਤੇ ਠਹਾਕਿਆਂ ਦਾ ਅਨੰਦ ਲੈਂਦਾ। ਇਹ ਸਾਰਾ ਕੁੱਝ ਕਰਦਿਆਂ ਉਹ ਸਿਪਾਹੀ ਤੋਂ ਡਿਪਟੀ ਕਮਾਂਡੈਂਟ ਦੇ ਅਹੁਦੇ ਤੱਕ ਪਹੁੰਚ ਜਾਂਦਾ।

ਉਸਨੂੰ ਪਤਾ ਉਦੋਂ ਲੱਗਦਾ ਹੈ ਜਦੋਂ ਸਾਡੇ ਮਿਲਣ-ਬਿੰਦੂ ਵਾਂਗ ਸਾਡਾ ਵਿਛੜਨ-ਬਿੰਦੂ ਵੀ, 'ਬੋਵੇਰਡ' ਦੀ ਸੜਕ ਆ ਜਾਂਦੀ ਹੈ। ਉਹ ਹੱਸ ਕੇ ਆਖੇਗਾ, "ਵੇਖ ਲਾ ਫੌਜੀਆ! ਤੂੰ ਚੰਗੀ ਨੀਂ ਕਰਦਾ। ਮੈਨੂੰ ਗੱਲੀਂ ਲਾ ਛੱਡਿਐ, ਆਪ ਬੋਲਿਆ ਤੱਕ ਨਹੀਂ।"

ਮੈਂ ਕੱਲ੍ਹ ਨੂੰ 'ਬੋਲਣ' ਦਾ ਵਾਅਦਾ ਕਰਦਾ ਹਾਂ। ਕੱਲ੍ਹ ਆ ਜਾਂਦਾ ਹੈ ਤਾਂ ਮੈਂ ਫਿਰ ਨਵਾਂ ਸਵਾਲ ਕਰਦਾ ਹਾਂ। ਪੰਨੂੰ ਸਹਿਜੇ ਹੀ ਮੇਰੀ ਅੱਜ ਦੀ ਵਾਰੀ ਦਾ ਪਾਣੀ ਵੀ ਆਪਣੀ ਜੀਵਨ-ਕਹਾਣੀ ਦੇ ਖੇਤਿਆਂ ਵਿਚ ਛੱਡ ਲੈਂਦਾ ਹੈ। ਮੈਂ ਉਹਦੇ ਪਾਣੀ ਦੇ ਨਾਲ ਵਹਿਣਾ ਸ਼ੁਰੂ ਕਰ ਦਿੰਦਾ ਹਾਂ।

ਪੰਨੂੰ ਬਹੁਤ ਮਿਹਰਬਾਨ ਅਤੇ ਦਿਆਲੂ ਦੋਸਤ ਹੈ। ਤੁਹਾਡੇ ਕਿਸੇ ਵੀ ਕੰਮ ਆ ਸਕਣ ਦੇ ਚਾਅ ਅਤੇ ਜੋਸ਼ ਨਾਲ ਲਬਾ-ਲਬ ਭਰਿਆ ਹੋਇਆ। ਕਿਸੇ ਦਿਨ ਸੈਰ ਤੇ ਗ਼ੈਰ-ਹਾਜ਼ਰ ਹੋਣ ਦਾ ਸਬੱਬ ਜਾਣਦਾ ਹੋਵੇ ਤਾਂ ਉਹ ਦੱਸੇਗਾ, "...ਦੇ ਘਰ ਗੇਟ ਅੱਗੇ ਪੱਥਰ ਲਾ ਕੇ ਪੌੜੀਆਂ ਠੀਕ ਕਰਨੀਆਂ ਸਨ। ਮੈਂ ਆਖਿਆ, ਅਸੀਂ ਆ ਜਾਂਦੇ ਆਂ। ਮੈਂ ਘਰਵਾਲੀ ਤੇ...ਨੂੰ ਨਾਲ ਲੈ ਗਿਆ। ਅਸੀਂ ਸਾਰੀ ਦਿਹਾੜੀ ਲਾ ਕੇ ਉਹਦੀਆਂ ਪੌੜੀਆਂ ਸ਼ਾਮ ਤੱਕ ਮੁਕੰਮਲ ਕਰ ਦਿੱਤੀਆਂ।" ਕਦੀ ਆਖੇਗਾ, "...ਦਾ ਬਗੀਚਾ ਤਿਆਰ ਕਰਨਾ ਸੀ। ਅਸੀਂ ਦੋਵੇਂ ਜੀਅ ਚਲੇ ਗਏ। ਸ਼ਾਮ ਤੱਕ ਗੋਡ-ਸਵਾਰ ਕੇ ਕਿਆਰੀਆਂ ਵੀ ਬਣਾ ਦਿੱਤੀਆਂ ਤੇ ਫੁੱਲ-ਬੂਟੇ ਵੀ ਲਾ ਦਿੱਤੇ। ਤੁਸੀਂ ਦੱਸੋ ਕਿਸ ਦਿਨ ਤੁਹਾਡਾ ਬਗੀਚਾ ਠੀਕ ਕਰਨ ਆਈਏ?"

ਉਹਨੂੰ ਹੱਥੀਂ ਕੰਮ ਕਰਨ ਦੀ ਕੋਈ ਝਿਜਕ ਨਹੀਂ। ਉਹ ਕਨੇਡਾ ਵਿਚ ਆ ਕੇ ਮੁਢਲੇ ਸੰਘਰਸ਼ ਦੀ ਕਹਾਣੀ ਬੜੇ ਮਾਣ ਨਾਲ ਸੁਣਾਉਂਦਾ ਹੈ। ਕਿਵੇਂ ਸਾਰਾ ਪਰਿਵਾਰ ਟੁੱਟ-ਟੁੱਟ ਖੇਤਾਂ ਵਿਚ ਦਿਹਾੜੀਆਂ ਲਾਉਂਦਾ ਰਿਹਾ। ਪਸੀਨੋ-ਪਸੀਨੀ ਹੁੰਦਾ ਰਿਹਾ। ਮੈਂ ਪੁੱਛਦਾ ਹਾਂ, "ਅੰਦਰਲੀ ਅਫ਼ਸਰੀ ਨੂੰ ਦਿਹਾੜੀ ਕਰਦਿਆਂ ਤਕਲੀਫ਼ ਨਹੀਂ ਸੀ ਹੁੰਦੀ?" ਉਹ ਕਹਿੰਦਾ, "ਤਕਲੀਫ਼ ਕਾਹਦੀ! ਕੰਮ ਤਾਂ ਕੰਮ ਹੈ। ਅਫ਼ਸਰੀ ਦਾ ਹੋਵੇ ਜਾਂ ਖੇਤਾਂ ਦਾ। ਇਸ ਵਿਚ ਸ਼ਰਮ ਕਾਹਦੀ!"

ਕੰਮ ਪ੍ਰਤੀ ਸਤਿਕਾਰ ਵਾਲਾ ਨਜ਼ਰੀਆ ਹੀ ਉਸਨੂੰ ਕਿਸੇ ਵੀ ਮਿੱਤਰ ਦੇ ਘਰ ਜਾ ਕੇ ਉਸ ਲਈ ਬੇਲਚਾ ਵਾਹੁਣ ਵਿਚ ਛੋਟਾ ਨਹੀਂ ਹੋਣ ਦਿੰਦਾ। ਇੰਜ ਕਰਦਿਆਂ ਤਾਂ ਸਗੋਂ ਉਹ ਹੋਰ ਵੱਡਾ ਹੋ ਜਾਂਦਾ ਹੈ। ਉਹ ਤਾਂ ਖ਼ੁਸ਼ਬੂ ਵਾਂਗ ਹਰ ਘਰ ਤੇ ਹਰ ਦਿਲ ਤੱਕ ਪਹੁੰਚਣ ਦਾ ਤਲਬਗਾਰ ਹੈ।

ਕਹਾਣੀ-ਮੰਚ ਦੀ ਮੀਟਿੰਗ ਸੀ। ਪੰਨੂੰ ਸਾਰੇ ਕਥਾਕਾਰਾਂ ਲਈ ਨਿੱਕੇ ਨਿੱਕੇ ਗਮਲਿਆਂ ਵਿਚ ਤਿਆਰ ਕੀਤੇ ਤੁਲਸੀ ਦੇ ਬੂਟੇ ਦਰਜਨਾਂ ਦੀ ਗਿਣਤੀ ਵਿਚ ਪਰਸ਼ਾਦ ਵਜੋਂ ਚੁੱਕ ਲਿਆਇਆ। ਸੰਗੀ-

**(ਬਾਕੀ ਅਗਲੇ ਸਫੇ 'ਤੇ)**

## ਦਰਿਆ ਦਿਲ ਪੰਨੂੰ

**(ਪਿਛਲੇ ਸਫੇ ਦਾ ਬਾਕੀ)**

ਸਾਥੀ ਨਾਲੇ ਆਪਣੀ ਪਸੰਦ ਦੇ ਬੂਟੇ ਚੁਣ ਚੁਣ ਕੇ ਅੱਡ ਕਰੀ ਤੇ ਸਾਂਭੀ ਜਾਣ, ਨਾਲੇ ਧੰਨਵਾਦੀ ਬੋਲਾਂ ਨਾਲ ਪੰਨੂੰ ਨੂੰ ਸਰਸ਼ਾਰ ਕਰੀ ਜਾਣ।

ਪੰਨੂੰ ਨੂੰ ਇਹ ਕਰਨਾ ਤੇ ਇਸਤਰ੍ਹਾਂ ਸੁਣਨਾ ਚੰਗਾ ਲੱਗਦਾ ਹੈ। ਅਸਲ ਵਿਚ ਤੁਸੀਂ ਅਜੇ ਸੋਚਿਆ ਵੀ ਨਹੀਂ ਹੁੰਦਾ ਕਿ ਪੰਨੂੰ ਕਿਸੇ ਵਿਸ਼ੇਸ਼ ਸਿਲਸਿਲੇ ਵਿਚ ਤੁਹਾਡੇ ਕਿਵੇਂ ਕੰਮ ਆ ਸਕਦਾ ਹੈ ਪਰ ਪੰਨੂੰ ਨੇ ਤੁਹਾਡੀ ਸਹਾਇਤਾ ਕਰਨ ਦੀ ਕੋਈ ਨ ਕੋਈ ਵਿਰਲ ਆਪੇ ਹੀ ਲੱਭ ਲਈ ਹੁੰਦੀ ਹੈ। ਤੁਸੀਂ ਉਸ ਬੰਦੇ ਦੀ ਨੇਕ-ਦਿਲੀ, ਕੰਮ ਆਉਣ ਦੀ ਡੁੱਲ੍ਹ ਡੁੱਲ੍ਹ ਪੈਂਦੀ ਲੋਚਾ ਨੂੰ ਮਹਿਸੂਸ ਕੇ ਵਿਸਮਾਦੀ ਖ਼ੁਸ਼ੀ ਨਾਲ ਭਰ ਜਾਂਦੇ ਹੋ। ਉਸਦਾ ਅਜਿਹਾ ਮਿਕਨਾਤੀਸੀ ਸੁਭਾ ਅਗਲੇ ਨੂੰ ਬਦੋ-ਬਦੀ ਖਿੱਚ ਕੇ ਆਪਣੇ ਨਾਲ ਜੋੜ ਲੈਂਦਾ ਹੈ। ਮੈਂ ਵੇਖਿਆ ਹੈ ਕਈ ਵਾਰ ਸੈਰ ਕਰਦਿਆਂ ਕੁੱਝ ਬੰਦਿਆਂ ਨਾਲ ਅਸੀਂ ਪਾਰਕ ਵਿਚ ਜਾਂ ਕਿਸੇ ਰਾਹ-ਖਹਿੜੇ ਪਹਿਲੀ ਵਾਰ ਮਿਲਦੇ ਹਾਂ। ਪੰਨੂੰ ਦੀ ਸਿਫ਼ਤ ਹੈ ਕਿ ਉਹ ਮੇਰੀ ਪਛਾਣ ਬੜੀ ਗੱਡ ਕੇ ਕਰਾਉਂਦਾ ਹੈ। ਕਿਸੇ ਦੂਜੇ ਦੀ ਵਡਿਆਈ ਕਰਨੀ ਕਿਸੇ ਵੱਡੇ ਦਿਲ ਵਾਲੇ ਦਾ ਕੰਮ ਹੈ। ਪੰਨੂੰ ਦਾ ਦਿਲ ਬਹੁਤਾ ਈ ਵੱਡਾ ਹੈ।

ਅਜਿਹੇ ਵੇਲੇ ਮੈਂ ਪੰਨੂੰ ਨੂੰ ਅਕਸਰ ਆਖਦਾ ਹਾਂ, "ਪੰਨੂੰ ਸਾਹਿਬ! ਇੰਝ ਨਾ ਕਰਿਆ ਕਰੋ। ਜਦੋਂ ਤੁਸੀਂ ਮੇਰੀ ਤਾਰੀਫ਼ ਕਰ ਰਹੇ ਹੁੰਦੇ ਓ ਤਾਂ ਮੈਂ ਕੋਲ ਖਲੋਤਾ ਸ਼ਰਮਿੰਦਾ ਹੋਈ ਜਾਂਦਾ ਹਾਂ। ਸੱਚੀ ਗੱਲ ਤਾਂ ਇਹ ਹੈ ਕਿ ਜਿਹੜਾ ਬੰਦਾ 'ਵਰਿਆਮ ਸਿੰਘ ਸੰਧੂ' ਨੂੰ ਜਾਣਦਾ ਹੈ, ਉਸ ਅੰਦਰ ਤਾਂ 'ਵਰਿਆਮ ਸਿੰਘ ਸੰਧੂ' ਕਹਿੰਦਿਆਂ ਹੀ ਸਾਰਾ 'ਵਰਿਆਮ ਸਿੰਘ ਸੰਧੂ' ਲਿਸ਼ਕ ਆਉਣਾ ਹੈ, ਪਰ ਜਿਹੜਾ 'ਵਰਿਆਮ ਸਿੰਘ ਸੰਧੂ' ਨੂੰ ਨਹੀਂ ਜਾਣਦਾ ਉਸ ਅੱਗੇ ਭਾਵੇਂ ਅੱਧਾ ਘੰਟਾ ਮੇਰੀ ਤਾਰੀਫ਼ ਕਰੀ ਜਾਓ, ਉਹਦਾ ਕੁਝ ਨਹੀਂ ਸੌਰਨ ਲੱਗਾ!"

ਇੱਕ ਵਾਰ ਬੜੀ ਦਿਲਚਸਪ ਗੱਲ ਹੋਈ। ਸੈਰ ਕਰਦਿਆਂ ਪੰਨੂੰ ਦਾ ਕੋਈ ਜਾਣਕਾਰ ਮਿਲਿਆ। ਪੰਨੂੰ ਨੇ ਸਦਾ ਵਾਂਗ ਮੇਰੇ ਸੋਹਲੇ ਗਾਉਣੇ ਸ਼ੁਰੂ ਕਰ ਦਿੱਤੇ, "ਇਹ ਮੇਰੇ ਮਿੱਤਰ ਵਰਿਆਮ ਸਿੰਘ ਸੰਧੂ ਨੇ। ਬੜੇ ਵੱਡੇ ਲੇਖਕ। ਬੜੇ ਵੱਡੇ ਬੁਲਾਰੇ। ਇਨ੍ਹਾਂ ਦੀ ਲਿਖਤ ਵੀ ਪਾਠਕ ਨੂੰ ਬੰਨ੍ਹ ਕੇ ਬਿਠਾ ਲੈਂਦੀ ਹੈ। ਇਨ੍ਹਾਂ ਦੀ ਤਕਰੀਰ ਵੀ ਸਰੋਤਿਆਂ ਨੂੰ ਕੀਲ ਲੈਂਦੀ ਹੈ।"

ਤੇ ਉਹ ਡੇਢ-ਦੋ-ਮਿੰਟ ਮੇਰੀ ਤਾਰੀਫ਼ ਕਰਦਾ ਰਿਹਾ। ਪਰ ਉਹ ਜਾਣਕਾਰ ਮੇਰੇ ਬਾਰੇ ਬੋਲੇ ਸ਼ਬਦਾਂ ਦਾ ਕੋਈ ਪ੍ਰਤੀਕਰਮ ਦੇਣ ਦੀ ਥਾਂ ਕਹਿੰਦਾ, "ਚਲੋ! ਉਹ ਗੱਲ ਤਾਂ ਠੀਕ ਹੈ। ਪਰ ਤੁਸੀਂ ਆਪਣੀ ਸੁਣਾਉ। ਤੁਹਾਡਾ ਕੀ ਹਾਲ-ਚਾਲ ਹੈ।"

ਉਹ ਬੰਦਾ ਅੱਗੇ ਤੁਰਿਆ ਤਾਂ ਮੈਂ ਹੱਸ ਕੇ ਪੰਨੂੰ ਨੂੰ ਕਿਹਾ, "ਆ ਗਿਆ ਸਵਾਦ ਮੇਰੀ ਬੇਇਜ਼ਤੀ ਕਰਵਾ ਕੇ।"

ਕਈ ਵਾਰ ਇਹ ਵੀ ਹੁੰਦਾ ਹੈ ਕਿ ਕੋਈ ਬੰਦਾ ਜਿਹੜਾ ਕੁੱਝ ਦਿਨ ਪਹਿਲਾਂ ਸਾਨੂੰ ਦੋਵਾਂ ਨੂੰ ਇਕੋ ਥਾਂ ਤੇ ਇੱਕੋ ਵੇਲ਼ੇ ਮਿਲਿਆ ਸੀ, ਉਹ ਮੇਰੀ ਵਡਿਆਈ ਤਾਂ ਭੁੱਲ-ਭੁਲਾ ਚੁੱਕਾ ਹੁੰਦਾ ਹੈ ਤੇ ਪੰਨੂੰ ਦਾ ਮੱਦਾਹ ਬਣ ਕੇ ਉਸਦਾ ਬੜਾ ਨੇੜਲਾ ਬੰਦਾ ਬਣ ਚੁੱਕਾ ਹੁੰਦਾ ਹੈ। ਕਈ ਵਾਰ ਤਾਂ ਇਸਤਰ੍ਹਾਂ ਵੀ ਹੁੰਦਾ ਹੈ ਕਿ ਜਾਂ ਤਾਂ ਪੰਨੂੰ ਅਗਲੇ ਦੇ ਘਰ ਹੁਣ ਤੱਕ ਗੇੜਾ ਮਾਰ ਚੁੱਕਿਆ ਹੁੰਦਾ ਹੈ ਤੇ ਜਾਂ ਅਗਲਾ ਪੰਨੂੰ ਦੇ ਗ੍ਰਹਿ ਵਿਖੇ ਉਸਦੇ ਸੰਗ-ਸਾਥ ਦੀ ਖ਼ੁਸ਼ੀ ਮਾਣ ਚੁੱਕਾ ਹੁੰਦਾ ਹੈ। ਦੋਸਤੀ ਪਾਉਣ ਦੀ ਇਸ ਚਮਤਕਾਰੀ ਕਲਾ ਦਾ ਗੁਣ ਪੰਨੂੰ ਕੋਲ ਹੀ ਹੈ। ਮੈਂ ਤਾਂ ਬੱਸ ਪੰਨੂੰ ਤੇ ਉਸਦੇ ਨਵੇਂ ਬਣੇ ਦੋਸਤਾਂ ਦਾ ਮੂੰਹ ਵੇਖਦਾ ਰਹਿ ਜਾਂਦਾ ਹਾਂ।

ਇੱਕ ਦਿਨ ਸਵੇਰੇ ਸਵੇਰੇ ਦੋਵੇਂ ਜਣੇ ਇੱਕ ਪਾਰਕ ਵਿਚ ਹਰ ਰੋਜ਼ ਵਾਂਗ ਯੋਗਾ ਕਰਨ ਲੱਗ ਪਏ। ਸਾਡੇ ਵੱਲ ਵੇਖ ਕੇ ਇੱਕ ਦਿਨ ਆਪਣੇ ਧੀ-ਜਵਾਈ ਕੋਲ ਛੁੱਟੀਆਂ ਕੱਟਣ ਆਇਆ ਹਰਿਆਣੇ ਦਾ ਇੱਕ ਸਾਬਕਾ ਅਫ਼ਸਰ 'ਸੈਣੀ' ਸਾਡੇ ਨਾਲ ਯੋਗਾ ਕਰਨ ਲਈ ਆਣ ਜੁੜਿਆ। ਫਿਰ ਇੱਕ ਦਿਨ ਪਾਕਿਸਤਾਨ ਦਾ ਇੱਕ ਵੱਡਾ ਅਫ਼ਸਰ ਵੀ ਝਕਦਾ ਝਕਦਾ ਸਾਡੇ ਕੋਲ ਆਇਆ। ਅਸੀਂ ਉਸਨੂੰ ਵੀ ਨਾਲ ਜੋੜ ਲਿਆ। 'ਯੋਗ-ਗੁਰੂ' ਦੀ ਭੂਮਿਕਾ ਤਾਂ ਮੈਂ ਨਿਭਾ ਰਿਹਾ ਸਾਂ ਪਰ ਅਗਲੇ ਦਿਨਾਂ ਵਿਚ ਯਾਰੀ ਉਨ੍ਹਾਂ ਦੀ ਪੰਨੂੰ ਨਾਲ ਗੂੜ੍ਹੀ ਹੋ ਗਈ। ਪਤਾ ਲੱਗਾ ਉਹ ਪੰਨੂੰ ਦੇ ਸੱਦੇ 'ਤੇ ਉਸਦੇ ਘਰੋਂ ਵੀ ਹੋ ਆਏ ਸਨ।

ਇਹ ਤਾਂ ਹੋਈ ਮਰਦ ਮਿੱਤਰਾਂ ਦੀ ਗੱਲ। ਤੇ ਜੇ ਕਿਤੇ ਅਗਲੀ ਬੀਬੀ ਹੋਵੇ ਤਾਂ!

ਲਓ ਸੁਣੋਂ! ਇੱਕ ਵਾਰ ਮੈਂ ਕਿਸੇ ਬੀਬੀ ਨੂੰ ਕਿਸੇ ਨਾਲ ਮਿਲ ਕੇ ਆਇਆ ਤਾਂ ਉਸ ਸੰਵੇਦਨਸ਼ੀਲ ਤੇ ਸਿਆਣੀ ਬੀਬੀ ਬਾਰੇ ਪੰਨੂੰ ਨਾਲ ਸਹਿਵਨ ਹੀ ਗੱਲ ਹੋ ਗਈ। ਪੰਨੂੰ ਉਹਨੂੰ ਜਾਣਦਾ ਤਾਂ ਸੀ ਪਰ ਮੇਰੇ ਦੱਸੇ ਗੁਣਾਂ ਕਰਕੇ ਉਸ ਵੱਲ ਅੰਦਰੇ ਅੰਦਰ ਖਿੱਚਿਆ ਗਿਆ। ਤਾਂ ਹੀ ਪਤਾ ਲੱਗਾ, ਜਦੋਂ ਉਹ ਬੀਬੀ ਚਾਰ-ਪੰਜ ਦਿਨਾਂ ਬਾਅਦ ਮਠਿਆਈ ਦਾ ਡੱਬਾ ਲੈ ਕੇ ਪੰਨੂੰ ਨੂੰ ਮਿਲਣ ਉਹਦੇ ਘਰ ਪਹੁੰਚ ਗਈ ਕਿਉਂਕਿ ਏਡੀ 'ਚੰਗੀ' ਬੀਬੀ ਨੂੰ ਪੰਨੂੰ ਕੰਪਿਊਟਰ ਦੇ ਗੁਣ ਸਿਖਾਉਣ ਦੀ ਪੇਸ਼ਕਸ਼ ਨਾ ਕਰੇ, ਇਹ ਕਿਵੇਂ ਹੋ ਸਕਦਾ ਹੈ! ਏਸੇ ਕਰਕੇ ਮੈਂ ਹੱਸਦਿਆਂ ਸਵਰਗੀ ਮਿੱਤਰ ਵਕੀਲ ਕਲੇਰ ਨੂੰ ਕਹਿੰਦਾ ਹੁੰਦਾ ਸਾਂ, "ਵਕੀਲ ਸਿਆਂ! ਜੇ ਕਿਸੇ ਬੀਬੀ ਦਾ ਨੇੜ ਲੋੜਦੈਂ ਤਾਂ ਕਿਤੇ ਭੁੱਲ-ਭੁਲੇਖੇ ਵੀ ਪੰਨੂੰ ਨਾਲ ਉਹਦਾ ਜ਼ਿਕਰ ਨਾ ਕਰ ਬੈਠੀਂ; ਨਹੀਂ ਤਾਂ ਵਿੰਹਦਾਂ ਰਹਿ ਜਾਏਂਗਾ ਤੇ ਅਗਲੀ ਪੰਨੂੰ ਦੀ ਕਲਾਸ ਦੀ ਵਿਦਿਆਰਥਣ ਬਣ ਚੁੱਕੀ ਹੋਵੇਗੀ।"

ਅਸੀਂ ਛੇੜਦੇ ਹਾਂ, "ਪੰਨੂੰ ਸਾਹਿਬ! ਤੁਹਾਡੇ ਕੋਲ ਕਿਹੜੀ ਗਿੱਦੜ-ਸਿੰਗੀ ਐ ਜੋ ਬੀਬੀਆਂ ਤੁਹਾਡੇ ਵੱਲ ਖਿੱਚੀਆਂ ਚਲੀਆਂ ਆਉਂਦੀਆਂ ਨੇ?" ਪੰਨੂੰ ਹੱਸੀ ਜਾਂਦਾ ਹੈ ਪਰ ਉਸ ਗਿੱਦੜਸਿੰਗੀ ਦੀ ਹੋਂਦ ਤੋਂ ਇਨਕਾਰ ਨਹੀਂ ਕਰਦਾ।

ਪੰਨੂੰ ਨਿੱਤ ਨਵੀਆਂ ਦੋਸਤੀਆਂ ਲਾਉਣ ਦਾ ਅਭਿਲਾਸ਼ੀ ਤੇ ਮਾਹਿਰ ਹੈ। ਮੇਰੇ ਵਿਚ ਇਹ ਗੁਣ ਨਹੀਂ। ਮੈਂ ਤਾਂ ਛੇਤੀ ਕੀਤੇ ਕਿਸੇ ਨਾਲ ਖੁੱਲ੍ਹਦਾ ਈ ਨਹੀਂ ਪਰ ਪੰਨੂੰ ਨੂੰ ਮੇਰੇ ਵਰਗੀ ਕੋਈ ਸਮੱਸਿਆ ਨਹੀਂ। ਨਿੱਤ ਨਵੀਆਂ ਦੋਸਤੀਆਂ ਲਈ ਉਹਦੇ ਦਿਲ-ਦਰਵਾਜ਼ੇ ਤੇ ਘਰ ਦੇ ਦਰਵਾਜ਼ੇ ਹਰ ਵੇਲੇ ਖੁੱਲ੍ਹੇ ਰਹਿੰਦੇ ਨੇ। ਸਾਡੇ ਵਰਗੇ ਬੰਦ ਮਨਾਂ ਵਾਲਿਆਂ ਉਸਦੀ ਰੀਸ ਕੀ ਕਰਨੀ ਹੋਈ! ਉਹਦੇ ਲਈ ਜੇ ਅਗਲਾ ਭੁੱਲ-ਭੁਲੇਖੇ ਆਪਣਾ ਦਰਵਾਜ਼ਾ ਢੋਣਾ ਵੀ ਚਾਹੇ ਤਾਂ ਪੰਨੂੰ ਉਸਨੂੰ ਛੇਤੀ ਕੀਤਿਆਂ ਅਜਿਹਾ ਕਰਨ ਨਹੀਂ ਦਿੰਦਾ। ਦਰਵਾਜ਼ਾ ਢੁਕ ਵੀ ਜਾਵੇ ਤਾਂ ਗੁੱਸਾ ਨਹੀਂ ਕਰਦਾ ਸਗੋਂ ਸਹਿਜ ਹੋ ਕੇ ਮੁਸਕਰਾ ਪੈਂਦਾ ਹੈ। ਸਾਡੇ ਨਾਲ ਕੁੱਝ ਦਿਨ ਯੋਗਾ ਕਰਨ ਤੋਂ ਬਾਅਦ ਮੁਸਲਮਾਨ ਬੇਲੀ ਦੋ ਕੁ ਦਿਨ ਆਇਆ ਨਾ। ਪੰਨੂੰ ਆਖੇ, 'ਆਪਾਂ ਉਹਦੇ ਘਰ ਜਾ ਕੇ ਪਤਾ ਕਰੀਏ; ਆਪਣਾ ਫ਼ਰਜ਼ ਬਣਦਾ ਏ।' ਮੈਂ ਦੱਸਿਆ ਕਿ 'ਉਹ ਕੱਲ੍ਹ ਪਰੇ ਸੜਕੇ-ਸੜਕ ਆਪਣੇ ਤੋਂ ਅੱਖ ਬਚਾ ਕੇ ਲੰਘਦਾ ਮੈਂ ਆਪ ਵੇਖਿਆ ਸੀ। ਉਹ ਆਪਣੇ ਤੋਂ ਦੂਰੀ ਬਨਾਉਣੀ ਲੋਚ ਰਿਹਾ ਲੱਗਦਾ ਹੈ। ਆਪਾਂ ਨੂੰ ਜ਼ਿਦ ਨਹੀਂ ਕਰਨੀ ਚਾਹੀਦੀ।'

ਪਰ ਅਗਲੇ ਦਿਨ ਮੇਰੇ ਰੋਕਣ ਦੇ ਬਾਵਜੂਦ ਪੰਨੂੰ ਮੈਨੂੰ ਉਹਦੇ ਘਰ ਵੱਲ ਲੈ ਤੁਰਿਆ। ਡੋਰ-ਬੈੱਲ ਕੀਤੀ। ਅਸੀਂ ਉਡੀਕਦੇ ਰਹੇ ਪਰ ਉਸਨੇ ਅੱਗੋਂ ਦਰਵਾਜ਼ਾ ਨਾ ਖੋਲ੍ਹਿਆ। ਮੈਂ ਸ਼ਰਮਿੰਦਾ ਸਾਂ ਕਿ ਇਹ ਜਾਣਦਿਆਂ ਹੋਇਆਂ ਵੀ ਕਿ ਅਗਲਾ ਸਾਡੇ ਤੋਂ ਖਹਿੜਾ ਛੁਡਾਉਣਾ ਚਾਹੁੰਦਾ ਹੈ, ਅਸੀਂ ਉਹਦੇ ਘਰ ਕਿਉਂ ਗਏ!

ਮੈਂ ਪੰਨੂੰ ਨਾਲ ਸ਼ਰਮਿੰਦਗੀ ਸਾਂਝੀ ਕੀਤੀ, "ਕਿਉਂ ਪੈ ਗਈ ਠੰਢ? ਲੈ ਲਿਆ ਸਵਾਦ?"

ਪਰ ਪੰਨੂੰ 'ਤੇ ਇਸਦਾ ਕੋਈ ਅਸਰ ਨਹੀਂ ਸੀ। ਉਹ ਬੜਾ ਸਹਿਜ ਹੋ ਕੇ ਕਹਿੰਦਾ, "ਚੱਲ ਨਹੀਂ ਦਰਵਾਜ਼ਾ ਖੋਲ੍ਹਿਆ ਤੇ ਨਾ ਸਹੀ। ਆਪਣਾ ਕੀ ਗਿਆ।"

ਮੈਂ ਕਹਿਣਾ ਚਾਹੁੰਦਾ ਸਾਂ, "ਮੇਰਾ ਤਾਂ ਸਵੈਮਾਣ ਜ਼ਖ਼ਮੀ ਹੋ ਗਿਐ।" ਪਰ ਚੁੱਪ ਰਿਹਾ ਕਿਉਂਕਿ ਜਾਣਦਾ ਸਾਂ ਕਿ ਪੰਨੂੰ ਇਹੋ ਜਿਹੀ ਗੱਲ ਨੂੰ ਵੱਕਾਰ ਜਾਂ ਇੱਜ਼ਤ-ਬੇਇਜ਼ਤੀ ਦਾ ਮੁੱਦਾ ਨਹੀਂ ਬਣਾਉਂਦਾ।

ਅਜਿਹੇ ਵੇਲੇ ਮੈਨੂੰ ਪੰਨੂੰ 'ਤੇ ਖਿਝ ਆਉਂਦੀ ਹੈ। ਫਿਰ ਮੈਂ ਆਪਣੇ ਮਨ 'ਚ ਝਾਤ ਮਾਰਦਾ ਹਾਂ ਤੇ ਆਪਣੇ ਆਪ 'ਤੇ ਖਿਝਦਾ ਹਾਂ, "ਭਾਈ ਵਰਿਆਮ ਸਿਆਂ! ਜੇ ਤੇਰੇ ਕੋਲ ਪੰਨੂੰ ਵਰਗਾ ਖੁੱਲ੍ਹਾ ਤੇ ਮੁਹੱਬਤੀ ਦਿਲ ਨਹੀਂ ਤੇ ਜੇ ਤੂੰ ਕਿਸੇ ਦੀ ਵਧੀਕੀ ਨੂੰ ਪੰਨੂੰ ਵਾਂਗ ਭੁੱਲ ਜਾਣ ਤੇ 'ਹੋਊ ਪਰੇ' ਕਰਨ ਦਾ ਸਲੀਕਾ ਨਹੀਂ ਜਾਣਦਾ ਤਾਂ ਆਪਣੇ ਆਪ 'ਤੇ ਸ਼ਰਮਿੰਦਾ ਹੋ, ਪੰਨੂੰ ਨੂੰ ਕਿਉਂ ਦੋਸ਼ ਦਿੰਦਾ ਏਂ।"

ਉਂਜ ਸੱਚੀ ਗੱਲ ਹੈ ਕਿ ਅਗਲੇ ਲਈ ਡੁੱਲ੍ਹ ਡੁੱਲ੍ਹ ਪੈਂਦੀ ਪੰਨੂੰ ਦੀ ਮੁਹੱਬਤ ਦੇ ਵਰ੍ਹਦੇ ਮੀਂਹ ਦਾ ਵੇਗ ਕਦੀ ਕਦੀ ਏਨਾ ਭਾਰੀ ਤੇ ਤੇਜ਼ ਹੁੰਦਾ ਹੈ ਕਿ ਕਈ ਵਾਰ ਅਗਲੇ ਨੂੰ ਇਸ ਵਿਚ ਗੋਤੇ ਵੀ ਆ ਜਾਂਦੇ ਹਨ।

ਅਸੀਂ ਸਵੇਰ ਦੇ ਛੇ ਵਜੇ ਸੈਰ ਕਰ ਰਹੇ ਸਾਂ। ਐਤਵਾਰ ਦਾ ਦਿਨ ਸੀ। ਪੰਨੂੰ ਜਾਂਦੇ ਜਾਂਦੇ ਰੁਕਿਆ। ਕਹਿੰਦਾ, "ਮੈਂ ਆਪਣੇ ਪੁੱਤ ਦੇ ਘਰ ਕੱਲ ਬਗੀਚਾ ਤਿਆਰ ਕਰ ਕੇ ਬੂਟੇ ਲਾਏ ਸਨ। ਮੈਂ ਚਾਹੁੰਦਾ ਹਾਂ ਕਿ ਜਾਂਦਾ ਜਾਂਦਾ ਬਗੀਚੇ ਨੂੰ ਝਾਤੀ ਮਾਰ ਜਾਵਾਂ।"

ਮੈਂ ਰੋਕਿਆ, "ਪੰਨੂੰ ਸਾਹਿਬ! ਕੀ ਕਰਦੇ ਓ! ਅਗਲਿਆਂ ਦਾ ਵਿਆਹ ਹੋਏ ਨੂੰ ਅਜੇ ਦੋ ਮਹੀਨੇ ਹੋਏ ਨੇ। ਦਿਨ ਵੀ ਐਤਵਾਰ ਦਾ। ਅਗਲੇ ਅਰਾਮ ਨਾਲ ਦਸ-ਯਾਰਾਂ ਵਜੇ ਉੱਠਣਗੇ। ਕਿਉਂ ਉਨ੍ਹਾਂ ਨੂੰ ਛੇ ਵਜੇ ਤੰਗ ਕਰਨ ਲੱਗੇ ਓ! ਸੁੱਤਿਆਂ ਨੂੰ ਬੇਵਕਤ ਉਠਾਓਗੇ। ਘੱਟੋ-ਘੱਟ ਮੈਂ ਤਾਂ ਉਨ੍ਹਾਂ ਨੂੰ ਜਗਾਉਣ ਦੇ ਗੁਨਾਹ ਵਿਚ ਭਾਗੀ ਨਹੀਂ ਬਣਨਾ ਚਾਹੁੰਦਾ। ਤੁਸੀਂ ਹੋ ਆਓ। ਮੈਂ ਅਗਲੇ ਪਾਰਕ ਵਿਚ ਚੱਕਰ ਲਾਉਂਦਾਂ।"

ਮੈਂ ਅਜੇ ਪਾਰਕ ਵਿਚ ਪਹੁੰਚਿਆ ਵੀ ਨਹੀਂ ਸਾਂ ਕਿ ਵੇਖਿਆ ਪੰਨੂੰ ਮੇਰੇ ਮਗਰੇ ਮਗਰ ਤੁਰਿਆ ਆ ਰਿਹਾ ਸੀ। ਕਹਿੰਦਾ, "ਮੈਂ ਬੈੱਲ ਕੀਤੀ। ਉਹ ਉੱਠੇ ਨਹੀਂ। ਮੈਂ ਬੈਕ-ਯਾਰਡ ਦਾ ਦਰਵਾਜ਼ਾ ਖੋਲ੍ਹ ਕੇ ਬੂਟਿਆਂ ਨੂੰ ਝਾਤੀ ਮਾਰ ਆਇਆਂ।"

ਦੋ ਚਾਰ ਦਿਨਾਂ ਪਿੱਛੋਂ ਅਚਨਚੇਤ ਉਸਦੇ ਉਹ 'ਧੀ-ਪੁੱਤ' ਮੈਨੂੰ ਰਸਤੇ ਵਿਚ ਮਿਲ ਪਏ। ਮੈਂ ਪਿਛਲੇ ਦਿਨਾਂ ਵਿਚ ਉਨ੍ਹਾਂ ਪ੍ਰਤੀ ਤੜਕੇ ਤੜਕੇ ਪੰਨੂੰ ਦੀ ਵਰ੍ਹਦੀ ਮੁਹੱਬਤ ਦਾ ਹਵਾਲਾ ਦਿੱਤਾ ਤਾਂ ਉਨ੍ਹਾਂ ਛਿੱਥਾ ਜਿਹਾ ਪੈ ਕੇ ਦੱਸਿਆ ਕਿ 'ਅੰਕਲ ਅੱਗੇ ਵੀ ਕਈ ਵਾਰ ਤੜਕੇ ਤੜਕੇ 'ਮੀਂਹ ਵਰ੍ਹਾਉਣ' ਆ ਜਾਂਦੇ ਨੇ। ਉਸ ਦਿਨ ਅਸੀਂ ਸੋਚਿਆ, ਮਨਾਂ ਸੁੱਤੇ ਰਹੀਏ, ਹੋਰ ਭਿੱਜ ਕੇ ਕੀ ਲੈਣਾ ਏਂ! ਅੰਕਲ ਬੱਦਲ ਵਾਂਗ ਆਪੇ ਅੱਗੇ ਲੰਘ ਜਾਣਗੇ।"

ਇਹ ਨਾ ਸੋਚਣਾ ਕਿ ਉਹ ਉਸਦੇ ਸਕੇ ਧੀ-ਪੁਤ ਹੋਣਗੇ। ਇਸਤਰ੍ਹਾਂ ਦੇ ਮੂੰਹ-ਬੋਲੇ ਤਾਂ ਉਸਦੇ ਦਰਜਨਾਂ ਪੁਤਰ ਅਤੇ ਦਰਜਨਾਂ ਪੋਤਰੇ ਹਨ। ਪਰ ਉਹ ਉਨ੍ਹਾਂ ਨੂੰ ਇਸ ਅੰਦਾਜ਼ ਵਿਚ ਸੰਬੋਧਨ ਕਰੇਗਾ ਜਾਂ ਉਨ੍ਹਾਂ ਦਾ ਇੰਜ ਜ਼ਿਕਰ ਕਰੇਗਾ ਕਿ ਪਹਿਲੀ ਵਾਰ ਸੁਣਨ ਵਾਲੇ ਨੂੰ ਭੁਲੇਖਾ ਪੈ ਜਾਵੇਗਾ ਕਿ ਉਹ ਆਪਣੇ ਕਿਸੇ ਸਕੇ ਪੁੱਤ-ਪੋਤਰੇ ਦੀ ਗੱਲ ਹੀ ਕਰਦਾ ਪਿਆ ਹੈ। ਇੱਕ ਵਾਰ ਕਹਾਣੀ-ਮੰਚ ਦੀ ਮੀਟਿੰਗ ਚੱਲਦੀ ਪਈ ਸੀ। ਪੰਨੂੰ ਨੇ ਘੜੀ ਵੇਖੀ ਤੇ ਅਚਨਚੇਤ ਕਾਹਲੀ ਨਾਲ ਉੱਠਿਆ, "ਓਹੋ! ਮੇਰੇ ਪੋਤਰੇ ਨੇ ਆਉਣਾ ਸੀ। ਮੈਂ ਉਹਨੂੰ ਏਅਰਪੋਰਟ ਤੋਂ ਲੈਣ ਜਾਣਾ ਏਂ।"

ਉਹ ਕਿਸੇ ਕਾਰ ਵਾਲੇ ਸਾਥੀ ਨੂੰ ਨਾਲ ਲੈ ਕੇ ਤੁਰ ਗਿਆ ਤਾਂ ਕੋਈ ਨਵਾਂ ਨਵਾਂ ਆਇਆ ਸਾਥੀ ਹੌਲੀ ਜਿਹੀ ਮੈਨੂੰ ਪੁੱਛਦਾ, "ਪੰਨੂੰ ਸਾਹਿਬ ਦੇ ਪੋਤਰੇ ਨੂੰ ਉਨ੍ਹਾਂ ਦਾ ਪੁੱਤਰ ਨਾ ਲੈਣ ਜਾਊ ਏਅਰਪੋਰਟ ਤੋਂ? ਸੁਣਿਐਂ ਇਹਨਾਂ ਦੇ ਦੋ ਪੁੱਤਰ ਏਥੇ ਈ ਰਹਿੰਦੇ ਨੇ।" ਮੈਂ ਦੱਸਿਆ, "ਇਹ ਉਨ੍ਹਾਂ ਦਾ ਮੂੰਹ-ਬੋਲਿਆ ਪੋਤਰਾ ਏ।"

ਮੈਂ ਕਈ ਵਾਰ ਹੱਸ ਕੇ ਛੇੜਦਾ ਹਾਂ, "ਪੰਨੂੰ ਸਾਹਿਬ ਤੁਹਾਡਾ ਇਸਤਰ੍ਹਾਂ ਦਾ ਬਣਾਇਆ ਇਕੋਤਰ ਸੌ ਪੁੱਤਰ ਤਾਂ ਹੋਵੇਗਾ ਈ। ਕੌਰਵਾਂ ਤੋਂ ਵੀ ਇੱਕ ਵੱਧ। ਇੰਜ ਹੀ ਇਕੋਤਰ ਸੌ ਤੁਹਾਡੇ ਨਿਗ ਦੇ ਯਾਰ। ਤੇ ਘੱਟੋ-ਘੱਟ ਦੋ ਇਕੋਤਰੀਆਂ ਤੁਹਾਡੀਆਂ ਸਨੇਹੀ-ਸ਼ਰਧਾਲੂ ਬੀਬੀਆਂ ਹੋਣਗੀਆਂ। ਮੈਂ ਕਈ ਵਾਰ ਸੋਚਦਾਂ ਇਸ ਦਰਜਾ-ਬੰਦੀ ਵਿਚ ਮੇਰਾ ਥਾਂ ਕਿੱਥੇ ਕੁ ਆਉਂਦਾ ਹੋਊ?"

"ਓ ਸੰਧੂ! ਤੂੰ ਕੀ ਜਾਣੇ! ਤੇਰੀ ਥਾਂ ਮੇਰੇ ਦਿਲ ਦੇ ਕਿਹੜੇ ਵੱਖਰੇ ਖਾਨੇ ਵਿਚ ਹੈ!"

ਮੈਨੂੰ ਪਤਾ ਹੈ ਕਿ ਮੇਰਾ ਉਸਦੇ ਦਿਲ ਵਿਚ ਵੱਖਰਾ ਖਾਨਾ ਹੈ। ਇਸ ਖਾਨੇ ਦੀ ਬਦੌਲਤ ਜਦੋਂ ਵੀ ਕਿਤੇ ਸਾਹਿਤਕ ਜਾਂ ਸਭਿਆਚਾਰਕ ਮੀਟਿੰਗ 'ਤੇ ਜਾਣਾ ਹੋਵੇ ਤਾਂ ਮੇਰੀ ਸਵਾਰੀ ਦਾ ਪ੍ਰਬੰਧ ਅਕਸਰ ਪੰਨੂੰ ਹੀ ਕਰਦਾ ਹੈ। ਕਿਸੇ ਨਵੇਂ ਮਿਲਣ ਵਾਲੇ ਨੂੰ ਮੇਰੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਬੰਨ੍ਹ ਕੇ ਐਸਾ ਭੁਲੇਖਾ ਪਾਵੇਗਾ ਕਿ ਅਗਲਾ ਸੱਚੀਂ ਹੀ ਇਸਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਬੜੇ ਵੱਡੇ ਲੇਖਕ ਤੇ ਬੁਲਾਰੇ ਨੂੰ ਮਿਲਣ ਦਾ ਸ਼ਰਫ਼ ਹਾਸਲ ਕਰ ਰਿਹਾ ਹੋਵੇ!

ਅਸੀਂ 'ਸੀਰਤ' ਨੂੰ ਪ੍ਰਕਾਸ਼ਿਤ ਕਰਦੇ ਸਾਂ ਤਾਂ ਪੰਨੂੰ ਨੂੰ ਫ਼ਿਕਰ ਰਹਿੰਦਾ ਸੀ ਕਿ ਇਸਨੂੰ ਘਾਟਾ ਨਾ ਪਵੇ, ਇਹ ਚੱਲਦਾ ਰਹੇ। ਇਸ ਲਈ ਉਹ ਸਾਡੇ ਨਾਲੋਂ ਵੀ ਵੱਧ ਫ਼ਿਕਰਮੰਦ ਰਹਿੰਦਾ। ਨਵਾਂ ਪਰਚਾ ਆਉਂਦਾ ਤਾਂ ਆਪ ਥੈਲਾ ਭਰ ਕੇ ਲੇਖਕਾਂ ਕਲਾਕਾਰਾਂ ਨੂੰ ਪਰਚਾ ਵੰਡਦਾ ਤੇ ਖ਼ੁਸ਼ ਹੁੰਦਾ। ਇਸ਼ਤਿਹਾਰ ਦਿਵਾਉਣ ਵਿਚ ਵੀ ਮਦਦ ਕਰਦਾ। ਲੋਕਾਂ ਨੂੰ ਚੰਦੇ ਦੇਣ ਲਈ ਸਾਡੇ ਨਾਲੋਂ ਵੀ ਵੱਧ ਪ੍ਰੇਰਦਾ ਤੇ ਲੈ ਕੇ ਵੀ ਦਿੰਦਾ। 'ਸੀਰਤ' ਲਈ ਆਏ ਮੈਟਰ ਦੀ ਫੌਂਟ ਤਬਦੀਲ ਕਰਾਉਣੀ ਹੋਵੇ ਜਾਂ ਕੰਪਿਊਟਰ ਨਾਲ ਸੰਬੰਧਿਤ ਕੋਈ ਵੀ ਕੰਮ ਹੋਵੇ, ਪੰਨੂੰ ਦੇ ਨਾਂਹ ਕਰਨ ਦਾ ਤਾਂ ਸਵਾਲ ਹੀ ਕੀ ਪੈਦਾ ਹੋਣਾ ਏਂ, ਸਗੋਂ ਉਹ ਏਨੀ ਛੇਤੀ ਸੇਵਾ ਲਈ ਹਾਜ਼ਰ ਹੋ ਜਾਂਦਾ ਹੈ ਕਿ ਅਲਾਦੀਨ ਦੇ ਚਰਾਗ ਨੂੰ ਘਸਾ ਕੇ ਪੈਦਾ ਹੋਣ ਵਾਲਾ ਜਿੰਨ ਵੀ ਓਨੀ ਛੇਤੀ ਹਾਜ਼ਰ ਨਾ ਹੋਵੇ! ਇਹ ਕੇਵਲ ਮੇਰੀ ਜਾਂ ਸਾਡੀ ਗੱਲ ਨਹੀਂ। ਤੁਸੀਂ ਕਿਸੇ ਨਾਲ ਵੀ ਗੱਲ ਕਰ ਕੇ ਵੇਖੋ ਉਸ ਕੋਲ ਪੰਨੂੰ ਦੀਆਂ ਅਨੇਕਾਂ ਸਾਖੀਆਂ ਹੋਣਗੀਆਂ ਜਦੋਂ ਉਹ ਉਸਦੀ ਕਿਸੇ ਨਾ ਕਿਸੇ ਸਹਾਇਤਾ ਲਈ ਪੂਰੇ ਤਨ-ਮਨ ਨਾਲ ਹਾਜ਼ਰ ਹੋਇਆ ਹੋਵੇਗਾ। ਮੇਰਾ ਤਾਂ ਇਹ ਵੀ ਤਜਰਬਾ ਹੈ ਕਿ ਲੋੜ ਵੇਲੇ ਉਹ ਅਗਲੇ ਲਈ 'ਤਨ-ਮਨ' ਨਾਲ 'ਧਨ' ਨੂੰ ਸ਼ਾਮਲ ਕਰਨੋਂ ਵੀ ਗੁਰੇਜ਼ ਨਹੀਂ ਕਰਦਾ।

ਕੰਪਿਊਟਰ ਸਿਖਾਉਣ ਲਈ ਤਾਂ ਉਹ ਹਰ ਵੇਲੇ ਤਿਆਰ-ਬਰ-ਤਿਆਰ ਰਹਿੰਦਾ ਹੈ। ਹਰ ਸਾਲ ਗਰਮੀਆਂ ਵਿਚ ਕੰਪਿਊਟਰ ਸਿਖਾਉਣ ਦੀਆਂ ਕਲਾਸਾਂ ਮੁਫ਼ਤ ਲਾਉਂਦਾ ਹੈ। 'ਉਪਦੇਸ਼ ਚੌਂਹ ਵਰਨਾ ਕਉ ਸਾਂਝਾ' ਦੇ ਵਾਕ ਅਨੁਸਾਰ ਉਸ ਕੋਲ ਕੰਪਿਊਟਰ ਸਿੱਖਣ ਸਮਝਣ ਲਈ 'ਜੋ ਆਵੇ, ਜਦੋਂ ਆਵੇ, ਰਾਜ਼ੀ ਜਾਵੇ' ਦੀ ਉਕਤੀ ਪੂਰੀ ਤਰ੍ਹਾਂ ਢੁਕਦੀ ਹੈ। ਇੰਜ ਹੁਣ ਤੱਕ ਉਸਦੇ ਸ਼ਾਗਿਰਦਾਂ ਦੀ ਗਿਣਤੀ ਵੀ ਇਕੋਤਰ ਸੌ ਤੋਂ ਉੱਤੇ ਹੋ ਗਈ ਹੈ। ਉਸਨੂੰ ਜਦੋਂ ਕਿਸੇ ਸਮਾਗਮ 'ਤੇ ਜਾਣ ਲਈ ਰਾਈਡ ਚਾਹੀਦੀ ਹੋਵੇ ਤਾਂ ਯਾਰਾਂ ਦੋਸਤਾਂ ਤੋਂ ਇਲਾਵਾ ਉਸਦੇ ਇਹ ਚੇਲੇ ਵੀ ਉਸਦੀ ਸੇਵਾ ਲਈ ਉੱਡੇ ਆਉਂਦੇ ਹਨ। ਜ਼ਾਹਿਰ ਇਸ ਸੇਵਾ ਦਾ ਲਾਭ ਨਾਲ ਦੇ ਨਾਲ ਮੈਨੂੰ ਵੀ ਮਿਲ ਜਾਂਦਾ ਹੈ ਕਿਉਂਕਿ ਮੈਂ ਤਾਂ ਪੰਨੂੰ ਦਾ ਪੱਕਾ ਸਾਥ ਤੇ ਪੱਕੀ ਸਵਾਰੀ ਹਾਂ।

ਕੰਪਿਊਟਰ ਬਾਰੇ ਤੁਸੀਂ ਕੋਈ ਵੀ ਕੰਮ ਸਮਝਣਾ ਜਾਂ ਸਿੱਖਣਾ ਹੋਵੇ, ਪੰਨੂੰ ਆਪਣੇ ਸਾਰੇ ਕੰਮ ਛੱਡ ਕੇ ਤੁਹਾਡੀ ਸੇਵਾ ਵਿਚ ਹਾਜ਼ਰ ਹੋਣ ਨੂੰ ਤਿਆਰ ਹੈ। ਇਸ ਮਕਸਦ ਲਈ ਤੁਸੀਂ ਕਿਸੇ ਵੇਲੇ ਵੀ ਉਸਦੇ ਘਰ ਜਾ ਸਕਦੇ ਹੋ। ਜੇ ਤੁਹਾਡੇ ਕੋਲ ਜਾਣ ਦਾ ਸਮਾਂ ਨਹੀਂ ਤਾਂ ਪੰਨੂੰ ਤੁਹਾਡੇ ਘਰ ਆ ਸਕਦਾ ਹੈ। ਤੁਸੀਂ ਉਸ ਕੋਲੋਂ ਕੰਪਿਊਟਰ ਬਾਰੇ ਇੱਕ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਉਹ ਦਸ ਗੱਲਾਂ ਹੋਰ ਓਸੇ ਵੇਲੇ ਤੁਹਾਨੂੰ ਸਿੱਖ ਲੈਣ ਲਈ ਪ੍ਰੇਰੇਗਾ। ਉਸਨੂੰ ਜੋ ਕੁੱਝ ਵੀ ਕੰਪਿਊਟਰ ਸੰਬੰਧੀ ਗਿਆਨ ਹੈ ਉਹ ਇਕੋ ਵਾਰ ਤੇ ਸਾਰੇ ਦਾ ਸਾਰਾ, ਵੇਲਾ-ਕੁਵੇਲਾ ਵੇਖਣ ਤੋਂ ਬਿਨਾ, ਤੁਹਾਡੇ ਅੰਦਰ ਉਲੱਦਣ ਲਈ ਕਾਹਲਾ ਰਹਿੰਦਾ ਹੈ। ਕਈ ਵਾਰ ਸਥਿਤੀ ਹਾਸੇ-ਮਜ਼ਾਕ ਵਾਲੀ ਵੀ ਬਣ ਜਾਂਦੀ ਹੈ। ਇੱਕ ਰਾਤ ਅਸੀਂ ਕਿਸੇ ਸਮਾਗਮ ਤੋਂ ਵਾਪਸ ਪਰਤ ਰਹੇ ਸਾਂ। ਦੋ ਬੀਬੀਆਂ ਵੀ ਸਾਡੇ ਨਾਲ ਸਨ। ਜਦੋਂ ਕਿਰਪਾਲ ਸਿੰਘ ਪੰਨੂੰ ਨੂੰ ਉਸਦੇ ਘਰ ਉਤਾਰਿਆ ਤਾਂ ਨਾਲ ਬੈਠੀ ਬੀਬੀ ਨੂੰ, ਸਭਨਾਂ ਸਮੇਤ, ਸ਼ਾਇਦ ਪੰਨੂੰ ਮਾਰਨਾ ਤਾਂ ਚਾਹ-ਪਾਣੀ ਦੀ ਸੁਲਾਹ ਚਾਹੁੰਦਾ ਸੀ ਪਰ ਉਸਦੇ ਮੂੰਹੋਂ ਸੁਭਾਵਕ ਨਿਕਲ ਗਿਆ, "ਆ ਬਈ ਫ਼ਲਾਣੀਏ! ਤੇਰਾ ਕੰਪਿਊਟਰ ਠੀਕ ਕਰ ਦੇਈਏ।" ਅਸੀਂ ਸਾਰੇ ਹੱਸ ਪਏ। ਉਹ ਕਹਿੰਦੀ, "ਪੰਨੂੰ ਸਾਹਿਬ! ਕੰਪਿਊਟਰ ਏਥੇ ਕਿੱਥੇ ਆ ਗਿਆ?" ਅਸਲ ਵਿਚ ਗੱਲ ਇਹ ਸੀ ਕਿ ਪੰਨੂੰ ਕੁੱਝ ਦਿਨ ਪਹਿਲਾਂ ਹੀ ਉਸਦੇ ਘਰ ਜਾ ਕੇ ਉਸਦਾ ਕੰਪਿਊਟਰ ਠੀਕ ਕਰਕੇ ਆਇਆ ਸੀ ਤੇ ਉਸਦੇ ਅਚੇਤ ਮਨ ਵਿਚ ਇਹੋ ਗੱਲ ਚੱਲ ਰਹੀ ਹੋਵੇਗੀ ਕਿ ਸਹਿਵਨ ਹੀ 'ਚਾਹ-ਪਾਣੀ' ਦਾ ਸੱਦਾ ਉਹਦੇ ਮੂੰਹੋਂ 'ਕੰਪਿਊਟਰ ਠੀਕ ਕਰ ਦੇਣ ਦਾ ਸੱਦਾ' ਬਣ ਕੇ ਨਿਕਲ ਗਿਆ।

ਪੰਨੂੰ ਦੇ ਸੁਭਾ ਦੀ ਵਿਸ਼ੇਸ਼ਤਾ ਹੈ ਕਿ ਉਹ ਜਿਸ ਉੱਤੇ ਡੁੱਲ੍ਹਦਾ ਹੈ, ਪੂਰੇ ਦਾ ਪੂਰਾ ਡੁੱਲ੍ਹ ਜਾਂਦਾ ਹੈ। ਅਗਲਾ ਭਾਵੇਂ ਪੂਰੇ ਦਾ ਪੂਰਾ ਭਿੱਜ ਜਾਵੇ। ਏਨੇ ਸਮਰਪਣ ਭਾਵ ਨਾਲ ਅਗਲੇ ਦੇ ਕੰਮ ਆਉਣ ਦੀ ਲੋਚਾ ਉਸ ਅੰਦਰ ਏਨੀ ਪਰਬਲ ਹੈ ਕਿ ਹੋ ਸਕਦਾ ਹੈ ਜੇ ਅਗਲਾ ਉਸਤੋਂ ਵੀਹ ਫ਼ੀ-ਸਦੀ ਸਹਾਇਤਾ ਦੀ ਆਸ ਰੱਖ ਰਿਹਾ ਹੋਵੇ, ਉਹ ਅੱਗੋਂ ਇੱਕ ਸੌ ਵੀਹ ਫ਼ੀ ਸਦੀ ਤੱਕ ਦੀ ਜ਼ਿੰਮੇਵਾਰੀ ਆਪ ਹੀ ਓੜ੍ਹ ਲੈਂਦਾ ਹੈ। ਕਿਤੇ ਕਿਸੇ ਸਾਹਿਤਕ ਜਾਂ ਸਭਿਆਚਾਰਕ ਪ੍ਰੋਗਰਾਮ ਲਈ ਕਿਸੇ ਪ੍ਰਬੰਧਕ ਨੇ ਪੰਨੂੰ ਨੂੰ ਕੁੱਝ ਬੰਦੇ ਲਿਆਉਣ ਲਈ ਕਿਹਾ ਹੋਵੇ ਤਾਂ ਉਹ ਇਸਨੂੰ ਵੱਕਾਰ ਦਾ ਸਵਾਲ ਬਣਾ ਕੇ ਜੁੱਟ ਜਾਵੇਗਾ ਤੇ ਮੇਰੇ ਵਰਗੇ ਸਾਰੇ ਮਿੱਤਰ-ਬੇਲੀਆਂ ਨੂੰ ਇਕੱਠਾ ਕਰਕੇ ਤੇ 'ਰਾਈਡ' ਦਾ ਪ੍ਰਬੰਧ ਵੀ ਆਪੇ ਕਰ ਕੇ ਪ੍ਰੋਗਰਾਮ 'ਤੇ ਪਹੁੰਚ ਜਾਵੇਗਾ। ਅਗਲਾ ਧੰਨ ਧੰਨ ਹੋ ਜਾਵੇਗਾ ਤੇ ਪੰਨੂੰ ਦੇ ਮਨ ਨੂੰ ਠੰਢ ਪੈ ਜਾਵੇਗੀ। ਇਹੋ ਠੰਢਕ ਹੀ ਤਾਂ ਉਹ ਚਾਹੁੰਦਾ ਹੈ। ਹੋਰ ਉਸਨੇ ਇਸ ਸਾਰੇ ਕੁੱਝ ਵਿਚੋਂ ਕੁੱਝ ਕੱਢਣਾ-ਪਾਉਣਾ ਨਹੀਂ ਹੁੰਦਾ।

ਦੂਜਿਆਂ ਨੂੰ ਪੈਣ ਵਾਲੀ ਲੋੜ ਬਾਰੇ ਏਡੀ ਦੂਰ ਤੱਕ ਸੋਚਣਾ ਤੇ ਉਸ ਲੋੜ-ਪੂਰਤੀ ਲਈ ਏਨੇ ਸਮਰਪਣ ਭਾਵ ਨਾਲ ਕੰਮ ਕਰਨਾ ਇਹ ਪੰਨੂੰ ਦੇ ਹਿੱਸੇ ਹੀ ਆਇਆ ਹੈ। ਲੋਕ ਤਾਂ ਕਿਸੇ ਲਈ ਬਣਦਾ ਫ਼ਰਜ਼ ਅਦਾ ਕਰਨ ਦਾ ਪੰਜਵਾਂ ਹਿੱਸਾ ਵੀ ਪੂਰਾ ਕਰ ਲੈਣ ਤਾਂ ਵਾਹ ਭਲੀ ਸਮਝੀ ਜਾਂਦੀ ਹੈ ਪਰ ਏਥੇ ਪੰਨੂੰ ਹੈ ਕਿ ਅਗਲੇ ਦੇ ਆਪਣੇ ਬਣਦੇ ਹਿੱਸੇ ਤੋਂ ਵੀ ਕਈ ਗੁਣਾ ਵੱਧ ਕਰਨ ਲਈ ਤਤਪਰ ਰਹਿੰਦਾ ਹੈ।

ਉਹਦੀ ਆਵਾਜ਼ ਵਿਚ ਪੁਲਸੀਆ ਰੰਗ ਤਾਂ ਹੈ ਹੀ ਨਹੀਂ। ਨਿਰਾ ਨਿਮਰਤਾ ਤੇ ਪ੍ਰਸ਼ੰਸਾ ਦੀ ਮੂਰਤ। 'ਸ਼ਾਮ' ਨੂੰ 'ਸਾਮ' ਜਾਂ 'ਸ਼ਹਿਰ' ਨੂੰ 'ਸਹਿਰ' ਬੋਲਣ ਦੇ ਅੰਦਾਜ਼ ਤੋਂ ਸਗੋਂ ਉਹਦੇ ਬੋਲਾਂ ਵਿਚ ਮਾਸੂਮ ਬਾਲਾਂ ਦੇ ਬੋਲਾਂ ਵਰਗੀ ਸਾਦਗੀ ਦਾ ਭੁਲੇਖਾ ਲੱਗਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਉਹ ਬਹੁਤ ਹੱਦ ਤੱਕ ਬਾਲਾਂ ਵਰਗਾ ਈ ਹੈ। ਕਿਸੇ ਨਾਲ ਵੱਡੇ ਵੈਰ-ਭਾਵ ਰੱਖਣ ਤੋਂ ਅਸਲੋਂ ਈ ਮੁਕਤ। ਪਰ ਨਾਲ ਹੀ ਮੈਨੂੰ ਪਾਕਿਸਤਾਨੀ ਸਟੇਜੀ ਡਰਾਮੇ ਵਿਚਲੀ ਉਸ ਔਰਤ ਦਾ ਖ਼ਿਆਲ ਆਉਂਦਾ ਹੈ ਜੋ ਸਾਥੀ ਕਲਾਕਾਰ ਨੂੰ ਕਹਿੰਦੀ ਹੈ, "ਵੇ ਮੈਨੂੰ ਕੁੱਝ ਨਾ ਆਖ। ਮੈਂ ਤਾਂ ਅਜੇ ਬੱਚੀ ਆਂ।" ਉਹ ਅੱਗੋਂ ਕਹਿੰਦਾ ਹੈ, "ਐਵੈਂ ਘੁੰਨੀ ਨਾ ਬਣ। ਤੂੰ ਬੱਚੀ-ਬੁੱਚੀ ਕੋਈ ਨਹੀਂ। ਤੈਨੂੰ ਮੈਂ ਦੱਸਾਂ।"

ਇਸ ਹਵਾਲੇ ਨਾਲ ਪੰਨੂੰ ਵੀ ਏਡਾ 'ਬੱਚਾ-ਬੁੱਚਾ' ਕੋਈ ਨਹੀਂ। ਤੇ ਐਸੀ ਗੱਲ ਵੀ ਨਹੀਂ ਕਿ ਪੰਨੂੰ ਹਰੇਕ 'ਤੇ ਹੀ ਡੁੱਲ੍ਹ ਡੁੱਲ੍ਹ ਪੈਂਦਾ ਹੋਵੇ। ਕਈ ਵਾਰ ਤਾਂ ਉਹ ਬਹੁਤ ਰੁੱਖਾ ਵੀ ਨਜ਼ਰ ਆਉਂਦਾ ਹੈ। ਮੈਂ ਸ਼ੁਰੂ ਵਿਚ ਉਸ ਵੱਲੋਂ ਦਿੱਤੀ 'ਰੰਮ' ਅਤੇ 'ਜੂਸ' ਦਾ ਜ਼ਿਕਰ ਕੀਤਾ ਸੀ। ਉਹਦੀ ਸ਼ਖ਼ਸੀਅਤ ਵਿਚ ਵੀ ਦੋਵੇਂ ਸਵਾਦ ਘੁਲੇ ਹੋਏ ਹਨ। ਕਈ ਵਾਰ ਬੜਾ ਕੌੜਾ ਤੇ ਰੁੱਖਾ ਤੇ ਕਈ ਵਾਰ ਨਿਰ੍ਹਾ ਮਿਠਾਸ ਦੀ ਮੂਰਤ। ਜਿਨ੍ਹਾਂ ਬੰਦਿਆਂ ਨੂੰ ਇੱਕ ਵਾਰ ਰੱਦ ਕਰ ਦਿੰਦਾ ਹੈ ਫਿਰ ਉਹ ਉਨ੍ਹਾਂ ਬਾਰੇ ਆਪਣੀ ਰਾਇ ਨੂੰ ਬਦਲਦਾ ਨਹੀਂ ਤੇ ਨਾ ਹੀ ਮਾਫ਼ ਕਰਦਾ ਹੈ। ਮੈਂ ਅਜਿਹੇ ਬੰਦਿਆਂ ਦੇ ਨਾਂ ਗਿਣ ਸਕਦਾ ਹਾਂ। ਉਂਜ ਵੀ ਕਈ ਵਾਰ ਤਾਂ ਅਗਲੇ ਦੀ ਸਾਧਾਰਨ ਗੱਲ ਨੂੰ ਇਸ ਅੰਦਾਜ਼ ਵਿਚ ਟੱਕਰੇਗਾ ਕਿ ਉਹ ਕਹਾਣੀ ਯਾਦ ਆ ਜਾਵੇਗੀ ਜਿਸ ਅਨੁਸਾਰ ਕਿਸੇ ਨੇ ਦੂਜੇ ਨੂੰ ਪੁੱਛਿਆ, "ਕਿੰਨੇ ਭਰਾ ਓ?"

ਅਗਲੇ ਨੇ ਕਿਹਾ, "ਤਿੰਨ।"

"ਜੇ ਚਾਰ ਹੁੰਦੇ ਤਾਂ ਫਿਰ ਕਿਹੜੀ ਮੇਰੀ ਲੱਤ ਭੰਨ ਲੈਂਦੇ।"

ਅਗਲੇ ਨੇ ਨਿਮਰਤਾ ਨਾਲ ਕਿਹਾ, "ਭਰਾਵਾ! ਮੈਂ ਤੈਨੂੰ ਕੀ ਆਖਿਐ?"

ਉਹ ਕਹਿੰਦਾ, "ਆਖ ਕੇ ਵੇਖ ਲੈ। ਵੇਖੀਂ ਬੂਥਾ ਨਾ ਭੰਨ ਦਿੱਤਾ ਤਾਂ!"

ਕਦੀ ਕਦੀ ਪੰਨੂੰ ਕਿਸੇ ਦੀ ਸਾਧਾਰਨ ਕੀਤੀ ਗੱਲ ਨੂੰ ਧੱਕੇ ਨਾਲ ਬਹਿਸ ਵਿਚ ਪਾਉਣ ਲਈ ਆਪਣੀ ਵਿਰੋਧੀ ਰਾਇ ਠਾਹ ਕਰਕੇ ਮਾਰਦਾ ਹੈ, ਜਦ ਕਿ ਉਸ ਸਮੇਂ ਉਸਦੀ ਲੋੜ ਨਹੀਂ ਹੁੰਦੀ। ਅਗਲਾ ਬੌਂਦਲ ਜਾਂਦਾ ਹੈ। ਪਾਰਕ ਵਿਚ ਬਾਬਿਆਂ ਨਾਲ ਬੈਠਿਆਂ ਜਿੱਥੇ ਉਹ ਗੱਲਾਂ-ਬਾਤਾਂ ਕਰਕੇ ਰੌਣਕ ਲਾ ਦਿੰਦਾ ਹੈ ਓਥੇ ਜਦੋਂ ਕਦੀ ਕਦੀ ਕਿਸੇ ਨਾਲ 'ਨੌਨ-ਇਛੂ' ਨੂੰ 'ਇਛੂ' ਬਣਾ ਕੇ ਗੱਲ ਨੂੰ ਧੱਕੇ ਨਾਲ ਬਹਿਸ ਵਿਚ ਪਾਉਣ ਦੀ ਕੋਸ਼ਿਸ਼ ਕਰ ਲੈਂਦਾ ਹੈ ਤਾਂ ਮੈਂ ਗੱਲ ਨੂੰ ਹਾਸੇ ਵਿਚ ਪਾ ਕੇ ਟਾਲਣ ਦਾ ਯਤਨ ਕਰਦਾ ਹਾਂ। ਮੇਰਾ ਭਾਵ ਸਮਝ ਕੇ ਪੰਨੂੰ ਵੀ ਹੱਸਣ ਲੱਗ ਪਵੇਗਾ। ਗੱਲ ਰਫ਼ਾ-ਦਫ਼ਾ ਹੋ ਜਾਂਦੀ ਹੈ ਤੇ ਪੰਨੂੰ ਬਾਬਿਆਂ ਦੀ ਅਤ੍ਰਿਪਤ ਆਤਮਾ ਨੂੰ ਤ੍ਰਿਪਤ ਕਰਨ ਲਈ ਕੋਈ ਲੁੱਚਾ ਲਤੀਫ਼ਾ ਛੁਹ ਲੈਂਦਾ ਹੈ।

ਪਰ ਫਿਰ ਵੀ ਜਿਹੜੀ ਗੱਲ ਉਸਨੂੰ ਖ਼ਰੀ ਲੱਗਦੀ ਹੈ, ਉਸਨੂੰ ਕਰਨੋਂ ਵੀ ਉੱਕਦਾ ਨਹੀਂ; ਭਾਵੇਂ ਅਗਲੇ ਦੇ ਗੋਡੇ ਲੱਗੇ ਜਾਂ ਗਿੱਟੇ। ਫੇਰ ਅਗਲੇ ਪਲ ਜਾਂ ਅਗਲੇ ਦਿਨ ਚੇਤਾ ਆਉਣ 'ਤੇ ਕਿ 'ਬੰਦਾ ਤਾਂ ਨਰਾਜ਼ ਹੋ ਗਿਆ!', 'ਭੁੱਲ-ਚੁੱਕ ਮਾਫ਼ ਕਰਾਉਣ' ਲਈ ਵੀ ਤਤਪਰ ਹੋ ਜਾਂਦਾ ਹੈ। ਇੱਕ ਦਿਨ ਟਰਾਂਟੋ ਕਹਾਣੀ ਮੰਚ ਦੀ ਬੈਠਕ ਵਿਚ ਕਿਸੇ ਲੇਖਕ ਦੀ ਕਹਾਣੀ ਬਾਰੇ ਬੋਲਦਿਆਂ ਕਹਿੰਦਾ, "ਜੀ ਮੇਰੇ ਹਿਸਾਬ ਨਾਲ ਤਾਂ ਇਹ ਕਹਾਣੀ ਬਣਦੀ ਈ ਨਹੀਂ।" ਕਹਾਣੀਕਾਰ ਨੂੰ ਚੰਗਾ ਨਾ ਲੱਗਾ। ਅਗਲੇ ਦਿਨ ਪੰਨੂੰ ਮੈਨੂੰ ਆਖੇ, "ਕਹਾਣੀਕਾਰ ਆਪਣਾ ਨੇੜੇ ਦਾ ਯਾਰ ਏ। ਐਵੇਂ ਨਰਾਜ਼ ਕਰ ਬੈਠੇ। ਉਹਦੇ ਤੋਂ ਸੌਰੀ ਮੰਗ ਲੈਣੀਂ ਆਂ।"

ਮਾਫ਼ੀ ਮੰਗ ਲੈਣਾ ਵੱਡੇ ਦਿਲਾਂ ਦਾ ਕੰਮ ਹੈ। ਇਹੋ ਜਿਹਾ ਦਿਲ ਪੰਨੂੰ ਕੋਲ ਹੀ ਹੈ।

ਪਰ ਸੁਭਾਅ ਤਾਂ ਸੁਭਾਅ ਈ ਹੁੰਦਾ ਹੈ। ਛੇਤੀ ਕੀਤੇ ਬਦਲਦਾ ਨਹੀਂ। ਇੱਕ ਵਾਰ ਮੇਰੇ ਜਲੰਧਰ ਵਾਲੇ ਘਰ ਧੁੱਪੇ ਬੈਠੇ ਸਾਂ ਕਿ ਆਸਟ੍ਰੇਲੀਆ ਵਾਲੇ ਮੇਰੇ ਮਿੱਤਰ ਗਿਆਨੀ ਸੰਤੋਖ ਸਿੰਘ ਦਾ ਫ਼ੋਨ ਆਇਆ। ਉਸਨੇ ਪੰਨੂੰ ਦੇ ਹੱਥ ਪਿਛਲੇ ਸਾਲ ਆਪਣੀ ਜੀਵਨੀ-ਪੁਸਤਕ ਮੇਰੇ ਲਈ ਭੇਜੀ ਸੀ। ਉਹ ਪੰਨੂੰ ਨੇ ਵੀ ਪੜ੍ਹੀ ਹੋਈ ਸੀ। ਸੰਤੋਖ ਸਿੰਘ ਇਹ ਜਾਣ ਕੇ ਕਿ ਪੰਨੂੰ ਵੀ ਮੇਰੇ ਕੋਲ ਬੈਠਾ ਹੋਇਆ ਏ, ਆਪਣੀ ਕਿਤਾਬ ਬਾਰੇ ਰਾਇ ਪੁੱਛਣ ਲੱਗਾ। ਪੰਨੂੰ ਕਹਿੰਦਾ, "ਮੈਨੂੰ ਉਸ ਕਿਤਾਬ ਦਾ ਪਿਛਲਾ ਹਿੱਸਾ ਬਿਲਕੁਲ ਪਸੰਦ ਨਹੀਂ ਆਇਆ। ਤੁਸੀਂ ਜਿਹੜੇ ਸਿਆਸਤਦਾਨਾਂ ਤੋਂ ਪੰਜਾਬ ਦਾ ਭਵਿੱਖ ਸਵਾਰੇ ਜਾਣ ਦੀ ਆਸ ਰੱਖਦੇ ਓ, ਉਨ੍ਹਾਂ ਈ ਤਾਂ ਪੰਜਾਬ ਦੀ ਬੇੜੀ 'ਚ ਵੱਟ ਪਾਏ ਨੇ। ਤੁਸੀਂ ਮੈਨੂੰ ਉਨ੍ਹਾਂ ਦੀ ਚਮਚਾਗਿਰੀ ਕਰਦੇ ਲੱਗਦੇ ਓ। ਹਾਂ, ਪਹਿਲਾ ਹਿੱਸਾ ਚੰਗਾ ਹੈ, ਵਧੀਆ, ਪੜ੍ਹਨ ਵਾਲਾ।" ਮੈਂ ਸੰਤੋਖ ਸਿੰਘ ਨੂੰ ਹੱਸਦਿਆਂ ਆਖਿਆ, "ਭਾਈ ਸਾਹਿਬ! ਏਨੀ ਕਰਾਏ ਬਿਨਾਂ ਤੁਹਾਨੂੰ ਵੀ ਠੰਢ ਨਹੀਂ ਸੀ ਪੈਣੀ।"

ਬਿਨ ਮੰਗਿਆਂ ਸਲਾਹ ਦੇਣੀ ਚੰਗੀ ਤਾਂ ਨਹੀਂ ਹੁੰਦੀ। ਪਰ ਪੰਨੂੰ ਆਪਣਾ ਬੇਲੀ ਹੈ; ਇਸ ਲਈ ਕਦੀ ਕਦੀ ਸਲਾਹ ਦੇਣ ਦੀ ਗ਼ਲਤੀ ਕਰ ਲਈਦੀ ਹੈ। ਮੈਂ ਹੱਸ ਕੇ ਆਖਿਆ, "ਹਜ਼ੂਰ!

**(ਬਾਕੀ ਅਗਲੇ ਸਫੇ 'ਤੇ)**

# ਕਾਵਿ - ਕਿਆਰੀ

## ਵਰਤਾਰਾ

ਡਾਰਵਿਨ ਦਾ ਸਿਧਾਂਤ ਅੱਜਕਲ੍ਹ
ਸ਼ਾਇਦ ਪਿੱਛੇ ਗਿੜ ਰਿਹਾ ਹੈ
ਤਾਂਹੀਉਂ ਬੰਦਿਆਂ ਤੋਂ ਹੈਵਾਨ ਵੱਲ ਨੂੰ
ਦਿਸਦਾ ਸਫ਼ਰ ਮੁੜ ਰਿਹਾ ਹੈ।

ਸਿਆਸਤ, ਖ਼ੁਦਗਰਜ਼, ਮਾਇਆਧਾਰੀ
ਬਾਕੀ ਬਚੇ ਜਾਪਦੇ ਧਰਤੀ ਉੱਤੇ
ਉਹ ਹੀ ਭੱਜ ਰਹੇ ਨੇ ਇੱਧਰ ਉੱਧਰ
ਬਾਕੀਆਂ ਦੇ ਨਸੀਬ ਮਾਨੋ ਸੁੱਤੇ।

ਕੁੱਝ ਸੋਚ ਤੋਂ ਖਾਲੀ ਬੇ-ਸਿਰੇ
ਵਿਹਲੇ ਘੁੰਮਦੇ ਜਵਾਨੀ ਰੁੱਤੇ
ਬੇ-ਲਗਾਮ ਬੇਰੁਖ ਸਰਕਾਰਾਂ
ਅੰਨ੍ਹੀਂ ਪੀਹਦੀ ਚੱਟਦੇ ਕੁੱਤੇ।

ਮਜ਼੍ਹਬਾਂ ਨੇ ਕੱਸ ਕੇ ਨਕੇਲ
ਜੋੜ ਤੋਰੇ ਕੁੱਝ ਪੁੱਠੇ ਰਾਹ
ਜਿਸ ਦਾ ਅੰਤ ਹਨ੍ਹੇਰੀ ਗਲ਼ੀ
ਮੰਜ਼ਿਲ ਹੋਈ ਦਿਸੇ ਸੁਆਹ

ਚੰਦਰਿਆਂ ਨੂੰ ਸਭਿਅਤਾ ਨਹੀਂ ਹੈ ਮਾਫ਼ਕ
ਕੇਵਲ ਜੰਗਲ ਰਾਜ ਦੇ ਮੁਰੀਦ
ਉਹ ਹਰਦਮ
ਲਹੂ-ਮਾਸ ਦੇ ਪਿਆਸੇ ਭੇੜੀਏ
ਬੱਸ ਬੁਰਛਾਗਰਦੀ ਦੇ ਮੁਫ਼ੀਦ
ਪਰ :
ਰੱਬ ਆਸਰੇ ਇੰਵ ਨਹੀਂ ਛੱਡ ਹੋਣਾ
ਲੱਭਣਾ ਪੈਣਾ ਹੈ ਫਿਰ ਰਿਸ਼ੀ ਲੁਕਮਾਨ
ਲਾ-ਇਲਾਜ ਨਾਸੂਰ ਨੂੰ ਸਾਫ਼ ਕਰ ਕੇ
ਜੋ ਲਾਵੇ ਮਰਹੰਮ ਤੇ ਆਵੇ ਰਮਾਨ।

*-ਸੇਵਾ ਸਿੰਘ "ਨੂਰਪੁਰੀ "*

---

## ਇੰਡੀਆ ਜਾਂ ਫ਼ਿਰ ਭਾਰਤ

ਇੰਡੀਆ ਜਾਂ ਫ਼ਿਰ ਭਾਰਤ,
ਜਾਂ ਫ਼ਿਰ ਹਿੰਦੋਸਤਾਨ
ਵੋਟਾਂ ਆਈਆਂ ਸੁੱਤਾ ਜੋ ਸੀ,
ਜਾਗ ਪਿਆ ਸ਼ੈਤਾਨ।

ਕਿੱਧਰੇ ਕਿਤੇ ਵੀ ਹੱਲੇ ਗੁੱਲੇ,
ਹੁੰਦੇ ਜਾਂ ਕਰਵਾਏ ਜਾਂਦੇ
ਗੋਦੀ ਮੀਡੀਆ ਲਿਆ ਵਾੜਦਾ,
ਹੱਥ ਏ ਪਾਕਿਸਤਾਨ।

ਚੰਦਰਮਾ 'ਤੇ ਕੱਲ੍ਹ ਸੀ ਪਹੁੰਚੇ,
ਇੰਡੀਆ ਇੰਡੀਆ ਹੋਈ
ਬਦਲ ਦੇਣਗੇ ਨਾ ਐਨੀ ਜਲਦੀ,
ਚੰਦਾ ਮਾਮਾ ਹੈਰਾਨ।

ਟੁਕੜੇ ਟੁਕੜੇ ਹੋਣੇ ਨਹੀਂ ਇੰਝ,
ਕਰਵਾ ਦੇਵਣਗੇ ਜਬਰੀ
ਬੁਜ਼ਦਿਲ ਬਣ ਕੇ ਜਰਦੇ ਰਹੇ ਜੇ,
ਤਾਨਾਸ਼ਾਹੀ ਫ਼ਰਮਾਨ।

ਲੋਕਤੰਤਰ ਦੀ ਲਾਸ਼ ਪਈ ਹੈ,
ਬੋਦਲਾਂ ਦੇ ਸੁੱਖਵਿੰਦਰਾ
ਵੋਟਾਂ ਦੇ ਹੱਥਾਂ ਵਿਚ ਹੁਣ ਤੇ,
ਲੋਕਤੰਤਰ ਦੀ ਜਾਨ।

*-ਸੁੱਖਵਿੰਦਰ ਬੋਦਲਾਂਵਾਲਾ*

---

## ਮੁਸਕਾਨ

ਹਰਦਮ ਤੇਰੇ ਬੁੱਲ੍ਹਾਂ 'ਤੇ ਮੁਸਕਾਨ ਰਹੇ।
ਮੇਰੀ ਆਈ ਮੁੱਠੀ ਦੇ ਵਿਚ ਜਾਨ ਰਹੇ।
ਮੈਨੂੰ ਕੋਈ ਜਾਣੇ ਜਾਂ ਕੋਈ ਨਾ ਜਾਣੇ,
ਤੇਰੀ ਜੱਗ 'ਤੇ ਬਣੀ ਹਮੇਸ਼ਾ ਸ਼ਾਨ ਰਹੇ।
ਮੈਨੂੰ ਪੈਣਾ ਪੈਜੇ ਭਾਵੇਂ ਪਿੰਜਰੇ ਵਿਚ,
ਤੇਰੇ ਉੱਡਣੇ ਲਈ ਖੁੱਲ੍ਹਾ ਅਸਮਾਨ ਰਹੇ।
ਰੱਬ ਦੇ ਅੱਗੇ ਮੇਰੀ ਇਕ ਅਰਜ਼ੋਈ ਏ,
ਤੇਰਾ ਚੱਲਦਾ ਮੇਰੇ 'ਤੇ ਫ਼ੁਰਮਾਨ ਰਹੇ।
ਮੈਨੂੰ ਆਪਣੇ ਦੁੱਖ ਤੂੰ ਗਿਰਵੀ ਰੱਖ ਦੇਵੀਂ,
ਹੱਸਦਾ-ਵੱਸਦਾ ਤੇਰਾ ਸਦਾ ਜਹਾਨ ਰਹੇ।
ਐਨੀ ਜ਼ਿਆਦਾ ਹੋਵੇ ਖਿੱਚ ਮੁਹੱਬਤ ਦੀ,
ਇੱਕ ਦੂਜੇ ਦੇ ਹੱਥਾਂ ਦੇ ਵਿਚ ਜਾਨ ਰਹੇ।

*-ਜਸਪਾਲ ਸਿੰਘ ਨਾਗਰਾ*
*ਫੋਨ:+13604481989*

## ਸ਼ਹੀਦ ਜਸਵੰਤ ਸਿੰਘ ਖਾਲੜਾ

ਨਾਂ ਜੀਹਦਾ ਜਸਵੰਤ ਸਿੰਘ ਤੇ ਪਿੰਡ ਖਾਲੜਾ ਸੀ
ਮਰਦ ਸੂਰਮਾ ਸਿੱਖ ਕੌਮ ਦੀ, ਜਿੰਦ ਖਾਲੜਾ ਸੀ
ਸਿੱਖੀ ਇਮਤਿਹਾਨ 'ਚੋਂ, ਜਿਹੜਾ ਪਾਸ ਹੋ ਗਿਆ ਸੀ
ਲਾਸ਼ਾਂ ਲੱਭਦਾ ਸੂਰਮਾ, ਖੁਦ ਲਾਸ਼ ਹੋ ਗਿਆ ਸੀ
ਲਾਸ਼ਾਂ ਲੱਭਦਾ ਖਾਲੜਾ, ਖੁਦ ਲਾਸ਼ ਹੋ ਗਿਆ ਸੀ।

ਕਹਿੰਦਾ ਸੀ ਜੋ ਝੋਂਪੜੀਆਂ 'ਚੋਂ, ਦੀਪਕ ਉੱਠਣਗੇ
ਨੇਹਰਿਆਂ ਮੂਹਰੇ ਖੜ੍ਹ ਕੇ, ਸ਼ੇਰ ਵਾਂਗੂੰ ਬੁੱਕਣਗੇ
ਆਮ ਘਰਾਂ 'ਚੋਂ ਉੱਠ ਕੇ ਜਿਹੜਾ, ਖਾਸ ਹੋ ਗਿਆ ਸੀ
ਲਾਸ਼ਾਂ ਲੱਭਦਾ ਖਾਲੜਾ ਖੁਦ ਲਾਸ਼ ਹੋ ਗਿਆ ਸੀ।

ਵਿਚ ਠਾਣਿਆਂ ਜਾ ਕੇ ਜਿਹਨੇ, ਰਿਕਾਡ ਫੋਲਤੇ ਸੀ
ਕਿੰਨੀਆਂ ਲਾਸ਼ਾਂ ਸੜੀਆਂ ਸਾਰੇ, ਭੇਤ ਖੋਲਤੇ ਸੀ
ਰਾਖ ਭਾਲਦਾ ਸਿਵਿਆਂ ਦੀ, ਖੁਦ ਰਾਖ ਹੋ ਗਿਆ ਸੀ
ਲਾਸ਼ਾਂ ਲੱਭਦਾ ਸੂਰਮਾ, ਖੁਦ ਲਾਸ਼ ਹੋ ਗਿਆ ਸੀ।

ਹਿੱਕ ਠੋਕ ਕੇ ਕਰਦਾ ਸੀ ਜੋ, ਗੱਲ ਅਧਿਕਾਰਾਂ ਦੀ
ਰੁਲਦੀਆਂ ਹੋਈਆਂ ਪੱਗਾਂ ਅਤੇ, ਗੱਲ ਸਤਿਕਾਰਾਂ ਦੀ
ਜ਼ੁਰਮਾਂ ਵਾਲਾ ਝੂਠਾ ਪਰਦਾ, ਫਾਸ਼ ਹੋ ਗਿਆ ਸੀ
ਲਾਸ਼ਾਂ ਲੱਭਦਾ ਖਾਲੜਾ ਖੁਦ, ਲਾਸ਼ ਹੋ ਗਿਆ ਸੀ।

ਡਾਨਸੀਵਾਲੀਆ ਮਾਰਿਆ ਸਾਨੂੰ, ਸਦਾ ਗਦਾਰਾਂ ਨੇ
ਸਿੱਖੀ ਭੇਸ ਬਣਾਈ ਫਿਰਦੇ, ਨਕਲੀ ਯਾਰਾਂ ਨੇ
ਡੋਗਰਿਆਂ ਦੇ ਹੱਥੋਂ ਸਿੱਖੀ, ਰਾਜ ਖੋ ਗਿਆ ਸੀ
ਲਾਸ਼ਾਂ ਲੱਭਦਾ ਖਾਲੜਾ ਖੁਦ, ਲਾਸ਼ ਹੋ ਗਿਆ ਸੀ।

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778-863-2472*

# ਦਰਿਆ ਦਿਲ ਪੰਨੂੰ

(ਪਿਛਲੇ ਸਫੇ ਦਾ ਬਾਕੀ)

ਪਹਿਲਾਂ ਸਿੱਧਾ ਈ ਨੁਕਸ ਛਾਂਟਣ ਦੀ ਥਾਂ ਜੇ ਪਹਿਲਾਂ ਉਹਦੀ ਕਿਤਾਬ ਦੇ ਚੰਗੇ ਪੱਖ ਦੀ ਗੱਲ ਕਰ ਦਿੰਦੇ ਤਾਂ ਕੀ ਆਖਰ ਆ ਜਾਂਦੀ। ਜ਼ਰੂਰੀ ਏ ਕਿ ਪਹਿਲਾਂ ਅਗਲੇ ਦੀ ਛੋਈ ਈ ਲਾਹੀ ਜਾਵੇ?" ਲਾਗੋਂ ਮਿਸਿਜ਼ ਪੰਨੂੰ ਵੀ ਕਹਿੰਦੇ, "ਇਨ੍ਹਾਂ ਦੀ ਇਹ ਆਦਤ ਠੀਕ ਨਹੀਂ।" ਮੈਂ ਹੱਸਿਆ, "ਪਰ ਭੈਣ ਜੀ! ਬੀਬੀਆਂ ਨਾਲ ਇਹ ਰੁੱਖਾ ਨਹੀਂ ਬੋਲਦੇ। ਓਹਨਾਂ ਨਾਲ ਬੜੀਆਂ ਮਿੱਠੀਆਂ ਮਿੱਠੀਆਂ ਗੱਲਾਂ ਕਰਦੇ ਨੇ।" ਮਿਸਿਜ਼ ਪੰਨੂੰ ਹੱਸ ਪਏ, "ਆਹੋ, ਇਹ ਗੱਲ ਤਾਂ ਠੀਕ ਏ।"

ਮਿਸਿਜ਼ ਪੰਨੂੰ ਤੇ ਮੈਂ ਕਦੀ ਕਦੀ ਪੰਨੂੰ ਦੇ ਬੀਬੀਆਂ ਬਾਰੇ ਨਰਮ ਗੋਸ਼ੇ 'ਤੇ ਉਸ ਨਾਲ ਛੇੜ-ਛਾੜ ਕਰ ਲੈਂਦੇ ਹਾਂ। ਪੰਨੂੰ ਇਸ ਗੱਲ ਦਾ ਗੁੱਸਾ ਨਹੀਂ ਕਰਦਾ ਸਗੋਂ ਸਵਾਦ ਲੈਂਦਾ ਏ। ਮਿੰਨ੍ਹਾਂ ਮਿੰਨ੍ਹਾਂ ਹੱਸਦਾ ਰਹਿੰਦਾ ਏ।

"ਉਂਜ ਬੀਬੀਆਂ ਵੀ ਇਨ੍ਹਾਂ ਦਾ ਬੜਾ ਕਰਦੀਆਂ ਨੇ।" ਮੇਰੀ ਸੁਣ ਕੇ ਮਿਸਿਜ਼ ਪੰਨੂੰ ਮੁੜ ਪੋਲਾ ਜਿਹਾ ਹੱਸਦੇ ਨੇ। ਪੰਨੂੰ ਹੱਸਦਾ ਹੋਇਆ ਸਪਸ਼ਟੀਕਰਨ ਦਿੰਦਾ ਹੈ, "ਓ ਭਾਈ! ਬੀਬੀਆਂ ਨੂੰ ਪਤੈ ਕਿ ਇਸ ਬੰਦੇ ਤੋਂ ਉਨ੍ਹਾਂ ਨੂੰ ਕੋਈ ਖ਼ਤਰਾ ਨਹੀਂ।"

ਉਸਦੀ ਗੱਲ ਸ਼ਾਇਦ ਠੀਕ ਵੀ ਏ। ਉਹ ਬੀਬੀਆਂ ਨਾਲ ਰਿਸ਼ਤੇ ਨੂੰ ਬੜੇ ਸੁਖਾਵੇਂ ਪੱਧਰ 'ਤੇ ਰੱਖਦਾ ਹੈ। ਉਹਦੇ ਬੋਲਾਂ ਤੇ ਵਿਹਾਰ ਵਿਚੋਂ ਬੀਬੀਆਂ ਨੂੰ ਕੋਈ ਮੈਲ਼ ਨਜ਼ਰ ਨਹੀਂ ਆਉਂਦੀ। ਏਸੇ ਕਰਕੇ ਪੰਨੂੰ ਨਾਲ ਉਨ੍ਹਾਂ ਦਾ ਡੂੰਘੀ ਅਪਣੱਤ ਦਾ ਰਿਸ਼ਤਾ ਬਣਿਆਂ ਰਹਿੰਦਾ ਹੈ। ਜੇ ਸੱਚਮੁੱਚ ਕਿਸੇ 'ਖ਼ਤਰੇ' ਦੀ ਗੱਲ ਹੋਵੇ ਤਾਂ ਇਸ ਖ਼ਤਰੇ ਦੀ ਘੰਟੀ ਸਭ ਤੋਂ ਪਹਿਲਾਂ ਸਾਡੇ ਭੈਣ ਜੀ (ਮਿਸਿਜ਼ ਪੰਨੂੰ) ਨੂੰ ਹੀ ਸੁਣ ਜਾਵੇਗੀ। ਜੇ ਉਨ੍ਹਾਂ ਨੇ ਪੰਨੂੰ ਨੂੰ ਹੇਠਾਂ ਬੇਸਮੈਂਟ ਵਿਚ ਜਾ ਕੇ ਕਿਸੇ 'ਬੀਬੀ' ਜਾਂ 'ਬਾਬੇ' ਨੂੰ ਘੰਟਿਆਂ ਬੱਧੀ ਕੰਪਿਊਟਰ ਸਿਖਾਉਣ ਦੀ ਆਗਿਆ ਦੇ ਰੱਖੀ ਹੈ ਤਾਂ ਸਮਝੋ, 'ਖ਼ਤਰੇ' ਵਾਲੀ ਸੱਚੀਂ ਕੋਈ ਗੱਲ ਨਹੀਂ। ਮਿਸਿਜ਼ ਪੰਨੂੰ ਬੇਫ਼ਿਕਰੀ ਨਾਲ ਉੱਪਰ ਬੈਠੇ ਟੀ ਵੀ ਵੇਖ ਰਹੇ ਹੁੰਦੇ ਨੇ। ਲੋੜ ਪੈਣ 'ਤੇ ਚਾਹ-ਪਾਣੀ ਵੀ ਥੱਲੇ ਦੇ ਆਉਂਦੇ ਨੇ। ਨਿਸਚੈ ਹੀ ਪਤਨੀ ਦਾ ਅਜਿਹਾ ਵਿਸ਼ਵਾਸ ਕਮਾਉਣਾ ਪੈਂਦਾ ਹੈ। ਪੰਨੂੰ ਨੇ ਇਹ ਵਿਸ਼ਵਾਸ ਕਮਾਇਆ ਹੋਇਆ ਹੈ। ਸੱਚੀ ਗੱਲ ਤਾਂ ਇਹ ਹੈ ਕਿ ਔਰਤ ਤਾਂ ਆਪਣੇ ਪਤੀ ਦੀ ਨਜ਼ਰ ਪਲ-ਛਿਣ ਵਿਚ ਪਛਾਣ ਲੈਂਦੀ ਹੈ। ਉਸਦਾ ਮਰਦ ਕਿਸੇ ਤੀਵੀਂ ਨੂੰ ਕਿਹੜੀ ਨਜ਼ਰ ਨਾਲ ਵੇਖਦਾ ਹੈ, ਉਹ ਪਹਿਲੀ ਨਜ਼ਰੇ ਤਾੜ ਜਾਂਦੀ ਹੈ। ਜਿੱਥੇ ਔਰਤ ਨੂੰ ਜ਼ਰਾ ਕੁ ਦਾਲ ਵਿਚ ਕਲਿੱਤਣ ਦਾ ਝੌਲਾ ਪਵੇ ਉਹ ਓਸੇ ਵੇਲੇ ਭਰੀ-ਭਰਾਈ ਤੌੜੀ ਮੂਧੀ ਮਾਰ ਦਿੰਦੀ ਹੈ। ਜੇ ਅਜੇ ਤੱਕ ਪੰਨੂੰ ਦੀ ਦਾਲ ਰਿੱਝੀ ਜਾਂਦੀ ਹੈ ਤਾਂ ਜ਼ਾਹਿਰ ਹੈ ਮਿਸਿਜ਼ ਪੰਨੂੰ ਨੂੰ ਸੱਚਮੁੱਚ ਪੰਨੂੰ 'ਤੇ ਵਿਸ਼ਵਾਸ ਹੈ।

ਜੇ ਵਿਸ਼ਵਾਸ ਵਿਚ 'ਘਾਤ' ਦਾ ਮਾੜਾ ਜਿਹਾ ਸੰਸਾ ਹੋਵੇ ਓਥੇ ਸਾਵਧਾਨੀ ਵਰਤਣੀ ਮਾੜੀ ਵੀ ਨਹੀਂ ਹੁੰਦੀ। ਇੱਕ ਵਾਰ ਪੰਨੂੰ ਨੇ ਕਿਸੇ ਲੇਖਕ ਬੀਬੀ ਦੀ ਤਸਵੀਰ ਵੱਡੀ ਕਰਕੇ ਆਪਣੀਆਂ ਬੇਸਮੈਂਟ ਨੂੰ ਉੱਤਰਦੀਆਂ ਪੌੜੀਆਂ ਦੀ ਦੀਵਾਰ 'ਤੇ ਦਰਸ਼ਨੀ ਅੰਦਾਜ਼ ਵਿਚ ਲਾਈ ਹੋਈ ਸੀ। ਮੈਂ ਜਾਣਦਿਆਂ-ਬੁੱਝਦਿਆਂ ਇਸ ਬਾਰੇ ਪੁੱਛਿਆ ਤਾਂ ਪੰਨੂੰ ਕਹਿੰਦਾ, "ਉਹਨੂੰ ਕਿਸੇ ਸਮਾਗਮ 'ਤੇ ਲਾਉਣ ਲਈ ਆਪਣੀ ਵੱਡੀ ਫੋਟੋ ਚਾਹੀਦੀ ਸੀ। ਮੈਨੂੰ ਕਹਿੰਦੀ 'ਵੱਡੀ ਕਰ ਦਿਓ।' ਮੈਂ ਦੋ ਵੱਡੀਆਂ ਕਰ ਲਈਆਂ। ਇੱਕ ਉਹਨੂੰ ਦੇ 'ਤੀ। ਇੱਕ ਆਪ ਰੱਖ ਲਈ।" ਮਿਸਿਜ਼ ਪੰਨੂੰ ਸੁਣ ਰਹੇ ਸਨ। ਮੈਂ ਹੋਰ ਕਮੀਨਾ ਹੋ ਗਿਆ, "ਜਨਾਬ! ਤੁਸੀਂ ਕਿਹੜੀ ਖ਼ੁਸ਼ੀ 'ਚ ਰੱਖ ਲਈ ਤੇ ਫਿਰ ਲਾਈ ਵੀ ਐਨ ਨਜ਼ਰਾਂ ਦੇ ਸਾਹਮਣੇ। ਕੀ ਗੱਲ ਅੱਖਾਂ ਤੋਂ ਪਲ-ਭਰ ਵੀ ਓਹਲੇ ਕਰਨ ਨੂੰ ਚਿੱਤ ਨਹੀਂ ਕਰਦਾ?" ਪੰਨੂੰ ਹੱਸੀ ਜਾਵੇ।

ਮਿਸਿਜ਼ ਪੰਨੂੰ ਨੇ ਕਿਹਾ, "ਕਦੀ ਕਦੀ ਇਹਨਾਂ ਨੂੰ ਕੁੱਝ ਜ਼ਿਆਦਾ ਈ ਖ਼ੁਸ਼ੀ ਹੋ ਜਾਂਦੀ ਏ।" ਅਗਲੀ ਵਾਰ ਮੈਂ ਘਰ ਗਿਆ ਤਾਂ ਦੀਵਾਰ ਤੋਂ ਉਹ ਫੋਟੋ ਲੱਥੀ ਹੋਈ ਸੀ।

ਉਂਜ ਹੁਣ ਵੀ ਉਸ ਦੀਵਾਰ 'ਤੇ ਇੱਕ ਬੀਬੀ ਦੀ ਫੋਟੋ ਲੱਗੀ ਹੋਈ ਹੈ ਪਰ ਇਹ ਕਿਸੇ 'ਨੇੜਲੀ' ਬੀਬੀ ਦੀ ਨਹੀਂ; ਪਾਕਿਸਤਾਨ ਵਿਚਲੇ ਕਿਸੇ ਸਮਾਗਮ ਵਿਚ ਕਿਸੇ ਸਮੂਹ ਵਿਚ ਪੰਨੂੰ ਵੱਲੋਂ ਖਿੱਚੀ ਫੋਟੋ ਵੱਡੀ ਕੀਤੀ ਹੋਈ ਹੈ। ਬੀਬੀ ਦਾ ਚਿਹਰਾ ਦਰਸ਼ਨੀ ਹੈ। ਸ਼ਾਂਤ-ਚਿੱਤ। ਮਨ ਨੂੰ ਠੰਢ ਪਾਉਣ ਵਾਲਾ। ਜੇ ਵਿਛੜੇ ਗੁਰਧਾਮਾਂ ਦੇ ਦਰਸ਼ਨ-ਦੀਦਾਰੇ ਕਰਨ ਗਿਆਂ ਨੂੰ ਕੋਈ ਦਰਸ਼ਨੀ ਚਿਹਰਾ ਲੱਭ ਗਿਆ ਤਾਂ ਉਸਨੂੰ ਦੀਵਾਰ ਉੱਤੇ ਲਟਕਾਉਣ ਵਿਚ ਕੀ ਹਰਜ ਹੈ! ਉਸਤੋਂ ਨਾ ਮਿਸਿਜ਼ ਪੰਨੂੰ ਨੂੰ ਕੋਈ ਖ਼ਤਰਾ ਹੈ ਨਾ ਮੈਨੂੰ ਕੋਈ ਸਾੜਾ ਹੈ! ਸਗੋਂ ਮੈਨੂੰ ਵੀ ਪੰਨੂੰ ਵਾਂਗ ਹੀ ਉਹ ਚਿਹਰਾ ਵੇਖਣਾ ਚੰਗਾ ਚੰਗਾ ਲੱਗਦਾ ਹੈ।

ਸੱਚੀ ਗੱਲ ਤਾਂ ਇਹ ਹੈ ਕਿ ਅਸੀਂ ਐਵੇਂ ਪੰਨੂੰ ਨੂੰ ਛੇੜਦੇ ਹਾਂ। ਸਾਨੂੰ ਕਿਹੜਾ ਸੋਹਣੀਆਂ ਬੀਬੀਆਂ ਮਾੜੀਆਂ ਲੱਗਦੀਆਂ ਨੇ! ਅਸੀਂ ਵੀ ਕਿਹੜੇ ਦੁੱਧ-ਧੋਤੇ ਹਾਂ! ਪੰਨੂੰ ਤਾਂ ਆਪ ਮੰਨਦਾ ਹੈ ਕਿ ਸਾਰੀ ਉਮਰ ਸੁਰੱਖਿਆ ਸੇਵਾਵਾਂ ਨਿਭਾਉਣ ਵਿਚ ਜੁੱਟੇ ਰਹਿਣ ਕਾਰਨ ਉਸਨੂੰ ਤਾਂ ਰੱਜ ਕੇ ਪਤਨੀ ਦਾ ਪਿਆਰ ਤੇ ਸੰਗ-ਸਾਥ ਮਾਣਨ ਦਾ ਵੀ ਭਰਵਾਂ ਮੌਕਾ ਨਸੀਬ ਨਹੀਂ ਹੋਇਆ। ਇੱਕ ਅਤ੍ਰਿਪਤੀ ਅਤੇ ਡੂੰਘਾ ਖ਼ਿਲਾਅ ਰਹਿ ਗਿਆ ਹੈ ਮਨ ਅੰਦਰ। ਉਹ ਹਉਕਾ ਲੈ ਕੇ ਅਕਸਰ ਆਪਣੀਆਂ ਜੋੜੀਆਂ ਕਾਵਿ-ਤੁਕਾਂ ਅਕਸਰ ਹੀ ਦੁਹਰਾਉਂਦਾ ਹੈ:

ਪਲ ਵੀ ਸਹਾਰੀ ਨਾ ਜਾਏ
ਤੇਰੀ ਜੁਦਾਈ ਇਹ ਸੱਚ ਹੈ
ਪਰ ਏਦਾਂ ਜੁਦਾਈਆਂ ਵਿਚ ਹੀ
ਇਹ ਬੀਤ ਜਾਣੀ ਹੈ ਜ਼ਿੰਦਗੀ।

ਇਹ ਹਉਕਾ ਉਸ ਇਕੱਲੇ ਦਾ ਨਹੀਂ, ਫ਼ੌਜੀ ਜੀਵਨ ਦੀ 'ਇਕੱਲ' ਭੋਗਣ ਵਾਲੇ ਹਰੇਕ ਸਿਪਾਹੀ ਦਾ ਹਉਕਾ ਹੈ। ਏਸੇ ਕਰਕੇ ਤਾਂ ਪੰਨੂੰ ਕਦੀ ਕਦੀ ਹੱਸਦਾ ਹੋਇਆ ਇਹ ਵੀ ਆਖਦਾ ਹੈ, "ਸਾਡੇ ਵਰਗੇ ਫ਼ੌਜੀਆਂ ਨੂੰ ਤਾਂ ਝਾੜੀ ਤੇ ਦੂਰ ਟੰਗੀ ਟਾਕੀ ਵੀ ਗੋਰੀ ਦਾ ਗੁਲਾਬੀ ਡੋਰੀਆ ਲੱਗਦੀ ਰਹੀ ਹੈ।"

ਹੁਣ ਜਦੋਂ ਉਹ ਪਤਨੀ ਦੇ ਸੰਗ-ਸਾਥ ਵਿਚ ਹਰ ਵੇਲੇ ਵਿਚਰਦਾ ਹੈ ਤਾਂ ਅਜੇ ਵੀ ਨਵ-ਵਿਆਹਿਆਂ ਵਾਂਗ ਘਰਵਾਲੀ ਨੂੰ ਮਖ਼ੌਲ ਕਰਦਾ ਚੰਗਾ ਲੱਗਦਾ ਹੈ। ਉਸਦੇ ਸੋਕੇ ਦੇ ਦਿਨ ਮੁੱਕ ਗਏ ਹਨ। ਉਹ ਹਰ ਵੇਲੇ ਮੁਹੱਬਤ ਦੀ ਰਿਮਝਿਮ ਵਿਚ ਭਿੱਜਦਾ ਹੈ। ਮੁਹੱਬਤ ਵਿਚ ਭਿੱਜੀ ਪਤਨੀ ਉਸ ਲਈ ਇੱਕੋ ਵੇਲੇ ਮਾਂ, ਭੈਣ, ਧੀ, ਮਾਸ਼ੂਕਾ ਤੇ ਪਤਾ ਨਹੀਂ ਕੀ ਕੀ ਬਣ ਜਾਂਦੀ ਹੈ। ਉਹ ਉਸਨੂੰ ਲਾਡ ਨਾਲ ਆਵਾਜ਼ ਮਾਰੇਗਾ, "ਮਾਮਾ! ਸੰਧੂ ਲਈ ਜੂਸ ਲਿਆ। ਮੇਰੇ ਲਈ ਚਾਹ ਦਾ ਕੱਪ ਬਣਾ ਦੇ।" ਤਾਂ ਲੱਗਦਾ ਹੈ ਉਹ ਉਸ ਵਿਚੋਂ ਸੱਚਮੁੱਚ ਆਪਣੀ ਮਾਂ ਦਾ ਦੀਦਾਰ ਕਰ ਰਿਹਾ ਹੈ। ਉਨ੍ਹਾਂ ਦੋਵਾਂ ਦਾ ਇਹ ਪਿਆਰ ਚੰਗਾ ਲੱਗਦਾ ਹੈ।

ਮੈਂ ਕੰਧ ਉੱਤੋਂ ਪਹਿਲੀ ਫੋਟੋ ਉਤਾਰੇ ਜਾਣ ਤੇ ਨਵੀਂ ਲਾਏ ਜਾਣ ਬਾਰੇ ਪੰਨੂੰ ਨੂੰ ਕਦੀ ਕਦੀ ਹੁਣ ਵੀ ਮਖ਼ੌਲ ਕਰ ਲੈਂਦਾ ਹਾਂ। ਉਹ ਅਸਲੋਂ ਗੁੱਸਾ ਨਹੀਂ ਕਰਦਾ। ਸਗੋਂ ਉਸਨੂੰ ਆਪਣੇ ਉੱਤੇ ਆਪ ਹੀ ਹੱਸਣ ਦਾ ਵੱਲ ਬਾਖ਼ੂਬੀ ਆਉਂਦਾ ਹੈ।

ਪੰਨੂੰ ਦੀਆਂ ਗੱਲਾਂ ਵਿਚ ਮੋਹਾਲੀ ਰਹਿੰਦੀ ਲੇਖਿਕਾ ਦੋਸਤ ਕਾਨਾ ਸਿੰਘ ਦਾ ਜ਼ਿਕਰ ਅਕਸਰ ਆ ਜਾਂਦਾ ਹੈ। ਜੇ ਕਾਨਾ ਦੇ ਵਧੇਰੇ ਜ਼ਿਕਰ ਕਾਰਨ ਪੰਨੂੰ ਨੂੰ ਛੇੜੀਏ ਤਾਂ ਪੰਨੂੰ ਆਪ ਹੀ ਹੱਸਦਾ ਹੋਇਆ ਦੱਸੇਗਾ, "ਇੱਕ ਵਾਰ ਤੁਹਾਡੇ ਵਰਗਾ ਮੇਰਾ ਕੋਈ ਜਾਣਕਾਰ ਕਾਨਾ ਸਿੰਘ ਨੂੰ ਮਿਲਣ ਚਲਾ ਗਿਆ। ਉਹ ਕਾਨਾ ਨੂੰ ਕਹਿੰਦਾ, "ਪੰਨੂੰ ਸਾਬ੍ਹ ਅਕਸਰ ਤੁਹਾਡਾ ਬੜੇ ਨੇੜਲੇ ਮਿੱਤਰ ਵਜੋਂ ਜ਼ਿਕਰ ਕਰਦੇ ਨੇ। ਉਹ ਕਹਿੰਦੇ ਨੇ ਕਾਨਾ ਸਿੰਘ ਮੇਰੀ ਸਭ ਤੋਂ ਨਜ਼ਦੀਕੀ ਦੋਸਤ ਹੈ। ਤਾਂ ਕਾਨਾ ਸਿੰਘ ਅੱਗੋਂ ਕਹਿੰਦੀ, "ਪੰਨੂੰ ਮੈਨੂੰ ਬੇਸ਼ੱਕ ਸਭ ਤੋਂ ਨਜ਼ਦੀਕੀ ਮਿੱਤਰ ਮੰਨਦਾ ਜਾਂ ਆਖਦਾ ਹੋਵੇ; ਇਹ ਉਹਦੀ ਮਰਜ਼ੀ ਏ ਪਰ ਪੰਨੂੰ ਵਰਗੇ ਨਜ਼ਦੀਕੀ ਮੇਰੇ ਪੰਜਾਹ ਦੋਸਤ ਨੇ।"

ਆਪਣੇ ਆਪ 'ਤੇ ਇਸ ਅੰਦਾਜ਼ ਵਿਚ ਹੱਸ ਸਕਣਾ ਕੋਈ ਪੰਨੂੰ ਤੋਂ ਸਿੱਖੇ। ਪੰਨੂੰ ਅੱਗੋਂ ਇਹ ਨਹੀਂ ਆਖਦਾ ਕਿ ਕਾਨਾ ਵਰਗੀਆਂ ਮੇਰੀਆਂ ਡੇਢ ਸੌ ਮਿੱਤਰ ਲੇਖਿਕਾਵਾਂ ਨੇ।

ਮਿੱਤਰ ਤਾਂ ਉਹ ਰਾਹ ਜਾਂਦਿਆਂ ਬਣਾ ਲੈਂਦਾ ਹੈ। ਇੱਕ ਦਿਨ ਝਨਾਂ (ਬੋਵੇਰਡ ਸੜਕ) ਦੇ ਪਾਰ ਉਹ ਇੱਕ 'ਸੋਹਣੀ' ਨਾਲ ਹੱਸ ਹੱਸ ਗੱਲਾਂ ਕਰ ਰਿਹਾ ਸੀ। ਮੈਂ ਪਾਰ ਜਾ ਕੇ ਪੁੱਛਿਆਂ ਤਾਂ ਕਹਿੰਦਾ, "ਤੂੰ ਅਜੇ ਆਇਆ ਨਹੀਂ ਸੈਂ। ਬੀਬੀ ਆਪਣੇ ਬਗ਼ੀਚੇ ਨੂੰ ਪਾਣੀ ਦੇ ਰਹੀ ਸੀ। ਮੈਂ ਬੀਬੀ ਦੇ ਬਗ਼ੀਚੇ ਤੇ ਸੋਹਣੇ ਖਿੜੇ-ਮਹਿਕੇ ਫੁੱਲਾਂ ਦੀ ਤਾਰੀਫ਼ ਕਰਨ ਲੱਗ ਪਿਆ।" ਪਤਾ ਨਹੀਂ ਉਹ ਫੁੱਲਾਂ ਵਾਲੀ ਬੀਬੀ ਦੀ ਤਾਰੀਫ਼ ਕਰਨ ਰੁਕਿਆ ਸੀ ਜਾਂ ਫੁੱਲਾਂ ਦੀ। ਸ਼ਾਇਦ ਦੋਵਾਂ ਦੀ ਹੀ। ਉਂਜ ਉਹ ਇਕੱਲੇ ਫੁੱਲਾਂ ਦੀ ਤਾਰੀਫ਼ ਕਰਨ ਵਿਚ ਵੀ ਦਰਿਆ ਦਿਲ ਹੈ। ਕਈ ਵਾਰ ਕੋਲ ਕੈਮਰਾ ਹੋਵੇ ਤਾਂ ਕਿਸੇ ਦੇ ਵੀ ਘਰ ਦੇ ਬਾਹਰ ਖਿੜੇ ਹੋਏ ਸੋਹਣੇ ਫੁੱਲਾਂ ਦੀ ਫੋਟੋ ਖਿੱਚਣ ਲਈ 'ਕਲਿੱਕ' 'ਕਲਿੱਕ' ਕਰਨ ਲੱਗ ਜਾਵੇਗਾ। ਜੇ ਕਿਤੇ ਘਰ ਦੀ ਮਾਲਕ ਬੀਬੀ ਜਾਂ ਭਾਈ ਵੀ ਕੋਲ ਹੋਵੇ ਤਾਂ ਉਨ੍ਹਾਂ ਨੂੰ ਸੋਹਣੇ ਫੁੱਲ ਪਾਲਣ ਦੀ ਵਧਾਈ ਦੇ ਕੇ ਤੇ ਉਨ੍ਹਾਂ ਦੀ ਆਗਿਆ ਲੈ ਕੇ ਉਨ੍ਹਾਂ ਨੂੰ ਵੀ ਫੋਟੋ ਵਿਚ ਸ਼ਾਮਲ ਕਰ ਲਵੇਗਾ। ਜ਼ਾਹਿਰ ਹੈ ਉਹ ਆਪਣੇ ਘਰ ਦੇ ਅੰਦਰ-ਬਾਹਰ ਵੀ ਰੰਗ-ਰੰਗੀਲੇ ਫੁੱਲਾਂ ਨੂੰ ਪਾਲਣ ਤੇ ਸਾਂਭਣ ਵਾਲਾ ਮਾਲੀ ਤਾਂ ਹੈ ਹੀ ਸਗੋਂ ਇਹ ਫੁੱਲ ਉਸਦੇ ਅੰਦਰ ਵੀ ਚੌਂਤੇ-ਪਹਿਰ ਟਹਿਕਦੇ-ਮਹਿਕਦੇ ਰਹਿੰਦੇ ਹਨ।

ਉਸਦੇ ਪ੍ਰਕਿਰਤੀ ਪ੍ਰੇਮ ਦੀ ਇੱਕ ਮਿਸਾਲ ਦੇਣ ਦੀ ਆਗਿਆ ਦਿਓ। ਕਿਸੇ ਫੁੱਲਾਂ ਵਾਲੇ ਬਾਲ-ਰੁੱਖ ਨੂੰ ਖਿਲਰਨੋਂ ਸਾਂਭਣ ਲਈ ਕਿਸੇ ਘਰ ਦੇ ਮਾਲਕ ਨੇ ਉਸ ਦੁਆਲੇ ਤਾਰਾਂ ਲਪੇਟੀਆਂ ਹੋਈਆਂ ਸਨ। ਜਦੋਂ ਤਾਰਾਂ ਲਪੇਟੀਆਂ ਹੋਣਗੀਆਂ ਉਦੋਂ ਰੁੱਖ ਛੋਟਾ ਜਿਹਾ ਸੀ ਪਰ ਵਧ ਕੇ ਵੱਡਾ ਹੋਣ ਲੱਗਾ ਤਾਂ ਪੰਨੂੰ ਨੂੰ ਜਾਪਣ ਲੱਗਾ ਜਿਵੇਂ ਇਸ ਬੂਟੇ ਨੂੰ ਬੇੜੀਆਂ ਤੇ ਜ਼ੰਜੀਰਾਂ ਪਾ ਕੇ ਜਕੜ ਦਿੱਤਾ ਗਿਆ ਹੋਵੇ। ਰੁੱਖ ਬਾਹਰ ਫੈਲਣਾ ਚਾਹੁੰਦਾ ਸੀ ਪਰ ਤਾਰਾਂ ਉਸਦੀਆਂ ਬਾਹਵਾਂ ਮਰੋੜ ਰਹੀਆਂ ਸਨ, ਉਸਦਾ ਸਾਹ ਘੁੱਟ ਰਹੀਆਂ ਸਨ। ਪੰਨੂੰ ਰੋਜ਼ ਉਸ ਬੂਟੇ ਕੋਲੋਂ ਲੰਘਦਿਆਂ ਇਸਤਰ੍ਹਾਂ ਮਹਿਸੂਸ ਕਰਦਾ ਜਿਵੇਂ ਉਹਦਾ ਆਪਣਾ ਗਲ਼ ਘੁੱਟਿਆ ਜਾ ਰਿਹਾ ਹੋਵੇ। ਇੱਕ ਦਿਨ ਮੇਰੇ ਰੋਕਦਿਆਂ ਵੀ ਉਸਨੇ ਉਸ ਅਜਨਬੀ ਘਰ ਦੇ ਮਾਲਕ ਦਾ ਦਰਵਾਜ਼ਾ ਜਾ ਖੜਕਾਇਆ ਤੇ ਜਾ ਬੇਨਤੀ ਕੀਤੀ ਕਿ ਇਸ ਬੂਟੇ ਦੁਆਲਿਓਂ ਤਾਰਾਂ ਲਾਹ ਕੇ ਇਸਦਾ ਸਾਹ ਸੌਖਾ ਕਰ ਦਿੱਤਾ ਜਾਵੇ। ਅਗਲੇ ਦਿਨ ਮਾਲਕ ਵੱਲੋਂ ਤਾਰਾਂ ਲੱਥੀਆਂ ਵੇਖ ਕੇ ਪੰਨੂੰ ਨੂੰ ਲੱਗਾ ਜਿਵੇਂ ਉਸਦੇ ਆਪਣੇ ਗਲ਼ ਵਿਚੋਂ ਫਾਂਸੀ ਦਾ ਫੰਧਾ ਲਾਹ ਦਿੱਤਾ ਗਿਆ ਹੋਵੇ।

ਛੋਟੇ ਬੱਚੇ ਸਾਈਡ-ਵਾਕ 'ਤੇ ਖੇਡ ਰਹੇ ਹੋਣਗੇ ਤਾਂ ਉਨ੍ਹਾਂ ਨੂੰ ਬੜੇ ਪਿਆਰ ਨਾਲ 'ਹੈਲੋ' ਆਖ ਕੇ ਲੰਘੇਗਾ। ਅਗਲੇ ਦਿਨ ਉਹ ਪੰਨੂੰ ਨੂੰ ਆਉਂਦਿਆਂ ਵੇਖ ਮੋਢਿਆਂ ਨਾਲ ਮੂੰਹ ਛੁਪਾਉਂਦਿਆਂ, ਅੱਖਾਂ ਚੁਰਾਉਂਦਿਆਂ, ਸੰਗਦਿਆਂ ਹੋਇਆਂ ਮੁਸਕਰਾ ਰਹੇ ਹੁੰਦੇ ਨੇ ਕਿ ਵੇਖੀਏ ਭਲਾ ਅੱਜ 'ਅੰਕਲ ਉਨ੍ਹਾਂ ਨੂੰ ਬੁਲਾਉਣਗੇ ਜਾਂ ਨਹੀਂ! ਜਦੋਂ ਪੰਨੂੰ ਅੱਜ ਵੀ ਲਾਡ-ਪਿਆਰ ਨਾਲ 'ਕੰਨਾਂ ਮੰਨਾ ਕੁਰਰ' ਦੇ ਅੰਦਾਜ਼ ਵਿਚ ਉਨ੍ਹਾਂ ਨੂੰ ਛੇੜ ਕੇ ਲੰਘਦਾ ਹੈ ਤਾਂ ਬੱਚੇ ਖਿੜਖਿੜਾ ਕੇ ਹੱਸਦੇ ਹਨ ਤੇ ਕਈ ਵਾਰ ਦੂਰ ਖਲੋਤੀਆਂ ਉਨ੍ਹਾਂ ਦੀਆਂ ਮਾਵਾਂ ਵੀ ਸੰਤੁਸ਼ਟ ਭਾਵ ਨਾਲ ਮੁਸਕਾਉਂਦੀਆਂ ਦਿਖਾਈ ਦੇਂਦੀਆਂ ਹਨ।

ਇਕ ਦਿਨ ਇੱਕ ਗੋਰੀ ਬੀਬੀ ਢਲਦੀ ਸ਼ਾਮ ਸਮੇਂ ਆਪਣੇ ਘਰ ਦੇ ਬਾਹਰ ਕੰਧ ਨਾਲ ਕੁਰਸੀ ਲਾ ਕੇ ਬੀਅਰ ਦਾ ਡੱਬਾ ਹੱਥ ਵਿਚ ਫੜੀ ਚੁਸਕੀਆਂ ਭਰ ਰਹੀ ਸੀ। ਪੰਨੂੰ ਤੋਂ ਰਿਹਾ ਨਾ ਗਿਆ, ਹੱਥ ਹਿਲਾ ਕੇ ਕਹਿੰਦਾ, "ਹੈਲੋ! ਇਨਜੋਇੰਗ?"

ਬੀਬੀ ਖੁੱਲ੍ਹ ਕੇ ਮੁਸਕਰਾਈ ਤੇ ਹੱਥ ਹਿਲਾ ਕੇ ਜਵਾਬ ਦਿੱਤਾ, "ਯਾਅ! ਥੈਂਕ ਯੂ!"

ਉਸ ਦਿਨ ਤੋਂ ਬਾਅਦ ਕਦੀ ਬੀਬੀ ਇਕੱਲੀ ਤੇ ਕਦੀ ਉਹ ਦੋਵੇਂ ਪਤੀ ਪਤਨੀ ਘਰ ਦੇ ਬਾਹਰ ਬੈਠੇ ਹੋਣ ਤਾਂ ਸਾਨੂੰ ਦੂਰੋਂ ਆਉਂਦਿਆਂ ਵੇਖ ਕੇ ਹੀ ਮੁਸਕਰਾ ਪੈਂਦੇ ਹਨ। ਕੋਲੋਂ ਲੰਘਣ ਲੱਗਿਆਂ ਆਪ ਬੁਲਾਉਂਦੇ ਹਨ। ਪੰਨੂੰ ਰਾਹੀਂ ਮੇਰੀ ਵੀ ਉਨ੍ਹਾਂ ਨਾਲ ਸਾਂਝ ਬਣ ਗਈ ਹੈ।

ਪੰਨੂੰ ਯਾਰਾਂ ਦਾ ਯਾਰ, ਦਿਲਦਾਰ ਮਦਦਗਾਰ, ਪੱਤਰਕਾਰ, ਪ੍ਰਕਿਰਤੀ ਦਾ ਪਿਆਰ, ਬੀਬੀਆਂ ਦਾ ਪਰੱਸਤਾਰ, ਕਵੀ-ਕਹਾਣੀਕਾਰ, ਆਲੋਚਕ, ਸੰਗਠਨ-ਕਰਤਾ, ਗਿਆਨੀ ਤੇ ਕੰਪਿਊਟਰ ਵਿਗਿਆਨੀ ਤਾਂ ਹੈ ਹੀ ਪਰ ਕਦੀ ਕਦੀ ਉਹ ਭਾਸ਼ਾ-ਵਿਗਿਆਨੀ ਵੀ ਬਣਨ ਲੱਗਦਾ ਹੈ ਤਾਂ ਮੈਨੂੰ ਓਪਰਾ ਲੱਗਦਾ ਹੈ। ਮੈਨੂੰ ਲੱਗਦਾ ਹੈ ਕਿ ਇਹ ਪੰਨੂੰ ਦਾ ਕਰਮ-ਖੇਤਰ ਨਹੀਂ। ਉਹ ਮੈਨੂੰ ਜ਼ੋਰ ਲਾ ਕੇ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ 'ਬਰੈਂਪਟਨ' ਨੂੰ ਬਰੈਂਪਟਨ' ਲਿਖਣਾ ਠੀਕ ਹੈ। ਮੈਂ ਕਹਿੰਦਾ ਹਾਂ ਕਿ ਪ੍ਰਚੱਲਿਤ ਨੇਮ ਅਨੁਸਾਰ ਦੁਲਾਵਾਂ ਨਾਲ ਟਿੱਪੀ ਨਹੀਂ ਪੈ ਸਕਦੀ। ਉਹ ਦੱਸਦਾ ਹੈ ਕਿ ਅੰਗਰੇਜ਼ੀ ਵਿਚੋਂ ਆਏ ਸ਼ਬਦਾਂ ਨੂੰ ਲਿਖਣ ਲਈ ਸਾਨੂੰ ਪ੍ਰਚੱਲਿਤ ਸ਼ਬਦ-ਜੋੜਾਂ ਵਿਚ ਤਬਦੀਲੀ ਕਰਨੀ ਪਵੇਗੀ। ਤੇ ਇਹ ਤਬਦੀਲੀ ਵਾਪਰ ਵੀ ਰਹੀ ਹੈ ਜਿਵੇਂ ਅਸੀਂ 'ਸ਼ੈਂਡ', 'ਹੈਂਡ' ਨਾਲ ਅੱਧਕ (ੱ) ਪਾਉਣ ਲਗ ਪਏ ਹਾਂ ਇੰਜ ਹੀ ਸਾਨੂੰ ਜਿਹੜੇ ਸ਼ਬਦਾਂ 'ਤੇ ਦੁਲਾਵਾਂ ਨਾਲ ਟਿੱਪੀ ਦੀ ਲੋੜ ਜਾਪੇ, ਟਿੱਪੀ ਪਾ ਲੈਣੀ ਚਾਹੀਦੀ ਹੈ ਤੇ ਇਹੋ ਠੀਕ ਹੈ। ਉਹ ਮਿਸਾਲ ਦੇਵੇਗਾ ਕਿ ਐਂਡ(ਅਨਦ) ਅਤੇ ਐਂਡ (ਇਨਦ) ਵਿਚ ਅੰਤਰ ਨੂੰ ਟਿੱਪੀ ਪਾ ਕੇ ਹੀ ਵਖਰਿਆਇਆ ਜਾ ਸਕਦਾ ਹੈ। ਉਦੋਂ ਤਾਂ ਮੈਂ ਉਹਦੀ ਗੱਲ ਮੰਨਦਾ ਨਹੀਂ ਪਰ ਹੁਣ ਲਿਖਦਿਆਂ ਜਾਪ ਰਿਹਾ ਹੈ ਕਿ ਸ਼ਾਇਦ ਪੰਨੂੰ ਠੀਕ ਹੀ ਆਖ ਰਿਹਾ ਹੈ। ਕੱਲ੍ਹ-ਕਲੋਤਰ ਨੂੰ ਜੇ ਦੁਲਾਵਾਂ ਨਾਲ ਟਿੱਪੀ ਪੈਣੀ ਸ਼ੁਰੂ ਹੋ ਜਾਵੇ ਤਾਂ ਇਹ ਨਾ ਭੁੱਲਣਾ ਕਿ ਇਸਦਾ ਮੋਢੀ ਕਿਰਪਾਲ ਸਿੰਘ ਪੰਨੂੰ ਹੈ। ਭਲਾ ਜਿਵੇਂ ਪੰਜਾਬੀ ਯੂਨੀਵਰਸਿਟੀ ਦੇ ਕਿਸੇ ਕੰਪਿਊਟਰ ਵਿਗਿਆਨੀ ਨੇ ਆਖਿਆ ਸੀ ਕਿ ਸ਼ਾਹਮੁਖੀ-ਗੁਰਮੁਖੀ ਵਿਚ ਲਿਪੀਅੰਤਰ ਤਿਆਰ ਕਰਨ ਵਾਲਾ ਸਭ ਤੋਂ ਪਹਿਲਾ ਬੰਦਾ ਕਿਰਪਾਲ ਸਿੰਘ ਪੰਨੂੰ ਨਹੀਂ ਸਗੋਂ ਉਹ ਆਪ ਹੈ; ਤੁਸੀਂ ਵੀ ਆਖਦੇ ਹੋਵੋ ਕਿ ਸ਼ਬਦ-ਜੋੜਾਂ ਵਿਚ ਨਵੀਂ ਤਬਦੀਲੀ ਕਰਨ ਵਾਲਾ ਪੰਨੂੰ ਨਹੀਂ ਸਗੋਂ ਤੁਸੀਂ ਜਾਂ ਕੋਈ ਤੁਹਾਡੇ ਵਰਗਾ ਹੋਰ ਹੈ।

ਪੰਨੂੰ ਤਾਂ ਸੱਤਾਂ ਰੰਗਾਂ ਵਾਲਾ ਵਗਦਾ ਦਰਿਆ ਹੈ। ਉਸਦੇ ਅੰਦਰ ਵਿਸ਼ਾਲਤਾ ਹੈ, ਗਹਿਰਾਈ ਹੈ, ਵਹਾਓ ਹੈ। ਉਹਨੂੰ ਹਰੇਕ ਨੂੰ ਆਪਣੇ ਰੰਗਾਂ ਵਿਚ ਡੁਬੋ ਲੈਣ ਦਾ ਹੁਨਰ ਆਉਂਦਾ ਹੈ, ਉਸਨੂੰ ਹੋਰਨਾਂ ਨੂੰ ਆਪਣੀ ਮੁਹੱਬਤ ਦੇ ਵੇਗ ਵਿਚ ਆਪਣੇ ਨਾਲ ਵਹਾਅ ਲੈਣ ਦਾ ਵੱਲ ਆਉਂਦਾ ਹੈ। ਹਰ ਰੰਗ, ਹਰ ਫੁੱਲ, ਹਰ ਬੰਦਾ ਉਹਦੇ ਸਾਥ ਵਿਚ ਭਿੱਜਦਾ, ਖਿੜਦਾ ਹੈ, ਰੰਗੀਜਦਾ ਰਹਿੰਦਾ ਹੈ।

ਮੇਰੀ ਸ਼ੁਭ-ਇੱਛਾ ਹੈ ਕਿ ਦਰਿਆ ਦਿਲ ਪੰਨੂੰ ਇਸੇ ਤਰ੍ਹਾਂ ਵਗਦਾ, ਖਿੜਦਾ, ਮਹਿਕਦਾ, ਹੱਸਦਾ-ਵੱਸਦਾ-ਰਸਦਾ, ਕਲਾਵੇ ਭਰਦਾ ਉਮਰ-ਪੰਥ 'ਤੇ ਅੱਗੇ ਹੀ ਅੱਗੇ ਤੁਰਦਾ ਜਾਵੇ। ਉਹਦੇ ਦੁਆਲੇ ਮੁਹੱਬਤੀ ਬੰਦਿਆਂ ਦੀਆਂ ਢਾਣੀਆਂ ਇੰਜ ਹੀ ਜੁੜਦੀਆਂ ਰਹਿਣ।

ਆਮੀਨ!

***(ਸ਼ਬਦ-ਚਿਤਰਾਂ ਦੀ ਨਵੀਂ ਛਪੀ ਪੁਸਤਕ 'ਹੀਰੇ ਬੰਦੇ' ਵਿਚੋਂ)***

# ਸਿਆਸਤ, ਘਰ ਤੇ ਜ਼ਿੰਮੇਵਾਰੀਆਂ ਦਾ ਵਜ਼ਨ

ਗੱਲ ਸਾਡੇ ਖਿੱਤੇ ਦੀ ਇਕ ਉੱਚ ਪੁਲੀਸ ਅਫ਼ਸਰ ਤੋਂ ਸ਼ੁਰੂ ਕਰਦੇ ਹਾਂ। ਚੰਦ ਵਰ੍ਹੇ ਪਹਿਲਾਂ ਇਕ ਕੰਮ ਦੇ ਸਿਲਸਿਲੇ ਵਿਚ ਮੈਂ ਉਸ ਨੂੰ ਮਿਲਣ ਗਿਆ। ਸਵੇਰ ਦੇ ਦਸ ਵਜੇ ਸਨ। ਉਹ ਚਾਹ ਦੇ ਨਾਲ ਪਰੌਂਠੀ ਰੋਲ ਕਰ ਕੇ ਖਾ ਰਹੀ ਸੀ। ਮੈਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਉਹ ਖਿਸਿਆਨੇ ਜਿਹੇ ਅੰਦਾਜ਼ 'ਚ ਬੋਲੀ: "ਮੈਨੂੰ ਨਾਸ਼ਤੇ ਲਈ ਵਕਤ ਇੱਥੇ ਈ ਮਿਲਦਾ ਏ, ਘਰੇ ਨਹੀਂ।" ਫਿਰ ਬਾਤ ਨੌਕਰੀ-ਪੇਸ਼ਾ ਇਸਤਰੀਆਂ ਦੀਆਂ ਦਿੱਕਤਾਂ ਤੇ ਦੂਹਰੀਆਂ-ਤੀਹਰੀਆਂ ਜ਼ਿੰਮੇਵਾਰੀਆਂ ਦੀ ਹੋਣ ਲੱਗੀ। ਅਚਾਨਕ ਉਹ ਫਿੱਸ ਪਈ: "ਪਾਪਾ 'ਕੱਲੇ ਰਹਿੰਦੇ ਨੇ। (ਉਨ੍ਹਾਂ ਦੀਆਂ) ਦੋਵਾਂ ਅੱਖਾਂ ਦਾ ਅਪਰੇਸ਼ਨ ਹੋਣਾ ਹੈ। ਮੈਂ ਤਿੰਨ ਮਹੀਨਿਆਂ ਤੋਂ ਟਾਲ ਰਹੀ ਆਂ। ਕੀ ਕਰਾਂ, ਫ਼ੁਰਸਤ ਈ ਨਹੀਂ ਉਨ੍ਹਾਂ ਵੱਲ ਧਿਆਨ ਦੇਣ ਦੀ। ਡੈਡ (ਸਹੁਰਾ ਸਾਹਿਬ) ਅਧਰੰਗ ਕਾਰਨ ਛੇ ਮਹੀਨਿਆਂ ਤੋਂ ਬਿਸਤਰ 'ਤੇ ਹਨ। ਦੋ



ਸੁਰਿੰਦਰ ਸਿੰਘ ਤੇਜ
ਫੋਨ: +91-98555-01488

ਨਰਸਾਂ ਰੱਖੀਆਂ ਨੇ ਉਨ੍ਹਾਂ ਦੀ ਸੰਭਾਲ ਲਈ, ਅੱਠ-ਅੱਠ ਘੰਟਿਆਂ ਵਾਸਤੇ। ਫਿਰ ਵੀ ਕਈ ਵਾਰ ਜਦੋਂ ਸ਼ਾਮੀਂ ਘਰ ਜਾਂਦੀ ਆਂ ਤਾਂ ਡੈਡ ਦੇ ਨੈਪੀ ਮੈਨੂੰ ਬਦਲਣੇ ਪੈਂਦੇ ਨੇ। (ਮੇਰੇ) ਪਤੀ ਦੇਵ ਤੇ ਮਾਮਾ (ਮੇਰੀ ਸੱਸ) ਨੂੰ ਡੈਡ ਤੋਂ ਬਦਬੂ ਆਉਂਦੀ ਏ। ... ਪਤੀ ਦੇਵ ਜੇ ਫਰਿਜ 'ਚੋਂ ਬੋਤਲ ਕੱਢ ਕੇ ਪਾਣੀ ਆਪ ਪੀ ਲੈਣ ਤਾਂ ਮਾਮਾ ਝੱਟ ਕਹਿ ਉੱਠਦੇ ਨੇ... ਕਿੰਨਾ ਕੰਮ ਕਰਨਾ ਪੈਂਦਾ ਏ ਇਹਨੂੰ! ਮੈਂ ਸਵੇਰੇ ਪੰਜ ਵਜੇ ਤੋਂ ਰਾਤ ਬਾਰਾਂ ਵਜੇ ਤੱਕ ਜੋ ਖਪਦੀ ਆਂ, ਉਹ ਕਿਸੇ ਨੂੰ ਨਜ਼ਰ ਨਹੀਂ ਆਉਂਦਾ।... ਬਾਹਰ ਅਸੀਂ ਮਹਿਲਾ ਸ਼ਕਤੀਕਰਨ ਦੇ ਰੋਲ ਮਾਡਲ ਆਂ, ਘਰੇ ਸ਼ਕਤੀ-ਵਿਹੂਣਤਾ ਦੇ!"

ਅਜਿਹੀਆਂ ਹੀ ਜ਼ਿੰਦਗਾਨੀਆਂ ਪਰ ਵੱਖਰੇ ਧਰਾਤਲ ਦਾ ਕਥਾਨਕ ਪੇਸ਼ ਕਰਦੀ ਹੈ ਨਿਧੀ ਸ਼ਰਮਾ ਦੀ ਕਿਤਾਬ 'ਸ਼ੀ, ਦਿ ਲੀਡਰ: ਵਿਮੈੱਨ ਇਨ ਇੰਡੀਅਨ ਪਾਲੇਟਿਕਸ' (ਭਾਰਤੀ ਮਹਿਲਾ ਸਿਆਸੀ ਨੇਤਾਵਾਂ ਦਾ ਸੰਸਾਰ)। ਮਹਿਲਾ ਸਿਆਸੀ ਨੇਤਾਵਾਂ ਦੀਆਂ ਦੁਸ਼ਵਾਰੀਆਂ, ਖ਼ੁਸ਼ਗਵਾਰੀਆਂ, ਘਰੋਗੀ ਖਿੱਚੋਤਾਣਾਂ, ਪੇਸ਼ਕਦਮੀਆਂ ਅਤੇ ਪੁਰਸ਼-ਪ੍ਰਧਾਨਤਾ ਦੇ ਖ਼ਿਲਾਫ਼ ਨਿੱਤ ਦੀਆਂ ਜੱਦੋਜਹਿਦਾਂ ਦਾ ਖੁਲਾਸਾ ਕਰਨ ਵਾਲੀ। ਨਿਧੀ ਸ਼ਰਮਾ ਪੇਸ਼ੇ ਪੱਖੋਂ ਪੱਤਰਕਾਰ ਹੈ ਅਤੇ ਸੋਚ-ਸੁਹਜ ਪੱਖੋਂ ਸੰਵੇਦਨਸ਼ੀਲ ਲੇਖਕ। ਕਿਤਾਬ ਇਨ੍ਹਾਂ ਦੋਵਾਂ ਸ਼ਖ਼ਸੀ ਖ਼ੂਬੀਆਂ ਦਾ ਸੁਮੇਲ ਹੈ; ਤੱਥ-ਮੂਲਕ, ਖ਼ੁਸ਼ਾਮਦੀ ਸੁਰਾਂ ਤੋਂ ਮੁਕਤ ਅਤੇ ਸਿਆਸੀ ਪੱਖਪਾਤਾਂ ਤੇ ਉਲਾਰਾਂ ਤੋਂ ਰਹਿਤ। ਫੋਕਸ ਉਸ ਲੜਾਈ ਉੱਤੇ ਕੇਂਦ੍ਰਿਤ ਹੈ ਜਿਹੜੀ ਇਸ ਕਿਤਾਬ ਦੇ 17 ਕਿਰਦਾਰਾਂ ਨੂੰ ਆਪੋ-ਆਪਣਾ ਸਿਆਸੀ-ਸਮਾਜਿਕ ਮੁਕਾਮ ਬਣਾਉਣ ਲਈ ਜ਼ਾਤੀ, ਪਰਿਵਾਰਕ, ਸਮਾਜਿਕ ਤੇ ਸਿਆਸੀ ਤੌਰ 'ਤੇ ਲੜਨੀ ਪਈ। ਬਹੁਤੇ ਕਿਰਦਾਰਾਂ ਦੀ ਇਹ ਲੜਾਈ ਤਾਂ ਅਜੇ ਵੀ ਜਾਰੀ ਹੈ; ਪੁਰਸ਼-ਪ੍ਰਧਾਨਤਾ ਇਸ ਨੂੰ ਮੁੱਕਣ ਨਹੀਂ ਦੇ ਰਹੀ।


ਆਜ਼ਾਦੀ ਵੇਲੇ ਭਾਰਤੀ ਸੰਵਿਧਾਨ ਸਭਾ ਦੇ 389 ਮੈਂਬਰ ਸਨ। ਇਨ੍ਹਾਂ ਵਿਚੋਂ ਸਿਰਫ਼ 15 ਮਹਿਲਾਵਾਂ ਸਨ ਪਰ ਉਨ੍ਹਾਂ ਨੇ ਵਿਧਾਨਕ ਸੰਸਥਾਵਾਂ ਵਿਚ ਇਸਤਰੀਆਂ ਲਈ ਕੋਟੇ ਦਾ ਡੱਟ ਕੇ ਵਿਰੋਧ ਕੀਤਾ। ਉਨ੍ਹਾਂ ਦਾ ਯਕੀਨ ਸੀ ਕਿ ਇਸਤਰੀਆਂ ਨੂੰ ਖ਼ੈਰਾਤ ਨਹੀਂ, ਬਰਾਬਰੀ ਚਾਹੀਦੀ ਹੈ। ਬਰਾਬਰੀ ਦੇ ਅਵਸਰ, ਪੁਰਸ਼-ਪ੍ਰਧਾਨੀ ਜਾਂ ਪਿਤਰੀ-ਤੰਤਰ ਘਟਾ ਕੇ ਹੀ ਸੰਭਵ ਹੋ ਸਕਦੇ ਹਨ। ਉਹ ਇਕਸੁਰ ਸਨ ਕਿ ਅਵਸਰ ਮਿਲਣ 'ਤੇ ਇਸਤਰੀਆਂ ਬਿਹਤਰ ਸਿਆਸੀ-ਸਮਾਜਿਕ ਪ੍ਰਬੰਧ ਦੀ ਸਿਰਜਣਾ ਕਰ ਸਕਦੀਆਂ ਹਨ। ਪੁਰਸ਼-ਪ੍ਰਧਾਨੀ ਨੇ ਇਸ ਸੁਪਨੇ ਨੂੰ ਬੂਰ ਨਹੀਂ ਪੈਣ ਦਿੱਤਾ ਬਲਕਿ ਸਾਰੀਆਂ ਰਾਜਸੀ ਧਿਰਾਂ ਦੀ ਕੋਸ਼ਿਸ਼, ਪੁਰਸ਼ਾਂ ਦੀ ਚੌਧਰ ਵਧਾਉਣ ਉੱਤੇ ਕੇਂਦ੍ਰਿਤ ਰਹੀ। ਅੰਕੜੇ ਇਸ ਦੇ ਗਵਾਹ ਹਨ। ਪ੍ਰਥਮ ਲੋਕ ਸਭਾ ਵਿਚ ਸਿਰਫ਼ 9 ਇਸਤਰੀਆਂ ਪੁੱਜੀਆਂ। ਹੁਣ 2023 ਵਿਚ ਇਹ ਸੰਖਿਆ ਭਾਵੇਂ 81 ਹੈ ਪਰ ਗਲਬਾ ਅਜੇ ਵੀ ਪੁਰਸ਼ਾਂ ਦਾ ਹੀ ਹੈ। ਪੰਚਾਇਤੀ ਰਾਜ ਸੰਸਥਾਵਾਂ ਵਿਚ ਇਸਤਰੀਆਂ ਲਈ 50 ਫ਼ੀਸਦੀ ਕੋਟੇ ਦੀ ਵਿਵਸਥਾ ਕਈ ਰਾਜਾਂ ਵਿਚ ਲਾਗੂ ਹੈ ਪਰ ਇਹ ਕਦਮ ਵੀ ਮਹਿਲਾ ਸ਼ਕਤੀਕਰਨ ਵਾਸਤੇ ਬਹੁਤਾ ਕਾਰਗਰ ਸਾਬਤ ਨਹੀਂ ਹੋਇਆ। ਇਸਤਰੀ ਪ੍ਰਤੀਨਿਧ ਦੀ ਥਾਂ ਉਸ ਦੇ ਪਤੀ ਜਾਂ ਪੁੱਤ ਦੀ ਹਾਜ਼ਰੀ ਅਜੇ ਵੀ ਆਮ ਰੁਝਾਨ ਹੈ। ਅਜਿਹੇ ਨਾਖ਼ੁਸ਼ਗਵਾਰ ਆਲਮ ਦੇ ਬਾਵਜੂਦ ਜੇਕਰ ਇਸ ਕਿਤਾਬ ਅੰਦਰਲੀਆਂ 17 ਨਾਇਕਾਵਾਂ ਨੇ ਪਥ-ਪ੍ਰਦਰਸ਼ਕਾਂ ਵਾਲਾ ਮੁਕਾਮ ਹਾਸਲ ਕੀਤਾ ਹੈ ਤਾਂ ਇਹ ਮੁਕਾਮ ਉਨ੍ਹਾਂ ਦੇ ਸਿਰੜ, ਲਗਨ, ਦ੍ਰਿੜਤਾ, ਸਾਹਸ ਅਤੇ ਸਿਆਸੀ-ਸਮਾਜਿਕ ਸੂਝ-ਬੂਝ ਨੂੰ ਸਿਜਦਾ ਹੈ।

ਕਿਤਾਬ ਦੇ ਚਾਰ ਅਨੁਭਾਗ ਹਨ। ਪਹਿਲਾ ਅਨੁਭਾਗ ਰਹਿਨੁਮਾਵਾਂ ਜਾਂ ਮੋਢੀਆਂ ਬਾਰੇ ਹੈ ਅਤੇ ਇਸ ਸ਼੍ਰੇਣੀ ਵਿਚ ਇੰਦਰਾ ਗਾਂਧੀ ਤੇ ਸੁਚੇਤਾ ਕ੍ਰਿਪਲਾਨੀ ਨੂੰ ਰੱਖਿਆ ਗਿਆ ਹੈ। ਇਕ ਮੁਲਕ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਰਹੀ ਅਤੇ ਦੂਜੀ ਆਜ਼ਾਦ ਭਾਰਤ ਦੀ ਪਹਿਲੀ ਮਹਿਲਾ (ਸੂਬਾਈ) ਮੁੱਖ ਮੰਤਰੀ। ਇੰਦਿਰਾ ਦੀ ਸੰਘਰਸ਼-ਕਹਾਣੀ ਤੋਂ ਅਸੀਂ ਸਾਰੇ ਵਾਕਫ਼ ਹਾਂ। ਉਹ ਸੀ ਵੀ ਖ਼ਾਸ ਪਰਿਵਾਰ ਤੋਂ। ਸਿਆਸੀ ਰਹਿਨੁਮਾਈ ਉਸ ਅੱਗੇ ਚਾਂਦੀ ਦੀ ਤਸ਼ਤਰੀ ਵਿਚ ਪਰੋਸੀ ਗਈ ਪਰ ਅਜਿਹੀ ਪ੍ਰਾਪਤੀ ਤੱਕ ਪੁੱਜਣ ਲਈ ਉਸ ਨੂੰ ਵੀ ਢੇਰ ਸਾਰੀਆਂ ਜ਼ਾਤੀ, ਪਰਿਵਾਰਕ ਤੇ ਸਿਧਾਂਤਕ ਕੁਰਬਾਨੀਆਂ ਵੀ ਦੇਣੀਆਂ ਪਈਆਂ। ਉਂਝ ਵੀ, ਉਸ ਦਾ ਸੰਘਰਸ਼, ਰੁਤਬਾ ਹਾਸਿਲ ਕਰਨ ਮਗਰੋਂ ਮੁੱਕਿਆ ਨਹੀਂ। ਸੁਚੇਤਾ (ਮਜੂਮਦਾਰ) ਕ੍ਰਿਪਲਾਨੀ ਦਾ ਰਾਹ ਤਾਂ ਹੋਰ ਵੀ ਬਿਖਮ ਰਿਹਾ। ਉਹ ਸਾਧਾਰਨ ਜਨ ਸੀ; ਅੰਬਾਲਾ



ਨਿਧੀ ਸ਼ਰਮਾ ਆਪਣੀ ਕਿਤਾਬ ਨਾਲ।

ਨਿਧੀ ਸ਼ਰਮਾ ਪੇਸ਼ੇ ਪੱਖੋਂ ਪੱਤਰਕਾਰ ਹੈ ਅਤੇ ਸੋਚ-ਸੁਹਜ ਪੱਖੋਂ ਸੰਵੇਦਨਸ਼ੀਲ ਲੇਖਕ। ਕਿਤਾਬ ਇਨ੍ਹਾਂ ਦੋਵਾਂ ਸ਼ਖ਼ਸੀ ਖ਼ੂਬੀਆਂ ਦਾ ਸੁਮੇਲ ਹੈ; ਤੱਥ-ਮੂਲਕ, ਖ਼ੁਸ਼ਾਮਦੀ ਸੁਰਾਂ ਤੋਂ ਮੁਕਤ ਅਤੇ ਸਿਆਸੀ ਪੱਖਪਾਤਾਂ ਤੇ ਉਲਾਰਾਂ ਤੋਂ ਰਹਿਤ। ਫੋਕਸ ਉਸ ਲੜਾਈ ਉੱਤੇ ਕੇਂਦ੍ਰਿਤ ਹੈ ਜਿਹੜੀ ਇਸ ਕਿਤਾਬ ਦੇ 17 ਕਿਰਦਾਰਾਂ ਨੂੰ ਆਪੋ-ਆਪਣਾ ਸਿਆਸੀ-ਸਮਾਜਿਕ ਮੁਕਾਮ ਬਣਾਉਣ ਲਈ ਜ਼ਾਤੀ, ਪਰਿਵਾਰਕ, ਸਮਾਜਿਕ ਤੇ ਸਿਆਸੀ ਤੌਰ 'ਤੇ ਲੜਨੀ ਪਈ। ਬਹੁਤੇ ਕਿਰਦਾਰਾਂ ਦੀ ਇਹ ਲੜਾਈ ਤਾਂ ਅਜੇ ਵੀ ਜਾਰੀ ਹੈ; ਪੁਰਸ਼-ਪ੍ਰਧਾਨਤਾ ਇਸ ਨੂੰ ਮੁੱਕਣ ਨਹੀਂ ਦੇ ਰਹੀ।




ਨਿਧੀ ਸ਼ਰਮਾ ਦੀ ਕਿਤਾਬ ਦਾ ਮੁਖੜਾ।

'ਚ ਤਾਇਨਾਤ ਬੰਗਾਲੀ ਸਰਕਾਰੀ ਨੌਕਰ ਦੀ ਧੀ। ਜਵਾਨੀ 'ਚ ਗਾਂਧੀ-ਭਗਤ ਵੀ ਬਣ ਬੈਠੀ ਅਤੇ ਫਿਰ ਆਪਣੇ ਤੋਂ 20 ਸਾਲ ਵੱਡੇ ਆਚਾਰੀਆ (ਜੇ.ਬੀ.) ਕ੍ਰਿਪਲਾਨੀ ਨਾਲ ਮੋਹ-ਮੁਹੱਬਤ ਵੀ ਕਰ ਬੈਠੀ। ਵਿਆਹ 'ਚ ਗਾਂਧੀ-ਭਗਤੀ ਵੱਡਾ ਅੜਿੱਕਾ ਸਾਬਤ ਹੋਈ; ਮਜੂਮਦਾਰ ਪਰਿਵਾਰ ਵਾਂਗ ਮਹਾਤਮਾ ਵੀ ਇਸ ਰਿਸ਼ਤੇ ਤੋਂ ਨਾਖ਼ੁਸ਼ ਸੀ। ਉਹ ਇਸ ਸ਼ਰਤ 'ਤੇ ਇਜਾਜ਼ਤ ਦੇਣ ਲਈ ਰਾਜ਼ੀ ਹੋਇਆ ਕਿ ਸੁਚੇਤਾ ਤੇ ਜੇ.ਬੀ. ਦਾ ਰਿਸ਼ਤਾ ਜਿਸਮਾਨੀ ਨਹੀਂ, ਸਿਰਫ਼ ਤੇ ਸਿਰਫ਼ 'ਰੂਹਾਨੀ' ਰਹੇਗਾ (ਕਹਿਆਣ ਆਉਂਦੀ ਹੈ ਇਸ ਬੰਦਸ਼ ਬਾਰੇ ਸੋਚ ਕੇ)। ਬੰਦਸ਼ਾਂ ਹੋਰ ਵੀ ਕਈ ਲਾਈਆਂ ਗਈਆਂ। ਆਚਾਰੀਆ, ਨਹਿਰੂ ਵਿਰੋਧੀ ਸੀ। ਪਹਿਲੀ ਲੋਕ ਸਭਾ ਦੀਆਂ ਚੋਣਾਂ ਵੇਲੇ ਕਾਂਗਰਸ ਨੇ ਸੁਚੇਤਾ ਨੂੰ ਟਿਕਟ ਨਹੀਂ ਦਿੱਤੀ। ਉਸ ਨੇ ਆਚਾਰੀਆ ਵੱਲੋਂ ਬਣਾਈ ਪਾਰਟੀ ਦੀ ਉਮੀਦਵਾਰ ਵਜੋਂ ਚੋਣ ਲੜੀ ਅਤੇ ਜੇਤੂ ਰਹੀ। ਬਾਅਦ ਵਿਚ ਕਾਂਗਰਸ ਨੇ ਉਸ ਨੂੰ 'ਅਪਣਾ' ਲਿਆ। ਉਹ ਤਿੰਨ ਵਾਰ ਲੋਕ ਸਭਾ ਮੈਂਬਰ ਰਹੀ ਅਤੇ ਪੰਜ ਵਰ੍ਹਿਆਂ (1963-67) ਤਕ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ।

ਦੂਜਾ ਅਨੁਭਾਗ 'ਜਾਂਨਸ਼ੀਨਾਂ' ਬਾਰੇ ਹੈ। ਇਸ ਵਿਚ ਸੋਨੀਆ ਗਾਂਧੀ, ਜਯ ਲਲਿਤਾ, ਮਾਇਆਵਤੀ, ਵਸੁੰਧਰਾ ਰਾਜੇ ਤੇ ਸ਼ੀਲਾ ਦੀਕਸ਼ਿਤ ਦੇ ਪ੍ਰੋਫਾਈਲ ਸ਼ਾਮਲ ਹਨ। ਇਨ੍ਹਾਂ ਸਾਰੀਆਂ ਨੇਤਾਵਾਂ ਨੂੰ ਰਾਜ-ਸੱਤਾ ਜਾਂ ਸਿਆਸੀ ਤਾਕਤ, ਪੁਰਸ਼ ਨੇਤਾਵਾਂ ਦੇ ਜਾਂਨਸ਼ੀਨਾਂ ਵਜੋਂ ਮਿਲੀ। ਅਜਿਹਾ ਹੋਣ ਦੇ ਬਾਵਜੂਦ ਇਨ੍ਹਾਂ ਨੇ ਨਾ ਸਿਰਫ਼ ਆਪੋ ਆਪਣੇ ਰੁਤਬੇ ਦੀ ਸ਼ਾਨ ਸਲਾਮਤ ਰੱਖੀ ਸਗੋਂ ਇਸ ਦਾ ਵਕਾਰ ਵੀ ਵਧਾਇਆ। ਤੀਜਾ ਅਨੁਭਾਗ ਉਨ੍ਹਾਂ 'ਸੁਰਬੀਰ' ਔਰਤਾਂ ਬਾਰੇ ਹੈ ਜਿਨ੍ਹਾਂ ਨੇ ਸਿਆਸੀ ਸਰਪ੍ਰਸਤਾਂ ਜਾਂ ਮੁਰਸ਼ਿਦਾਂ ਤੋਂ ਬਿਨਾ ਹੀ ਆਪਣਾ ਰਾਹ ਖ਼ੁਦ ਤਲਾਸ਼ਿਆ ਤੇ ਤਰਾਸ਼ਿਆ ਅਤੇ ਆਪੋ-ਆਪਣੀਆਂ ਪ੍ਰਾਪਤੀਆਂ ਦੇ ਜ਼ਰੀਏ ਨਿਪੁੰਨ ਤੇ ਸਮਰੱਥ ਸਿਆਸੀ ਨੇਤਾ ਵਾਲਾ ਮੁਕਾਮ ਹਾਸਲ ਕੀਤਾ। ਇਸ ਅਨੁਭਾਗ 'ਚ ਸੁਸ਼ਮਾ ਸਵਰਾਜ, ਮਮਤਾ ਬੈਨਰਜੀ, ਬਰਿੰਦਾ ਕਰਤ, ਪ੍ਰਤਿਭਾ ਪਾਟਿਲ ਅਤੇ ਅੰਬਿਕਾ ਸੋਨੀ ਸ਼ਾਮਲ ਹਨ। ਆਖ਼ਰੀ ਅਨੁਭਾਗ 'ਭਵਿੱਖੀ ਤਾਰਿਕਾਵਾਂ' ਸੁਪ੍ਰੀਆ ਸੂਲੇ, ਕਾਨੀਮੋਝੀ ਕਰੁਣਾਨਿਧੀ, ਸਮ੍ਰਿਤੀ ਇਰਾਨੀ, ਕੇ. ਕਵਿਤਾ ਤੇ ਐਪੇਰੀਨ ਲਿੰਗਦੋਹ ਬਾਰੇ ਹੈ। ਇਹ ਸਹੀ ਹੈ ਕਿ ਸੁਪ੍ਰੀਆ, ਕਾਨੀਮੋਝੀ ਤੇ ਕਵਿਤਾ ਦੇ ਸਿਰਾਂ 'ਤੇ ਪਿਤਾ ਜਾਂ ਭਰਾਵਾਂ ਦਾ ਹੱਥ ਰਿਹਾ ਪਰ ਇਕ ਵਾਰ ਸਿਆਸੀ ਦ੍ਰਿਸ਼ਾਵਲੀ 'ਤੇ ਉਭਰਨ ਮਗਰੋਂ ਇਨ੍ਹਾਂ ਨੇ ਆਪੋ-ਆਪਣੀ ਕਾਬਲੀਅਤ, ਲਿਆਕਤ, ਸਿਆਸੀ ਸੂਝ ਅਤੇ ਗੱਲ ਕਹਿਣ, ਕਰਨ ਤੇ ਸੁਣਨ ਦੀ ਸੁਹਜ ਸਦਕਾ ਆਪਣੇ ਸਰਪ੍ਰਸਤਾਂ ਦਾ ਮਾਣ-ਤਾਣ ਵੀ ਵਧਾਇਆ ਅਤੇ ਆਪਣਾ ਸਿਆਸੀ ਕੱਦ ਵੀ।

ਮੈਨੂੰ ਐਪੇਰੀਨ ਲਿੰਗਦੋਹ ਦੀ ਸੰਘਰਸ਼ ਗਾਥਾ ਜ਼ਿਆਦਾ ਪ੍ਰਭਾਵਸ਼ਾਲੀ ਲੱਗੀ। ਉਹ ਇਸ ਸਮੇਂ ਮੇਘਾਲਿਆ ਸਰਕਾਰ ਵਿਚ ਮੰਤਰੀ ਹੈ। ਪੁਰਸ਼-ਪ੍ਰਧਾਨੀ ਨੂੰ ਸਿੱਧੀ ਚੁਣੌਤੀ ਦੇ ਕੇ ਉਹ ਲਗਾਤਾਰ ਚਾਰ ਵਾਰ ਵਿਧਾਨ ਸਭਾ ਚੋਣ ਜਿੱਤੀ। ਉਸ ਦੇ ਪਿਤਾ ਪੀਟਰ ਮਾਰਬਨਿਆਂਗ ਲੋਕ ਸਭਾ ਦੇ ਮੈਂਬਰ ਰਹੇ। ਉਹ 10 ਵਰ੍ਹੇ ਪਿਤਾ ਦੀ ਸਿਆਸੀ ਸਹਾਇਕ ਵਜੋਂ ਵਿਚਰਦੀ ਰਹੀ ਪਰ 1997 ਵਿਚ ਪਿਤਾ ਦੀ ਅਚਨਚੇਤੀ ਮੌਤ ਹੋਣ 'ਤੇ ਐਪੇਰੀਨ ਦੀ ਮਾਂ ਨੇ ਧੀ ਦੀ ਥਾਂ ਪੁੱਤਰ ਰੌਬਰਟ ਨੂੰ ਪਿਤਾ ਲਿੰਗਦੋਹ ਦਾ ਸਿਆਸੀ ਵਾਰਿਸ ਨਾਮਜ਼ਦ ਕਰ ਦਿੱਤਾ। ਰੌਬਰਟ ਸਰਕਾਰੀ ਅਫ਼ਸਰ ਸੀ। ਅਸਤੀਫ਼ਾ ਦੇ ਕੇ ਉਹ ਐਪੇਰੀਨ ਦੀ ਮਦਦ ਨਾਲ ਚੋਣ ਜਿੱਤ ਗਿਆ ਪਰ ਅਧਰੰਗ ਦਾ ਦੌਰਾ ਪੈਣ ਕਾਰਨ ਸਰਗਰਮ ਸਿਆਸਤ ਤੋਂ ਅਲਹਿਦਾ ਹੋ ਗਿਆ। ਅਜਿਹਾ ਕਰਨ ਸਮੇਂ ਉਸ ਨੇ ਭੈਣ ਦਾ ਪੱਖ ਪੂਰਨ ਦੀ ਥਾਂ ਬਾਹਰੀ ਬੰਦੇ ਦਾ ਨਾਮ ਆਪਣੇ ਹਲਕੇ ਲਈ ਤਜਵੀਜ਼ ਕਰ ਦਿੱਤਾ ਰੋਹ 'ਚ ਆਈ ਐਪੇਰੀਨ ਨੇ ਕਾਂਗਰਸ ਪਾਰਟੀ ਛੱਡ ਕੇ ਇਕ ਖੇਤਰੀ ਪਾਰਟੀ ਦੀ ਉਮੀਦਵਾਰ ਵਜੋਂ ਵਿਧਾਨ ਸਭਾ ਚੋਣ ਲੜੀ, ਜੇਤੂ ਰਹੀ ਅਤੇ ਉਦੋਂ ਤੋਂ ਲਗਾਤਾਰ ਜਿੱਤ ਰਹੀ ਹੈ। ਅਜਿਹੀਆਂ ਕਾਮਯਾਬੀਆਂ ਦੇ ਬਾਵਜੂਦ ਪਰਿਵਾਰਕ ਦਿੱਕਤਾਂ ਘਟੀਆਂ ਨਹੀਂ, ਵਧੀਆਂ। ਪਤੀ ਦੀਆਂ ਆਪਣੀਆਂ ਰਾਜਸੀ ਖ਼੍ਵਾਹਿਸ਼ਾਤ ਸਨ। ਉਸ ਨੇ ਐਪੇਰੀਨ ਦਾ ਸਾਥ ਦੇਣ ਦੀ ਥਾਂ ਉਸ ਨੂੰ ਤਲਾਕ ਦੇ ਕੇ ਵਿਰੋਧੀ ਖੇਮੇ ਵੱਲ ਮੂੰਹ ਕਰ ਲਿਆ। ਹੁਣ ਐਪੇਰੀਨ ਬਿਨਾਂ ਕਿਸੇ ਪਰਿਵਾਰਕ ਸਹਾਰੇ ਦੇ ਪ੍ਰਸ਼ਾਸਨਿਕ ਤੇ ਸਿਆਸੀ ਜ਼ਿੰਮੇਵਾਰੀਆਂ ਵੀ ਨਿਭਾਅ ਰਹੀ ਹੈ ਅਤੇ ਦੋ ਬੱਚੇ ਵੀ ਪਾਲ ਰਹੀ ਹੈ।

ਪੁਰਸ਼-ਪ੍ਰਧਾਨੀ ਪ੍ਰੰਪਰਾਵਾਂ ਬਨਾਮ ਮਹਿਲਾ ਪ੍ਰੋਫੈਸ਼ਨਲਜ਼ ਦੀਆਂ ਦੂਹਰੀਆਂ-ਤੀਹਰੀਆਂ ਜ਼ਿੰਮੇਵਾਰੀਆਂ ਬਾਰੇ ਹੈਦਰਾਬਾਦ ਵਿਚ ਸਾਲ ਕੁ ਪਹਿਲਾਂ ਭਾਸ਼ਣ ਦਿੰਦਿਆਂ ਕੇਂਦਰੀ ਖ਼ਜ਼ਾਨਾ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਿਹਾ ਸੀ: "ਔਰਤ ਨੂੰ ਰੋਜ਼ ਨਵੇਂ ਇਮਤਿਹਾਨ ਦੇਣੇ ਪੈਂਦੇ ਨੇ। ਉਸ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਵਿਸ਼ਵ ਬੈਂਕ ਵਿਚ ਉੱਚ ਨੌਕਰੀ ਕਰਦਿਆਂ ਉਹ ਜਿਹੜੀ ਪੇਸ਼ੇਵਾਰਾਨਾ ਮੁਹਾਰਤ ਦਿਖਾ ਰਹੀ ਹੈ, ਉਹੀ ਮੁਹਾਰਤ ਉਹ ਘਰ ਵਿਚ ਅੰਬ ਦਾ ਆਚਾਰ ਪਾਉਣ ਲੱਗਿਆਂ ਵੀ ਦਿਖਾਏ।... ਕਿੰਨਾ ਤਵਾਜ਼ਨ ਬਿਠਾਉਣਾ ਪੈਂਦਾ ਹੈ ਉਸ ਨੂੰ ਆਪਣੇ ਰੋਜ਼ਮੱਰਾ ਜੀਵਨ ਵਿਚ!" ਅਜਿਹੇ ਤਵਾਜ਼ਨ ਦਾ ਵਜ਼ਨ ਘਟਾਏ ਜਾਣ ਦੀ ਸੰਜੀਦਾ ਵਕਾਲਤ ਕਰਦੀ ਹੈ ਨਿਧੀ ਸ਼ਰਮਾ ਦੀ ਸੁਹਜਮਈ ਕਿਤਾਬ।

**ਮਲਵਿੰਦਰ ਦੀ ਪਛਾਣ:** ਮਲਵਿੰਦਰ ਦੀ ਪਛਾਣ ਸੁਹਿਰਦ ਤੇ ਚਿੰਤਨਸ਼ੀਲ ਕਵੀ ਵਾਲੀ ਹੈ। ਉਹ ਕਵੀ ਵਜੋਂ ਛਪਣਾ ਸ਼ੁਰੂ ਹੋਇਆ ਅਤੇ ਵਰ੍ਹਿਆਂ ਤੱਕ ਕਵਿਤਾ ਹੀ ਕਰਦਾ ਰਿਹਾ। ਵਾਰਤਕ ਵਾਲਾ ਹੁਨਰ ਉਸ ਨੇ ਬਹੁਤ ਬਾਅਦ ਵਿਚ ਦਿਖਾਉਣਾ ਸ਼ੁਰੂ ਕੀਤਾ, ਉਹ ਵੀ ਅੱਠ ਕਾਵਿ ਸੰਗ੍ਰਹਿ ਛਪਵਾਉਣ ਮਗਰੋਂ। ਇਸ ਹੁਨਰ ਨੂੰ ਉਸ ਨੇ 'ਚੁੱਪ ਦਾ ਮਰਮ ਪਛਾਣੀਏ' ਰਾਹੀਂ ਕਿਤਾਬੀ ਰੂਪ ਦਿੱਤਾ ਹੈ। ਇਸ ਸੰਗ੍ਰਹਿ ਵਿਚ ਤਿੰਨ ਦਰਜਨ ਦੇ ਕਰੀਬ ਮਜ਼ਮੂਨ ਸ਼ਾਮਲ ਹਨ। ਇਨ੍ਹਾਂ ਨੂੰ ਦੋ ਅਨੁਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲਾ ਅਨੁਭਾਗ ਵਿਹੰਗਮ ਕਿਸਮ ਦਾ ਹੈ; ਇਹ ਕਿਸੇ ਇਕ ਵਿਸ਼ਾ-ਧਾਰਾ ਤੱਕ ਸੀਮਤ ਨਹੀਂ। ਇਸ ਵਿਚ ਲਲਿਤ ਨਿਬੰਧ ਵੀ ਹਨ, ਫਲਸਫ਼ਾਨਾ ਉਡਾਰੀਆਂ ਵੀ ਅਤੇ ਜ਼ਿੰਦਗੀ ਦੀਆਂ ਤਲਖ਼ੀਆਂ-ਦੁਸ਼ਵਾਰੀਆਂ ਵੀ।

ਦੂਜਾ ਅਨੁਭਾਗ 'ਪਰਵਾਸ ਦੇ ਸਰੋਕਾਰਾਂ' ਦੇ ਦਾਇਰੇ ਵਿਚ ਰਹਿੰਦਿਆਂ ਜ਼ਾਤੀ ਅਨੁਭਵ ਤੇ ਪ੍ਰਭਾਵ ਪਾਠਕਾਂ ਨਾਲ ਸਾਂਝੇ ਕਰਦਾ ਹੈ। ਸਾਰੇ ਸਰੋਕਾਰ ਉਹ ਹਨ ਜਿਨ੍ਹਾਂ ਵੱਲ ਹਰ ਉਸ ਪੰਜਾਬੀ ਨੂੰ ਧਿਆਨ ਦੇਣਾ ਚਾਹੀਦਾ ਹੈ ਜੋ ਆਪਣੇ ਬੱਚਿਆਂ ਨੂੰ ਪਰਵਾਸੀ ਬਣਾਉਣ ਤੇ ਉਨ੍ਹਾਂ ਦੇ ਜ਼ਰੀਏ ਆਪਣਾ ਭਵਿੱਖ ਵੀ ਸੁਧਾਰ ਲੈਣ ਦੀ ਲੋਚਾ ਪਾਲੀ ਫਿਰਦਾ ਹੈ। ਅੰਤਿਕਾ ਵਿਚ ਮਲਵਿੰਦਰ ਲਿਖਦਾ ਹੈ: "ਕਵੀ ਕੋਲ ਕਾਵਿਕ ਭਾਸ਼ਾ ਹੁੰਦੀ ਹੈ। ਇਹ ਭਾਸ਼ਾ ਵਾਰਤਕ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦੀ ਹੈ।" ਸਹੀ ਹਨ ਇਹ ਸ਼ਬਦ। ਤਸਦੀਕ ਵਜੋਂ 'ਭੀੜ' ਨਿਬੰਧ ਦੀਆਂ ਕੁਝ ਸਤਰਾਂ ਪੇਸ਼ ਹਨ: "ਹਰ ਭੀੜ ਦੇ ਵੱਖਰੇ ਵੱਖਰੇ ਨਕਸ਼ ਹੁੰਦੇ ਹਨ। ਮੇਲੇ ਦੀ ਭੀੜ ਦੇ ਚਿਹਰੇ 'ਤੇ ਰੌਣਕ ਹੁੰਦੀ ਹੈ। ਵਿਵਹਾਰ 'ਚ ਲਾੜਾ ਬਣੇ ਮੁੰਡੇ ਦਾ ਚਾਅ ਹੁੰਦਾ ਹੈ। ਗੱਲਾਂ ਫੁਰਦੀਆਂ ਹਨ, ਅੱਖਾਂ ਨੱਚਦੀਆਂ ਹਨ ਅਤੇ ਅੰਗ ਫਰਕਦੇ ਹਨ। ... ਸਾਰੇ ਫ਼ਿਕਰ, ਸੰਸੇ, ਝੋਰੇ ਵਿਸਰ ਜਾਂਦੇ ਹਨ। ਹਰ ਉਮਰ ਜਵਾਨੀ ਹੰਢਾਉਂਦੀ ਪ੍ਰਤੀਤ ਹੁੰਦੀ ਹੈ।" (ਪੰਨਾ 41)। ਸਵਾਗਤਯੋਗ ਹੈ ਇਹ ਕਿਤਾਬ।

# ਸ਼ਹਿਰ ਮੇਂ ਏਕ ਚਿਰਾਗ਼ ਥਾ...

ਸ਼ਾਇਰ, ਕਹਾਣੀਕਾਰ, ਵਾਰਤਕ ਲੇਖਕ, ਕਾਰੋਬਾਰੀ ਅਤੇ ਸਾਹਿਤਕ ਜਥੇਬੰਦੀਆਂ ਦੇ ਕੁਸ਼ਲ ਪ੍ਰਬੰਧਕ ਦਾ ਨਾਂ ਸੀ ਸੇਵਾ ਸਿੰਘ ਰਾਇਤ ਉਰਫ

ਡਾ. ਅਵਤਾਰ ਸਿੰਘ ਪਤੰਗ

ਸੇਵੀ ਰਾਇਤ। ਉਹ ਚੰਡੀਗੜ੍ਹ, ਮੁਹਾਲੀ ਅਤੇ ਖਰੜ ਦੀਆਂ ਸਾਹਿਤਕ ਸੰਸਥਾਵਾਂ ਦਾ ਸ਼ਿੰਗਾਰ ਸੀ। ਇਸ ਸਭ ਕੁਝ ਤੋਂ ਉੱਪਰ ਸੇਵੀ ਰਾਇਤ ਸਾਹਿਤ ਵਿਗਿਆਨ ਕੇਂਦਰ ਦਾ ਹਰਮਨ ਪਿਆਰਾ ਪ੍ਰਧਾਨ ਸੀ। ਚਿੱਟੀ ਪਗੜੀ ਅਤੇ ਫੱਬਵੇਂ ਲਿਬਾਸ ਵਿਚ ਉਹ ਹਰ ਸਾਹਿਤ ਸਭਾ ਦੀ ਮੂਹਰਲੀ ਕਤਾਰ ਵਿਚ ਬੈਠਦਾ ਸੀ। ਕਿੱਤੇ ਵਜੋਂ ਉਹ ਦਸਤਕਾਰ ਸੀ ਪਰ ਦਸਤਕਾਰੀ ਕਰਦਿਆਂ ਉਸ ਨੇ ਆਪਣੇ ਅੰਦਰ ਕਵਿਤਾ ਘੜਨੀ ਸ਼ੁਰੂ ਕਰ ਦਿੱਤੀ। ਕਵਿਤਾ ਦੀ ਦਸਤਕਾਰੀ ਕਰਦਿਆਂ ਉਸ ਨੇ ਛੇ ਕਾਵਿ ਪੁਸਤਕਾਂ 'ਜਿੰਦ ਪ੍ਰਾਣ', 'ਜਿਸਮ ਤੋਂ ਜਾਨ ਤੱਕ', 'ਪ੍ਰਥਾ ਤੋਂ ਪਾਰ', 'ਖੁੱਲ੍ਹ ਗਏ ਕਿਵਾੜ', 'ਅਹਿਸਾਸ ਦੇ ਸਬਬ', 'ਹਰਫ ਸਮੇਂ ਦੇ ਹਾਣੀ' ਪਾਠਕਾਂ ਦੀ ਝੋਲੀ ਪਾਏ। ਚੋਣਵੇਂ ਸ਼ਿਅਰਾਂ ਦੀ ਪੁਸਤਕ 'ਸ਼ਿਅਰ ਬਾਜ਼ਾਰ' ਅਤੇ 'ਆਯੁਰਵੈਦਿਕ ਸਲਾਹਕਾਰ' ਦਾ ਸੰਪਾਦਨ ਕਰ ਕੇ ਸਾਹਿਤ ਜਗਤ ਵਿਚ ਆਪਣਾ ਯੋਗਦਾਨ ਪਾਇਆ।

ਪੁਸਤਕ ਪ੍ਰਕਾਸ਼ਨ ਤੋਂ ਇਲਾਵਾ ਸੇਵੀ ਰਾਇਤ ਨੇ ਸਾਹਿਤਕ ਅਦਾਰਿਆਂ ਵਿਚ ਆਪਣੀ ਹਿੱਸੇਦਾਰੀ ਬਰਾਬਰ ਜਾਰੀ ਰੱਖੀ। ਚੰਡੀਗੜ੍ਹ ਦੀ ਪੰਜਾਬੀ ਲੇਖਕ ਸਭਾ ਦਾ ਮੈਂਬਰ ਅਤੇ ਕਈ ਵਾਰ ਅਹੁਦੇਦਾਰ ਰਿਹਾ। ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦਾ ਜੀਵਨ ਮੈਂਬਰ ਰਿਹਾ। ਇਸ ਤੋਂ ਇਲਾਵਾ ਚੰਡੀਗੜ੍ਹ ਵਪਾਰ ਮੰਡਲ ਦਾ ਅਹੁਦੇਦਾਰ ਅਤੇ ਸੀਨੀਅਰ ਸਿਟੀਜ਼ਨ ਸੁਸਾਇਟੀ, ਸੰਨੀ ਐਨਕਲੇਵ ਦਾ ਸਰਗਰਮ ਮੈਂਬਰ ਵੀ ਰਿਹਾ। ਆਪਣੀ ਸਾਹਿਤਕ ਭੁੱਖ ਨੂੰ ਤ੍ਰਿਪਤ ਕਰਨ ਲਈ ਉਸ ਨੇ ਵੀਹ ਕੁ ਸਾਲ ਪਹਿਲਾਂ ਕੁਝ ਦੋਸਤਾਂ ਨੂੰ ਨਾਲ ਲੈ ਕੇ ਸਾਹਿਤ ਵਿਗਿਆਨ ਕੇਂਦਰਾਂ ਦੀ ਸਥਾਪਨਾ ਕੀਤੀ। ਉਸ ਦੀ ਹਲੀਮੀ, ਮਿਲਣਸਾਰਤਾ ਅਤੇ ਸ਼ੀਰੀ ਸੁਭਾਅ ਸਦਕਾ ਮੈਂਬਰ ਜੁੜਦੇ ਗਏ ਅਤੇ ਉਹ ਛੋਟਾ ਜਿਹਾ ਕਾਫ਼ਲਾ ਸੌ ਤੋਂ ਵੀ ਵੱਧ ਮੈਂਬਰਾਂ ਦਾ ਵਿਸ਼ਾਲ ਸਮੂਹ ਸਾਹਿਤ ਵਿਗਿਆਨ ਕੇਂਦਰ ਬਣ ਗਿਆ।

ਸੇਵੀ ਰਾਇਤ ਖੱਬੇ ਪੱਖੀ ਸੋਚ ਰੱਖਣ ਵਾਲਾ ਵਾਲਾ ਪ੍ਰਤੀਬੱਧ ਲੇਖਕ ਸੀ ਪਰ ਵਿਹਾਰਕ ਤੌਰ 'ਤੇ ਉਹ ਸੱਚੇ-ਸੁੱਚੇ ਕਿਰਦਾਰ ਅਤੇ ਸ਼ੁੱਧ ਸੋਚ ਰੱਖਣ ਵਾਲਾ ਨਫ਼ੀਸ ਆਸਤਿਕ ਇਨਸਾਨ ਸੀ। ਨਿੱਤ ਦੇ ਵਰਤ-ਵਰਤਾਵੇ ਵਿਚ ਉਹ ਕੋਰਾ-ਕਰਾਰਾ ਸੀ। ਅਨੁਸ਼ਾਸਨ, ਨੇਮ-ਬੱਧਤਾ ਉਸ ਦੀ ਸ਼ਖ਼ਸੀਅਤ ਦਾ ਖਾਸਾ ਸੀ। ਉਹ ਮਿੱਠ ਬੋਲੜਾ ਅਤੇ ਸਾਵੀਂ ਪੱਧਰੀ ਜ਼ਿੰਦਗੀ ਜਿਊਣ ਵਾਲਾ ਰੌਸ਼ਨ ਦਿਮਾਗ਼ ਸ਼ਖ਼ਸ ਸੀ। ਜਿਹੜਾ ਬੰਦਾ ਇੱਕ ਵਾਰ ਉਸ ਦੇ ਸੰਪਰਕ ਵਿਚ ਆ ਜਾਂਦਾ ਸੀ, ਉਹ ਹਮੇਸ਼ਾ ਲਈ ਉਸ ਦਾ ਹੋ ਕੇ ਰਹਿ ਜਾਂਦਾ ਸੀ।

ਇਹਨਾਂ ਦਿਨਾਂ ਵਿਚ ਉਸ ਨੇ ਬਹੁਤ ਸਾਰੇ ਕੰਮ ਵਿੱਢੇ ਹੋਏ ਸਨ। ਉਸ ਦੀਆਂ ਦੋ ਪੁਸਤਕਾਂ ਛਪਾਈ ਅਧੀਨ ਹਨ। ਉਸ ਨੇ ਕੁਝ ਦਿਨ ਪਹਿਲਾਂ ਇਹ ਇੱਛਾ ਪ੍ਰਗਟਾਈ ਸੀ ਇਸ ਸਾਲ ਦੇ ਅਖੀਰ ਤੱਕ ਉਹ ਆਪਣੀਆਂ ਛਪਾਈ ਅਧੀਨ ਪੁਸਤਕਾਂ ਮੁਕੰਮਲ ਕਰ ਕੇ ਪਾਠਕਾਂ ਨੂੰ ਭੇਟ ਕਰੇਗਾ ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। ਕੁਝ ਦਿਨ ਬਿਮਾਰ ਰਹਿ ਕੇ ਉਹ ਅਛੋਪਲੇ ਜਿਹੇ, ਚੁੱਪ-ਚਪੀਤਾ ਸਾਰਿਆਂ ਨੂੰ ਛੱਡ ਕੇ ਚਾਰ ਸਤੰਬਰ ਨੂੰ ਬਿਆਸੀ ਸਾਲ ਦੀ ਉਮਰ ਭੋਗ ਕੇ ਉਸ ਸੰਸਾਰ ਵਿਚ ਜਾ ਬਿਰਾਜਿਆ ਜਿੱਥੋਂ ਕਦੇ ਕੋਈ ਵਾਪਸ ਨਹੀਂ ਆਉਂਦਾ।


ਸੇਵੀ ਰਾਇਤ ਦੀ ਸ਼ਖ਼ਸੀਅਤ 'ਤੇ ਸ਼ਾਇਰ ਅਲਤਾਫ਼ ਹੁਸੈਨ ਹਾਲੀ ਦੇ ਇਹ ਬੋਲ ਪੂਰੀ ਤਰ੍ਹਾਂ ਢੁੱਕਦੇ ਹਨ: ਏਕ ਰੌਸ਼ਨ ਦਿਮਾਗ਼ ਥਾ ਨਾ ਰਹਾ, ਸ਼ਹਿਰ ਮੇਂ ਏਕ ਚਿਰਾਗ਼ ਥਾ ਨਾ ਰਹਾ।

## ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਕਰਨਵੀਰ ਨੂੰ ਟਰੱਕ ਦਾ ਲਾਇਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ 'ਤੇ ਧੱਕਾ ਅਤੇ ਸ਼ੋਸ਼ਣ। ਫਿਰ ਗੁਰਸੀਰ ਦਾ ਭਰਾ ਬਲਵੀਰ ਵੀ ਕੈਨੇਡਾ ਪੁੱਜ ਜਾਂਦਾ ਹੈ। ਹੁਣ ਪੜ੍ਹੋ ਇਸ ਤੋਂ ਅਗਾਂਹ...***

# ਹਨੇਰੇ ਰਾਹ

***ਕੈਨਡਾ ਵੱਸਦੇ ਹਰਪ੍ਰੀਤ ਸੇਖਾ ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ। ਇਸ ਤੋਂ ਪਹਿਲਾਂ ਉਹ ਕੈਨੇਡਾ ਦੀ ਟੈਕਸੀ ਸਨਅਤ ਬਾਰੇ ਅਹਿਮ ਕਿਤਾਬ 'ਟੈਕਸੀਨਾਮਾ' (2012) ਰਚ ਚੁੱਕਾ ਹੈ ਜੋ 'ਪੰਜਾਬ ਟਾਈਮਜ਼' ਦੇ ਪਾਠਕ ਲੜੀਵਾਰ ਪੜ੍ਹ ਚੁੱਕੇ ਹਨ। ਇਨ੍ਹਾਂ ਰਚਨਾਵਾਂ ਤੋਂ ਇਲਾਵਾ ਉਸ ਦੇ ਚਾਰ ਕਹਾਣੀ ਸੰਗ੍ਰਹਿ- 'ਬੀ ਜੀ ਮੁਸਕਰਾ ਪਏ' (2006), 'ਬਾਰਾਂ ਬੂਹੇ' (2013), 'ਪ੍ਰਿਜ਼ਮ' (2017) ਤੇ 'ਡੱਗੀ' (2020, 2017 ਤੱਕ ਦੀਆਂ ਸਾਰੀਆਂ ਕਹਾਣੀਆਂ) ਅਤੇ ਅਨੁਵਾਦ ਕਿਤਾਬ 'ਕਿਲ੍ਹੇ ਦੇ ਮੋਤੀ' (ਲੇਖਕ ਹੀਊ ਜੇ ਐਮ ਜੌਹਨਸਟਨ, 2017) ਛਪੇ ਹਨ। ਉਹਦੀਆਂ ਰਚਨਾਵਾਂ ਹਿੰਦੀ ਅਤੇ ਅੰਗਰੇਜ਼ੀ ਵਿਚ ਅਨੁਵਾਦ ਹੋ ਚੁੱਕੀਆਂ ਹਨ।***




## ਕਾਂਡ ਨੌਂ

ਗੁਰਸੀਰ

ਗੁਰਸੀਰ ਟਰੱਕ ਦੀ ਕੈਬਿਨ ਵੱਲ ਜਾਣ ਲੱਗਾ ਤਾਂ ਡਰਾਈਵਰ ਸੀਟ 'ਤੇ ਬੈਠੇ ਰਿਪਨ ਨੇ ਪੁੱਛਿਆ, "ਬ੍ਰਦਰ, ਤੇਰੇ ਕੋਲ ਬੀ ਸੀ ਦਾ ਲਾਈਸੰਸ ਐ?"

"ਨਹੀਂ, ਮੈਨੀਟੋਬਾ ਸੂਬੇ ਦਾ ਆ।"



"ਮੇਰੇ ਕੋਲ ਓਂਟਾਰੀਓ ਦਾ ਐ।"

"ਅੱਛਾ।" ਆਖ ਕੇ ਗੁਰਸੀਰ ਕੈਬਿਨ 'ਚ ਵੜ ਗਿਆ।

"ਆ ਜਾ ਬ੍ਰਦਰ, ਬਹਿ ਜਾ ਦੋ ਮਿੰਟ ਕਿ ਨੀਂਦ

**ਹਰਪ੍ਰੀਤ ਸੇਖਾ**
**ਫੋਨ: +1-778-231-1189**

ਆਉਂਦੀ ਐ?" ਰਿਪਨ ਬੋਲਿਆ।

"ਨੀਂਦ ਤਾਂ ਆਉਂਦੀ ਐ ਪਰ ਕਹਿਨੈ ਤਾਂ ਬਹਿ ਜਾਨੈ।" ਆਖਦਾ ਗੁਰਸੀਰ ਕੈਬਿਨ 'ਚੋਂ ਨਿਕ਼ਲ ਆਇਆ।

ਗੁਰਸੀਰ ਟਰਾਂਟੋ ਦਾ ਗੇੜਾ ਲਾ ਕੇ ਮੁੜ ਰਿਹਾ ਸੀ। ਉਹ ਕੈਲਗਰੀ ਸ਼ਹਿਰ ਦੇ ਨੇੜੇ ਪਹੁੰਚਣ ਵਾਲੇ ਹੀ ਸਨ, ਜਦੋਂ ਸ਼ਮਿੰਦਰ ਦਾ ਫੋਨ ਆ ਗਿਆ ਸੀ। ਉਹ ਕੁਝ ਦੇਰ ਗੁਰਸੀਰ ਦੇ ਸਾਥੀ ਡਰਾਈਵਰ ਨਾਲ਼ ਗੱਲ ਕਰਦਾ ਰਿਹਾ। ਫਿਰ ਗੁਰਸੀਰ ਨੂੰ ਬੋਲਿਆ, "ਹਾਂ ਬਈ, ਆਪਾਂ ਨੂੰ ਇਕ ਨਵਾਂ ਕਸਟਮਰ ਮਿਲਿਆ ਇਆ। ਉਹਦਾ ਲੋਡ ਸਾਨ ਫਰਾਂਸਿਸਕੋ ਦਾ ਹੋਇਆ ਕਰੇਗਾ। ਆਪਾਂ ਪੱਕਾ ਲੈਣਾ ਇਹ ਲੋਡ। ਧਾਡੇ ਆਲਾ ਟਰੱਕ ਭੇਜਣਾ ਓਥੇ ਪਰ ਧਾਡੇ ਦੋਹਾਂ ਕੋਲ ਹੀ ਅਮਰੀਕਾ ਦਾ ਵੀਜ਼ਾ ਹੈਨੀ। ਰਿਪਨ ਕੋਲ ਹੈਗਾ ਇਆ। ਉਹਨੂੰ ਭੇਜਣਾ ਧਾਡੇ ਟਰੱਕ 'ਤੇ। ਉਹ ਟਰਾਂਟੋ ਜਾਂਦਾ ਸੀ। ਮੈਂ ਓਹਨੂੰ ਰੋਕ ਲਿਆ ਕੈਲਗਰੀ। ਧਾਡੀ ਵੇਟ ਕਰਦਾ ਇਆ ਓਥੇ। ਮੈਂ ਤੇਰੇ ਪਾਰਟਨਰ ਨੂੰ ਰਿਪਨ ਦੀ ਥਾਂ ਟਰਾਂਟੋ ਭੇਜਣ ਲੱਗਾ ਇਆਂ ਤੇ ਉਹਦੀ ਥਾਂ ਰਿਪਨ ਟਰੱਕ ਲਿਆਵੇਗਾ ਸਰੀ। ਤੂੰ ਪਿਛਲੇ ਬਾਰਾਂ ਘੰਟੇ ਟਰੱਕ ਚਲਾਇਆ ਇਆ। ਕੈਲਗਰੀ ਤੋਂ ਤੇਰਾ ਆਫ ਸ਼ੁਰੂ ਹੋਣਾ ਇਆ। ਤੂੰ ਏਦਾਂ ਕਰੀਂ, ਰਿਪਨ ਨੂੰ ਟਰੱਕ ਚਲਾਉਣ ਦੇਈਂ। ਤੂੰ ਆਵਦਾ ਸੌਂ ਜਾਵੀਂ। ਰਿਪਨ ਨਾਂਹ-ਨੁੱਕਰ ਜਿਹੀ ਕਰਦਾ ਸੀ ਪਰ ਤੂੰ ਪਰਵਾਹ ਨਾ ਕਰੀਂ, ਆਵਦਾ ਸੌਂ ਜਾਵੀਂ।"

"ਮੈਂ ਸਰੀ ਪਹੁੰਚ ਕੇ ਕੀ ਕਰੂੰ? ਮੇਰਾ ਟਰੱਕ ਤਾਂ ਤੁਸੀਂ ਅਮਰੀਕਾ ਭੇਜਣ ਲੱਗੇ ਆਂ।"

"ਓਹਦੀ ਵਰੀ ਨਾ ਕਰ। ਤੈਨੂੰ ਘਰ ਨੀ ਬਿਠਾਉਂਦਾ। ਕਿਸੇ ਹੋਰ ਨਾਲ਼ ਭੇਜ ਦੇਊਂ।"

"ਠੀਕ ਐ ਜੀ।" ਗੁਰਸੀਰ ਨੇ ਕਿਹਾ ਸੀ।

ਗੁਰਸੀਰ ਨੂੰ ਰਿਪਨ ਕੋਲ ਮੂਹਰਲੀ ਸੀਟ 'ਤੇ ਬੈਠਦਿਆਂ ਸ਼ਮਿੰਦਰ ਦੇ ਬੋਲ ਕਿ 'ਰਿਪਨ ਨਾਂਹ-ਨੁੱਕਰ ਜਿਹੀ ਕਰਦਾ ਸੀ', ਯਾਦ ਆ ਗਏ। ਗੁਰਸੀਰ ਨੇ ਸੋਚਿਆ ਕਿ ਰਿਪਨ ਉਸ ਨੂੰ ਬੈਠਣ ਲਈ ਆਖ ਰਿਹਾ ਹੈ, ਜ਼ਰੂਰ ਹੀ ਕੋਈ ਸਵਾਲ ਪਾਵੇਗਾ। ਗੁਰਸੀਰ ਨੇ ਉਸ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਅੱਗਾ ਵਲਦਿਆਂ ਕਿਹਾ, "ਬਾਰਾਂ ਘੰਟੇ ਚਲਾ ਕੇ ਆਇਐਂ। ਬੱਸ ਹੋਈ ਪਈ ਐ। ਸਿਰ ਪਾਟਣ-ਪਾਟਣ ਕਰੀ ਜਾਂਦੈ।"

ਰਿਪਨ ਨੇ ਜਿਵੇਂ ਇਹ ਸੁਣਿਆ ਹੀ ਨਾ ਹੋਵੇ। ਉਹ ਬੋਲਿਆ, "ਮੈਨੂੰ ਬੀ ਸੀ 'ਚ ਮੂਵ ਹੋਏ ਨੂੰ ਦੋ ਸਾਲ ਹੋਣ ਵਾਲੇ ਐ ਪਰ ਮੈਂ ਹਾਲੇ ਵੀ ਲਾਈਸੰਸ ਬੀ ਸੀ ਵਾਲ਼ਾ ਨਹੀਂ ਕਰਾਇਆ। ਦੋ ਵੀਕਾਂ ਪਹਿਲਾਂ ਗੋਲਡਨ ਵਾਲੀ ਸਕੇਲ 'ਤੇ ਵਾਰਨਿੰਗ ਮਿਲੀ ਸੀ ਕਿ ਮਹੀਨੇ ਦੇ ਵਿਚ-ਵਿਚ ਲਾਈਸੰਸ ਬਦਲ ਕੇ ਬੀ ਸੀ ਵਾਲ਼ਾ ਲੈ ਲਵਾਂ ਪਰ



ਸ਼ਮਿੰਦਰ ਨੇ ਇਹ ਕਰਨ ਹੀ ਨਹੀਂ ਦਿੱਤਾ। ਕਹਿੰਦਾ, ਉਨ੍ਹਾਂ ਨੇ ਤੇਰਾ ਲਾਈਸੰਸ ਰੱਖ ਲੈਣਾ। ਤੈਨੂੰ ਮੁੱਢੋਂ-ਸੁੱਢੋਂ ਰੋਡ ਟੈਸਟ ਦੇ ਕੇ ਬੀ ਸੀ ਵਾਲ਼ਾ ਲੈਣਾ ਪਵੇਗਾ। ਕਹਿੰਦਾ ਬੀ ਸੀ ਦੀ ਹੱਦ 'ਚ ਨਾ ਚਲਾਈਂ। ਅੱਜ ਕਹਿੰਦਾ ਚਲਾ ਲੈ ਕੁਛ ਨੀ ਹੁੰਦਾ---।"

ਗੁਰਸੀਰ ਦੇ ਦਿਮਾਗ਼ 'ਚ ਆਇਆ ਕਿ ਸ਼ਮਿੰਦਰ ਉਸ ਨੂੰ ਵੀ ਇਸ ਤਰ੍ਹਾਂ ਹੀ ਕਹਿੰਦਾ ਰਿਹਾ ਸੀ ਪਰ ਗੁਰਸੀਰ ਮੂਹੋਂ ਕੁਝ ਨਾ ਬੋਲਿਆ। ਉਹ ਰਿਪਨ ਵੱਲ ਦੇਖਦਾ ਰਿਹਾ ਕਿ ਉਹ ਅੱਗੋਂ ਕੀ ਆਖੇਗਾ। ਰਿਪਨ ਬੋਲਿਆ, "ਬੀ ਸੀ ਦੀ ਹੱਦ 'ਚ ਜੇ ਟਰੱਕ ਚਲਾਉਂਦਾ ਫੜਿਆ ਗਿਆ ਤਾਂ ਮੇਰਾ ਲਾਈਸੰਸ ਜ਼ਬਤ ਹੋ ਜਾਣੈ।"

"ਇਹ ਤੂੰ ਸ਼ਮਿੰਦਰ ਨੂੰ ਕਹਿਣਾ ਸੀ।"

"ਕਿਹਾ ਸੀ ਬ੍ਰਦਰ ਪਰ ਹੁਣ ਉਹ ਮੈਨੂੰ ਜਾਣ ਕੇ ਤੰਗ ਕਰਨ ਲੱਗ ਪਿਐ। ਮੈਂ ਓਹਨੂੰ ਦੋ ਕੁ ਵਾਰ ਮਾੜਾ ਲੋਡ ਚੁੱਕਣ ਤੋਂ ਇਨਕਾਰ ਕਰ ਬੈਠਾ।"

"ਮੈਂ ਤਾਂ ਕੀ ਕਰ ਸਕਦੈਂ!"

"ਮੈਂ ਗੋਲਡਨ ਤਕ ਚਲਾਈ ਜਾਨੈ। ਤੂੰ ਤਿੰਨ ਘੰਟੇ ਸੌਂ ਲੈ। ਸਕੇਲ ਤੋਂ ਪਹਿਲਾਂ ਟਰੱਕ ਫੜ ਲਵੀਂ। ਸਕੇਲ ਟਪਾ ਕੇ ਜੇ ਕਹੇਂ ਤਾਂ ਮੈਂ ਫੇਰ ਚਲਾਉਣ ਲੱਗ ਪਊਂ।"

"ਮੈਂ ਨਾ ਫਸੂੰ?"

"ਜੇ ਫੜਿਆ ਗਿਆ, ਤੈਨੂੰ ਤਾਂ ਵਾਰਨਿੰਗ ਦੇ ਕੇ ਛੱਡ ਦੇਣਗੇ। ਪਹਿਲੀ ਵਾਰ ਤਾਂ ਵਾਰਨਿੰਗ ਹੀ ਦਿੰਦੇ ਆ।"

"ਇਹ ਜ਼ਰੂਰੀ ਤਾਂ ਨਹੀਂ। ਆਪਾਂ ਨੂੰ ਸਕੇਲ 'ਤੇ ਕਿਉਂ ਰੋਕਣਗੇ? ਆਪਾਂ ਕਿਹੜਾ ਓਵਰਲੋਡ ਐਂ। ਨਾ ਹੀ ਕੋਈ ਟਰੱਕ 'ਚ ਖਰਾਬੀ ਐ। ਨਾਲ਼ੇ ਤੂੰ ਕਿਹੜਾ ਰੈਗੂਲਰ ਟਰੱਕ 'ਤੇ ਐਂ। ਤੈਨੂੰ ਵਾਰਨਿੰਗ ਦੇਣ ਲੱਗਿਆਂ ਤੇਰੇ ਆਲੇ ਟਰੱਕ ਦੀ ਈ ਪਲੇਟ ਪਾਈ ਹੋਊ ਸਿਸਟਮ ਵਿਚ।"

"ਕਈ ਵਾਰੀ ਰੈਂਡਮ ਚੈੱਕ ਹੀ ਕਰ ਲੈਂਦੇ ਆ। ਰਿਸਕ ਐ।"

"ਹਾਂ ਰਿਸਕ ਤਾਂ ਹੈ। ਉਹ ਤਾਂ ਦੋਹਾਂ ਵਾਸਤੇ ਇਕੋ ਜਿਹਾ ਹੀ ਹੈ।" ਆਖ ਕੇ ਗੁਰਸੀਰ ਕੈਬਿਨ ਵਿਚ ਜਾ ਕੇ ਪੈ ਗਿਆ।

ਗੁਰਸੀਰ ਲਾਈਸੰਸ ਬਦਲਣ ਵਾਲੀ ਕਾਰਵਾਈ ਬਾਰੇ ਸੋਚਣ ਲੱਗਾ।

ਗੁਰਸੀਰ ਨੂੰ ਟਰੱਕ ਦੇ ਪਹਿਲੇ ਕੁਝ ਗੇੜਿਆਂ ਦੌਰਾਨ ਪਤਾ ਨਹੀਂ ਸੀ ਲੱਗਾ ਕਿ ਉਹ ਹਰ ਗੇੜੇ ਬਾਅਦ ਕਿਉਂ ਨਕਲੀ ਲੌਗ ਬੁੱਕ ਤਿਆਰ ਕਰ ਕੇ ਅਸਲੀ ਪਾੜ ਦਿੰਦੇ ਸਨ। ਉਸ ਨੂੰ ਹਰ ਗੇੜੇ ਬਾਅਦ ਟਰੱਕ ਵਿਚ ਬੈਠ ਕੇ ਨਕਲੀ ਲੌਗ ਬੁੱਕ ਤਿਆਰ ਕਰਨ 'ਤੇ ਲਗਦਾ ਘੰਟਾ ਬਹੁਤ ਚੁਭਦਾ ਸੀ। ਇਕ ਦਿਨ ਉਸ ਨੇ ਸ਼ਮਿੰਦਰ ਨੂੰ ਆਖ ਹੀ ਦਿੱਤਾ, "ਭਾਅ ਜੀ, ਮੈਥੋਂ ਨੀ ਆਹ ਨਵੇਂ ਸਿਰਿਉਂ ਲੌਗ ਬੁੱਕ ਬਣਾਉਣ ਦਾ ਜੱਭ ਹੁੰਦਾ, ਮੈਂ ਤਾਂ ਬੀ ਸੀ ਦਾ ਲਸੰਸ ਹੀ ਲੈ ਲੈਣਾ।" ਸ਼ਮਿੰਦਰ ਝੱਟ ਬੋਲਿਆ ਸੀ, "ਨਾ ਨਾ, ਏਦਾਂ ਨਾ ਕਰੀਂ। ਇਹ ਲੌਗ ਬੁੱਕਾਂ ਧਾਡੇ ਭਲੇ ਖ਼ਾਤਰ ਹੀ ਬਦਲਦੇ ਇਆਂ।"

"ਉਹ ਕਿਵੇਂ?"

"ਨਵੇਂ ਸਿਰਿਉਂ ਲਾਈਸੰਸ ਲੈਣ ਨਾਲੋਂ ਚੰਗਾ ਨਹੀਂ ਕਿ ਲੌਗ ਬੁੱਕਾਂ ਹੀ ਦੁਬਾਰਾ ਬਣਾ ਲਵੋਂ?" ਆਖ ਕੇ ਸ਼ਮਿੰਦਰ ਨੇ ਗੁਰਸੀਰ ਵੱਲ ਦੇਖਿਆ। ਗੁਰਸੀਰ ਨੂੰ ਗੱਲ ਦੀ ਪੂਰੀ ਸਮਝ ਨਾ ਲੱਗੀ। ਉਹ ਪ੍ਰਸ਼ਨ ਪੂਰਵਕ ਨਿਗ੍ਹਾ ਨਾਲ਼ ਸ਼ਮਿੰਦਰ ਵੱਲ ਦੇਖਦਾ ਰਿਹਾ। ਸ਼ਮਿੰਦਰ ਫਿਰ ਬੋਲਿਆ, "ਬੀ ਸੀ 'ਚ ਟਰੱਕ ਦਾ ਲਾਈਸੰਸ ਲੈਣਾ ਬਹੁਤ ਟੱਫ ਇਆ। ਕਈ ਆਪਣੇ ਬੰਦੇ ਐਥੇ ਫੇਲ੍ਹ ਹੋਣ ਤੋਂ ਬਾਅਦ ਓਂਟੇਰੀਓ ਜਾਂ ਮੈਨੀਟੋਬਾ ਪ੍ਰੋਵੈਂਸ 'ਚ ਜਾ ਕੇ ਟਰੱਕ ਦਾ ਲਈਸੰਸ ਲੈ ਆਉਂਦੇ ਇਆ। ਓਥੇ ਐਨੀ ਸਖਤਾਈ ਨਹੀਂ। ਪਹਿਲਾਂ ਐਥੇ ਬੀ ਸੀ 'ਚ ਬਿਨਾਂ ਪੁੱਛ ਪੜਤਾਲ ਕੀਤਿਆਂ ਹੋਰ ਪ੍ਰੋਵੈਂਸਾਂ ਦੇ ਡਰਾਈਵਰਾਂ ਨੂੰ ਏਥੋਂ ਦਾ ਲਾਈਸੰਸ ਈਸ਼ੂ ਕਰ ਦਿੰਦੇ ਸੀ ਪਰ ਹੁਣ ਨਹੀਂ ਛੇਤੀ ਕੀਤੇ ਕਰਦੇ। ਏਨ੍ਹਾਂ ਨੂੰ ਡਰਾਈਵਰਾਂ ਦੀ ਚਲਾਕੀ ਦਾ ਪਤਾ ਲੱਗ ਗਿਆ ਇਆ। ਹੁਣ ਉਹ ਲਾਈਸੰਸ ਬਦਲਣ ਵੇਲੇ ਇੰਡੀਆ ਦਾ ਪੁਰਾਣਾ ਰਿਕਾਰਡ ਮੰਗ ਲੈਂਦੇ ਇਆ। ਕਿੱਥੋਂ ਲਿਆ ਕੇ ਦਿਓਂਗੇ? ਬਹੁਤਿਆਂ ਦੇ ਰੱਖੇ ਆ ਲਾਈਸੰਸ ਉਨ੍ਹਾਂ ਨੇ। ਕਹਿੰਦੇ ਨਵੇਂ ਸਿਰਿਉਂ ਰੋਡ ਟੈਸਟ ਦਿਓ।" ਸ਼ਮਿੰਦਰ ਨੇ ਦੱਸਿਆ। ਉਸ ਨੇ ਗੁਰਸੀਰ ਦੇ ਚਿਹਰੇ ਵੱਲ ਦੇਖਿਆ ਤੇ ਮੁੜ ਬੋਲਿਆ, "ਇਹਦੇ ਨਾਲੋਂ ਚੰਗਾ ਇਆ ਬੀ ਸੀ ਦੀ ਹੱਦ 'ਚ ਟਰੱਕ ਨਾ ਹੀ ਚਲਾਓ; ਤਾਂ ਹੀ ਮੈਂ ਹਰੇਕ ਟੀਮ ਨਾਲ਼ ਇਕ ਬੀ ਸੀ ਦੇ ਲਾਈਸੰਸ ਵਾਲ਼ਾ ਡਰਾਈਵਰ ਲਾਉਨਾ ਇਆਂ।"

> ***ਗੁਰਸੀਰ ਉਸ ਦਿਨ ਹੀ ਆਪਣੇ ਮੈਨੀਟੋਬਾ ਵਾਲੇ ਟਰੱਕ ਚਲਾਉਣ ਦੇ ਲਾਈਸੰਸ ਅਤੇ ਦੁਬਈ ਦੇ ਟਰੱਕ ਚਲਾਉਣ ਦੇ ਰਿਕਾਰਡ ਦੀਆਂ ਕਾਪੀਆਂ ਜਮ੍ਹਾਂ ਕਰਵਾ ਆਇਆ। ਪੰਦਰਾਂ ਦਿਨਾਂ 'ਚ ਉਸ ਨੂੰ ਬੀ ਸੀ ਸੂਬੇ ਦਾ ਲਾਈਸੰਸ ਮਿਲ ਗਿਆ। ਬਿਨਾਂ ਕਿਸੇ ਪੁੱਛ-ਪੜਤਾਲ ਤੇ ਰੋਕ-ਟੋਕ ਤੋਂ ਮਿਲੇ ਲਾਈਸੰਸ ਵੱਲ ਦੇਖ ਕੇ ਗੁਰਸੀਰ ਨੂੰ ਉਸਤਾਦ ਦੀ ਗੱਲ ਠੀਕ ਲੱਗਣ ਲੱਗੀ। ਫਿਰ ਉਸ ਨੇ ਸੋਚਿਆ, ਹੋ ਸਕਦਾ ਹੈ ਕਿ ਉਸ ਦਾ ਪਹਿਲਾ ਲਾਈਸੰਸ ਇੰਡੀਆ ਦੀ ਥਾਂ ਦੁਬਈ ਦਾ ਹੋਣ ਕਰ ਕੇ ਉਸ ਦੀ ਪੁੱਛ ਪੜਤਾਲ ਨਹੀਂ ਸੀ ਹੋਈ। ਉਹ ਆਪਣੇ ਨਵੇਂ ਲਾਈਸੰਸ ਵੱਲ ਦੇਖਦਾ ਸੋਚਣ ਲੱਗਾ ਕਿ ਉਹ ਸ਼ਮਿੰਦਰ ਨੂੰ ਇਸ ਬਾਰੇ ਦੱਸੇ ਜਾਂ ਨਾ। ਕੁਝ ਪਲ ਉਹ ਕੋਈ ਫ਼ੈਸਲਾ ਨਾ ਕਰ ਸਕਿਆ।***

ਸੁਣ ਕੇ ਗੁਰਸੀਰ ਨੇ "ਠੀਕ ਐ ਭਾਅ ਜੀ" ਕਿਹਾ। ਇਸ ਬਾਰੇ ਗੁਰਸੀਰ ਨੇ ਹੋਰ ਵੀ ਕਈ ਡਰਾਈਵਰਾਂ ਤੋਂ ਪੁੱਛ-ਪੜਤਾਲ ਕੀਤੀ। ਉਨ੍ਹਾਂ ਨੇ ਵੀ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ। ਗੁਰਸੀਰ ਨੂੰ ਨਵੇਂ ਸਿਰੇ ਤੋਂ ਲਾਈਸੰਸ ਲੈਣ ਨਾਲੋਂ ਦੁਬਾਰਾ ਲੌਗ ਬੁੱਕ ਤਿਆਰ ਕਰਨੀ ਸੌਖੀ ਲੱਗੀ ਪਰ ਜਦੋਂ ਗੁਰਸੀਰ ਨੂੰ ਕਿਸੇ ਕੋਲੋਂ ਪਤਾ ਲੱਗਾ ਕਿ ਕੈਨੇਡਾ 'ਚ ਪੱਕੇ ਹੋਣ ਲਈ ਜਿਸ ਸੂਬੇ ਵਿਚ ਅਰਜ਼ੀ ਦੇਣੀ ਹੁੰਦੀ ਹੈ, ਉਸ ਸੂਬੇ ਦਾ ਹੀ ਟਰੱਕ ਚਲਾਉਣ ਦਾ ਲਾਈਸੰਸ ਹੋਣਾ ਚਾਹੀਦਾ ਹੈ ਤਾਂ ਗੁਰਸੀਰ ਨੇ ਸੋਚਿਆ ਕਿ ਉਹ ਕਿਸੇ ਦਿਨ ਬੀ ਸੀ ਸੂਬੇ ਦਾ ਲਾਈਸੰਸ ਲੈ ਹੀ ਲਵੇਗਾ। ਫਿਰ ਉਸ ਅੰਦਰ ਡਰ ਉੱਠ ਖਲੋਤਾ, 'ਜੇ ਉਨ੍ਹਾਂ ਨੇ ਲਾਈਸੰਸ ਰੱਖ ਲਿਆ ਤਾਂ ਨੌਕਰੀ ਵਿਚ ਰੁਕਾਵਟ ਪੈ ਜਾਵੇਗੀ। ਅਰਜ਼ੀ ਲਾਉਣ ਲਈ ਤਾਂ ਘੱਟੋ-ਘੱਟ ਨੌਂ ਮਹੀਨੇ ਨੌਕਰੀ ਲਗਾਤਾਰ ਚਾਹੀਦੀ ਹੈ।' ਇਸ ਡਰ ਕਰ ਕੇ ਹੀ ਉਹ ਆਪਣਾ ਲਾਈਸੰਸ ਬਦਲਾਉਣ ਨਹੀਂ ਸੀ ਗਿਆ।

ਟਰੱਕ ਦੇ ਕੈਬਿਨ ਵਿਚ ਪਿਆ, ਇਹ ਸਭ ਸੋਚਦਾ ਹੀ ਗੁਰਸੀਰ ਸੌਂ ਗਿਆ। ਕੈਮਲੂਪਸ ਵਾਲੀ ਸਕੇਲ 'ਤੇ ਉਹੀ ਹੋਇਆ ਜਿਸ ਬਾਰੇ ਉਹ ਡਰਦੇ ਸਨ।

---

ਗੁਰਸੀਰ ਨੂੰ ਅਗਲੀ ਸਵੇਰ ਹੀ ਉਸਤਾਦ ਦਾ ਫੋਨ ਆ ਗਿਆ। ਉਹ ਬੋਲਿਆ, "ਕਰਵਾ ਆਇਆ ਜੇ ਜ਼ਬਤ ਲਸੰਸ ਸਾਡੇ ਬੰਦੇ ਦਾ?"

"ਮਾੜੀ ਹੋਈ ਉਸਤਾਦ।" ਗੁਰਸੀਰ ਢਿੱਲੀ ਆਵਾਜ਼ 'ਚ ਬੋਲਿਆ।

"ਜਦੋਂ ਐੱਲ ਐੱਮ ਆਈ ਏਆਂ ਦੇ ਖ਼ੂਨ ਮੂੰਹ ਨੂੰ ਲੱਗ ਜਾਣ, ਫੇਰ ਏਦਾਂ ਹੀ ਹੁੰਦੀ ਜੇ। ਹੁਣ ਤੂੰ ਬੀ ਸੀ ਦਾ ਲਸੰਸ ਛੇਤੀ ਲੈ ਲੀਂ, ਨਹੀਂ ਤੇਰੇ ਨਾਲ਼ ਵੀ ਨਾ ਹੋਵੇ ਕਿਤੇ ਏਤਰਾਂ ਈ। ਤੇਰਾ ਮਾਲਕ ਨਈਓਂ ਕਿਸੇ ਨੂੰ ਪੀ ਐੱਨ ਪੀ (ਪ੍ਰੋਵੈਂਸ਼ੀਅਲ ਨੌਮਨੀ ਪ੍ਰੋਗਰਾਮ) ਤਕ ਪਹੁੰਚਣ ਦਿੰਦਾ। ਜਿਹੜਾ ਕੋਈ ਮਾੜੀ ਮੋਟੀ ਤਿੜ ਫਿੜ ਕਰੇ, ਓਹਨੂੰ ਦੁੱਧ 'ਚੋਂ ਮੱਖੀ ਆਂਗੂ ਕੱਢ ਮਾਰਦਾ ਜੇ।" ਗੁਰਸੀਰ ਨੂੰ ਲੱਗਾ ਕਿ ਸ਼ਮਿੰਦਰ ਪ੍ਰਤੀ ਆਪਣੇ ਰੋਸੇ ਕਾਰਨ ਉਸਤਾਦ ਇਸ ਤਰ੍ਹਾਂ ਬੋਲ ਰਿਹਾ ਸੀ। ਉਸਤਾਦ ਦੇ ਵਰਕ ਪਰਮਿਟ ਦੀ ਮਿਆਦ ਮੁੱਕਣ ਤੋਂ ਬਾਅਦ ਸ਼ਮਿੰਦਰ ਨੇ ਉਸਤਾਦ ਨੂੰ ਵਾਅਦੇ ਅਨੁਸਾਰ ਨਵੀਂ ਐੱਲ ਐੱਮ ਆਈ ਏ ਨਹੀਂ ਸੀ ਦਿੱਤੀ ਤੇ ਉਸਤਾਦ ਨੂੰ ਕਿਸੇ ਹੋਰ ਕੰਪਨੀ ਤੋਂ ਲੈਣੀ ਪਈ ਸੀ। ਗੁਰਸੀਰ ਬੋਲਿਆ, "ਉਸਤਾਦ, ਸ਼ਮਿੰਦਰ ਨੂੰ ਵਿਚੋਂ ਕੀ ਮਿਲੂ ਕਿਸੇ ਦਾ ਨੁਕਸਾਨ ਕਰ ਕੇ?"

"ਨਵੀਂ ਐੱਲ ਐੱਮ ਆਈ ਏ। ਹੋਰ ਕੀ? ਹੁਣ ਸਰਕਾਰ ਨੂੰ ਕਹੇਗਾ ਕਿ ਮੇਰੇ ਡਰੈਵਰ ਦਾ ਲਸੰਸ ਜ਼ਬਤ ਹੋ ਗਿਆ, ਮੈਨੂੰ ਨਵਾਂ ਡਰੈਵਰ ਚਾਹੀਦਾ ਜੇ। ਤਾਂ ਹੀ ਨਈਓਂ ਨਾ ਲੈਣ ਦਿੰਦਾ ਹੁੰਦਾ ਬੀ ਸੀ ਦਾ ਲਸੰਸ। ਡਰੈਵਰ ਨੂੰ ਹਨੇਰੇ 'ਚ ਰੱਖਦਾ ਜੇ, ਪਈ ਪੀ ਐੱਨ ਪੀ ਦੀ ਅਰਜ਼ੀ ਮੌਕੇ ਡਰੈਵਰ ਅਰਜ਼ੀ ਲਾਉਣ ਤੋਂ ਬਾਹਰ ਹੋ ਜੂ। ਕਿਸੇ ਹੋਰ ਸੂਬੇ ਦੇ ਲਸੰਸ ਵਾਲੇ ਦੀ ਬੀ ਸੀ 'ਚ ਪੀ ਐੱਨ ਪੀ ਦੀ ਅਰਜ਼ੀ ਮਨਜ਼ੂਰ ਨਈਓਂ ਹੋਣੀ। ਡਰੈਵਰ ਜੱਭਦਾ ਫਿਰੇ। ਸ਼ਮਿੰਦਰ ਦੇ ਤਾਂ ਦੋਹੀਂ ਹੱਥੀਂ ਲੱਡੂ ਜੇ।" ਉਸਤਾਦ ਦੀ ਕਹੀ, ਲਾਈਸੰਸ ਰੱਦ ਕਰਵਾਉਣ ਵਾਲੀ ਗੱਲ, ਗੁਰਸੀਰ ਦੇ ਮਨ ਨਹੀਂ ਲੱਗੀ ਪਰ ਪੀ ਐੱਨ ਪੀ ਲਈ ਅਰਜ਼ੀ ਬਾਰੇ ਉਸ ਨੂੰ ਪੱਕਾ ਪਤਾ ਸੀ ਕਿ ਉਸੇ ਸੂਬੇ ਦਾ ਹੀ ਟਰੱਕ ਡਰਾਈਵਿੰਗ ਲਾਈਸੰਸ ਹੋਣਾ ਚਾਹੀਦਾ ਹੈ ਜਿਸ ਸੂਬੇ ਵਿਚ ਅਰਜ਼ੀ ਲਾਉਣੀ ਹੋਵੇ। ਇਹ ਉਸ ਨੂੰ ਹਰਵੀਰ ਨੇ ਵੀ ਦੱਸਿਆ ਸੀ। ਗੁਰਸੀਰ ਨੇ ਧਾਰ ਲਿਆ ਕਿ ਉਹ ਅੱਜ ਹੀ ਬੀ ਸੀ ਦਾ ਲਾਈਸੰਸ ਲੈਣ ਲਈ ਜਾਵੇਗਾ।

ਗੁਰਸੀਰ ਉਸ ਦਿਨ ਹੀ ਆਪਣੇ ਮੈਨੀਟੋਬਾ ਵਾਲੇ ਟਰੱਕ ਚਲਾਉਣ ਦੇ ਲਾਈਸੰਸ ਅਤੇ ਦੁਬਈ ਦੇ ਟਰੱਕ ਚਲਾਉਣ ਦੇ ਰਿਕਾਰਡ ਦੀਆਂ ਕਾਪੀਆਂ ਜਮ੍ਹਾਂ ਕਰਵਾ ਆਇਆ। ਪੰਦਰਾਂ ਦਿਨਾਂ 'ਚ ਉਸ ਨੂੰ ਬੀ ਸੀ ਸੂਬੇ ਦਾ ਲਾਈਸੰਸ ਮਿਲ ਗਿਆ। ਬਿਨਾਂ ਕਿਸੇ ਪੁੱਛ-ਪੜਤਾਲ ਤੇ ਰੋਕ-ਟੋਕ ਤੋਂ ਮਿਲੇ ਲਾਈਸੰਸ ਵੱਲ ਦੇਖ ਕੇ ਗੁਰਸੀਰ ਨੂੰ ਉਸਤਾਦ ਦੀ ਗੱਲ ਠੀਕ ਲੱਗਣ ਲੱਗੀ। ਫਿਰ ਉਸ ਨੇ ਸੋਚਿਆ ਕਿ ਹੋ ਸਕਦਾ ਹੈ ਕਿ ਉਸ ਦਾ ਪਹਿਲਾ ਲਾਈਸੰਸ ਇੰਡੀਆ ਦੀ ਥਾਂ ਦੁਬਈ ਦਾ ਹੋਣ ਕਰ ਕੇ ਉਸ ਦੀ ਪੁੱਛ ਪੜਤਾਲ ਨਹੀਂ ਸੀ ਹੋਈ। ਉਹ ਆਪਣੇ ਨਵੇਂ ਲਾਈਸੰਸ ਵੱਲ ਦੇਖਦਾ ਸੋਚਣ ਲੱਗਾ ਕਿ ਉਹ ਸ਼ਮਿੰਦਰ ਨੂੰ ਇਸ ਬਾਰੇ ਦੱਸੇ ਜਾਂ ਨਾ। ਕੁਝ ਪਲ ਉਹ ਕੋਈ ਫ਼ੈਸਲਾ ਨਾ ਕਰ ਸਕਿਆ। ਫਿਰ ਉਸ ਨੇ ਸੋਚਿਆ ਕਿ ਉਹ ਸ਼ਮਿੰਦਰ ਨੂੰ ਇਸ ਬਾਰੇ ਦੱਸ ਦੇਵੇਗਾ।

ਗੁਰਸੀਰ ਦੀ ਨਵੇਂ ਲਾਈਸੰਸ ਵਾਲੀ ਗੱਲ ਸੁਣ ਕੇ ਸ਼ਮਿੰਦਰ ਇਕਦਮ ਚੁੱਪ ਹੋ ਗਿਆ। ਫਿਰ ਬੋਲਿਆ, "ਗੁਰਸੀਰ, ਤੂੰ ਵੀ ਹੁਣ ਆਪਣੀਆਂ ਮਰਜ਼ੀਆਂ ਕਰਨ ਲੱਗ ਪਿਆ ਇਆਂ।"

"ਨਹੀਂ ਭਾਅ ਜੀ, ਮੈਂ ਕਿਹਾ ਇਹ ਕੰਮ ਵੀ ਨਬੇੜ ਹੀ ਦੇਵਾਂ। ਕਿਤੇ ਤੁਹਾਨੂੰ ਮੇਰੇ ਕਰ ਕੇ ਕਿਸੇ ਤਕਲੀਫ਼ 'ਚ ਨਾ ਪੈਣਾ ਪੈ ਜਾਏ।" ਗੁਰਸੀਰ ਨੇ ਜਾਣ ਕੇ ਇਸ ਤਰ੍ਹਾਂ ਅਣਭੋਲ ਬਣਦਿਆਂ ਕਿਹਾ।

**(ਚੱਲਦਾ)**

# ਸੰਵਾਦੀ ਸੁਰ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ-2

ਸੁਮੇਲ ਸਿੰਘ ਸਿੱਧੂ ਨੇ 'ਪੰਜਾਬ ਟਾਈਮਜ਼' ਦੇ 2 ਸਤੰਬਰ 2023 ਦੇ ਅੰਕ ਵਿਚ ਮਰਹੂਮ ਹਰਚੰਦ ਸਿੰਘ ਲੌਂਗੋਵਾਲ ਨੂੰ 'ਪੰਜਾਬੀ-ਪੰਥ ਦੇ ਹੁਸਨ ਇਖਲਾਕ ਦਾ ਮੁਜੱਸਮਾ' ਕਹਿ ਕੇ ਸੰਵਾਦੀ ਸੁਰ ਨੂੰ ਉਭਾਰਨ ਵਾਸਤੇ ਜੋ ਕੋਸ਼ਿਸ਼ ਕੀਤੀ ਹੈ, ਉਸ ਨੂੰ ਅੱਗੇ ਤੋਰੇ ਜਾਣ ਦੀ ਇਸ ਵੇਲੇ ਬਹੁਤ ਲੋੜ ਹੈ। ਚੁਫੇਰੇ ਪਸਰੀ ਸਿਆਸੀ ਆਪਾ-ਧਾਪੀ ਵਿਚ ਸੰਵਾਦੀ ਸੁੰਗੜਾਅ ਕਰਕੇ ਪੈਦਾ ਹੋ ਗਈ ਹਰ ਤਰ੍ਹਾਂ ਦੀ ਖੜੋਤ ਵਿਚ ਪੰਜਾਬੀ-ਪੰਥ ਨੂੰ ਸਿੱਖ-ਪੰਥ ਅਤੇ ਖਾਲਸਾ-ਪੰਥ ਦੇ ਹਵਾਲੇ ਨਾਲ



**ਬਲਕਾਰ ਸਿੰਘ ਪ੍ਰੋਫੈਸਰ**

ਪੰਥਕ-ਸਮੁੱਚ ਨੂੰ ਵੀਚਾਰੇ ਜਾਣ ਦੀ ਲੋੜ ਹੈ। ਪੱਕੇ ਸਿੱਖ, ਕੱਟੜ ਸਿੱਖ ਅਤੇ ਲਿਬਰਲ-ਸਿੱਖ ਵਿਚਕਾਰ ਪਾਏ ਜਾ ਰਹੇ ਵਖਰੇਵਿਆਂ ਨਾਲ ਪੈਦਾ ਹੋ ਰਹੀਆਂ ਸਿੱਖ-ਕੋਟੀਆਂ ਦੀ ਗੁਰੂ ਦੇ ਸਿੱਖਾਂ ਨੂੰ ਕਦੇ ਲੋੜ ਨਹੀਂ ਸੀ ਕਿਉਂਕਿ ਸਿੱਖ ਅਤੇ ਗੁਰੂ ਦੇ ਵਿਚਕਾਰ ਕਿਸੇ ਹੋਰ ਦੀ ਲੋੜ ਦੀ ਆਗਿਆ ਹੀ ਨਹੀਂ ਹੈ।

ਇਸ ਵਰਤਾਰੇ ਵਿਚ ਸੁਮੇਲ ਨੇ ਅਕਾਦਮਿਕ ਡੀਹਟੀ ਮਾਰਦਿਆਂ-ਮਾਰਦਿਆਂ ਵਗਦੇ ਵਹਿਣ ਵਿਚ ਆਪ ਹੀ ਛਾਲ ਮਾਰ ਦਿੱਤੀ ਹੈ। ਧਿਆਨ ਨਾਲ ਪੜ੍ਹਣ ਵਾਲਿਆਂ 'ਤੇ ਪੈ ਗਏ ਛਿੱਟਿਆਂ ਨਾਲ ਇਹ ਸਵਾਲ ਪੈਦਾ ਹੋ ਗਿਆ ਹੈ ਕਿ ਸਿੱਖ-ਸੰਤਾਂ ਨੂੰ ਜਿਵੇਂ ਸਿੱਖ ਸਿਆਸਤ ਨੇ ਸਿੱਖਾਂ ਦੀ ਮੁੱਖਧਾਰਾ ਵਿਚੋਂ ਡੇਰੇਦਾਰ ਕਹਿ ਕੇ ਬਾਹਰ ਕੀਤਾ ਹੋਇਆ ਹੈ, ਉਸ ਵਿਚ ਸੁਮੇਲ ਨੂੰ ਸੰਤ ਹਰਚੰਦ ਸਿੰਘ ਇਹੋ ਜਿਹਾ ਕਿਉਂ ਲੱਗਿਆ ਹੈ? ਇਹ ਵੀ ਸੋਚੇ ਜਾਣ ਦੀ ਲੋੜ ਹੈ ਕਿ ਇਹੋ ਜਿਹੇ ਸਵਾਲਾਂ ਨੂੰ ਪਿਛਲੇ ਚਾਰ ਦਹਾਕੇ ਕਿਸ ਨੇ ਰੋਕੀ ਰੱਖਿਆ ਹੈ? ਕਤਲ ਹੋਣ ਵਾਲੇ ਦਿਨ ਤੋਂ ਹੀ ਸੰਤ ਜੀ ਸ਼ਹੀਦ ਸਨ ਅਤੇ ਉਨ੍ਹਾਂ ਨੂੰ ਅਕਾਦਮੀਸ਼ਨ 'ਹਰੀਚੰਦ' ਕਹਿ ਕੇ ਮਾਰਨ ਦੀ ਕੋਸ਼ਿਸ਼ ਕਿਉਂ ਕਰਦੇ ਰਹੇ ਹਨ? ਜਿਨ੍ਹਾ ਦੇ ਪੈਰੋਂ ਇਹ ਸ਼ਹੀਦੀ ਹੋਈ ਸੀ, ਉਹੀ ਉਸ ਨੂੰ ਸਿਆਸੀ-ਜੱਫੀ ਵਿਚ ਲੈ ਕੇ ਕਿਉਂ ਮਾਰਦੇ ਰਹੇ ਹਨ? ਇਸ ਪਿਛੋਕੜ ਵਿਚ ਸੁਮੇਲ ਨੇ ਜੋ ਕਹਿਣ ਦੀ ਕੋਸ਼ਿਸ਼ ਕੀਤੀ ਹੈ, ਉਹ ਹਰ ਹਾਲਤ ਵਿਚ ਲੋੜੀਂਦੀ ਸੁਰ ਵਾਂਗ ਬੁਲੰਦ ਕੀਤੇ ਜਾਣ ਦੀ ਲੋੜ ਹੈ। ਹੁੰਗਾਰੇ ਦੀ ਅਣਹੋਂਦ ਵਿਚ ਕੋਸ਼ਿਸ਼ਾਂ ਅਤੇ ਸੰਭਾਵਨਾਵਾਂ ਨੂੰ ਦਫਨ ਹੋ ਜਾਣ ਤੋਂ ਨਹੀਂ ਰੋਕਿਆ ਜਾ ਸਕਦਾ। ਮੇਰੇ ਉਹ ਹਾਣੀ ਸਨ ਅਤੇ ਮੈਂ ਜਾਣਦਾ ਹਾਂ ਕਿ ਜਿਹੜੇ ਵਰਤਾਰੇ ਵਿਚ ਮੌਜੋ ਵਰਗੀ ਸਿੱਖ-ਟਕਸਾਲ ਨੇ ਉਨ੍ਹਾਂ ਦੇ ਗੁਆਚੇ ਹੋਏ ਬਚਪਨ ਨੂੰ ਅਕਾਲੀ ਦਲ ਦਾ ਪ੍ਰਧਾਨ ਹੋ ਜਾਣ ਦੇ ਕਾਬਲ ਬਣਾ ਦਿੱਤਾ ਸੀ, ਉਹ ਸਮਾਜਿਕ ਜੁੰਮੇਵਾਰੀ ਇਸ ਵੇਲੇ ਟਕਸਾਲੀ ਈਜਾਰੇਦਾਰੀ ਦਾ ਸ਼ਿਕਾਰ ਹੋ ਚੁੱਕੀ ਹੈ। ਸੰਗਰੂਰ ਵਿਚ ਇਹੋ ਜਿਹਾ ਕ੍ਰਿਸ਼ਮਾਂ ਪਹਿਲਾਂ ਅਕਾਲੀ ਫੂਲਾ ਸਿੰਘ ਦੇ ਰੂਪ ਵਿਚ ਨਿਹੰਗ-ਟਕਸਾਲ ਰਾਹੀਂ ਵੀ ਵਾਪਰ ਚੁੱਕਾ ਸੀ। ਸਿੱਖ ਪ੍ਰਸੰਗ ਵਿਚ ਇਸ ਤਰ੍ਹਾਂ ਦੇ ਉਭਾਰਾਂ ਦੇ ਉਸਾਰ ਸਾਹਮਣੇ ਲਿਆਂਦੇ ਜਾਣ ਦੀ ਲੋੜ ਲਈ ਲੋੜੀਂਦੇ ਸੰਵਾਦ ਦੀ ਵੰਗਾਰ ਇਸ ਲੇਖ ਨਾਲ ਪੈਦਾ ਤਾਂ ਹੋ ਗਈ ਹੈ, ਪਰ ਇਸ ਨੂੰ ਤੋਰੀ ਰੱਖਣ ਲਈ ਚੇਤੰਨ ਲੋਕਾਂ ਨੂੰ ਅੱਗੇ ਆਉਣ ਦੀ ਲੋੜ ਹੈ।

ਸੰਵਾਦੀ ਉਸਾਰੀ (ਕਿਛੁ ਕਹੀਐ ਕਿਛੁ ਸੁਣੀਐ..) ਵਾਲੇ ਰਾਹ ਤੁਰਾਂਗੇ ਤਾਂ ਸਮਝ ਸਕਾਂਗੇ ਕਿ ਪੰਜਾਬੀ ਸਭਿਆਚਾਰ ਅਤੇ ਸਿੱਖ ਧਰਮ ਨੂੰ ਕਰਿੰਘੜੀ ਪੁਆ ਕੇ ਓਸੇ ਤਰ੍ਹਾਂ ਤੋਰੀ ਰੱਖਣ ਦੀ ਲੋੜ ਹੈ, ਜਿਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਇਹ ਕਹਿ ਕੇ ਰੱਖੀ ਸੀ ਕਿ ਬੰਦੇ ਦਾ ਜਨਮ ਸਭਿਆਚਾਰ ਵਿਚ ਹੁੰਦਾ ਹੈ ਅਤੇ ਧਰਮ ਉਸ ਨੂੰ ਧਾਰਨ ਕਰਨਾ ਪੈਂਦਾ ਹੈ। ਇਹੋ ਜਿਹੀ ਭਾਵਨਾ ਦੇ ਪ੍ਰਤੀਨਿਧ ਸਨ ਮਰਹੂਮ ਸੰਤ ਜੀ। ਉਹ ਮੂਲ ਰੂਪ ਵਿਚ ਸਿੱਖ ਸਨ ਅਤੇ ਸਿੱਖੀ ਵਿਚ ਸਾਰੀਆਂ ਸੰਭਾਵਨਾਵਾਂ ਨਿਹਿਤ ਮੰਨਦੇ ਸਨ। ਜਿਨ੍ਹਾਂ ਦੇ ਵਾਸਤੇ ਉਹ ਜੀਉ ਰਹੇ ਸਨ, ਜਦੋਂ ਉਨ੍ਹਾਂ ਨੇ ਹੀ ਕੌਮ ਦਾ ਗੱਦਾਰ ਕਹਿ ਕੇ ਗੋਲੀਆਂ ਮਾਰ ਦਿੱਤੀਆ ਤਾਂ ਸੁਮੇਲ ਨੇ ਇਸ ਵਰਤਾਰੇ ਨੂੰ 'ਹਤਿਆਰਿਆਂ ਹੱਥੋਂ ਸਹੀਦ ਹੋਏ' ਕਿਹਾ ਹੈ। ਜਿਹੜੇ ਅੱਜ ਵੀ ਇਹ ਸਵਾਲ ਪੈਦਾ ਕਰ ਰਹੇ ਹਨ ਕਿ ਰਾਜੀਵ-ਲੌਂਗੋਵਾਲ ਸਮਝੌਤੇ ਨਾਲ ਮਿਲਿਆ ਕੀ, ਉਨ੍ਹਾਂ ਨੂੰ ਕੌਣ ਦੱਸੇ ਕਿ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਦੇਸ਼ ਦੇ ਪ੍ਰਧਾਨ ਮੰਤਰੀ





ਦਰਮਿਆਨ ਹੋਏ ਸਮਝੌਤੇ ਦਾ ਜਿਨ੍ਹਾਂ ਨੇ ਲਾਭ ਲੈਣਾ ਸੀ, ਉਨ੍ਹਾਂ ਦੇ ਪੈਰੋਂ ਹੀ ਜਦੋਂ ਸੰਭਾਵਨਾਵਾਂ ਦਫਨ ਹੋ ਗਈਆਂ ਤਾਂ ਨਤੀਜਆਂ ਨੂੰ ਕਿਵੇਂ ਰੋਕਿਆ ਜਾ ਸਕਦਾ ਸੀ। ਸੁਮੇਲ ਮੁਤਾਬਿਕ 'ਸਿੱਖ ਲਹਿਰ ਦੀ ਮਨੁੱਖ-ਮਿੱਤਰ ਵੀਚਾਰਧਾਰਾ' ਦਾ ਰਾਹ ਜਿਸ ਤਰ੍ਹਾਂ ਵਾਰਸ ਕਹਾਉਣ ਵਾਲਿਆਂ ਵੱਲੋਂ ਲਗਾਤਾਰ ਰੋਕਿਆ ਜਾਂਦਾ ਰਿਹਾ ਹੈ, ਉਸ ਤਰ੍ਹਾਂ ਕਿਸੇ ਵੀ ਰੰਗ ਦੇ ਸਿੱਖ-ਵਿਰੋਧੀ ਨੇ ਤਾਂ ਨਹੀਂ ਰੋਕਿਆ। ਪੰਥ ਦੇ ਨਾਮ ਤੇ ਸਿਆਸੀ ਦੁਕਾਨਾਂ ਸਜਾਈ ਬੈਠਿਆਂ ਨੂੰ ਕੌਣ ਦੱਸੇ ਕਿ ਬਹੁ-ਸਭਿਆਚਾਰਕ ਵਰਤਾਰਿਆਂ ਵਿਚ ਸਿੱਖਾਂ ਦੀਆਂ ਪ੍ਰਾਪਤੀਆਂ ਨੂੰ ਉਲਾਰ ਸਿਆਸਤ ਤੋਂ ਬਚਾਏ ਜਾਣ ਦੀ ਲੋੜ ਹੈ। ਇਸ ਬਾਰੇ ਸੰਵਾਦ ਰਚਾਵਾਂਗੇ ਤਾਂ ਸਮਝ ਸਕਾਂਗੇ ਕਿ ਸਿੰਘ ਸਭਾ ਦੇ ਮਹਾਂਰਥੀਆਂ ਵਿਚੋਂ ਸਿਆਸਤ ਵੱਲ ਰੁਚਿਤ ਕਿਉਂ ਨਹੀਂ ਹੋਏ ਸਨ? ਇਹ ਵੀ ਵੀਚਾਰਿਆ ਜਾਣਾ ਚਾਹੀਦਾ ਹੈ ਕਿ ਸਿਆਸਤ ਦੇ ਪੈਰੋਂ ਧਰਮ ਦਾ ਸੰਵਰਦਾ ਕੀ ਰਿਹਾ ਹੈ ਅਤੇ ਵਿਗੜਦਾ ਕੀ ਰਿਹਾ ਹੈ? ਗੁਰਮਤਿ ਨੇ ਆਮ ਬੰਦੇ ਲਈ ਜੋ 'ਨਰੋਈ, ਸਾਂਝੀ ਕੌਮੀ ਜ਼ਮੀਨ ਤਿਆਰ ਕੀਤੀ ਸੀ', ਉਸ ਨੂੰ ਬੰਜਰ ਬਨਾਉਣ ਦੀ ਰਾਜਨੀਤੀ ਕੌਣ ਕਰਦਾ ਰਿਹਾ ਹੈ?

ਇਹ ਸਮਾਂ ਉਲਾਰ ਸੱਜੂਆਂ-ਖੱਬੂਆ ਵਿਚਕਾਰ ਚੱਲ ਰਹੀ ਠੰਡੀ ਜੰਗ ਦਾ ਹੈ। ਇਸ ਵਿਚ ਸੁਣੀਐ ਅਤੇ ਮੰਣੀਐ ਤੋਂ ਮਹਿਰੂਮ ਸਿਆਸਤ ਦਫਨ ਹੈ। ਇਹੋ ਜਿਹੇ ਹਾਲਾਤ ਵਿਚੋਂ ਆਮ ਬੰਦੇ ਨੂੰ ਲੋੜੀਂਦੀਆਂ ਜੁਗਤਾਂ ਦਾ ਰਾਹ ਰੋਕਦੀ ਕਿਸੇ ਵੀ ਕਿਸਮ ਦੀ ਸਿਆਸਤ ਕੰਮ ਨਹੀਂ ਆ ਸਕੀ। ਰਾਜਨੀਤਕ ਖਾਜਾ ਹੋ ਜਾਣ ਤੋਂ ਆਮ ਬੰਦੇ ਨੂੰ ਬਚਾਉਣ ਦੀ ਰੀਝ ਦੇ ਪ੍ਰਤੀਨਿਧ ਵਜੋਂ ਵਿਚਰਦਾ ਰਿਹਾ ਸੀ ਸੰਤ ਹਰਚੰਦ ਸਿੰਘ। ਉਹ ਸੰਗਰੂਰ ਵਿਚ ਚੱਲ ਰਹੀਆਂ ਉਨ੍ਹਾਂ ਜਨਤਕ ਲਹਿਰਾਂ ਵਿਚ ਵੀ ਹਿੱਸਾ ਲੈਂਦੇ ਰਹੇ ਸਨ, ਜਿਨ੍ਹਾਂ ਦੀ ਸਿਆਸਤ ਨਾਲ ਉਹ ਬਿਲਕੁਲ ਵੀ ਸਹਿਮਤ ਨਹੀਂ ਸਨ। ਉਸ ਭਲੇ ਜ਼ਮਾਨੇ ਵਿਚ ਕਮਿਊਨਿਸਟ ਵੀ ਅੰਮ੍ਰਿਤਧਾਰੀ ਹੁੰਦੇ ਸਨ। ਵਿਰਾਸਤੀ ਸਭਿਆਚਾਰ ਨੂੰ ਨਾਲ ਲੈ ਕੇ ਤੁਰਨ ਵਾਲਾ ਇਨਸਾਨੀ ਜਜ਼ਬਾ ਨੈਤਿਕਤਾ ਨਾਲ ਨਿਭਣ ਦੀ ਸੁੱਚੀ ਮਾਨਸਿਕਤਾ ਹੁੰਦਾ ਹੈ। ਏਸੇ ਨਾਲ ਆਪਸੀ ਭਾਈਚਾਰਾ ਪੱਕੇ ਪੈਰੀਂ ਹੋਣ ਵਾਲੇ ਰਾਹ ਪਿਆ ਰਹਿੰਦਾ ਹੈ। 'ਸਿਆਸੀ ਇਖਲਾਕ' ਦੀ ਇਸ ਭਾਵਨਾ ਨਾਲ ਨਿਭਣ ਦਾ ਬਿਰਦ ਸੰਤ ਜੀ ਨੇ ਕੇਸਾਂ ਸੁਆਸਾਂ ਸੰਗ ਪਾਲਿਆ ਸੀ। ਇਸੇ ਇਖਲਾਕੀ ਹੁਸਨ ਨੂੰ ਉਸ ਦੇ ਸਮਕਾਲੀ ਗਰੀਬ ਦੀ ਕੁੜੀ ਦੇ ਹੁਸਨ ਵਾਂਗ ਸਮਝਦੇ ਰਹੇ ਸਨ ਅਤੇ ਇਸੇ ਭਾਵਨਾ ਦਾ ਨਤੀਜਾ ਉਨ੍ਹਾਂ ਦੀ ਸ਼ਹੀਦੀ ਵਿਚ ਨਿਕਲਿਆ ਸੀ। ਇਸ ਸ਼ਹੀਦੀ ਦਾ ਲਾਭ ਉਸ ਦੇ ਕਰੀਬੀਆਂ ਅਤੇ ਵਿਰੋਧੀਆਂ ਨੂੰ ਲਗਾਤਾਰ ਹੁੰਦਾ ਰਿਹਾ ਹੈ। ਪੰਜਾਬ ਦੀ ਖਾੜਕੂ ਅਤੇ ਨਰਮ ਰਾਜਨੀਤੀ ਬਾਰੇ ਜਿਹੜੇ ਸਵਾਲ ਸੁਮੇਲ ਨੇ ਉਠਾਏ ਹਨ, ਉਨ੍ਹਾ ਬਾਰੇ ਚਰਚਾ ਹੋਏਗੀ ਤਾਂ ਸਮਝ ਸਕਾਂਗੇ ਕਿ ਸ਼ਹੀਦੀਆਂ ਦੀ ਸਿਆਸਤ ਦੇ ਪੈਰੋਂ ਮਰਨ ਅਤੇ ਮਾਰਨ ਦੇ ਰਾਹ ਪੰਜਾਬੀ ਕਿਉਂ ਪਿਆ ਹੋਇਆ ਹੈ? ਇਹੋ ਜਿਹੇ ਹਾਲਾਤਾਂ ਵਿਚ ਸੁਮੇਲ ਮੁਤਾਬਿਕ ਸੰਤ ਜੀ ਨੇ 'ਆਪਣੀ ਸਮਰਪਨ ਭਾਵਨਾ, ਧੜੇਬੰਦਕ ਭੇੜ ਤੋਂ ਨਿਰਲੇਪ ਰਹਿੰਦਿਆਂ ਅਕਾਲੀ ਦਲ ਵਿਚ ਸਦਭਾਵੀ ਏਕਤਾ' ਕਾਇਮ ਕੀਤੀ ਰੱਖੀ ਸੀ। ਏਸੇ ਤੇ ਪਹਿਰਾ ਦਿੱਤੇ ਜਾਣ ਲਈ ਸੰਵਾਦ ਰਚਾਏ ਜਾਣ ਦੀ ਲੋੜ ਦਾ ਮੁਦੱਈ ਹੈ ਸੁਮੇਲ ਦਾ ਲੇਖ। ਸੰਤ ਦਾ ਹਰ ਮੈਦਾਨ ਵਿਚ ਸਿੱਖ-ਸਹਿਜ ਉਸ ਨਾਲ ਤੁਰਨ ਵਾਲਿਆਂ ਨੂੰ ਵਿਚਲਿਤ ਕਰਦਾ ਰਹਿੰਦਾ ਸੀ। ਸਿਆਸੀ ਰੋਟੀਆਂ ਸੇਕਣ ਵਾਲੀ ਪ੍ਰਚਲਿਤ ਸਿਆਸਤ ਦੇ ਵਹਿਣ ਵਿਚ ਵਹਿਣ ਤੋਂ ਉਹ ਬਚਦੇ ਰਹੇ ਸਨ। ਇਕ ਸ਼ਰੀਕ ਸਿਆਸਤਦਾਨ ਦਾ ਇਹ ਖਦਸ਼ਾ ਸੱਚ ਹੋ ਗਿਆ ਹੈ ਕਿ ਜੇ ਇਹ ਪ੍ਰਧਾਨ ਬਣ ਗਿਆ ਤਾਂ ਮਗਰੋਂ ਨਹੀਂ ਲਹਿਣਾ। ਕਹਿਣ ਵਾਲੇ ਵੀ ਉਸ ਵਾਂਗ ਚਲੇ ਗਏ ਹਨ, ਪਰ ਜਿਸ ਤਰ੍ਹਾਂ ਸੁਮੇਲ ਨੇ ਸੰਤ ਜੀ ਨੂੰ ਪੰਜਾਬ ਵਾਸਤੇ ਲੋੜੀਂਦੇ ਪ੍ਰਸੰਗਕ-ਸੰਵਾਦ ਵਾਸਤੇ ਲੋੜਵੰਦਾ ਮੰਨ ਲਿਆ ਹੈ, ਇਸ 'ਤੇ ਪਹਿਰਾ ਦਿੱਤੇ ਜਾਣ ਵਿਚ ਹੀ ਪੰਜਾਬ ਦਾ ਭਲਾ ਹੈ।

# ਸਾਰਾ ਜਹਾਨ ਮੇਰਾ !

ਮਨੁੱਖ 'ਚ ਦੂਜੇ ਨੂੰ ਜਾਣਨ, ਪਛਾਣਨ ਤੇ ਉਸ ਬਾਰੇ ਮਨ ਹੀ ਮਨ ਰਾਇ ਬਣਾਉਣ ਦੀ ਕੁਦਰਤੀ ਪ੍ਰਵਿਰਤੀ ਹੈ। ਉਹ ਦੂਰ-ਨੇੜਿਓਂ ਲੰਘ ਰਹੇ ਲੋਕਾਂ ਨੂੰ ਘੋਖਦੈ, ਉਨ੍ਹਾਂ ਦੇ ਪਹਿਰਾਵੇ, ਨੈਣ-ਨਕਸ਼, ਚਾਲ-ਢਾਲ ਬਾਰੇ ਮਨ ਹੀ ਮਨ ਟਿੱਪਣੀਆਂ ਕਰਦੈ, ਖੁਸ਼ ਹੁੰਦੈ, ਕੁੜ੍ਹਦੈ ਤੇ ਫੇਰ 'ਚਲੋ ਜੀ ਆਪਾਂ ਕੀ ਲੈਣਾ' ਆਖ ਸ਼ਾਂਤ ਚਿੱਤ ਹੋਣ ਦੇ ਆਹਰ 'ਚ ਜੁੱਟ ਜਾਂਦੈ ਪਰ ਕਈ ਵਾਰ ਅੱਭੜਵਾਹੇ ਮੂੰਹੋਂ ਨਿੱਕਲੇ ਬੋਲ ਅਜੀਬ ਜਿਹੇ ਹਾਲਾਤ ਪੈਦਾ ਕਰ ਦਿੰਦੇ ਹਨ...ਹੈਰਾਨ ਕਰਨ ਵਾਲੇ, ਮਜ਼ੇਦਾਰ ਤੇ ਹਾਸੋਹੀਣੇ ਵੀ!

ਟਰੱਕ ਚਲਾਉਂਦਿਆਂ ਸਾਨੂੰ ਵੱਖੋ ਵੱਖਰੇ ਲੋਕ ਦੇਖਣ ਨੂੰ ਮਿਲਦੇ ਹਨ। ਵੱਖੋ ਵੱਖਰੇ ਰੰਗ,

**ਇੰਦਰਜੀਤ ਚੁਗਾਵਾਂ**

ਨਸਲ, ਸੁਭਾਅ, ਤੁਰਨ-ਫਿਰਨ ਦਾ ਆਪੋ-ਆਪਣਾ ਅੰਦਾਜ਼। ਹੋਰਨਾਂ ਬਾਰੇ ਤਾਂ ਕੁੱਝ ਨਹੀਂ ਕਹਿ ਸਕਦਾ ਪਰ ਆਪਣੇ ਲੋਕਾਂ 'ਚ ਦੂਸਰੇ ਵੱਲ ਟਿਕਟਿਕੀ ਲਾ ਕੇ ਦੇਖਣ ਦੀ ਆਦਤ ਐ। ਗੋਰੇ, ਕਾਲੇ, ਸਪੈਨਿਸ਼ ਲੋਕਾਂ 'ਚ ਇਹ ਆਦਤ ਨਹੀਂ ਜਾਪਦੀ ਜਾਂ ਘੱਟ ਐ ਜਾਂ ਉਹ ਏਨੇ ਮੀਸਣੇ ਹਨ ਕਿ ਦੂਜੇ ਨੂੰ ਪਤਾ ਨਹੀਂ ਲੱਗਣ ਦਿੰਦੇ। ਘੱਟੋ-ਘੱਟ ਮੇਰਾ ਤਜਰਬਾ ਇਹੀ ਕਹਿੰਦੈ। ਉਹ ਤੁਹਾਡੇ ਕੋਲੋਂ ਲੰਘਣਗੇ, ਤੁਹਾਡੇ ਵੱਲ ਮੁਸਕਾਨ ਉਛਾਲਣਗੇ ਤੇ ਚਲੇ ਜਾਣਗੇ। ਆਪਣੇ ਲੋਕ, ਕੋਲੋਂ ਲੰਘ ਰਹੇ ਬੰਦੇ ਨੂੰ ਘੂਰ ਘੂਰ ਕੇ ਅਸਹਿਜ ਕਰ ਦੇਣਗੇ ਤੇ ਆਪਣੇ ਨਾਲਦੇ ਨੂੰ ਕਹਿਣਗੇ, 'ਲੈ ਦੇਖ, ਇਹਦਾ ਈ ਨੀਂ ਪਤਾ ਲੱਗਦਾ...ਦੇਖ ਤਾਂ ਸਹੀ, ਕਿੱਦਾਂ ਤੀਂਘੜ ਕੇ ਤੁਰ ਰਿਹੈ...ਲੱਤਾਂ ਤਾਂ ਦੇਖ ਜਿੱਦਾਂ ਝੋਲੇ 'ਚ ਬੰਬ ਰੱਖਿਆ ਹੁੰਦਾ...ਓਏ ਸਾਲਿਆ ਪੈਂਟ ਸਾਂਭ, ਚਿੱਤੜ ਨੰਗੇ ਹੋਣ ਲੱਗੇ ਤੇਰੇ...।'

ਮੈਂ ਕੋਈ ਵੱਖਰਾ ਨਹੀਂ, ਭਾਈਚਾਰੇ ਦਾ ਈ ਅੰਗ ਹਾਂ। ਮੇਰੀ ਨਜ਼ਰ ਸਾਹਮਣੇ ਵਾਲੇ ਬੰਦੇ ਦੇ ਕੱਪੜਿਆਂ, ਸਰੀਰਕ ਬਣਤਰ ਜਾਂ ਚਾਲ-ਢਾਲ ਵੱਲ ਨਹੀਂ ਹੁੰਦੀ। ਮੇਰੀ ਅੱਖ ਚੋਰੀ ਛੁਪੇ ਉਸ ਦੀਆਂ ਅੱਖਾਂ ਵੱਲ, ਉਸ ਦੇ ਮੱਥੇ ਵੱਲ, ਉਸ ਦੀ ਮੁਸਕਣੀ ਵੱਲ ਹੁੰਦੀ ਐ...ਮੈਂ ਇਹ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰਦਾ ਹਾਂ ਕਿ ਇਹ ਬੰਦਾ ਖੁਸ਼ ਐ, ਸੰਤੁਸ਼ਟ ਐ ਜਾਂ ਟੈਨਸ਼ਨ ਦਾ ਸ਼ਿਕਾਰ ਐ...ਕੀ ਕਰਾਂ, ਰਹਿ ਨਹੀਂ ਹੁੰਦਾ! ਐਪਰ, ਏਥੇ ਆ ਕੇ ਸਾਹਮਣੇ ਤੁਰੇ ਆ ਰਹੇ ਮਨੁੱਖ ਵੱਲ ਦੇਖ ਮੁਸਕਰਾਉਣਾ ਮੈਂ ਵੀ ਸਿੱਖ ਲਿਐ। ਬੱਚੇ ਅਜਿਹੀਆਂ ਗੱਲਾਂ ਜਲਦੀ ਸਿੱਖ ਲੈਂਦੇ ਹਨ। ਮੈਨੂੰ ਵੀ ਬੇਟੇ ਅਫ਼ਰਾਜ਼ ਨੇ ਹੀ 'ਮੁਸਕਰਾਉਣ ਦੀ ਕਲਾ' ਸਿਖਾਈ ਸੀ। ਏਸੇ ਸਿਲਸਿਲੇ 'ਚ ਮੈਨੂੰ ਇਹ ਵੀ ਤਜਰਬਾ ਹੋਇਐ ਕਿ ਲੋਕ ਮੇਰੇ ਵੱਲ ਵੀ ਗਹੁ ਨਾਲ ਦੇਖਦੇ ਹਨ ਤੇ ਆਪੋ-ਆਪਣੇ ਅੰਦਾਜ਼ੇ ਲਾਉਂਦੇ ਹਨ।

ਇੱਕ ਵਾਰ ਮੈਰੀਲੈਂਡ ਤੋਂ ਵਾਪਸੀ ਵੇਲੇ ਅਸੀਂ ਓਕਲਹਾਮਾ ਦੇ ਇੱਕ ਟਰੱਕ ਸਟਾਪ 'ਤੇ ਆ ਕੇ ਰੁਕੇ। ਡਰਾਈਵ ਮੇਰਾ ਸਹਿਯੋਗੀ ਕਰ ਰਿਹਾ ਸੀ। ਉਸ 'ਤੇ ਸੁਸਤੀ ਭਾਰੂ ਹੋ ਰਹੀ ਸੀ। ਉਸਨੇ ਸੋਚਿਆ ਕਿ ਕੌਫ਼ੀ ਪੀ ਕੇ ਅੱਗੇ ਤੁਰਦੇ ਹਾਂ। ਮੈਨੂੰ ਸੁੱਤਾ ਪਿਆ ਸਮਝ ਉਹ ਅੰਦਰ ਕੌਫ਼ੀ ਲੈਣ ਚਲੇ ਗਿਆ ਪਰ ਮੈਂ ਜਾਗ ਰਿਹਾ ਸੀ। ਮੈਂ ਵੀ ਰੈਸਟ ਰੂਮ ਜਾਣ ਲਈ ਉੱਤਰ ਆਇਆ। ਟਰੱਕ ਨੂੰ ਲੌਕ ਲਗਾ ਕੇ ਤੁਰਿਆ ਈ ਸੀ ਕਿ ਮੇਰਾ ਸਹਿਯੋਗੀ ਬਾਹਰ ਨਿਕਲ ਆਇਆ। ਮੈਂ ਉਸਨੂੰ ਚਾਬੀ ਫੜਾ ਕੇ ਕਿਹਾ," ਭਾਜੀ, ਤੁਸੀਂ ਆਰਾਮ ਨਾਲ ਕੌਫ਼ੀ ਪੀਓ, ਵਿੰਡਸ਼ੀਲਡ ਮੈਂ ਆ ਕੇ ਸਾਫ ਕਰ ਲਊਂਗਾ, ਤੁਸੀਂ ਥੋੜਾ ਰਿਲੈਕਸ ਹੋ ਲਓ।"

ਅਸੀਂ ਦੋਵੇਂ ਇਸ ਪੱਖੋਂ ਬੇਖ਼ਬਰ ਸੀ ਕਿ ਸਾਡੇ ਕੋਲ ਵੀ ਕੋਈ ਖੜੈ। ਪਤਾ ਉਦੋਂ ਲੱਗਾ ਜਦ ਇੱਕ ਨੌਜਵਾਨ ਮੇਰੇ ਮੋਢੇ 'ਤੇ ਹੱਥ ਰੱਖ ਕਹਿਣ ਲੱਗਾ, 'ਓਏ ਅੰਕਲ...ਪੰਜਾਬੀ ਓਂ ਤੁਸੀਂ ..!' ਮੈਂ ਮੁਸਕਰਾ ਕੇ ਕਿਹਾ, 'ਹਾਂਜੀ ਬੇਟਾ ਜੀ...ਪੰਜਾਬੀ ਈ ਆਂ..ਤੁਹਾਨੂੰ ਕੀ ਲੱਗਾ?'

ਬੋਲੀ ਦੇ ਲਹਿਜ਼ੇ ਤੋਂ ਉਹ ਮੈਨੂੰ ਹਰਿਆਣਵੀ ਜਾਪਿਆ। ਉਸ ਨੇ ਆਪਣੇ ਅੰਦਾਜ਼ 'ਚ ਕਿਹਾ, 'ਤੁਸੀਂ ਤਾਂ ਜਮਾਂ ਈ ਭੈਂਚੋ ਮੀਗੇ ਈ ਲੱਗਦੇ ਓਂ ...ਸੱਚੀਂ ਅੰਕਲ..!" ਉਸ ਦੀ ਗਾਲ ਦਾ ਮੈਂ ਬੁਰਾ ਨਹੀਂ ਮਨਾਇਆ...ਸਹਿਵਨ ਕਹੇ ਅਜਿਹੇ ਲਫ਼ਜ਼ ਗਾਲ ਨਹੀਂ ਸਮਝਣੇ ਚਾਹੀਦੇ। ਮੈਂ ਹੱਸਦਿਆਂ ਉਸਨੂੰ



ਕਲਾਵੇ 'ਚ ਲੈਂਦਿਆਂ ਪੁੱਛਿਆ, 'ਜੇ ਮੈਂ ਮੀਗਾ ਹੁੰਦਾ, ਤੈਨੂੰ ਖੁਸ਼ੀ ਤਾਂ ਹੋਣੀ ਸੀ ਜਾਂ ਹੁਣ ਮੇਰੇ ਪੰਜਾਬੀ ਹੋਣ 'ਤੇ?" ਉਸ ਨੂੰ ਕੁੱਝ ਨਾ ਅਹੁੜਿਆ। ਭੋਲੇਪਨ ਨਾਲ ਕਹਿਣ ਲੱਗਾ, 'ਬਸ ਊਂ ਈ ਅੰਕਲ!" "ਜੀਓ ਪੁੱਤਰ ਜੀ" ਕਹਿ ਮੈਂ ਉਸ ਦੇ ਨਾਲ ਈ ਅੰਦਰ ਚਲੇ ਗਿਆ। ਅੰਦਰੋਂ ਅੰਦਰ ਮੈਂ ਉਸ ਮੁੰਡੇ ਦੇ ਭੋਲੇਪਨ 'ਤੇ ਖੁਸ਼ ਹੋ ਰਿਹਾ ਸੀ।

'ਮੀਗਾ' ਲਫ਼ਜ਼ ਸਪੈਨਿਸ਼ ਭਾਸ਼ਾ ਦੇ 'ਅਮੀਗੋ' ਦਾ ਪੰਜਾਬੀਆਂ ਵੱਲੋਂ ਵਿਗਾੜਿਆ ਗਿਆ ਰੂਪ ਐ। ਸਪੈਨਿਸ਼ ਭਾਸ਼ਾ 'ਚ ਦੋਸਤ ਨੂੰ 'ਅਮੀਗੋ' ਆਖਦੇ ਹਨ ਤੇ ਪੰਜਾਬੀਆਂ ਨੇ ਇਸਨੂੰ ਆਪਣੇ ਹਿਸਾਬ ਨਾਲ ਮਾਂਜ ਕੇ 'ਮੀਗਾ' ਕਰ ਲਿਐ, ਜਿਸ ਤਰ੍ਹਾਂ ਹਿੰਦੀ ਭਾਸ਼ੀ ਲੋਕਾਂ ਵੱਲੋਂ ਭਰਾ ਲਈ ਵਰਤੇ ਜਾਂਦੇ 'ਬਈਆ' ਲਫ਼ਜ਼ ਨੂੰ 'ਭਈਆ' ਬਣਾ ਛੱਡਿਐ। ਜਿਸ ਤਰ੍ਹਾਂ ਆਪਣੇ ਲੋਕ 'ਬਈਆ' ਦੀ ਭਾਵਨਾ ਨੂੰ ਲਾਂਭੇ ਕਰ ਕੇ ਤਿਰਸਕਾਰ ਨਾਲ 'ਭਈਆ' ਲਫ਼ਜ਼ ਵਰਤਦੇ ਹਨ, ਇਹੋ ਜਿਹਾ ਈ 'ਅਮੀਗੋ' ਦਾ ਹਾਲ ਐ। ਆਪਣੇ ਭਾਈਚਾਰੇ ਦਾ ਵੱਡਾ ਹਿੱਸਾ ਸਪੈਨਿਸ਼ ਮੂਲ ਦੇ ਲੋਕਾਂ ਨੂੰ 'ਚੋਰ-ਉਚੱਕੇ' ਸਮਝਦੈ, ਜਦ ਕਿ ਇਹ ਲੋਕ ਜੀ-ਤੋੜ ਮਿਹਨਤ ਕਰਨ ਵਾਲੇ ਹਨ ਤੇ ਬਹੁਤ ਈ ਮਿਲਾਪੜੇ। ਅਮਰੀਕਾ-ਕੈਨੇਡਾ 'ਚ ਲੁੱਟਾਂ-ਖੋਹਾਂ ਕਰਨ ਵਾਲਿਆਂ 'ਚ ਪੰਜਾਬੀਆਂ ਦੀ ਵੀ ਝੰਡੀ ਹੋਣ ਦੇ ਬਾਵਜੂਦ ਸਾਡੇ ਲਈ ਇਹ ਲੋਕ 'ਮੀਗੇ' ਹੀ ਹਨ ਤੇ ਅਸੀਂ ਖੁਦ 'ਸਾਧ'!

ਰੈਸਟ ਰੂਮ 'ਚ ਜਦ ਮੈਂ ਹੱਥ-ਮੂੰਹ ਧੋ ਕੇ ਫਰੈੱਸ਼ ਹੋ ਰਿਹਾ ਸੀ ਤਾਂ ਮੇਰੇ ਕੰਨੀਂ ਕੁਝ ਬੋਲ ਪਏ ਪਰ ਸਮਝ ਨਾ ਆਏ। ਸੋਚਿਆ ਕਿ ਨਾਲ ਖੜਾ ਬੰਦਾ ਫੋਨ 'ਤੇ ਕਿਸੇ ਨਾਲ ਗੱਲ ਕਰ ਰਿਹਾ ਹੋਣੈਂ, ਇਸ ਲਈ ਕੋਈ ਧਿਆਨ ਨਾ ਦਿੱਤਾ। ਸ਼ੀਸ਼ੇ 'ਚ ਦੇਖਿਆ ਤਾਂ ਉਹ ਬੰਦਾ ਮੈਨੂੰ ਈ ਮੁਖ਼ਾਤਬ ਸੀ। ਉਸ ਵੱਲ ਦੇਖਦਿਆਂ ਮੈਂ ਪੁੱਛਿਆ, "ਸੌਰੀ ਬਰੋ, ਯੂ ਆਸਕਡ ਮੀ ਸਮਥਿੰਗ?" ਉਸਨੇ ਪੂਰੇ ਗਹੁ ਨਾਲ ਮੇਰੇ ਵੱਲ ਦੇਖਦਿਆਂ ਪੁੱਛਿਆ, "ਆਰ ਯੂ ਐਨ ਅਫ਼ਗਾਨ ?"

"ਨੋ ਨੋ ਬਰੋ...ਆਈ ਐਮ ਏ ਪੰਜਾਬੀ.." ਮੇਰਾ ਜੁਆਬ ਸੁਣ ਕੇ ਉਸ ਨੇ ਹੈਰਾਨ ਹੋ ਕਿ ਕਿਹਾ, "ਓ ਰੀਅਲੀ ..!" ਉਹ ਖੁਦ ਅਫ਼ਗਾਨ ਸੀ। ਮੈਂ ਉਸ ਨਾਲ ਗਰਮ ਜੋਸ਼ੀ ਨਾਲ ਹੱਥ ਮਿਲਾਉਂਦਿਆਂ ਕਿਹਾ," ਨੋ ਮੈਟਰ, ਵੁਈ ਆਰ ਬ੍ਰਦਰਜ਼...ਬਿਲੌਂਗ ਟੂ ਸੇਮ ਰੀਜਨ।" ਮੇਰੇ ਹੁੰਗਾਰੇ ਤੋਂ ਉਹ ਖੁਸ਼ ਜਾਪ ਰਿਹਾ ਸੀ। ਮੈਂ ਸੋਚ ਰਿਹਾ ਸੀ ਕਿ ਗੜਬੜ ਮਾਰੇ ਖਿੱਤੇ ਦਾ ਇਹ ਮਨੁੱਖ ਜ਼ਰੂਰ ਕੋਈ ਆਪਣਾ ਹਮਵਤਨ ਭਾਲ ਰਿਹੈ ਜਿਸ ਨਾਲ ਉਹ ਖੁੱਲ੍ਹ ਕੇ ਗੱਲ ਕਰ ਸਕੇ। ਮੈਨੂੰ ਉਸ ਨਾਲ ਮਨੋ-ਮਨੀ ਹਮਦਰਦੀ ਹੋ ਗਈ...ਤੇ ਨਾਲ ਈ ਮੈਂ ਆਪਣੀ ਪਛਾਣ ਨੂੰ ਲੈ ਕੇ ਇੱਕੋ ਵੇਲੇ ਹੋਏ ਦੋ ਤਜਰਬਿਆਂ ਨੂੰ ਲੈ ਕੇ ਹੈਰਾਨ ਸੀ।

ਜਦ ਮੈਂ ਆਪਣੇ ਦੂਸਰੇ ਤਜਰਬੇ ਬਾਰੇ ਆਪਣੇ ਸਹਿਯੋਗੀ ਨਾਲ ਗੱਲ ਕੀਤੀ ਤਾਂ ਉਹ ਮਜ਼ਾਕ ਨਾਲ ਕਹਿਣ ਲੱਗਾ, "ਬਾਈ ਤਾਂ ਅੱਜ ਛਾਇਆ ਹੋਇਐ ਪੂਰਾ..! ਕਦੇ ਮੀਗਾ, ਕਦੇ ਅਫ਼ਗਾਨ..!" ਕੋਈ ਸ਼ੱਕ ਨਹੀਂ ਕਿ ਮੈਂ ਖੁਸ਼ ਸੀ ਪਰ ਅੰਦਰੋਂ-ਅੰਦਰ ਸੋਚ ਵੀ ਰਿਹਾ ਸੀ ਕਿ ਮਨੁੱਖ ਆਪਣੇ ਸਾਹਮਣੇ ਵਾਲੇ ਇਨਸਾਨ 'ਚੋਂ ਆਖ਼ਰ ਕੀ ਭਾਲ਼ ਰਿਹਾ ਹੁੰਦੈ..!

ਮੈਨੂੰ ਯਾਦ ਆਇਆ ਕਿ ਇੱਕ ਵਾਰ ਨੇਵਾਡਾ ਸੂਬੇ ਦੇ ਸ਼ਹਿਰ ਰੀਨੋ ਤੋਂ ਵਾਪਸੀ ਵੇਲੇ ਜਦ ਮੈਂ ਕੈਲੀਫੋਰਨੀਆ 'ਚ ਦਾਖਲ ਹੋਣ ਲੱਗਾ ਤਾਂ ਓਥੇ ਐਗਰੀਕਲਚਰਲ ਚੈਕਪੋਸਟ 'ਤੇ ਲਾਜ਼ਮੀ ਜਾਂਚ ਲਈ ਕਤਾਰ 'ਚ ਲੱਗ ਗਿਆ। ਹੋਰ ਕਿਸੇ ਵੀ ਸੂਬੇ 'ਚ ਅਜਿਹੀ ਕੋਈ ਚੈਕਪੋਸਟ ਨਹੀਂ ਲੱਭੀ। ਇਨ੍ਹਾਂ ਚੈਕਪੋਸਟਾਂ 'ਤੇ ਕੈਲੀਫੋਰਨੀਆ 'ਚ ਬਾਹਰੋਂ ਆ ਰਹੇ ਖੇਤੀ ਉਤਪਾਦ ਨੂੰ ਪਰਖਿਆ ਜਾਂਦੈ। ਜੇ ਅਜਿਹੀ ਪਰਖ ਦਾ ਕੋਈ ਸਰਟੀਫਿਕੇਟ ਤੁਹਾਡੇ ਕੋਲ ਐ ਤਾਂ ਤੁਹਾਨੂੰ ਜਾਣ ਦੀ ਖੁੱਲ੍ਹ ਹੁੰਦੀ ਐ। ਅਜਿਹਾ ਸਰਟੀਫਿਕੇਟ ਨਾ ਹੋਣ 'ਤੇ ਟਰੱਕ ਲਾਜ਼ਮੀ ਪ੍ਰਕਿਰਿਆ ਪੂਰੀ ਹੋਣ ਤੱਕ ਰੋਕ ਲਿਆ ਜਾਂਦੈ।

ਹੌਲੀ ਹੌਲੀ ਟਰੱਕ ਅੱਗੇ ਤੁਰ ਰਹੇ ਸਨ। ਮੈਂ ਦੇਖਿਆ ਕਿ ਕਾਗਜ਼ਾਂ ਦੀ ਪਰਖ ਕਰਨ ਵਾਲਾ ਅਫਸਰ ਪੰਜਾਬੀ ਸਿੱਖ ਸੀ। ਉਸਨੂੰ ਦੇਖਦਿਆਂ ਈ ਮਨ ਖੁਸ਼ ਹੋ ਗਿਆ। ਮੇਰਾ ਟ੍ਰੇਲਰ ਖਾਲੀ ਸੀ, ਇਸ ਲਈ ਕਾਗਜ਼ ਦਿਖਾਉਣ ਦੀ ਲੋੜ ਨਹੀਂ ਸੀ। ਜਦ ਮੇਰੀ ਵਾਰੀ ਆਈ ਤਾਂ ਮੈਂ ਕਿਹਾ, "ਭਾਜੀ, ਖਾਲੀ ਐ ਟ੍ਰੇਲਰ।"

"ਵ੍ਹਾਟ..," ਉਸ ਨੇ ਸਵਾਲੀਆ ਨਜ਼ਰਾਂ ਨਾਲ ਦੇਖਦਿਆਂ ਪੁੱਛਿਆ।

ਮੈਂ ਸਮਝਿਆ ਕਿ ਟਰੱਕ ਦੀ ਆਵਾਜ਼ ਕਾਰਨ ਉਸਨੂੰ ਸੁਣਿਆ ਨਹੀਂ। ਉੱਚੀ ਆਵਾਜ਼ 'ਚ ਮੈਂ ਕਿਹਾ, "ਸਤਿ ਸ੍ਰੀ ਅਕਾਲ ਭਾਜੀ...ਮੇਰੇ ਟ੍ਰੇਲਰ 'ਚ ਕੁੱਝ ਵੀ ਨਹੀਂ ਜੀ, ਖਾਲੀ ਐ !"

"ਓਹ ਤੁਹਾਡਾ ਭਲਾ ਹੋਜੇ...ਤੁਸੀਂ ਪੰਜਾਬੀ ਓਂ ?" ਹੈਰਾਨ ਹੁੰਦਿਆਂ ਉਸਨੇ ਪੁੱਛਿਆ।

**(ਬਾਕੀ ਅਗਲੇ ਸਫੇ 'ਤੇ)**

# ਘਰ ਬੋਲਦਾ ਹੈ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਘਰ ਬੋਲਦਾ ਹੈ। ਕੀ ਤੁਸੀਂ ਕਦੇ ਘਰ ਨੂੰ ਬੋਲਦੇ ਸੁਣਿਆ? ਘਰ ਕੀ ਕਹਿੰਦਾ ਏ? ਕਿਉਂ ਕਹਿੰਦਾ? ਕਿਸਨੂੰ ਕਹਿੰਦਾ? ਇਸਦੇ ਕਹਿਣ ਦੇ ਕੀ ਅਰਥ? ਘਰ ਦੀ ਬੋਲਬਾਣੀ ਵਿਚ ਕਿਹੜੇ ਸ਼ਬਦ ਨੇ ਅਤੇ ਇਨ੍ਹਾਂ ਦੀ ਅਰਥਕਾਰੀ ਕੀ ਏ? ਕੀ ਅਸੀਂ ਇੰਨੇ ਸੰਵੇਦਨਸ਼ੀਲ ਹਾਂ ਕਿ ਘਰ ਨੂੰ ਬੋਲਦਾ ਸੁਣ ਸਕੀਏ?

ਸਭ ਤੋਂ ਜ਼ਰੂਰੀ ਹੈ ਕਿ ਸਮਝ ਹੋਵੇ ਕਿ ਘਰ ਕਿਹੜੀ ਬੋਲੀ ਵਿਚ ਬੋਲਦਾ? ਕੀ ਅਸੀਂ ਘਰ ਨਾਲ ਇੰਨੀ ਨੇੜਤਾ ਪਾਲੀ ਹੋਈ ਹੈ ਕਿ ਸਾਨੂੰ ਪਤਾ ਲੱਗ ਸਕੇ ਕਿ ਕਿਹੜੇ ਵੇਲੇ ਘਰ ਕੀ ਕਹਿੰਦਾ? ਇਸਨੂੰ ਅਸੀਂ ਕਿਵੇਂ ਸਮਝਣਾ? ਬੋਲਣ ਦੇ ਸਰੋਕਾਰ ਕੀ ਹਨ? ਘਰ ਦੀਆਂ ਸ਼ੰਕਾਵਾਂ ਅਤੇ ਚਿੰਤਾਵਾਂ ਨੂੰ ਕਿਵੇਂ ਦੂਰ ਕਰਨਾ ਏ?

ਘਰ ਦੀ ਬਾਹਰੀ ਦਿੱਖ ਹੀ ਦੇਖਣ ਵਾਲੇ ਦੀ ਅੱਖ ਵਿਚ ਇਹ ਸੁਨੇਹਾ ਧਰ ਜਾਂਦੀ ਕਿ ਇਹ ਘਰ ਕਿਸੇ ਗਰੀਬ ਦਾ ਏ ਜਾਂ ਅਮੀਰ ਦਾ। ਮਹਿਲ ਰੂਪੀ ਬਣਤਰ ਵਿਚੋਂ ਕਿਸੇ ਖਾਸ ਵਿਅਕਤੀ ਦੇ ਘਰ ਦੀ ਝਲਕ ਪੈਂਦੀ। ਉਚੀਆਂ ਕੰਧਾਂ 'ਤੇ ਲਾਏ ਹੋਏ ਕੱਚ ਅਤੇ ਤਾਰਾਂ ਇਹ ਸੰਕੇਤ ਦਿੰਦੀਆਂ ਕਿ ਘਰ ਵਾਲੇ ਖ਼ੌਫ਼ ਦੀ ਜ਼ਿੰਦਗੀ ਜੀਅ ਰਹੇ। ਘਰ ਵਿਚ ਪਸਰਿਆ ਇਹ ਖ਼ੌਫ਼ ਘਰ ਦਾ ਸਾਹ ਸੂਤੀ ਰੱਖਦਾ। ਘਰ ਦੇ ਗੇਟ ਨੂੰ ਅੰਦਰੋਂ ਲੱਗਿਆ ਜਿੰਦਰਾ ਘਰ ਨੂੰ ਹਾਊਸ ਨੰਬਰ ਬਣਾਉਂਦਾ। ਘਰ ਦੇ ਦਰਬਾਨ ਅਤੇ ਰਾਖੀ ਲਈ ਰੱਖੇ ਹੋਏ ਕੁੱਤਿਆਂ ਦੀ ਹਾਜ਼ਰੀ ਹੀ ਇਹ ਸਾਬਤ ਕਰਨ ਲਈ ਕਾਫ਼ੀ ਏ ਕਿ ਘਰ ਨੂੰ ਆਪਣੀ ਹੋਂਦ ਦੇ ਖੁਰਨ ਦੀ ਕਿੰਨੀ ਚਿੰਤਾ ਏ? ਪਰ ਆਮ ਘਰਾਂ ਦੇ ਦਰ ਹਮੇਸ਼ਾਂ ਖੁੱਲ੍ਹੇ। ਉਹ ਮਕਾਨ ਨਹੀਂ ਸਗੋਂ ਘਰ ਹੁੰਦੇ। ਝੁੱਗੀ ਵਾਲੇ ਭਲਾ ਜਿੰਦਰਾ ਕਿੱਥੇ ਲਾਉਣਗੇ? ਘਰ ਦੀ ਪਹਿਲੀ ਦਿੱਖ ਹੀ ਘਰ ਦੀ ਚੁਗਲੀ ਕਰ ਜਾਂਦੀ। ਘਰ ਦੀ ਨੇਮ ਪਲੇਟ ਰਾਹੀਂ ਘਰ ਦੀ ਹਉਮੈਂ ਜਾਂ ਨਿਮਰਤਾ ਦੇ ਸਾਖਸ਼ਾਤ ਦਰਸ਼ਨ ਕਰ ਸਕਦੇ ਹੋ। ਵੱਡੇ ਰੁਤਬਿਆਂ ਵਾਲੇ ਬੌਣੇ ਲੋਕਾਂ ਦੀ ਨੇਮ ਪਲੇਟ ਵਿਚੋਂ ਉਨ੍ਹਾਂ ਦਾ ਬੌਣਾਪਣ ਘਰ ਨੂੰ ਨਮੋਸ਼ੀ ਵਿਚ ਡੋਬ ਦਿੰਦਾ।

ਘਰ ਅੰਦਰ ਪੈਰ ਪਾਉਣ ਤੋਂ ਪਹਿਲਾਂ ਹੀ ਮਾਨਸਿਕ ਤਲਾਸ਼ੀ ਰਾਹੀਂ ਗਰੀਬ ਰਿਸ਼ਤੇਦਾਰ ਦਰਾਂ ਤੋਂ ਹੀ ਮੋੜ ਦਿਤੇ ਜਾਂਦੇ। ਪਰ ਉਚੇ ਰੁਤਬੇ ਵਾਲਿਆਂ ਦੀ ਆਓ-ਭਗਤ ਵਿਚ ਰੁੱਝਿਆ ਘਰ, ਮੋਹ-ਮੁਹੱਬਤ ਤੋਂ ਵਿਰਵਾ ਸਿਰਫ਼ ਨਿੱਜੀ ਮੁਫ਼ਾਦ ਲਈ ਖਿਦਮਤ ਕਰਨ ਜੋਗਾ ਹੀ ਹੁੰਦਾ। ਘਰ ਵਿਚ ਫੁੱਲ ਬੂਟਿਆਂ ਦੀ ਬਹਾਰ, ਘਰ ਵਾਲਿਆਂ ਦਾ ਕੁਦਰਤ ਨਾਲ ਪਿਆਰ ਦਾ ਪ੍ਰਮਾਣ ਜਦ ਕਿ ਵਿਰਤੇ ਵਿਚ ਛਾਈ ਵੈਰਾਨੀ ਉਨ੍ਹਾਂ ਦੀ ਕਾਇਨਾਤ ਪ੍ਰਤੀ ਬੇਰੁਖੀ ਹੁੰਦੀ ਜਿਸ ਨਾਲ ਘਰ ਨੂੰ ਬੇਗਾਨਗੀ ਦਾ ਹੀ ਅਹਿਸਾਸ ਹੁੰਦਾ। 'ਕੇਰਾਂ ਅਸੀਂ ਕਿਸੇ ਰਿਸ਼ਤੇਦਾਰ ਲੜਕੀ ਲਈ ਲੜਕਾ ਦੇਖਣ ਕਿਸੇ ਦੇ ਘਰ ਗਏ। ਘਰ ਵੜਦਿਆਂ ਸਾਰ ਵਿਹੜੇ ਵਿਚ ਉਡਦੀ ਮਿੱਟੀ ਅਤੇ ਵੈਰਾਨਗੀ ਨੇ ਇੰਨਾ ਨਿਰਾਸ਼ ਕੀਤਾ ਕਿ ਮਨ 'ਚ ਇਸ ਘਰ ਵਿਚ ਆਉਣ ਦਾ ਪਛਤਾਵਾ ਹੋਣ ਲੱਗਾ। ਘਰ ਵਿਚਲੀ ਹਰਿਆਲੀ ਮਹਿਮਾਨ ਦਾ ਸੁਆਗਤ ਜਦ ਕਿ ਬੇਰੁਖੀ ਘਰ ਆਇਆਂ ਨੂੰ ਦੁਰਕਾਰਨਾ।

ਘਰ ਵਿਚ ਕਮਰਿਆਂ ਦੀ ਕਤਾਰਬੰਦੀ ਇਹ ਦੱਸਣ ਲਈ ਕਾਫ਼ੀ ਹੁੰਦੀ ਕਿ ਘਰ ਦੇ ਕਿਹੜੇ ਜੀਅ ਨੂੰ ਕਿੰਨੀ ਕੁ ਅਹਿਮੀਅਤ ਦਿੱਤੀ ਜਾਂਦੀ? ਘਰ ਵਿਚਲੇ ਸਭ ਤੋਂ ਸੋਹਣੇ ਕਮਰੇ ਵਿਚ ਜਦ ਬਜ਼ੁਰਗਾਂ ਦੀ ਰਿਹਾਇਸ਼ ਹੋਵੇ ਤਾਂ ਘਰ ਮਾਣ ਨਾਲ ਹੁੱਬਦਾ। ਪਰ ਜਦ ਮਾਪਿਆਂ ਲਈ ਘਰ ਦੇ ਪਿਛਵਾੜੇ ਜਾਂ ਗੈਰਾਜ ਵਿਚ ਮੰਜਾ ਡਾਹਿਆ ਜਾਂਦਾ ਤਾਂ ਘਰ ਸੰਤਾਪਿਆ ਜਾਂਦਾ। 'ਕੇਰਾਂ ਬਰੈਂਪਟਨ ਵਿਚ ਘਰ ਦੇਖਣ ਗਿਆ ਤਾਂ ਗੈਰਾਜ ਵਿਚ ਬਜ਼ੁਰਗਾਂ ਦਾ ਮੰਜਾ ਦੇਖ ਕੇ ਮਨ ਇੰਨਾ ਦੁਖੀ ਹੋਇਆ ਕਿ ਘਰ ਦੇਖੇ ਤੋਂ ਬਗੈਰ ਹੀ ਵਾਪਸ ਪਰਤ ਆਇਆ। ਘਰ ਹੌਲੀ ਹੌਲੀ ਧੁਖਦਾ, ਅੰਦਰੋਂ ਰਾਖ਼ ਹੁੰਦਾ ਭਾਵੇਂ ਕਿ ਬਾਹਰੋਂ ਸਾਬਤ ਹੀ ਨਜ਼ਰੀਂ ਆਵੇ।

ਯਾਦ ਰਹੇ ਕਿ ਘਰ, ਕਮਰਿਆਂ ਦੀ ਗਿਣਤੀ ਨਹੀਂ ਸਗੋਂ ਕਮਰਿਆਂ ਵਿਚ ਰਹਿਣ ਵਾਲਿਆਂ ਦਾ ਸ਼ੀਸ਼ਾ ਹੁੰਦਾ। ਛੋਟੇ ਘਰਾਂ ਵਿਚ ਵੀ ਵੱਡੇ ਲੋਕ ਹੁੰਦੇ ਜਦ ਕਿ ਅੱਜ-ਕੱਲ੍ਹ ਅਕਸਰ ਹੀ ਵੱਡੇ ਘਰਾਂ ਵਿਚ ਬਹੁਤ ਹੀ ਛੋਟੇ ਲੋਕ ਰਹਿੰਦੇ। ਘਰ ਕਮਰਿਆਂ ਵਿਚੋਂ ਬੋਲਦਾ ਅਤੇ ਉਸਦੀ ਵਾਰਤਾਲਾਪ ਵਿਚੋਂ ਉਹੀ ਕੁਝ ਸੁਣਾਈ ਦਿੰਦਾ ਜੋ ਘਰ ਸਮਝਦਾ ਅਤੇ ਸਮਝਾਉਣਾ ਚਾਹੁੰਦਾ।

ਘਰ ਦੀਆਂ ਕੰਧਾਂ ਵੀ ਬੋਲਦੀਆਂ। ਐਵੇਂ ਤਾਂ ਨਹੀਂ ਕਹਿੰਦੇ ਕਿ ਕੰਧਾਂ ਵੀ ਚੁਗਲੀ ਕਰ ਜਾਂਦੀਆਂ। ਕਿਹੜੇ ਕਮਰੇ ਨੂੰ ਕਿਹੜਾ ਰੰਗ ਕੀਤਾ, ਬਹੁਤ ਕੁਝ ਦੇਖਣ ਵਾਲੀ ਅੱਖ ਵਿਚ ਧਰ ਜਾਂਦਾ ਕਿ ਕਮਰੇ ਵਿਚ ਰਹਿਣ ਵਾਲੇ ਦੀ ਮਾਨਸਿਕਤਾ ਕੀ ਏ? ਕੀ ਇਹ ਰੰਗ ਸ਼ੋਖ਼, ਗੂੜੇ, ਹਲਕੇ ਜਾਂ ਸਫ਼ੈਦ ਹੈ।

ਇਹ ਰੰਗ ਜਦ ਬੋਲਣ ਲੱਗਦੇ ਤਾਂ ਘਰ ਵਾਲਿਆਂ ਦੀਆਂ ਉਹ ਪਰਤਾਂ ਫਰੋਲਦੇ ਜਿਨ੍ਹਾਂ ਦਾ ਕਈ ਵਾਰ ਘਰਦਿਆਂ ਨੂੰ ਵੀ ਪਤਾ ਨਹੀਂ ਹੁੰਦਾ। ਘਰ ਦੇ ਕਿਸੇ ਕਮਰੇ ਦੀਆਂ ਕੰਧਾਂ 'ਤੇ ਕਿਹੜੀਆਂ ਤਸਵੀਰਾਂ ਟੰਗੀਆਂ? ਕੀ ਬਜ਼ੁਰਗਾਂ ਦੀਆਂ ਤਸਵੀਰਾਂ ਦਿਸਦੀਆਂ? ਬੱਚਿਆਂ ਦੀਆਂ ਦਿਲਕਸ਼ ਫਰੇਮ ਵਿਚ ਜੜੀਆਂ ਤਸਵੀਰਾਂ ਵੀ ਹਨ? ਕੀ ਕੁਦਰਤੀ ਦ੍ਰਿਸ਼ਾਂ ਨਾਲ ਕਮਰਾ ਸਜਾਇਆ ਹੈ? ਕੀ ਧਾਰਮਿਕ ਹਸਤੀਆਂ ਜਾਂ ਮਹਾਨ ਵਿਅਕਤੀਆਂ ਦੇ ਚਿੱਤਰ ਨਜ਼ਰ ਆਉਂਦੇ ਜਾਂ ਸਿਰਫ਼ ਐਕਟਰਾਂ, ਕੱਟੜਤਾ ਦੇ ਹਾਮੀਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਏ? ਘਰ ਦੀਆਂ ਇਹ ਤਸਵੀਰਾਂ ਉਹ ਕੁਝ ਬੋਲਦੀਆਂ ਨੇ ਜਿਸਦੇ ਦੱਸਣ ਦੀ ਘਰ ਵਾਲਿਆਂ ਨੂੰ ਕੋਈ ਲੋੜ ਨਹੀਂ। ਇਹ ਤਸਵੀਰਾਂ ਰਾਹੀਂ ਹੀ ਘਰ, ਘਰ ਵਿਚ ਰਹਿਣ ਵਾਲਿਆਂ ਦੀ ਸੋਚ ਨੂੰ ਪੜ੍ਹਦਾ ਅਤੇ ਫਿਰ ਉਚੀ ਉਚੀ ਬੋਲ ਕੇ ਦੱਸਦਾ ਕਿ ਘਰ ਵਾਲਿਓ ਤੁਸੀਂ ਕੌਣ ਹੋ? ਪਰ ਇਹ ਇਸ 'ਤੇ



ਨਿਰਭਰ ਕਰਦਾ ਕਿ ਕੀ ਘਰ ਵਾਲੇ ਘਰ ਨੂੰ ਸੁਣਦੇ ਆ ਜਾਂ ਉਹ ਬੋਲੇ ਨੇ ਜਾਂ ਘਰ ਦੀ ਕਹੀ ਨੂੰ ਅਣਸੁਣੀ ਕਰਨ ਦੇ ਆਦੀ ਨੇ।

ਘਰ ਵਿਚ ਕਿਤਾਬਾਂ ਦੀ ਸ਼ੈਲਫ਼ ਜਾਂ ਬੀਅਰ ਬਾਰ ਦੀ ਹੋਂਦ ਘਰ ਨੂੰ ਬੋਲਣ ਲਈ ਮਜਬੂਰ ਕਰਦੀ ਕਿ ਘਰ ਵਾਲੇ ਕਿਸਨੂੰ ਅਹਿਮੀਅਤ ਦਿੰਦੇ? ਘਰ ਹੀ ਦੱਸਦਾ ਕਿ ਕੀ ਘਰ ਵਾਲੇ ਕਿਤਾਬਾਂ ਪੜ੍ਹਨ ਦੇ ਸ਼ੌਕੀਨ ਨੇ ਜਾਂ ਸ਼ਰਾਬ ਦੀਆਂ ਮਹਿਫ਼ਲਾਂ ਅਤੇ ਰੰਗੀਨ ਸ਼ਾਮਾਂ ਵਿਚ ਖ਼ੁਦ ਨੂੰ ਡੋਬ, ਜੀਵਨ ਨੂੰ ਅਕਾਰਥਾ ਬਣ ਰਹੇ? ਜੇ ਘਰ ਦੀ ਨੁੱਕਰੇ ਅਸਾਲਟ ਰਾਈਫ਼ਲਾਂ ਤੇ ਪਿਸਤੌਲਾਂ ਦੀ ਪ੍ਰਦਰਸ਼ਨੀ ਲੱਗੀ ਹੋਵੇ ਤਾਂ ਘਰ ਦੀ ਹਿੱਕ ਵਿਚੋਂ ਹੂਕ ਨਿਕਲਦੀ ਕਿ ਯਾ ਅੱਲ੍ਹਾ! ਇਹ ਮਾਰੂ ਹਥਿਆਰ ਘਰ ਲਈ ਕਬਰ ਹੀ ਨਾ ਬਣ ਜਾਣ। ਕਮਰੇ ਦੀ ਫ਼ਿਜ਼ਾ ਵਿਚ ਉਗਿਆ ਹਉਕਾ ਸੁਣ ਕੇ ਹੀ ਪਤਾ ਲੱਗ ਜਾਂਦਾ ਕਿ ਡਬਲ ਬੈਡ 'ਤੇ ਰਾਤ ਨੂੰ ਸੌਣ ਵਾਲਿਆਂ ਦਰਮਿਆਨ ਸਿਰਫ਼ ਚੁੱਪ ਤੇ ਸੀਤ ਦਾ ਹੀ ਪਹਿਰਾ। ਵਧ ਰਹੀ ਆਪਸੀ ਦੂਰੀ ਇਸ ਸੇਜ ਨੂੰ ਸੁੰਨੀ ਵੀ ਕਰ ਸਕਦੀ। ਝਦ ਕਿ ਵੱਟੋ-ਵੱਟ ਹੋਈ ਚਾਦਰ ਘਰ ਨੂੰ ਇਹ ਸੰਦੇਸ਼ ਦਿੰਦੀ ਕਿ ਦੋ ਰੂਹਾਂ ਆਪਸ ਵਿਚ ਪਿਘਲ ਕੇ ਸਮੇਂ ਨੂੰ ਰਾਂਗਲੇ ਪਲਾਂ ਦਾ ਨਾਮਕਰਣ ਦਿੰਦੀਆਂ ਨੇ।

ਜਦ ਕਿਸੇ ਘਰ ਵਿਚ ਦਿਨ ਵੇਲੇ ਵੀ ਪਰਦੇ ਤਣੇ ਰਹਿਣ, ਰੌਸ਼ਨਦਾਨਾਂ ਰਾਹੀਂ ਰੌਸ਼ਨੀ ਦੇ ਆਉਣ ਦੀ ਮਨਾਹੀ ਹੋਵੇ ਅਤੇ ਕਮਰੇ ਦੀ ਹਵਾ ਸਿਸਕ ਰਹੀ ਹੋਵੇ ਤਾਂ ਘਰ ਸਮਝਾਅ ਦਿੰਦਾ ਕਿ ਘਰ ਇਕ ਕੈਦਖ਼ਾਨਾ ਅਤੇ ਕੈਦੀਆਂ ਨੂੰ ਬਾਹਰ ਝਾਕਣ ਦੀ ਮਨਾਹੀ। ਘਰ ਵੀ ਇਹ ਦਰਸਾਉਣ ਵਿਚ ਪਲ ਨਹੀਂ ਲਾਉਂਦਾ ਕਿ ਘਰ ਵਿਚ ਸਹਿਮ ਦਾ ਮਾਹੌਲ ਹੈ। ਕੁਕਰਮਾਂ ਦੀ ਖੇਤੀ 'ਤੇ ਪਰਦਾਦਾਰੀ ਲਈ ਪਰਦੇ ਤਣੇ ਜਾਂਦੇ। ਚਾਨਣ ਵਿਚ ਗੁਨਾਹ ਨਹੀਂ ਹੁੰਦੇ ਜਦ ਕਿ ਹਨੇਰੇ ਵਿਚ ਬਦਫ਼ੈਲੀਆਂ ਦੇ ਬੀਜ ਪਨਪਦੇ। ਘਰ ਨੂੰ ਸਭ ਪਤਾ ਹੁੰਦਾ ਕਿਉਂਕਿ ਘਰ ਦਾ ਰਾਜ਼, ਘਰ ਨੂੰ ਪਤਾ ਨਾ ਲੱਗੇ ਇਹ ਕਿੰਝ ਹੋ ਸਕਦਾ?

ਕੰਧਾਂ 'ਤੇ ਮਾਰੀਆਂ ਲਕੀਰਾਂ, ਪਾਏ ਪੂਰਨਿਆਂ, ਤੇ ਕੀਤੀ ਔਖਰਕਾਰੀ ਵਿਚੋਂ ਘਰ ਦੱਸ ਦਿੰਦਾ ਕਿ ਇਹ ਘਰ ਵਿਚ ਵੱਸਦੇ ਨਿੱਕੇ ਬਾਲਾਂ ਦੀਆਂ ਕੀਰਤੀਆਂ ਨੇ ਜਿਨ੍ਹਾਂ ਸਦਕਾ ਕੰਧਾਂ ਨੂੰ ਕੈਨਵਸ ਬਣਨ ਦਾ ਸੁਭਾਗ ਮਿਲਿਆ। ਘਰ ਵਿਚ ਬੱਚਿਆਂ ਦਾ ਪਿਆ ਖਿਲਾਰਾ ਦੇਖ ਕੇ ਘਰ ਨੂੰ ਚਾਅ ਚੜ੍ਹ ਜਾਂਦਾ ਕਿ ਇਹੀ ਖਿਲਾਰਾ ਵੱਸਦੇ ਘਰਾਂ ਦੀ ਨਿਸ਼ਾਨੀ ਜਿਸ ਵਿਚ ਬੱਚੇ ਹੱਸਦੇ, ਰੋਂਦੇ, ਮੰਨਦੇ, ਜ਼ਿੱਦ ਕਰਦੇ ਤੇ ਆਪਣੀ ਮਨਾਉਂਦੇ। ਉਨ੍ਹਾਂ ਦੀ ਬੇਪ੍ਰਵਾਹੀ ਘਰ ਨੂੰ ਨਵਾਂ ਰੂਪ ਚਾੜ੍ਹਦੀ ਅਤੇ ਬੱਚੇ ਘਰ ਦੀ ਸੁਰੱਖਿਅਤ ਫਿਜ਼ਾ ਵਿਚ ਕੁਝ ਵੀ ਕਰਨ ਲਈ ਆਜ਼ਾਦ ਅਤੇ ਬੇਖ਼ੌਫ਼ ਹੋ ਕੇ ਹੁੱੜਦੰਗ ਮਚਾ ਸਕਦੇ। ਪਰ ਘਰ ਕਦੇ ਕਦਾਈਂ ਥੋੜ੍ਹੀ ਜਹੀ ਮਾਯੂਸੀ ਵਿਚ ਵੀ ਬੋਲਦਾ ਕਿ ਇਨ੍ਹਾਂ ਦਿਨਾਂ ਸਦਾ ਨਹੀਂ ਰਹਿਣਾ ਕਿਉਂਕਿ ਜਦ ਬੱਚੇ ਵੱਡੇ ਹੋ ਕੇ ਨਵੀਂ ਪ੍ਰਵਾਜ਼ ਭਰ ਗਏ ਤਾਂ ਘਰ ਦੀ ਸੁੰਨਤਾ ਅਤੇ ਬੇਰੌਣਕੀ ਘਰ ਨੂੰ ਬਹੁਤ ਸਤਾਵੇਗੀ।

ਘਰ ਇਹ ਚੁਗਲੀ ਕਰਨ ਲੱਗਿਆਂ ਦੇਰ ਨਹੀਂ ਲਾਉਂਦਾ ਕਿ ਘਰ ਦੇ ਜੀਆਂ ਵਿਚ ਆਪਸੀ ਪਿਆਰ, ਤਾਲਮੇਲ, ਸਹਿਯੋਗ, ਸਤਿਕਾਰ, ਨੇੜਤਾ ਅਤੇ ਬੋਲਚਾਲ ਕਿੰਨੀ ਕੁ ਹੈ? ਉਹ ਕਿੰਨਾ ਕੁ ਇਕ ਦੂਜੇ ਨੂੰ ਸਮਝਦੇ? ਉਨ੍ਹਾਂ ਵਿਚ ਸੁਪਨਿਆਂ ਦੀ ਸਾਂਝ ਕਿੰਨੀ ਨਰੋਈ ਅਤੇ ਪੀਢੀ ਹੈ? ਉਹ ਇਕ ਦੂਜੇ ਲਈ ਕਿੰਨੇ ਕੁ ਅਰਪਿਤ? ਜਾਂ ਸਿਰਫ਼ ਹਰ ਜੀਅ ਆਪਣੇ ਨਿੱਜ ਤੀਕ ਹੀ ਸੀਮਤ? ਇਹ ਘਰ ਦੀ ਆਬੋ-ਹਵਾ ਵਿਚੋਂ ਪੜ੍ਹਿਆ ਅਤੇ ਸੁਣਿਆ ਜਾ ਸਕਦਾ ਅਗਰ ਸਾਨੂੰ ਇਸਦੀ ਜਾਚ ਹੋਵੇ। ਅਸੀਂ ਆਪਣੀ ਦਿੱਬ-ਦ੍ਰਿਸ਼ਟੀ ਰਾਹੀਂ ਉਹ ਕੁਝ ਸੁਣ ਸਕੀਏ ਜੋ ਘਰ ਵਿਚ ਪਸਰੀ ਸੁੰਨ ਵਿਚ ਹੁੰਦਾ।

ਘਰ ਇਹ ਵੀ ਸਮਝਾ ਦਿੰਦਾ ਕਿ ਉਚੇ ਦਰਵਾਜ਼ਿਆਂ ਵਾਲੇ ਸੱਚੀਂ ਹੀ ਉਚੇ ਹਨ ਜਾਂ ਨੀਵੇਂ? ਛੋਟੇ ਦਰਾਂ ਵਾਲੇ ਕਿੰਨੀ ਕੁ ਅਪਣੱਤ ਨਾਲ ਆਏ ਮਹਿਮਾਨਾਂ ਦਾ ਅਦਬ ਕਰਦੇ ਅਤੇ ਕੀ ਉਚਿਚ ਵਿਚੋਂ ਵੀ ਨਿਰਉਚੇਚਤਾ ਦਾ ਝਲਕਾਰਾ ਪੈਂਦਾ?

ਕਈ ਵਾਰ ਘਰ ਖ਼ਾਮੋਸ਼ ਹੋ ਜਾਂਦਾ ਜਦ ਕਮਰੇ ਨੂੰ ਕਾਗਜ਼ੀ ਫੁੱਲਾਂ ਨਾਲ ਸਜਾਇਆ ਜਾਂਦਾ। ਮਖੌਟਿਆਂ ਵਾਂਗ ਵਿਚਰਦੇ ਲੋਕ ਆਪਣੇ ਅੰਦਰਲੇ ਸੱਚ ਨੂੰ ਛੁਪਾਉਣ ਦੀ ਅਸਫ਼ਲ ਕੋਸ਼ਿਸ਼ ਕਰਦੇ। ਕਣਕ ਦੇ ਛਿੱਟੇ ਜਦ ਕਮਰੇ ਦੀ ਸ਼ਾਨ ਵਧਾਉਣ ਲਈ ਲਾਏ ਜਾਂਦੇ ਤਾਂ ਕਣਕ ਦੇ ਦਾਣਿਆਂ ਵਿਚ ਉਗਿਆ ਹੇਰਵਾ, ਘਰ ਲਈ ਸੁਸਰੀ ਬਣ ਜਾਂਦਾ। ਘਰ ਨੂੰ ਬਹੁਤ ਅਖਰਦਾ ਅਤੇ ਬੋਲਾਂ ਵਿਚ ਖ਼ੁਰਵਾਪਣ ਹਾਵੀ ਹੁੰਦਾ ਜਦ ਇਸਦੇ ਖੂੰਜਿਆਂ ਵਿਚ ਜਾਲੇ ਉਗਦੇ। ਛੱਤ 'ਤੇ ਪਿੱਪਲ ਤੇ ਬੋਹੜ ਉਗਦੇ। ਪ੍ਰਨਾਲਿਆਂ ਵਿਚ ਮਿੱਟੀ ਦੇ ਢੇਰ ਲੱਗਦੇ ਤੇ ਕੰਧਾਂ ਤੋਂ ਕੱਲਰ ਕਿਰਦਾ। ਘਰ ਵਾਲਿਆਂ ਦਾ ਅਵੇਸਲਾਪਣ ਮਹਿਸੂਸ ਕਰ ਕੇ ਘਰ ਉਦਾਸੀ ਵਿਚ ਡੁੱਬ ਜਾਂਦਾ ਜੋ ਕਈ ਵਾਰ ਘਰ ਲਈ ਹਉਆ ਬਣ ਜਾਂਦੀ।

ਘਰ ਦੀ ਉਪਰਾਮਤਾ ਨੂੰ ਬੋਲ ਹੀ ਨਾ ਮਿਲਦੇ ਜਦ ਘਰ ਦੇਖਦਾ ਕਿ ਘਰ ਵਿਚੋਂ ਗਾਇਬ ਹੋ ਗਈ ਹੈ ਸਿਹਤਮੰਦ ਜੀਵਨ-ਜਾਚ। ਖਾਣ-ਪੀਣ ਵਿਚ ਆਇਆ ਬਦਲਾਅ, ਜੀਵਨ ਲਈ ਕਿਆਮਤ। ਘਰ ਵਿਚ ਦਵਾਈਆਂ ਦੀ ਬਹੁਤਾਤ ਨੇ ਅਰੋਗਤਾ ਦਾ ਮਰਸੀਆ ਪੜ੍ਹ ਦਿੱਤਾ ਅਤੇ ਇਸ ਮਰਸੀਏ ਵਿਚ ਘਰ ਸ਼ਾਮਲ ਹੋਣ ਤੋਂ ਨਹੀਂ ਬਚ ਸਕਦਾ। ਘਰ ਨੂੰ ਇਹ ਰੰਜਿਸ਼ ਹੈ ਕਿ ਹੁਣ ਘਰ ਵਾਲੇ ਘਰ ਦੇ ਤਿਆਰ ਕੀਤੇ ਖਾਣੇ ਦੀ ਬਜਾਏ ਡੱਬੇਬੰਦ ਖਾਣਿਆਂ 'ਤੇ ਇੰਨੇ ਨਿਰਭਰ ਹੋ ਗਏ ਕਿ ਉਨ੍ਹਾਂ ਦੇ ਸੁਹਜ ਸਵਾਦ ਹੀ ਬਦਲ ਗਏ। ਘਰ ਵਾਲਿਆਂ ਦੇ ਬਦਲੇ ਹੋਏ ਤੇਵਰਾਂ ਨੇ ਘਰ ਨੂੰ ਬਹੁਤ ਹਤਾਸ਼ ਕਰ ਦਿੱਤਾ ਜੋ ਘਰ ਦੀ ਗੁਫ਼ਤਗੂ ਵਿਚੋਂ ਸਾਫ਼ ਝਲਕਦਾ।

ਘਰ ਦੇ ਬੋਲਾਂ ਵਿਚ ਰੋਹ ਪੈਦਾ ਹੁੰਦਾ ਜਦ ਉਹ ਦੇਖਦਾ ਕਿ ਘਰ ਵਿਚੋਂ ਬਜ਼ੁਰਗਾਂ ਦਾ ਮੰਜਾ ਹੀ ਗਾਇਬ ਹੋ ਗਿਆ। ਮਾਪਿਆਂ ਲਈ ਸੋਫ਼ਿਆਂ ਤੇ ਗਦੇਲਿਆਂ ਦੇ ਕੋਈ ਅਰਥ ਨਹੀਂ। ਉਹ ਤਾਂ ਚਾਹੁੰਦੇ ਕਿ ਘਰ ਵਾਲੇ ਆਪਣੇ ਵਡੇਰਿਆਂ ਨੂੰ ਅਦਬ ਦੇਣ। ਉਨ੍ਹਾਂ ਨਾਲ ਗੱਲਾਂ ਕਰਨ। ਉਹ ਆਪਣਿਆਂ ਨਾਲ ਦਿਲ ਦੀਆਂ ਗੱਲਾਂ ਸਾਂਝੀਆਂ ਕਰ ਸਕਣ ਅਤੇ ਖ਼ੁਦ ਨੂੰ ਫਰੋਲ ਸਕਣ। ਜੇ ਬੱਚੇ ਹੀ ਮਾਪਿਆਂ ਦੀ ਨਹੀਂ ਸੁਣਨਗੇ ਤਾਂ ਮਾਪਿਆਂ ਨੇ ਸਭ ਕੁਝ ਹਿੱਕ ਵਿਚ ਦਫ਼ਨਾ ਕੇ ਹੀ ਇਸ ਦੁਨੀਆਂ ਤੋਂ ਤੁਰ ਜਾਣਾ ਅਤੇ ਹੋ ਸਕਦਾ ਕਿ ਘਰ ਵਾਲੇ ਉਨ੍ਹਾਂ ਦੀਆਂ ਗੱਲਾਂ ਸੁਣਨ ਲਈ ਤਰਸ ਜਾਣ। ਆਪਣੇ ਕਮਰੇ ਵਿਚ ਇਕੱਲੇ ਬੈਠੇ ਬਜ਼ੁਰਗਾਂ ਦੀਆਂ ਗੱਲਾਂ, ਘਰ ਜ਼ਰੂਰ ਸੁਣਦਾ ਏ ਅਤੇ ਚਾਹੁੰਦਾ ਕਿ ਘਰ ਵਾਲੇ ਵੀ ਸੁਣਨ। ਪਰ ਜਦ ਘਰ ਵਾਲਿਆਂ ਨੂੰ ਫ਼ੁਰਸਤ ਹੀ ਨਾ ਮਿਲੇ ਤਾਂ ਘਰ ਦੁਹਾਈ ਵੀ ਪਾਉਂਦਾ ਪਰ ਘਰ ਦੀ ਕੌਣ ਸੁਣਦਾ? ਕਿਸ ਕੋਲ ਵਿਹਲ ਕਿ ਉਹ ਘਰ ਦੀ ਵੇਦਨਾ ਸੁਣੇ ਅਤੇ ਇਸ ਰਾਹੀਂ ਆਪਣੇ ਆਪ ਦੇ ਰੂਬਰੂ ਹੋਵੇ।

ਘਰ ਦੀ ਹਾਕ ਜਦ ਹੂਕ ਬਣ ਜਾਵੇ ਤਾਂ ਘਰ ਢੱਠਦਾ ਢੱਠਦਾ ਢਹਿ ਜਾਂਦਾ।

ਇਸਦੇ ਲਿਉੜਾਂ ਨੂੰ ਜਦ ਕੋਈ ਥੱਪਦਾ ਨਾ ਤਾਂ ਇਹ ਲਹਿੰਦਾ ਲਹਿੰਦਾ ਲਹਿ ਜਾਂਦਾ।

ਆਲ੍ਹੇ ਵਿਚ ਧਰਿਆ ਦੀਵਾ ਜੇ ਨਾ ਜਗੇ ਤਾਂ ਪਸਰਦਾ 'ਨੇਰ ਘਰ ਨੂੰ ਖਾ ਜਾਂਦਾ।

ਪੌੜੀਆਂ ਤੋਂ ਚਾਨਣੀ ਜੇ ਉਤਰੇ ਨਾ ਤਾਂ ਮੱਸਿਆ ਦਾ ਕਹਿਰ ਹੈ ਛਾ ਜਾਂਦਾ।

ਕਮਰੇ ਵਿਚ ਖ਼ਾਮੋਸ਼ੀ ਦਾ ਹੋਵੇ ਪਹਿਰਾ ਤਾਂ ਹੋਠ ਤਰਸਦੇ ਮੋਹ ਪਿਆਰ ਦੇ ਲਈ।

ਮੁੱਕ ਜਾਂਦੀਆਂ ਕੈਲੰਡਰ ਦੀਆਂ ਲੀਕਾਂ, ਸੱਧਰਾਂ ਰੋਂਦੀਆਂ ਮਾਹੀ-ਦੀਦਾਰ ਦੇ ਲਈ।

ਚੁੱਲਿਆਂ ਵਿਚ ਜਦ ਘਾਹ ਉਗਦਾ, ਚੌਂਕੇ ਵਿਚ ਵੀਰਾਨਗੀ ਛਾ ਜਾਂਦੀ।

ਸੁੰਨੇ ਦਰੀਂ ਨਾ ਦੇਵੇ ਕੋਈ ਦਸਤਕ, ਬੂਹਿਆਂ ਮੱਥੇ ਉਡੀਕ ਚਿਪਕਾ ਜਾਂਦੀ।

ਘਰ ਦੱਸਦਾ ਹੈ ਕਿ ਉਸਨੂੰ ਚੰਗਾ ਲੱਗਦਾ ਹੈ ਜਦ ਕੋਈ ਸੁਪਨਿਆਂ ਦੀ ਪ੍ਰਵਾਜ਼ ਲਈ ਘਰੋਂ ਬਾਹਰ ਪੈਰ ਰੱਖਦਾ ਅਤੇ ਪਰ ਇਸ ਤੋਂ ਜ਼ਿਆਦਾ ਚੰਗਾ ਉਦੋਂ ਲੱਗਦਾ ਜਦ ਕੋਈ ਘਰੋਂ ਬਾਹਰ ਗਿਆ, ਪਰਤ ਕੇ ਘਰ ਨੂੰ ਆਣ ਕੇ ਮਿਲਦਾ।

ਘਰ ਹੀ ਬੰਦੇ ਨੂੰ ਇਹ ਭੇਤ ਸਮਝਾਉਂਦਾ ਕਿ ਮਕਾਨ ਖਰੀਦਿਆ ਜਾ ਸਕਦਾ ਪਰ ਘਰ ਸਦਾ ਘਰ ਵਾਲਿਆਂ ਵਲੋਂ ਉਸਾਰਿਆ ਜਾਂਦਾ। ਘਰ ਬਜ਼ਾਰ ਵਿਚੋਂ ਨਹੀਂ ਮਿਲਦਾ। ਕਈ ਵਾਰ ਮਹਿਲ ਵੀ ਘਰ ਨਹੀਂ ਹੁੰਦਾ ਪਰ ਝੁਗੀ ਵੀ ਘਰ ਛੰਨ ਵੀ ਘਰ ਹੁੰਦੀ।

ਘਰ ਉਚੀ ਬੋਲ ਕੇ ਦੱਸਦਾ ਕਿ ਸੁੱਚੀਆਂ ਭਾਵਨਾਵਾਂ, ਗੂੜੇ ਅਹਿਸਾਸਾਂ, ਆਪਸੀ ਮੋਹ ਅਤੇ ਮਿੱਤਰਤਾ ਭਰਪੂਰ ਰਵੱਈਏ ਵਿਚੋਂ ਘਰ ਦੀ ਉਚਮਤਾ ਅਤੇ ਸੁੱਚਮਤਾ ਉਜਾਗਰ ਹੁੰਦੀ। ਕਈ ਵਾਰ ਘਰ ਕਵਿਤਾ-ਕਵਿਤਾ ਹੋ ਕੂਕਦਾ;

ਅੱਜ ਕੱਲ ਪਿੰਡ, ਮਕਾਨਾਂ ਦੀ ਬਸਤੀ ਹੋ ਗਈ।
ਮਕਾਨਾਂ 'ਚ ਬੰਦ, ਕੈਦੀ ਜੇਹੀ ਹਸਤੀ ਹੋ ਗਈ,
ਭੋਲਿਆ ਮਨਾਂ! ਇਹ ਵੀ ਵਕਤ ਨੇ ਦੇਖਣਾ ਸੀ,
ਕਿ ਦੌਲਤ ਮਹਿੰਗੀ ਪਰ ਜ਼ਿੰਦਗੀ ਸਸਤੀ ਹੋ ਗਈ।

ਯਾਦ ਰਹੇ ਕਿ ਘਰ ਜਿੰਨਾ ਚਿਰ ਜਿਊਂਦਾ ਹੈ, ਜਾਗਦਾ ਹੈ ਅਤੇ ਇਸਦੀ ਜ਼ਮੀਰ ਜਾਗਦੀ ਹੈ, ਇਸਨੇ ਬੋਲਦੇ ਰਹਿਣਾ। ਇਸਦੇ ਬੋਲਾਂ ਵਿਚ ਸਾਡੀ ਵਿਰਾਸਤ ਜਿਨ੍ਹਾਂ ਰਾਹੀਂ ਸਾਡੀ ਵਿਰਾਸਤ ਨੇ ਅਗਲੀ ਪੀੜ੍ਹੀ ਤੀਕ ਪਹੁੰਚਣਾ। ਇਸ ਲਈ ਜ਼ਰੂਰੀ ਹੈ ਕਿ ਅਸੀਂ ਇੰਨੇ ਸੰਵੇਦਨਸ਼ੀਲ ਜ਼ਰੂਰ ਹੋਈਏ ਕਿ ਘਰ ਦੀਆਂ ਹਾਕਾਂ ਦਾ ਹੁੰਗਾਰਾ ਭਰੀਏ। ਇਸ ਦੀਆਂ ਸੂਖਮਤਾਂ ਅਨੁਸਾਰ ਆਪਣਾ ਜੀਵਨ ਢਾਲੀਏ ਤਾਂ ਕਿ ਘਰ ਨੂੰ ਘਰ ਹੋਣ ਦਾ ਮਾਣ ਹੋਵੇ ਨਾ ਕਿ ਘਰ ਨੂੰ ਮਕਾਨ ਹੋਣ ਦੀ ਨਮੋਸ਼ੀ ਹੰਢਾਉਣੀ ਪਵੇ।

ਘਰ ਨੇ ਤਾਂ ਹਮੇਸ਼ਾ ਬੋਲਦੇ ਰਹਿਣਾ। ਇਹ ਤਾਂ ਘਰਾਂ ਵਾਲਿਆਂ ਨੇ ਸੋਚਣਾ ਕਿ ਘਰ ਨੂੰ ਸੁਣ ਕੇ, ਘਰ ਨੂੰ ਘਰ ਹੀ ਰਹਿਣ ਦੇਣਾ ਜਾਂ ਇਸਨੂੰ ਹਾਊਸ ਨੰਬਰ ਬਣਾਉਣਾ?

---

## *ਸਾਰਾ ਜਹਾਨ ਮੇਰਾ!*

(ਪਿਛਲੇ ਸਫੇ ਦਾ ਬਾਕੀ)

"ਜੀ ਭਾਜੀ, ਦੁਆਬੀਆ ਪੰਜਾਬੀ ..!" ਮੈਂ ਹੱਸਦਿਆਂ ਕਿਹਾ ਤੇ ਨਾਲ ਈ ਪੁੱਛਿਆ ਕਿ ਉਸਨੂੰ ਕੀ ਜਾਪਿਆ ਸੀ।

"ਮੈਂ ਤਾਂ ਸੋਚਿਆ ਕਿ ਕੋਈ ਫਲਸਤੀਨੀ ਜਾਪ ਰਿਹੈ ਪਰ ਤੁਸੀਂ ਤਾਂ ਆਪਣੇ ਈ ਨਿਕਲੇ," ਉਸਨੇ ਖੁਸ਼ ਹੁੰਦਿਆਂ ਕਿਹਾ ਤੇ ਮੇਰੇ ਕੋਲ ਆ ਕੇ ਗਰਮਜੋਸ਼ੀ ਨਾਲ ਹੱਥ ਮਿਲਾਇਆ।

ਦਰਅਸਲ ਮੇਰੇ ਸਿਰ 'ਤੇ ਪਿਟੀਆਂ ਵਾਲਾ ਸਾਫ਼ਾ ਬੰਨ੍ਹਿਆ ਹੋਇਆ ਸੀ। ਗਰਮੀ ਬਹੁਤ ਸੀ ਤੇ ਖੱਬੇ ਪਾਸੇ ਤੋਂ ਪੈਣ ਵਾਲੀ ਤਿੱਖੀ ਧੁੱਪ ਦੇ ਡੰਗ ਤੋਂ ਬਚਣ ਲਈ ਮੈਂ ਇਹ ਸਾਫ਼ਾ ਇਸ ਅੰਦਾਜ਼ ਨਾਲ ਬੰਨ੍ਹਿਆ ਹੋਇਆ ਸੀ ਕਿ ਦੋਵੇਂ ਮੋਢੇ ਢਕੇ ਜਾਣ ਤੇ ਚਿਹਰਾ ਵੀ। ਮੈਂ ਮਹਿਸੂਸ ਕੀਤਾ ਕਿ ਸਾਫ਼ੇ ਦਾ ਇਹ ਅੰਦਾਜ਼ ਮਰਹੂਮ ਫ਼ਲਸਤੀਨੀ ਆਗੂ ਯਾਸਰ ਅਰਾਫ਼ਾਤ ਦੇ ਸਾਫ਼ੇ ਨਾਲ ਮੇਲ ਖਾ ਗਿਆ ਸੀ। ਉਸ ਅਫਸਰ ਨੇ ਮੇਰੇ ਸਾਫੇ ਵੱਲ ਦੇਖ ਮੈਨੂੰ ਫ਼ਲਸਤੀਨੀ ਸਮਝ ਅੰਗਰੇਜ਼ੀ 'ਚ ਈ ਗੱਲ ਕੀਤੀ। ਅੰਭਤਵਾਹੇ ਆਪਣੀ ਬੋਲੀ ਸੁਣ ਕੇ ਉਸ ਦੇ ਕੰਨਾਂ ਨੂੰ ਯਕੀਨ ਨਹੀਂ ਆਇਆ। ਘਰ ਆ ਕੇ ਸ਼ੀਸ਼ੇ ਮੋਹਰੇ ਖੜੋ ਕੇ ਮੈਂ ਆਪਣੇ ਆਪ 'ਚੋਂ ਅਰਾਫ਼ਾਤ ਲੱਭਣ ਦੀ ਕੋਸ਼ਿਸ਼ ਕਰਦਾ ਰਿਹਾ। ਜਦ ਇਹ ਗੱਲ ਬੇਟੇ ਅਫ਼ਰਾਜ਼ ਨਾਲ ਸਾਂਝੀ ਕੀਤੀ ਤਾਂ ਉਹ ਵੀ ਬਹੁਤ ਖੁਸ਼ ਹੋਇਆ।

ਇਸੇ ਤਰ੍ਹਾਂ ਇੱਕ ਵਾਰ ਇੱਕ ਕਾਲਾ ਡਰਾਈਵਰ ਮੈਨੂੰ ਈਰਾਨ ਬਾਰੇ ਪੁੱਛੀ ਜਾਵੇ। ਜਦ ਉਸਨੂੰ ਆਪਣੀ ਪਛਾਣ ਦੱਸੀ ਤਾਂ ਉਹ ਮੰਨੇ ਨਾ। ਜਦ ਲਾਇਸੈਂਸ ਦਿਖਾਇਆ, ਤਾਂ ਉਸ ਨੂੰ ਯਕੀਨ ਆਇਆ ਕਿ ਮੈਂ ਈਰਾਨੀ ਨਹੀਂ, ਪੰਜਾਬੀ ਹਾਂ।

ਇਸ ਵਾਰ ਮੈਰੀਲੈਂਡ ਦੇ ਹਯਾਟਸਵਿਲ ਸ਼ਹਿਰ 'ਚ ਹੋਲ ਫੂਡਜ਼ ਦਾ ਲੋਡ ਡਲਿਵਰ ਕਰਨ ਲਈ ਚੈੱਕ-ਇਨ ਕਰਵਾਉਣ ਲੱਗਾ ਤਾਂ ਡਿਊਟੀ ਦੇ ਰਹੇ ਮੁਲਾਜ਼ਮ ਨੇ ਮੈਨੂੰ ਸੰਬੋਧਨ ਕਰਦਿਆਂ ਕਿਹਾ, 'ਹਾਏ ਮਿਸਟਰ ਸਿੰਘ...ਹਾਉ'ਜ਼ ਯੁਅਰ ਡੇ...!' ਉਸ ਦਾ ਇਹ ਸੰਬੋਧਨ ਮੈਨੂੰ ਚੰਗਾ ਲੱਗਾ। ਮੈਂ ਉਸਨੂੰ ਪਹਿਲੀ ਵਾਰ ਮਿਲ ਰਿਹਾ ਸੀ। ਮੈਂ ਪੁੱਛਿਆ ਕਿ ਉਸਨੂੰ ਕਿਵੇਂ ਪਤੈ ਕਿ ਮੈਂ ਸਿੰਘ ਹਾਂ। ਉਸਦਾ ਜਵਾਬ ਸੀ, "ਮੇਰਾ ਸਿੰਘਾਂ ਨਾਲ ਵਾਹ ਰਹਿੰਦੈ ਤੇ ਮੈਂ ਦੂਰੋਂ ਈ ਪਛਾਣ ਲੈਂਦਾ ਹਾਂ।" ਮਨ ਹੀ ਮਨ 'ਚ ਸੋਚਿਆ ਕਿ ਬੰਦਾ ਚੰਗੈ, ਇਸ ਨੇ ਸਿੰਘਾਂ ਦਾ ਨਾਂਅ ਨਹੀਂ ਵਿਗਾੜਿਆ। ਚੰਗੇ ਬੰਦੇ ਸਮਝ ਰਿਹਾ ਹੋਣਾ ਸਾਨੂੰ! ਅਸੀਂ ਤਾਂ ਇਸ ਨੂੰ ਵੀ 'ਕਾਲਾ-ਸਾਲਾ' ਈ ਕਹਿਨੈਂ!

ਇਕ ਗੱਲ ਜ਼ਰੂਰ ਐ ਕਿ ਬਦੇਸ਼ਾਂ 'ਚ ਪੰਜਾਬੀਆਂ ਦੀ ਪਛਾਣ 'ਸਿੰਘ' ਕਰਕੇ ਈ ਹੁੰਦੀ ਐ। ਮੇਰੇ ਸਿਰ 'ਤੇ ਨਾ ਪੱਗ ਸੀ, ਨਾ ਈ ਸਾਫ਼ਾ ਬੰਨ੍ਹਿਆ ਸੀ, ਇਹ ਮਨੁੱਖ ਫੇਰ ਵੀ ਮੈਨੂੰ 'ਸਿੰਘ' ਆਖ ਕੇ ਸੰਬੋਧਨ ਕਰ ਰਿਹਾ ਸੀ। ਚੰਗਾ ਚੰਗਾ ਲੱਗਾ ਮੈਨੂੰ ਪਰ ਨਾਲ ਈ ਇਹ ਵੀ ਸੋਚਣ ਲਈ ਮਜਬੂਰ ਹੋ ਗਿਆ ਕਿ ਨਾਂਅ ਦੇ ਪਿੱਛੇ 'ਸਿੰਘ' ਲਿਖ ਕੇ ਹੀ ਮਾਣ ਮਹਿਸੂਸ ਕਰਨਾ ਕਿੱਥੋਂ ਤੱਕ ਵਾਜਬ ਹੈ! ਸਿੰਘ ਉਹ ਵੀ ਹਨ ਜੋ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਦਿਆਂ ਈ ਸਾਰੀ ਉਮਰ ਹੰਢਾਅ ਜਾਂਦੇ ਹਨ। ਸਿੰਘ ਉਹ ਵੀ ਹਨ, ਜਿਨ੍ਹਾਂ ਨੂੰ ਮਾਣ ਹਾਸਲ ਐ ਕਿ ਉਨ੍ਹਾਂ ਦੇ ਇੱਕ ਸੂਰਬੀਰ ਨੇ ਨੌਵੇਂ ਗੁਰੂ ਦਾ ਸੀਸ ਜਬਰ ਦੇ ਝੱਖੜ ਦਾ ਸਾਹਮਣਾ ਕਰਦਿਆਂ ਦਸਵੇਂ ਗੁਰੂ ਹਵਾਲੇ ਕੀਤਾ ਸੀ ਪਰ ਉਨ੍ਹਾਂ ਨੂੰ ਆਪਣੇ ਕੁਣਬੇ ਵਾਸਤੇ ਵੱਖਰੇ ਗੁਰਘਰ ਬਣਾਉਣੇ ਪੈਣ ਤੇ ਸਿੰਘ ਉਹ ਵੀ ਹਨ ਜੋ ਸਾਰੇ ਪੰਜਾਬ ਨੂੰ ਲਾਂਬੂ ਲਾ ਕੇ, ਰੇਤ-ਬੱਜਰੀ ਖਾ ਕੇ, ਜਵਾਨੀ ਦੇ ਖੂਨ ਨੂੰ 'ਚਿੱਟਾ' ਕਰ ਕੇ 'ਪੰਥ ਰਤਨ' ਦੀ ਕਲਗੀ ਲਾਈ ਫਿਰਦੇ ਹਨ। ਦਾਅਵਾ ਹਰ 'ਸਿੰਘ' ਕਰੀ ਜਾਂਦੈ ਕਿ ਉਹ ਉਸ ਮਹਾਂਬਲੀ ਦਾ 'ਸੱਚਾ ਸਿੱਖ' ਹੈ, ਜੋ ਜ਼ੁਲਮ ਤੇ ਜਾਬਰ ਵਿਰੁੱਧ ਲੜਦਿਆਂ ਸਰਬੰਸ ਵਾਰ ਗਿਆ ਸੀ!

ਇਸ ਮਨੋ-ਅਵਸਥਾ 'ਚ ਮੈਂ ਸਾਰੀਆਂ ਘਟਨਾਵਾਂ ਨੂੰ ਰਿੜਕਦਾ ਹਾਂ। ਸੋਚਦਾ ਹਾਂ ਕਿ ਮੈਂ ਤਾਂ ਇੱਕੋ ਮਨੁੱਖ, ਇੱਕ ਪੰਜਾਬੀ! ਪਰ ਮੇਰੇ 'ਚੋਂ ਹਰ ਬੰਦਾ ਵੱਖੋ ਵੱਖਰਾ ਮਨੁੱਖ ਕਿਓਂ ਭਾਲ ਰਿਹੈ! ਕੋਈ ਮੇਰੇ 'ਚੋਂ ਸਪੈਨਿਸ਼, ਕੋਈ ਅਫ਼ਗਾਨ, ਕੋਈ ਫ਼ਲਸਤੀਨੀ, ਕੋਈ ਈਰਾਨੀ ਲੱਭ ਰਿਹੈ ਤੇ ਕੋਈ ਵਿਰਲਾ ਮੈਨੂੰ ਸਿੰਘ ਆਖ ਰਿਹੈ! ਆਖ਼ਰ ਬੰਦਾ ਤਾਂ ਮੈਂ ਇੱਕ ਈ ਆਂ ਨਾ! ਸਾਂਝੀਵਾਲਤਾ ਤੇ ਸਰਬਤ ਦੇ ਭਲੇ ਦਾ ਸੰਦੇਸ਼ ਦੇਣ ਵਾਲੇ ਬਾਬੇ ਦੀਆਂ ਲੀਹਾਂ 'ਤੇ ਚੱਲਣ ਦੀ ਕੋਸ਼ਿਸ਼ ਕਰਨ ਵਾਲਾ ਇੱਕ ਅਸਲੋਂ ਸਾਧਾਰਨ ਜਿਹਾ ਬੰਦਾ!

ਬੁਰਾ ਨਹੀਂ ਲੱਗ ਰਿਹਾ ਸਗੋਂ ਖ਼ੁਦ ਨਾਲ ਹੋਰ ਜ਼ਿਆਦਾ ਪਿਆਰ ਕਰਨ ਲੱਗਾ ਹਾਂ! ਜੋ ਮਨੁੱਖ ਖ਼ੁਦ ਨਾਲ ਪਿਆਰ ਨਹੀਂ ਕਰਦਾ, ਉਹ ਦੂਸਰੇ ਨੂੰ ਭਲਾ ਕੀ ਪਿਆਰ ਕਰੇਗਾ! ਇਹੋ ਪ੍ਰੇਮ-ਭਾਵਨਾ ਹੈ ਕਿ ਮੈਂ ਆਪਣੇ ਆਪ ਨੂੰ ਸਭਨਾਂ ਮਨੁੱਖੀ ਨਸਲਾਂ ਦਾ ਸਾਂਝਾ ਪ੍ਰਤੀਨਿਧ ਸਮਝ ਰਿਹਾਂ!

ਬਾਬੇ ਆਦਮ ਤੇ ਬੇਬੇ ਹਵਾ ਦਾ ਜਾਇਆ!
ਮੈਂ ਕੁੱਲ ਆਲਮ ਦਾ, ਕੁੱਲ ਆਲਮ ਮੇਰਾ!


ਮੇਰੇ ਜ਼ਿਹਨ 'ਚ ਫ਼ੱਕਰ ਸ਼ਾਇਰ ਉਲਫ਼ਤ ਬਾਜਵਾ ਦਾ ਇਹ ਸ਼ਿਅਰ ਗੂੰਜ ਰਿਹੈ;

ਨਾ 'ਇਹ ਸ਼ੁਤਾਨ' ਮੇਰਾ ਨਾ 'ਉਹ ਸ਼ੁਤਾਨ' ਮੇਰਾ
ਸਾਰੇ ਜਹਾਨ ਦਾ ਮੈਂ ਸਾਰਾ ਜਹਾਨ ਮੇਰਾ!
ਕਿਸ ਨੂੰ ਕਹਾਂ ਮੈਂ ਆਪਣਾ ਤੇ ਗ਼ੈਰ ਕਿਸ ਨੂੰ ਆਖਾਂ
'ਇੱਕ ਜਾਤ' ਆਦਮੀ ਦੀ ਇੱਕ ਖ਼ਾਨਦਾਨ ਮੇਰਾ।

ਕਹਾਣੀ

# 'ਚਿੱਟੇ' ਦੀ ਖੇਡ

ਗਰੀਬ ਕਿਸਾਨ ਦਾ ਪੁੱਤਰ 'ਬਲਤੇਜ' ਇਕ ਹਸਮੁੱਖ, ਮਖੌਲੀਆ ਅਤੇ ਸੂਝਵਾਨ ਮੁੰਡਾ ਸੀ। ਪੜ੍ਹਾਈ ਦੇ ਨਾਲ-ਨਾਲ ਉਹ ਅਪਣੇ ਬਾਪ 'ਜਗਤਾਰ ਸਿੰਘ' (ਤਾਰਾ) ਦਾ, ਖੇਤੀ ਨਾਲ ਸਬੰਧਤ ਸਾਰੇ ਕੰਮਾਂ 'ਚ ਹੱਥ ਵਟਾਉਂਦਾ ਸੀ। ਪਿੰਡ ਦੇ ਸਰਕਾਰੀ ਸਕੂਲ ਤੋਂ ਪਲੱਸ-ਟੂ ਪਾਸ ਕਰਨ ਤੋਂ ਬਾਅਦ, ਅੱਗੇ ਪੜ੍ਹਾਈ ਕਰਨ ਦੀ ਬਜਾਏ ਉਸ ਨੇ ਆਈਲੈਟਸ ਕਰਨ ਦਾ ਫੈਸਲਾ ਕਰ ਲਿਆ। ਉਹ ਦੋ ਵਾਰ ਟੈਸਟ 'ਚ ਬੈਠਾ ਵੀ ਪਰ ਗੱਲ ਨਹੀਂ ਬਣੀ, ਦੋਨੋਂ ਵਾਰ ਉਹ ਸਾਢੇ-ਪੰਜ ਤੋਂ ਵੱਧ ਬੈਂਡ ਨਾ ਲਿਜਾ ਸਕਿਆ। ਉਹ ਤੀਜੀ ਵਾਰ ਵੀ ਟੈਸਟ ਦੇ ਸਕਦਾ ਸੀ ਪਰ ਉਸਨੇ



**ਪੀ.ਐਸ.ਰੋਡੇ**
**ਫੋਨ: 737 274 2370**

ਅਜਿਹਾ ਨਾ ਕਰਨ ਦਾ ਫੈਸਲਾ ਲੈ ਲਿਆ। ਬਾਪ ਜਗਤਾਰ ਸਿੰਘ ਨੇ ਬਹੁਤ ਕਿਹਾ ਕਿ ਔਖੇ-ਸੌਖੇ ਇਕ ਵਾਰ ਹੋਰ ਫੀਸ ਭਰ ਦਿੰਦੇ ਹਾਂ ਪਰ ਉਹ ਨਹੀਂ ਮੰਨਿਆ। ਉਸਦਾ ਕਹਿਣਾ ਸੀ ਕਿ ਹੁਣ ਤਾਂ ਇਹ ਖਾਹ-ਮਖਾਹ ਪੈਸੇ ਦੀ ਬਰਬਾਦੀ ਐ। ਅਸਲ 'ਚ ਉਹ ਆਪਾ-ਵਿਸ਼ਵਾਸ ਖੋ ਬੈਠਾ ਸੀ। ਇਸ ਤੋਂ ਵੀ ਵੱਧ ਮਾੜੀ ਗੱਲ ਇਹ ਹੋਈ ਕਿ ਉਹ ਛੇਤੀ ਹੀ ਡਿਪਰੈਸ਼ਨ ਦਾ ਸ਼ਿਕਾਰ ਹੋ ਗਿਆ।

ਬਲਤੇਜ ਦਾ ਘਰ ਪਿੰਡ ਦੇ ਕੇਂਦਰ 'ਚ ਸੀ। ਉਹ ਜਦੋਂ ਵੀ ਘਰ ਤੋਂ ਖੇਤ ਵੱਲ ਜਾਂਦਾ, ਰਸਤੇ 'ਚ ਮਿਲਣ ਵਾਲੇ ਹਰ ਮਰਦ-ਔਰਤ ਨੂੰ ਬੁਲਾਉਂਦਾ ਤੇ ਹਾਲ-ਚਾਲ ਪੁੱਛਦਾ। ਕਦੇ ਕਹਿੰਦਾ,"ਭਾਬੀ ਤਕੜੀ ਐਂ!" ਕਿਸੇ ਨੂੰ, "ਚਾਚੀ ਅੱਜ ਸਵੇਰੇ-ਸਵੇਰੇ ਵਗੀ ਜਾ ਰਹੀ ਐਂ, ਸੁੱਖ ਐ?" ਕਿਸੇ ਨੂੰ,"ਓਏ ਤਾਇਆ ਤੂੰ ਹੁਣੇ ਬੁੱਢਾ ਹੋ ਚੱਲਿਆ ਐਂ! ਅਜੇ ਤਾਂ ਬਹੁਤ ਕੁੱਛ ਕਰਨ ਵਾਲਾ ਬਾਕੀ ਪਿਆ ਐ!" ਅਤੇ ਕਿਸੇ ਨੂੰ, "ਓਏ ਜੀਤਿਆ ਹੁਣ ਅੰਮਾਂ ਦਾ ਕੀ ਹਾਲ ਐ? ਦੁਬਾਰਾ ਤਾਂ ਬੁਖਾਰ ਨਹੀਂ ਹੋਇਆ?" ਆਦਿ। ਪਰ ਅੱਜ-ਕੱਲ੍ਹ ਉਹ ਚੁੱਪ-ਗੜੁੱਪ ਰਹਿਣ ਲੱਗ ਪਿਆ। ਉਹ ਬੁਲਾਏ ਤੋਂ ਵੀ ਘੱਟ ਹੀ ਬੋਲਦਾ ਸੀ!" "ਤਾਰਿਆ ਆਪਣੇ ਮੁੰਡੇ ਨੂੰ ਕੀ ਹੋ ਗਿਆ? ਬੜਾ ਉਦਾਸ-ਉਦਾਸ ਰਹਿੰਦਾ ਐ!" ਲੋਕ ਉਸਦੇ ਬਾਪ ਤੋਂ ਪੁੱਛਦੇ। ਇਕ ਦਿਨ ਪਿੰਡ 'ਚੋਂ ਕਿਸੇ ਨੇ ਉਸਦੇ ਬਾਪ ਨੂੰ ਦੱਸਿਆ," ਬਾਈ 'ਤਾਰਿਆ' ਕੱਲ ਆਪਣਾ ਬਲਤੇਜ ਸਾਡੇ ਖੇਤ ਕੋਲ 'ਸੂਏ' ਦੀ ਪਟੜੀ 'ਤੇ ਗਲਤ ਮੁੰਡਿਆਂ ਨਾਲ ਬੈਠਾ ਸੀ, ਮੈਨੂੰ ਲਗਦਾ ਐ ਕਿ ਉਹ ਵੀ 'ਚਿੱਟਾ' ਲੈਣ ਲੱਗ ਪਿਆ ਐ!" "ਲਗਦਾ ਤਾਂ ਨੀਂ, ਜਦੋਂ ਘਰ ਆਉਂਦੈ ਉਦੋਂ ਤਾਂ ਠੀਕ ਹੁੰਦੈ!" ਜਗਤਾਰ ਨੇ ਜਵਾਬ ਦਿੱਤਾ। ਅਸਲ 'ਚ ਜਗਤਾਰ ਨੇ ਝੂਠ ਬੋਲਿਆ ਸੀ, ਉਸਨੂੰ ਪਤਾ ਲੱਗ ਚੁੱਕਾ ਸੀ ਕਿ ਬਲਤੇਜ ਚਿੱਟਾ ਵਰਤਦਾ ਐ।

"ਮੁੰਡੇ ਦਾ ਕੀ ਕਰੀਏ? ਹੁਣ ਤਾਂ ਬੱਚੇ-ਬੱਚੇ ਨੂੰ ਪਤਾ ਲੱਗ ਗਿਆ ਐ ਕਿ ਬਲਤੇਜ ਚਿੱਟਾ ਲੈਂਦਾ ਐ!" ਤਾਰੇ ਨੇ ਆਪਣੀ ਪਤਨੀ 'ਜੀਤੋ' ਨੂੰ ਕਿਹਾ। "ਮੈਂ ਤਾਂ ਕਹਿਨੀਂ ਆਂ ਇਸਦੇ ਮਾਮੇ ਅਤੇ ਫੁੱਫੜ ਨੂੰ ਸੱਦੋ ਉਹ ਬਿਠਾ ਕੇ ਗੱਲ ਕਰਨਗੇ, ਆਪਣੀ ਤਾਂ ਨਹੀਂ ਮੰਨਦਾ ਸ਼ਾਇਦ ਉਨ੍ਹਾਂ ਦੀ ਝੇਪ ਮੰਨ ਲਵੇ!" ਮਾਮੇ ਤੇ ਫੁੱਫੜ ਨੇ ਗੱਲ ਕੀਤੀ ਤਾਂ ਬਲਤੇਜ ਨੇ ਅੱਗੇ ਤੋਂ ਨਸ਼ਾ ਨਾ ਕਰਨ ਦਾ ਵਾਅਦਾ ਕੀਤਾ ਪਰ ਕੋਈ ਫਰਕ ਨਹੀਂ ਪਿਆ, ਪਰਨਾਲਾ ਉੱਥੇ ਦਾ ਉੱਥੇ। "ਦੇਖ ਕਿਵੇਂ ਮੇਲ੍ਹਦਾ ਜਾਂਦਾ ਐ"! ਗਲੀ 'ਚ ਲੜਖੜਾ ਕੇ ਤੁਰੇ ਜਾਂਦੇ ਬਲਤੇਜ ਨੂੰ ਦੇਖ ਕੇ ਚਾਚੀ 'ਭਾਨੋ' ਨੇ ਕਿਹਾ। ਘਰਾਂ ਦੇ ਬੂਹਿਆਂ 'ਚ ਖੜੇ ਲੋਕ ਬੇਸ਼ੱਕ ਹੱਸ ਰਹੇ ਸਨ ਪਰ ਉਨ੍ਹਾਂ ਨੂੰ ਅਫਸੋਸ ਵੀ ਬਹੁਤ ਸੀ ਕਿ 'ਕੀ ਤੋਂ ਕੀ ਹੋ ਗਿਆ'। ਜਦ ਬਲਤੇਜ ਘਰ 'ਚ ਦਾਖਲ ਹੋਇਆ ਤਾਂ ਮਾਂ ਜੀਤੋ ਨੇ ਬਾਂਹ ਤੋਂ ਫੜ ਕੇ ਮੰਜੇ 'ਤੇ ਬਿਠਾਇਆ ਅਤੇ ਕੋਲ ਬੈਠ ਕੇ ਰੋਣ ਲੱਗ ਪਈ। "ਵੇ ਤੇਰੀ ਘੜੀ ਕਿੱਥੇ ਐ?" ਖਾਲੀ ਗੁੱਟ ਦੇਖ ਕੇ ਰੋਂਦੀ-ਰੋਂਦੀ ਮਾਂ ਨੇ ਪੁੱਛਿਆ। "ਪਤਾ ਨਹੀਂ ਕਿੱਥੇ ਡਿੱਗ ਪਈ!" ਬਲਤੇਜ ਨੇ ਜਵਾਬ ਦਿੱਤਾ। "ਡਿੱਗ ਪਈ ਕਿ ਵੇਚ ਕੇ ਨਸ਼ਾ ਲੈ ਲਿਆ?" ਮਾਂ ਨੇ ਪੁੱਛਿਆ। ਬਲਤੇਜ ਚੁੱਪ ਸੀ।

"ਮੁੰਡੇ ਨੇ ਇਕ ਹੋਰ ਕਾਰਾ ਕਰਤਾ! ਮੇਰੀਆਂ ਤਾਂ 'ਵਾਲੀਆਂ' ਨਹੀਂ ਲੱਭਦੀਆਂ?" ਕਮਰੇ 'ਚੋਂ ਬਾਹਰ ਆ ਕੇ ਜੀਤੋ ਨੇ ਵਿਹੜੇ 'ਚ ਬੈਠੇ ਤਾਰੇ ਨੂੰ ਦੱਸਿਆ। "ਤੂੰ ਪੇਟੀ ਨੂੰ ਜਿੰਦਰਾ ਲਾ ਕੇ ਰੱਖਣਾ ਸੀ, ਨਸ਼ੇ ਵਾਲੇ ਬੰਦੇ 'ਤੇ ਕਾਹਦਾ



ਯਕੀਨ!" ਤਾਰਾ ਬੋਲਿਆ। "ਕੁੜੇ ਜੀਤੋ ਕਿਵੇਂ ਮੂੰਹ ਲਟਕਾਈ ਬੈਠੀ ਐਂ! ਸੁੱਖ ਤਾਂ ਹੈ?" "ਖੰਡ ਦੀ ਕੌਲੀ ਉਧਾਰੀ ਲੈਣ ਆਈ ਗੁਆਂਢਣ 'ਤਾਰੋ' ਨੇ ਪੁੱਛਿਆ। "ਸੁੱਖ ਕਾਹਦੀ ਭੈਣੇ, ਸੁੱਖ ਦੇ ਦਿਨ ਤਾਂ ਕਦੋਂ ਦੇ ਗੁਜ਼ਰਗੇ!" ਜੀਤੋ ਨੇ ਤਾਰੋ ਨੂੰ ਵਾਲੀਆਂ ਗੁੰਮ ਹੋਣ ਵਾਲੀ ਗੱਲ ਦੱਸੀ। ਉਹ ਗੱਲਾਂ ਕਰ ਈ ਰਹੇ ਸਨ ਕਿ ਉਨ੍ਹਾਂ ਨੂੰ ਪੈਦਲ ਤੁਰਿਆ ਆਉਂਦਾ ਬਲਤੇਜ ਦਿਸਿਆ। "ਓਏ ਤੇਰਾ ਸਾਈਕਲ ਕਿੱਥੇ ਐ! ਕਿਧਰੇ ਵੇਚ ਤਾਂ ਨੀਂ ਆਇਆ?" ਤਾਰੇ ਨੇ ਪੁੱਛਿਆ। "ਨਹੀਂ ਬਾਪੂ ਉਹ ਤਾਂ ਚੋਰੀ ਹੋ ਗਿਆ, ਮੈਂ ਖੜਾ ਕਰ ਕੇ ਦੁਕਾਨ ਦੇ ਅੰਦਰ ਗਿਆ ਪਰ ਜਦੋਂ ਵਾਪਿਸ ਮੁੜਿਆ ਤਾਂ ਸਾਈਕਲ ਗੁੰਮ ਸੀ!" ਅਸਲ 'ਚ ਉਸ ਨੇ ਸਾਈਕਲ ਵੇਚ ਕੇ ਨਸ਼ਾ ਖਰੀਦ ਲਿਆ ਸੀ। "ਅਤੇ ਮੇਰੀਆਂ ਵਾਲੀਆਂ ਕੀਹਨੂੰ ਵੇਚ ਕੇ ਆਇਆ ਐਂ?" ਜੀਤੋ ਨੇ ਨਾਲ ਲਗਦੇ ਈ ਸਵਾਲ ਕੀਤਾ। "ਵਾਲੀਆਂ ਦਾ ਮੈਨੂੰ ਕੀ ਪਤੈ! ਖਵਰੇ ਕੌਣ ਲੈ ਗਿਆ!" ਬਲਤੇਜ ਬੋਲਿਆ। ਇਹ ਸੁਣ ਕੇ ਜਗਤਾਰ ਸਿੰਘ ਨੂੰ ਗੁੱਸਾ ਚੜ੍ਹ ਗਿਆ। ਉਸ ਨੇ ਡਾਂਗ ਚੁੱਕੀ ਅਤੇ ਬਲਤੇਜ ਦੇ ਮਾਰਨ ਹੀ ਲੱਗਿਆ ਸੀ ਕਿ ਜੀਤੋ ਅਤੇ ਤਾਰੋ ਵਿਚਕਾਰ ਹੋ ਗਈਆਂ। ਇਹ ਸੱਭ ਕੁੱਝ ਦੇਖ ਕੇ ਕੋਲ ਬੈਠੀ ਬੇਟੀ ਬਲਜੀਤ ਉੱਚੀ-ਉੱਚੀ ਰੋਣ ਲੱਗ ਪਈ। "ਕੰਜਰਾ ਤੂੰ ਆਪ ਤਾਂ ਮਰਨਾਂ ਈ ਐ ਨਾਲ ਸਾਨੂੰ ਵੀ ਮੰਗਣ ਲਾਵੇਂਗਾ!" ਗੁੱਸੇ 'ਚ ਬੋਲਦਿਆਂ ਜਗਤਾਰ ਸਿੰਘ ਦਾ ਸਰੀਰ ਕੰਬ ਰਿਹਾ ਸੀ। "ਜੇ ਮੇਰੀ ਮੰਨੋ ਤਾਂ ਸਰਪੰਚ ਨੂੰ ਦੱਸੋ, ਉਹ ਨਾਲੇ ਇਸਨੂੰ ਸਮਝਾਊਗਾ ਅਤੇ ਨਾਲੇ ਡਰਾਊਗਾ!" ਘਰ ਆਈ ਗੁਆਂਢਣ ਬੋਲੀ।

ਸਰਪੰਚ ਹਰਜੀਤ ਸਿੰਘ ਘਰ ਆਇਆ ਤਾਂ ਉਸਨੇ ਬਲਤੇਜ ਨੂੰ ਆਪਣੇ ਕੋਲ ਬਿਠਾ ਕੇ ਨਸ਼ੇ ਨਾਲ ਮਰਨ ਵਾਲੇ ਮੁੰਡਿਆਂ ਦੇ ਨਾਮ ਦੱਸੇ ਅਤੇ ਸਮਝਾਇਆ ਕਿ ਜੇ ਤੂੰ ਇਸ ਨਸ਼ੇ ਤੋਂ ਨਾ ਹਟਿਆ ਤਾਂ ਤੇਰੀ ਮੌਤ ਯਕੀਨੀ ਐ। ਉਸਨੇ ਇਹ ਵੀ ਦੱਸਿਆ ਕਿ ਜੇ ਤੂੰ ਮਰ ਗਿਆ ਤਾਂ ਤੇਰੇ ਮਾਂ-ਬਾਪ ਅਤੇ ਛੋਟੀ ਭੈਣ ਦਾ ਕੀ ਹਸ਼ਰ ਹੋਵੇਗਾ। ਆਖਿਰ 'ਤੇ ਉਸਨੇ ਉਸਨੂੰ ਪੁਲਸ ਕੋਲ ਫੜਾਉਣ ਦਾ ਡਰਾਵਾ ਵੀ ਦਿੱਤਾ। ਬਲਤੇਜ ਨੇ ਸਰਪੰਚ ਨਾਲ ਵਾਅਦਾ ਕੀਤਾ ਕਿ ਅੱਜ ਤੋਂ ਬਾਅਦ ਉਹ ਡਰੱਗ ਤੋਂ ਦੂਰ ਰਹੇਗਾ। ਸਰਪੰਚ ਆਪਣੀ ਕਾਰਵਾਈ ਪਾ ਕੇ ਚਲਾ ਗਿਆ, ਉਂਜ ਉਸਨੂੰ ਪਤਾ ਸੀ ਕਿ ਬਲਤੇਜ ਦਾ ਵਾਅਦਾ ਝੂਠਾ ਹੈ ਅਤੇ ਉਹ ਹਰ ਹਾਲ ਨਸ਼ਾ ਕਰੇਗਾ ਇਸ ਲਈ ਮਨ ਹੀ ਮਨ ਉਸਨੇ ਬਲਤੇਜ ਬਾਰੇ 'ਕੁੱਝ ਹੋਰ' ਵੀ ਸੋਚ ਰੱਖਿਆ ਸੀ!

ਜਦੋਂ ਸਰਪੰਚ, ਤਾਰੇ ਦੇ ਘਰੋਂ ਚਲਾ ਗਿਆ ਤਾਂ ਘੰਟੇ ਕੁ ਬਾਅਦ ਬਲਤੇਜ ਵੀ ਘਰੋਂ ਨਿਕਲ ਗਿਆ। ਸ਼ਾਮ ਨੂੰ ਜਦ ਉਹ ਵਾਪਿਸ ਘਰ ਪਰਤਿਆ ਤਾਂ ਨਸ਼ੇ 'ਚ ਗਲਤਾਨ ਸੀ। ਤਾਰੇ ਅਤੇ ਜੀਤੋ ਨੇ ਤਾਂ ਉਸਨੂੰ ਬੁਲਾਇਆ ਈ ਨਹੀਂ ਪਰ ਛੋਟੀ ਭੈਣ ਬਲਜੀਤ ਨੇ ਜਦ ਦਾਲ-ਰੋਟੀ ਦੀ ਪਲੇਟ ਫੜਾਈ ਤਾਂ ਉਹ ਚੁੱਪ-ਚਾਪ ਅੱਧ-ਪਚੱਧੀ ਖਾ ਕੇ ਸੌਂ ਗਿਆ। ਕੁੱਝ ਦਿਨਾਂ ਬਾਅਦ ਪਤਾ ਲੱਗਾ ਕਿ ਘਰ ਦੇ ਕੁੱਝ ਭਾਂਡੇ ਗਾਇਬ ਹਨ। ਇਕ ਦਿਨ ਤਾਏ ਦੇ ਮੁੰਡੇ ਨੇ ਦੱਸਿਆ ਕਿ ਉਨ੍ਹਾਂ ਦੇ ਟਰੈਕਟਰ ਦੀ ਬੈਟਰੀ ਚੋਰੀ ਹੋ ਗਈ ਐ ਅਤੇ ਸ਼ੱਕ ਦੀ ਸੂਈ ਬਲਤੇਜ 'ਤੇ ਈ ਟਿਕਦੀ ਹੈ। ਸਰਪੰਚ ਤੱਕ ਹਰ ਖ਼ਬਰ ਪਹੁੰਚ ਰਹੀ ਸੀ। ਉਸਨੇ ਆਪਣੇ ਭਤੀਜੇ 'ਪੂਰਨ' ਦੀ ਡਿਊਟੀ ਲਾਈ ਕਿ ਜਦੋਂ ਬਲਤੇਜ ਨੇ ਨਸ਼ਾ ਨਾ ਕੀਤਾ ਹੋਵੇ, ਉਸਨੂੰ ਉਸ ਕੋਲ ਲੈ ਕੇ ਆਵੇ। ਪੂਰਨ ਨੇ ਉਹੀ ਕੀਤਾ ਜੋ ਸਰਪੰਚ ਨੇ ਕਿਹਾ ਸੀ, ਤਿੰਨ ਦਿਨਾਂ ਬਾਅਦ ਉਹ 'ਸੋਫੀ' ਬਲਤੇਜ ਨੂੰ ਸਰਪੰਚ ਦੇ ਕੋਲ ਲੈ ਆਇਆ। ਆਉਂਦਿਆਂ ਦੀ ਬਲਤੇਜ ਨੇ ਕੁਰਸੀ 'ਤੇ ਬੈਠੇ ਸਰਪੰਚ ਦੇ ਗੋਡੀਂ ਹੱਥ ਲਾਏ ਤਾਂ ਸਰਪੰਚ ਨੇ ਸੈਣਤ ਨਾਲ ਉਸਨੂੰ ਮੰਜੇ 'ਤੇ ਬੈਠ ਜਾਣ ਲਈ ਕਿਹਾ।

"ਕਿਵੇਂ ਐਂ ਬਲਤੇਜ ਸਿਆਂ, ਭੱਜ ਗਿਆ ਐਂ ਵਾਅਦੇ ਤੋਂ?" "ਗਲਤੀ ਹੋ ਗਈ ਸਰਪੰਚ ਸਾਹਿਬ ਪਰ ਅੱਜ ਤੋਂ ਬਾਅਦ ਨਹੀ ਹੋਵੇਗੀ, ਮੈਨੂੰ ਮੁਆਫ ਕਰ ਦਿਓ!" ਸੁਣ ਚੋਬਰਾ, ਇਹ ਤਾਂ ਤੈਨੂੰ ਵੀ ਪਤਾ ਐ ਅਤੇ ਮੈਨੂੰ ਵੀ ਕਿ ਤੂੰ 'ਚਿੱਟਾ' ਛੱਡ ਨਹੀਂ ਸਕਦਾ ਪਰ ਮੈਂ ਤੈਨੂੰ ਘਰ ਇਸ ਲਈ ਸੱਦਿਆ ਐ ਕਿ ਤੂੰ ਨਸ਼ਾ ਭਾਵੇਂ ਨਾ ਛੱਡ ਪਰ ਤੈਨੂੰ ਆਪਦੇ ਮਾਪਿਆਂ 'ਤੇ ਬੋਝ ਨਹੀਂ ਬਣਨਾ ਚਾਹੀਦਾ, ਸਗੋਂ ਉਨ੍ਹਾਂ ਦੀ ਥੋੜੀ-ਬਹੁਤੀ ਮੱਦਦ ਕਰਨੀ ਚਾਹੀਦੀ ਐ!" "ਗੱਲ ਤਾਂ ਥੋਡੀ ਠੀਕ ਐ ਸਰਪੰਚ ਸਾਬ੍ਹ ਪਰ ਖਰਚਾ ਤਾਂ ਮੈਥੋਂ ਆਵਦਾ ਨੀਂ ਪੂਰਾ ਹੁੰਦਾ, ਘਰਦਿਆਂ ਦੀ ਮੱਦਦ ਮੈਂ ਕਿਵੇਂ ਕਰ ਸਕਦਾ ਆਂ?" "ਢੰਗ ਤਾਂ ਤੈਨੂੰ ਮੈਂ ਦੱਸ ਦਿੰਦਾ ਆਂ ਪਰ ਕਿਸੇ ਕੋਲ ਮੇਰਾ ਨਾਮ ਨਹੀਂ ਲੈਣਾ!" "ਠੀਕ ਐ ਸਰਪੰਚ ਸਾਹਿਬ ਪਰ ਢੰਗ ਤਾਂ ਦੱਸੋ?" "ਸੁਣ ਫਿਰ! ਢੰਗ ਇਹ ਐ ਕਿ ਤੂੰ ਨਸ਼ਾ ਵੇਚ! ਨਾਲੇ ਨਸ਼ਾ ਆਪ ਵਰਤ ਅਤੇ ਨਾਲੇ ਕਮਾਈ ਕਰ, ਹੌਲੀ-ਹੌਲੀ ਮੋਟਰ-ਸਾਈਕਲ ਵੀ ਖਰੀਦ ਲਈਂ!" "ਪਰ ਜੇ ਪੁਲਸ ਨੇ ਫੜ ਲਿਆ ਫੇਰ?" ਬਲਤੇਜ ਨੇ ਸੰਸਾ ਜ਼ਾਹਰ ਕੀਤਾ। "ਪੁਲਸ ਨੂੰ ਮੈਂ ਆਪੇ ਸਾਂਭ ਲਊਂ ਤੂੰ ਉਸਦਾ ਫਿਕਰ ਨਾ ਕਰ!" ਸਰਪੰਚ ਨੇ ਗਰੰਟੀ ਦਿੱਤੀ। "ਜੇ ਇਹ ਗੱਲ ਐ ਸਰਪੰਚ ਜੀ ਤਾਂ ਮੈਨੂੰ ਥੋੜਾ ਸੋਚ ਲੈਣ ਦਿਓ!" "ਸੋਚ ਕੇ ਕੀ ਕਰੇਂਗਾ? ਘਰ ਦੇ ਚੰਗੇ-ਚੰਗੇ ਭਾਂਡੇ ਤਾਂ ਤੂੰ ਪਹਿਲਾਂ ਈ ਵੇਚ ਦਿੱਤੇ ਐ, ਹੁਣ ਕੌਲੀਆਂ-ਬਾਟੀਆਂ ਵੇਚ ਕੇ ਨਸ਼ਾ ਨਹੀਂ ਮਿਲਣਾ!" ਸੁਣ ਕੇ ਬਲਤੇਜ ਨੇ ਥੋੜਾ ਸੋਚਿਆ ਤੇ ਬੋਲਿਆ,"ਠੀਕ ਐ ਸਰਪੰਚ ਸਾਹਿਬ ਮੈਂ ਤਿਆਰ ਆਂ ਪਰ ਵੇਚਣ ਲਈ 'ਚਿੱਟਾ' ਮਿਲੂ ਕਿੱਥੋਂ?" "ਚਿੱਟਾ ਮਿਲੂ ਤੈਨੂੰ ਦੀਸ਼ੇ ਮਹਾਜਨ ਤੋਂ, ਉਸ ਨੂੰ ਮੈਂ ਸਾਰੀ ਗੱਲ ਸਮਝਾ ਦੇਵਾਂਗਾ ਪਰ ਇਕ ਹੋਰ ਗੱਲ ਵੀ ਸਮਝ ਲੈ!"

"ਜੀ ਉਹ ਕਿਹੜੀ?" ਬਲਤੇਜ ਨੇ ਪੁੱਛਿਆ। "ਉਹ ਇਹ ਕਿ ਜਿਹੜੀ ਕਮਾਈ ਹੋਊ ਉਸ 'ਚੋਂ ਇਕ ਹਿੱਸਾ ਤੇਰਾ ਅਤੇ ਤਿੰਨ ਹਿੱਸੇ ਸਾਡੇ!" "ਤਿੰਨ ਹਿੱਸੇ?" ਇਹ ਕਹਿ ਕੇ ਬਲਤੇਜ ਨੇ ਸਰਪੰਚ ਦੀ ਨਜ਼ਰ ਨਾਲ ਨਜ਼ਰ ਮਿਲਾਈ। "ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ, ਇਕ ਹਿੱਸਾ ਮੇਰਾ, ਇਕ ਪੁਲਸ ਦਾ ਅਤੇ ਇਕ ਐਮ ਐਲ ਏ 'ਪਰਸ਼ਨ ਸਿੰਘ ਬਰਾੜ ਦਾ! ਮੇਰੇ ਹਿੱਸੇ 'ਚੋਂ ਅੱਧ ਫਿਰ ਪੁਲਸ ਨੇ ਲੈ ਜਾਣਾ ਐ!" "ਮੈਂ ਸਮਝ ਗਿਆ ਪਰ ਪੁਲਸ ਥੋਡੇ ਹਿੱਸੇ 'ਚੋਂ ਅੱਧ ਕਿਓਂ ਲੈ ਜਾਂਦੀ ਐ? ਇਸ ਗੱਲ ਦੀ ਸਮਝ ਨਹੀਂ ਆਈ!" "ਪਤਾ ਤਾਂ ਮੈਨੂੰ ਵੀ ਨਹੀਂ, ਹੌਲਦਾਰ ਆਉਂਦਾ ਐ ਅਤੇ ਪੈਸੇ ਫੜ ਕੇ ਲੈ ਜਾਂਦਾ ਐ, ਅਖੇ ਇਹ ਏਜੰਸੀ ਦਾ ਹਿੱਸਾ ਐ!" ਦੱਸ ਕੇ ਸਰਪੰਚ ਮੁਸਕਰਾਇਆ। ਗੱਲਾਂ ਕਰਦਿਆਂ ਤੋਂ ਬਾਈਚਾਨਸ ਹੌਲਦਾਰ ਬਖਸੀਸ਼ ਸਿੰਘ ਵੀ ਆ ਗਿਆ। "ਆਓ ਹੌਲਦਾਰ ਸਾਬ੍ਹ ਤੁਸੀਂ ਠੀਕ ਟਾਈਮ 'ਤੇ ਆ ਗਏ! ਇਹ ਹੈ 'ਚਿੱਟੇ' ਦਾ ਸਾਡਾ ਨਵਾਂ ਸੂਟਰ ਬਲਤੇਜ ਸਿੰਘ! ਕੱਲ ਤੋਂ ਇਹ ਵੀ ਚਿੱਟੇ ਦੀ ਖੇਡ ਦੇ ਮੈਦਾਨ 'ਚ ਉਤਰੇਗਾ!" "ਠੀਕ ਐ ਸ਼ੇਰਾ! ਖੇਡ ਬੇਫਿਕਰ ਹੋ ਕੇ, ਜਿੰਨਾ ਚਿਰ ਸਾਡੇ ਨਾਲ ਬਣਾ ਕੇ ਰੱਖੇਂਗਾ ਤੈਨੂੰ ਕਿਸੇ ਤੋਂ ਵੀ ਡਰਨ ਦੀ ਲੋੜ ਨਹੀਂ!" ਹੌਲਦਾਰ ਨੇ ਹੱਲਾ-ਸ਼ੇਰੀ ਦਿੱਤੀ।

ਬਲਤੇਜ ਦਾ 'ਕੰਮ' ਸੋਹਣਾ ਚੱਲ ਪਿਆ। ਮੁੱਢ 'ਚ ਉਸਦੇ ਸਿਰਫ ਪੰਜ ਗਾਹਕ ਸਨ ਪਰ ਇਕ ਸਾਲ 'ਚ ਇਹ ਗਿਣਤੀ ਸੈਂਕੜਿਆਂ ਤੱਕ ਪਹੁੰਚ ਗਈ। ਪਹਿਲਾਂ ਉਸਦੇ ਗਾਹਕਾਂ ਦਾ ਘੇਰਾ ਆਪਣੇ ਪਿੰਡ ਤੱਕ ਸੀਮਤ ਸੀ ਪਰ ਫਿਰ ਉਸਦੀ ਕਾਬਲੀਅਤ ਦੇਖ ਥਾਣੇਦਾਰ ਨੇ ਉਸਨੂੰ ਚਾਰ ਪਿੰਡ ਹੋਰ ਦੇ ਦਿੱਤੇ। ਬਲਤੇਜ ਦਾ ਹਿਸਾਬ-ਕਿਤਾਬ ਬਿਲਕੁਲ ਸਾਫ਼ ਸੀ। ਕਮਾਈ ਦੇ ਤਿੰਨ ਹਿੱਸੇ ਉਹ ਸਮੇਂ-ਸਿਰ ਸਰਪੰਚ ਨੂੰ ਦੇ ਆਉਂਦਾ। ਉਸਦੇ ਗਾਹਕਾਂ 'ਚ ਕੁੱਝ ਕਾਲਜ ਦੀਆਂ ਕੁੜੀਆਂ ਵੀ ਸਨ। ਕੁੜੀਆਂ ਦੀ ਗਾਹਕੀ ਦਾ ਕੰਮ ਉਸਦੇ ਪਿੰਡ ਦੀਆਂ ਦੋ ਕੁੜੀਆਂ ਤੋਂ ਸ਼ੁਰੂ ਹੋਇਆ ਸੀ। ਪਹਿਲਾਂ-ਪਹਿਲਾਂ ਨਸ਼ਾ ਲੈਣ ਲਈ ਉਹ ਭਈਆਂ ਦੀ ਕੁੜੀ 'ਗੰਗਾ' ਨੂੰ ਭੇਜਦੀਆਂ ਪਰ ਜਦ ਉਹ ਡਰ ਗਈ ਤਾਂ ਇਨ੍ਹਾਂ ਕੁੜੀਆਂ ਨੇ ਬਲਤੇਜ ਤੱਕ ਸਿੱਧੀ ਪਹੁੰਚ ਕਰ ਲਈ। ਮੋਟਰ-ਸਾਈਕਲ ਤਾਂ ਉਸਨੇ ਪਹਿਲੇ ਤਿੰਨ ਮਹੀਨਿਆਂ 'ਚ ਈ ਖਰੀਦ ਲਿਆ ਸੀ ਫਿਰ ਹੌਲਦਾਰ ਬਖਸੀਸ਼ ਸਿੰਘ ਦੇ ਕਹਿਣ 'ਤੇ ਪਿਸਤੌਲ ਦਾ ਲਾਈਸੈਂਸ ਵੀ ਬਣਾ ਲਿਆ। ਹੁਣ ਉਹ ਪਹਿਲਾਂ ਵਾਂਗ ਨਸ਼ਾ ਨਹੀਂ ਸੀ ਕਰਦਾ! ਉਸਨੇ ਘਟਾ ਦਿੱਤਾ ਸੀ ਕਿਉਂਕਿ ਜਿਸ ਦਿਨ ਉਸਦਾ ਜ਼ਿਆਦਾ ਨਸ਼ਾ ਕੀਤਾ ਹੁੰਦਾ ਉਸ ਤੋਂ ਮੋਟਰਸਾਈਕਲ ਨਹੀਂ ਸੀ ਚਲਦਾ। ਉਹ ਇਕ ਪ੍ਰੋਫੈਸ਼ਨਲ ਬਲੈਕੀਆ ਬਣ ਚੁੱਕਿਆ ਸੀ।

ਨਸ਼ੇ ਦੀ ਓਵਰ-ਡੋਜ਼ ਨਾਲ ਨੌਜਵਾਨਾਂ ਦੀ ਮੌਤ ਦੀਆਂ ਖਬਰਾਂ ਆਉਂਦੀਆਂ ਈ ਰਹਿੰਦੀਆਂ ਸਨ ਪਰ ਬਲਤੇਜ ਨੂੰ ਇਸ ਨਾਲ ਕੋਈ ਫਰਕ ਨਹੀਂ ਸੀ ਪੈਂਦਾ, ਇਕ ਸਾਲ ਤੋਂ ਉਹ ਬੇ-ਕਿਰਕ ਅਤੇ ਬੇ-ਦਰਦ ਹੋ ਕੇ ਨਸ਼ਾ ਵੇਚ ਰਿਹਾ ਸੀ! ਪਰ ਹੌਲੀ-ਹੌਲੀ ਇਹੀ ਖਬਰਾਂ ਉਸਨੂੰ ਪਰੇਸ਼ਾਨ ਕਰਨ ਲੱਗ ਪਈਆਂ। ਜਦੋਂ ਉਸਦੇ ਅਧੀਨ ਆਉਂਦੇ ਪੰਜ ਪਿੰਡਾਂ 'ਚ ਕੋਈ ਮੌਤ ਹੁੰਦੀ ਤਾਂ ਉਸਨੂੰ ਇੰਜ ਲੱਗਦਾ ਕਿ ਇਸ ਮੌਤ ਦਾ ਜ਼ਿੰਮੇਵਾਰ ਉਹ ਖੁਦ ਹੈ! ਉਹ ਆਪਣੇ ਆਪ ਨੂੰ ਨੌਜਵਾਨਾਂ ਦਾ ਕਾਤਲ ਸਮਝਣ ਲੱਗ ਪਿਆ ਸੀ। ਉਪਰੋਂ ਇਕ ਗੱਲ ਹੋਰ! ਉਸ ਦੀ ਛੋਟੀ ਭੈਣ ਬਲਜੀਤ ਜਿਸਨੂੰ ਉਹ ਬਹੁਤ ਪਿਆਰ ਕਰਦਾ ਸੀ, ਦੀਆਂ ਗੱਲਾਂ ਨੇ ਉਸਦੀ ਪਰੇਸ਼ਾਨੀ ਹੋਰ ਵਧਾਉਣੀ ਸ਼ੁਰੂ ਕਰ ਦਿੱਤੀ। ਜਦ ਉਹ ਸਕੂਲ ਤੋਂ ਵਾਪਿਸ ਘਰ ਆਉਂਦੀ ਤਾਂ ਬਲਤੇਜ ਨੂੰ ਰੋ ਕੇ ਦੱਸਦੀ,"ਸਕੂਲ 'ਚ ਕੁੜੀਆਂ ਮੈਨੂੰ ਬਲੈਕੀਏ ਦੀ ਭੈਣ" ਕਹਿੰਦੀਆਂ ਹਨ!" ਇਕ ਦਿਨ ਤਾਂ ਬਲਤੇਜ ਨੂੰ ਇਹ ਦੱਸ ਕੇ ਕਿ ਅੱਜ ਮੈਨੂੰ ਇਕ ਕੁੜੀ ਕਹਿੰਦੀ, "ਮੇਰੇ ਤਾਏ ਦਾ ਮੁੰਡਾ ਤੇਰੇ ਭਰਾ ਦੇ ਨਸ਼ੇ ਨਾਲ ਮਰਿਆ ਹੈ!" ਉਹ ਉੱਚੀ-ਉੱਚੀ ਰੋਣ ਲੱਗ ਪਈ। ਬਲਤੇਜ ਨੇ ਉਸਨੂੰ ਬੁੱਕਲ 'ਚ ਲੈ ਕੇ ਇਕ ਵਾਰ ਫਿਰ ਵਾਅਦਾ ਕੀਤਾ," ਤੂੰ ਰੋ ਨਾ ਬਲਜੀਤ! ਤੂੰ ਦੇਖੇਂਗੀ! ਥੋੜੇ ਹੀ ਸਮੇਂ 'ਚ ਮੈਂ ਇਸ ਧੰਦੇ ਦਾ ਪੱਕੇ ਤੌਰ 'ਤੇ ਫਾਹਾ ਵੱਢ ਦੇਣਾ ਐ!"

ਬਲਤੇਜ ਦੀਸ਼ੇ ਮਹਾਜਨ ਦੀ ਦੁਕਾਨ 'ਤੇ ਬੈਠਾ ਸੀ ਜਦੋਂ ਦੋ ਜਣੇ ਚਿੱਟੇ ਦੀ ਖੇਪ ਦੀ ਡਲਿਵਰੀ ਕਰਨ ਆਏ। ਇਕ ਤਾਂ ਕਾਰ 'ਚ ਹੀ ਬੈਠਾ ਰਿਹਾ ਅਤੇ ਦੂਜਾ ਵੱਡੀਆਂ ਮੁੱਛਾਂ ਤੇ ਕੱਦਾਵਰ ਬੰਦਾ, ਦੋ ਵੱਡੇ ਬਾਕਸ ਦੀਸ਼ੇ ਦੀ ਦੁਕਾਨ 'ਤੇ ਰੱਖ ਗਿਆ। ਜਦ ਉਹ ਚਲੇ ਗਏ ਤਾਂ ਬਲਤੇਜ ਨੇ ਪੁੱਛਿਆ,"ਦੀਸ਼ੇ ਇਸ ਬੰਦੇ ਦਾ ਕੀ ਨਾਮ ਐ?" "ਪਤਾ ਨਹੀਂ! ਉਂਜ ਤਾਂ ਮੈਨੂੰ ਹੁਕਮ ਐ ਕਿ ਕਦੇ ਕਿਸੇ ਦਾ ਨਾਮ ਨਹੀਂ ਪੁੱਛਣਾ ਪਰ ਇਕ ਦਿਨ ਮੈਨੂੰ ਆਪ ਈ ਕਹਿੰਦਾ ਕਿ ਮੈਂ ਡੀ.ਆਈ.ਜੀ. ਦਾ ਬੰਦਾ ਹਾਂ!" ਦੀਸ਼ੇ ਨੇ ਦੱਸਿਆ।

'ਯਾਰ ਦੀਸ਼ੇ ਕਦੇ-ਕਦੇ ਤਾਂ ਮੇਰਾ ਇੰਜ ਦਿਲ ਕਰਦਾ ਐ ਬਈ ਚਿੱਟੇ ਵਾਲਾ ਕੰਮ ਪੱਕਾ ਈ ਛੱਡ ਦੇਵਾਂ!' ਬਲਤੇਜ ਨੇ ਮਨ ਦੀ ਗੱਲ ਸਾਂਝੀ ਕੀਤੀ। "ਇਹ ਤਾਂ ਭੁੱਲ ਈ ਜਾ ਮਿੱਤਰਾ ਕਿ ਇਹ ਕੰਮ ਤੂੰ ਛੱਡ ਦੇਵੇਂਗਾ! ਜਿਹੜਾ ਵੀ ਪੁਲਿਸ ਤੇ ਸਿਆਸੀ ਲੀਡਰਾਂ ਦੀ ਚੁੰਗਲ 'ਚ ਫਸ ਗਿਆ, ਉਹ ਇਥੋਂ ਭੱਜ ਨਹੀਂ ਸਕਦਾ! ਜੇ ਕੋਈ ਕੋਸ਼ਿਸ਼ ਕਰੂਗਾ ਵੀ ਤਾਂ ਇਹ ਲੋਕ ਉਸਨੂੰ ਤਬਾਹ ਕਰ ਦੇਣਗੇ!" ਦੀਸ਼ੇ ਨੇ ਧੰਦੇ ਦੀ ਸਚਾਈ ਦੱਸੀ। "ਇਹ ਤਾਂ ਆਪਣੀ ਮਰਜ਼ੀ ਐ, ਭਾਵੇਂ ਕੰਮ ਕਰੀਏ ਭਾਵੇਂ ਛੱਡ ਦੇਈਏ!" ਬਲਤੇਜ ਬੋਲਿਆ। "ਨਹੀਂ ਬਲਤੇਜ ਇਹ ਕੰਮ ਦੂਜੇ ਕੰਮਾਂ ਵਰਗਾ ਨਹੀਂ! ਜੇ ਤੂੰ ਕੰਮ ਛੱਡ ਦੇਵੇਂਗਾ ਤਾਂ ਇਨ੍ਹਾਂ ਨੂੰ ਕੰਮ ਕਰਨ ਵਾਲਾ ਤਾਂ ਹੋਰ ਲੱਭ ਜਾਊ ਪਰ ਕਿਉਂਕਿ ਆਪਣੇ ਕੋਲ ਇਨ੍ਹਾਂ ਦੇ ਵੱਡੇ ਭੇਦ ਐ! ਇਸ ਲਈ ਭੇਦ ਖੁੱਲਣ ਦੇ ਡਰੋਂ ਇਹ ਕੰਮ ਛੱਡਣ ਵਾਲੇ ਕਰਿੰਦੇ ਨੂੰ ਰਸਤੇ 'ਚੋਂ ਈ ਸਾਫ ਕਰ ਦਿੰਦੇ ਹਨ! ਇਸੇ ਕਰਕੇ ਮੈਂ ਤੈਨੂੰ ਦੱਸਿਆ ਐ ਕਿ ਇਨ੍ਹਾਂ ਦੀ ਚੁੰਗਲ 'ਚੋਂ ਨਿਕਲਣਾ ਬਹੁਤ ਔਖਾ ਐ!" ਦੀਸ਼ੇ ਦੀ ਗੱਲ ਸੁਣ ਕੇ ਬਲਤੇਜ ਨੂੰ ਡਰ ਲੱਗਿਆ।

ਬਲਤੇਜ ਉਦਾਸ ਰਹਿਣ ਲੱਗ ਪਿਆ। ਇਕ ਦਿਨ ਜਦ ਉਹ ਖੇਤ ਗਿਆ ਤਾਂ ਉਸਨੂੰ ਦੇਖ ਜਗਤਾਰ ਸਿੰਘ ਨੇ ਪੁੱਛਿਆ,"ਅੱਜ ਕਿਵੇਂ ਦਿਲ ਕੀਤਾ ਖੇਤ ਗੇੜਾ ਮਾਰਨ ਨੂੰ?" "ਬਾਪੂ! ਇਥੇ ਪੰਜਾਬ 'ਚ ਰਹਿੰਦਿਆਂ ਇਨ੍ਹਾਂ ਜ਼ਾਲਮਾਂ ਦੀ 'ਚੁੰਗਲ' 'ਚੋ ਬਚ ਕੇ ਨਿਕਲਣਾ ਮੇਰੇ ਲਈ ਬਹੁਤ ਮੁਸ਼ਕਲ ਐ! ਮੈਂ ਸੋਚਦਾ ਹਾਂ ਕਿ ਚੁੱਪ-ਚੁਪੀਤੇ ਡੁਬਈ ਚਲਾ ਜਾਵਾਂ ਪਰ ਉਸਤੋਂ ਪਹਿਲਾਂ ਮੈਨੂੰ ਚਿੱਟੇ ਦੇ ਨਸ਼ੇ ਤੋਂ ਖਹਿੜਾ ਛੁੜਾਉਣਾ ਪੈਣਾ ਐ।" ਬਲਤੇਜ ਨੇ ਬਾਪ ਨੂੰ ਮਨ ਦੀ ਗੱਲ ਦੱਸੀ। "ਦੇਖ ਲੈ ਪੁੱਤ ਜੋ ਠੀਕ ਲਗਦਾ ਐ ਕਰ ਲੈ ਪਰ ਇਨ੍ਹਾਂ ਤੋਂ ਬਚ ਜਿਵੇਂ ਵੀ ਬਚ ਸਕਦੈਂ।" ਜਗਤਾਰ ਬੋਲਿਆ।

ਬਲਤੇਜ ਮਹੀਨੇ ਦੀ ਆਖਰੀ ਤਰੀਕ ਨੂੰ ਸਰਪੰਚ ਦੇ ਘਰ ਗਿਆ। ਉਸ ਨੂੰ ਤਿੰਨ ਹਿੱਸੇ ਦੀ ਪੇਮੈਂਟ ਕੀਤੀ, ਬਚੇ ਹੋਏ ਚਿੱਟੇ ਦੇ ਪੈਕਟ ਦਿੱਤੇ, ਗਾਹਕਾਂ ਦੀ ਲਿਸਟ ਉਸਦੇ ਹੱਥ ਫੜਾਈ ਅਤੇ ਬੋਲਿਆ,"ਸਰਪੰਚ ਸਾਬ੍ਹ ਮੈਂ ਚਿੱਟੇ ਦਾ ਨਸ਼ਾ ਲੈਣਾ ਛੱਡਣ ਦਾ ਫੈਸਲਾ ਕਰ ਲਿਆ ਐ ਇਸ ਲਈ ਇਕ ਮਹੀਨਾ ਤੁਸੀਂ ਮੇਰੀ ਥਾਂ 'ਤੇ ਕਿਸੇ ਹੋਰ ਤੋਂ ਕੰਮ ਲੈ ਲਓ, ਮਹੀਨੇ ਬਾਅਦ ਮੈਂ ਵਾਪਿਸ ਆ ਜਾਵਾਂਗਾ!" "ਤੇਰੀ ਮਰਜ਼ੀ ਐ ਚੋਬਰਾ, ਮੈਂ ਸਾਰੀ

***(ਬਾਕੀ ਅਗਲੇ ਸਫੇ 'ਤੇ)***

# ਦੁਬਿਧਾ ਨ ਪੜਉ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**



ਮੇਰੇ ਸਵਰਗਵਾਸੀ ਪਿਤਾ ਜੀ, ਜਿਨ੍ਹਾਂ ਨੂੰ ਅਸੀਂ ਭਾਪਾ ਕਹਿੰਦੇ ਸੀ, ਜੀਵਨ ਨੂੰ ਸਹੀ ਦਿਸ਼ਾ ਦੇਣ ਵਾਲੀਆਂ ਗੱਲਾਂ ਸਮਝਾਉਂਦਿਆਂ ਪੇਂਡੂ ਟੋਟਕਿਆਂ ਜਾਂ ਜ਼ਿੰਦਗੀ ਦੇ ਤਜਰਬਿਆਂ ਤੋਂ ਹਾਸਲ ਦਿਹਾਤੀ-ਸਿਆਣਪਾਂ ਦਾ ਹਵਾਲਾ ਬਹੁਤ ਦਿੰਦੇ ਸਨ। ਉਨ੍ਹਾਂ ਦਾ ਅਨੁਭਵੀ ਗਿਆਨ ਤੇ ਆਮ ਸੂਝ ਬੜੀ ਸੀ, ਬੇਸ਼ਕ ਉਨ੍ਹਾਂ ਦੀ ਰਸਮੀ ਪੜ੍ਹਾਈ ਨਾਂਹ ਦੇ ਬਰਾਬਰ ਸੀ।

ਦੁਬਿਧਾ ਵਾਰੇ ਉਹ ਅਕਸਰ ਇਕ ਉਦਾਹਰਣ ਦਿਆ ਕਰਦੇ ਸਨ। ਇਹ ਸਿਰਫ ਦ੍ਰਿਸ਼ਾਂਟ ਹੀ ਹੈ ਜਾਂ ਹੋਈ-ਵਾਪਰੀ ਘਟਨਾ, ਇਸ ਬਾਰੇ ਤਾਂ ਓਹੀ ਜਾਨਣ (ਜੇ ਕਿਸੇ ਨੂੰ ਕੋਈ ਸ਼ੰਕਾ ਹੈ ਤਾਂ 'ਉਪਰ' ਜਾ ਕੇ ਉਨ੍ਹਾਂ ਕੋਲੋਂ ਪੁੱਛ ਸਕਦੈ!), ਪਰ ਇਹ ਗੱਲ ਉਹ ਆਮ ਹੀ ਸੁਣਾਇਆ ਕਰਦੇ ਸਨ-ਪੰਜਾਬ ਦੇ ਤਤਕਾਲੀਨ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਕਾਫਲੇ ਦੀ ਕਾਰ ਹੇਠ ਇਕ ਸਹਿਆ/ਖਰਗੋਸ਼ ਆ ਕੇ ਮਰ ਗਿਆ। ਕੈਰੋਂ ਸਾਹਿਬ ਕਹਿੰਦੇ ਕਿ ਇਸ ਦੀ ਮੌਤ ਦਾ ਕਾਰਨ ਦੁਬਿਧਾ ਹੈ। ਇਹ ਫੈਸਲਾ ਨਹੀਂ ਕਰ ਸਕਿਆ ਕਿ ਸੜਕ ਪਾਰ ਕਰੇ ਕਿ ਨਾ, ਇਸ ਲਈ ਵਿਚ-ਵਿਚਾਲੇ ਰਹਿਣ ਕਾਰਨ ਕਾਰ ਹੇਠ ਆ ਕੇ ਮਰ ਗਿਆ।

ਆਪਾਂ ਵੀ ਦੇਖਦੇ ਹਾਂ ਕਿ ਕਈ ਵਾਰ ਕੁਝ ਵਿਅਕਤੀ, ਵਿਸ਼ੇਸ਼ ਕਰਕੇ ਬਜ਼ੁਰਗ ਤੇ ਖਾਸ ਕਰਕੇ ਦਿਹਾਤੀ ਇਲਾਕਿਆਂ 'ਚੋਂ ਆਏ, ਵੀ ਸਹੇ ਵਾਂਗ ਸੜਕ ਪਾਰ ਕਰਨ ਵੇਲੇ ਦੁਬਿਧਾ ਵਿਚ ਪੈ ਜਾਂਦੇ ਹਨ ਅਤੇ ਕਈ ਤਾਂ ਅੱਧ-ਵਿਚਕਾਰੋਂ ਫਿਰ ਪਿਛਾਂਹ ਭੱਜ ਪੈਂਦੇ ਹਨ, ਜਿਸ ਕਾਰਨ ਅਕਸਰ ਹਾਦਸੇ ਹੋ ਜਾਂਦੇ ਹਨ।

ਦੁਨੀਆਂ/ਜੀਵਨ ਵਿਚ ਵਿਚਰਦਿਆਂ ਦੁਬਿਧਾ, ਦਵੰਧ, ਦੁਚਿੱਤੀ ਵਾਲੀਆਂ ਸਥਿਤੀਆਂ ਨਾਲ ਦੋ-ਚਾਰ ਹੋਣਾ ਪੈਂਦਾ ਹੈ, ਦੁਰਾਹੇ-ਚੌਰਾਹੇ ਟੱਕਰਦੇ ਰਹਿੰਦੇ ਹਨ; ਫੈਸਲਿਆਂ ਦੀਆਂ ਚੁਣੌਤੀਪੂਰਨ ਘੜੀਆਂ ਸਾਹਮਣੇ ਖੜਦੀਆਂ ਰਹਿੰਦੀਆ ਹਨ; ਸਮੱਸਿਆਵਾਂ ਮੂੰਹ-ਅੱਡ ਅੱਡ ਕਹਿੰਦੀਆਂ ਹਨ 'ਸਾਡਾ ਹੱਲ ਕਰੋ'! ਕਈ ਵਾਰ 'ਇਕ ਪਾਸੇ ਖੂਹ ਤੇ ਦੂਜੇ ਪਾਸੇ ਖਾਈ' ਜਾਂ 'ਸੱਪ ਦੇ ਮੂੰਹ ਵਿਚ ਕੋਹੜ ਕਿਰਲੀ, ਖਾਏ ਤਾਂ ਕੋਹੜੀ ਛਡੇ ਤਾਂ ਕਲੰਕੀ' ਵਾਲੀ ਵੰਗਾਰ ਵੀ ਮੱਥੇ ਆਣ ਵਜਦੀ ਹੈ।

ਸਿੱਖ ਸਕਾਲਰ, ਕਥਾਵਾਚਕ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਸਾਹਿਬ ਦੇ ਸਾਬਕਾ ਗਰੰਥੀ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਦਮਦਮੀ ਟਕਸਾਲ ਵਾਲਿਆਂ ਨੇ ਇਕ ਵਾਰ ਮੰਜੀ ਸਾਹਿਬ ਗੁਰਦੁਆਰਾ ਦੀਵਾਨ ਅਸਥਾਨ ਤੋਂ ਕਥਾ ਕਰਦਿਆਂ ਕਿਹਾ ਸੀ ਕਿ ਦੁਨੀਆਂ ਦਾ ਮਤਲਬ ਹੀ 'ਦੋ ਨੀਆਂ' ਉਪਰ ਟਿਕੇ ਹੋਣਾ ਹੈ। ਉਨ੍ਹਾਂ ਅਨੁਸਾਰ, 'ਜੋ ਦੋ ਨੀਆਂ/ਨੀਹਾਂ 'ਤੇ ਟਿਕੀ ਹੋਵੇ ਉਹ ਦੁ+ਨੀਆਂ ਹੈ। ਦੁੱਖ-ਸੁੱਖ, ਧੁੱਪ-ਛਾਂ, ਖੁਸ਼ੀ-ਗਮੀ, ਜੀਵਨ-ਮੌਤ, ਆਸਾ ਤੇ ਅੰਦੇਸਾ ਨਾਲੋ ਨਾਲ ਚਲਦੇ ਹਨ'।

ਉਨ੍ਹਾਂ ਇਹ ਵੀ ਕਿਹਾ ਸੀ ਕਿ ਇਹ ਅਰਥ ਉਨ੍ਹਾਂ ਦੇ ਉਸਤਾਦ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਨੇ ਉਨ੍ਹਾਂ ਨੂੰ ਸੰਥਿਆ ਦੇਣ ਸਮੇਂ ਦੱਸੇ ਸਨ। ਦਰਅਸਲ ਦੁਨੀਆਂ ਦੋ-ਮੂੰਹੀ ਹੈ, ਪਰ ਦੋ ਪਾਸਿਆਂ ਦੀ ਝਾਕ ਸਦਾ ਦੁਖੀ ਕਰਦੀ ਹੈ-"ਦੁਹ ਨਾਰੀ ਦਾ ਦੂਲਹਾ ਦੁਹ ਮੁਨਸਾ ਦੀ ਨਾਰਿ ਵਿਨਸੈ"॥..."ਦੂਜਾ ਭਾਉ ਭੁਇਅੰਗਮੁ ਡਸੈ"! (ਭਾਈ ਗੁਰਦਾਸ ਜੀ)।

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਅਨੁਸਾਰ ਦੁਬਿਧਾ ਦਾ ਸੰਗਯਾ ਦੇ ਤੌਰ 'ਤੇ ਅਰਥ ਹੈ-ਦਵੈਵਿਧਯ: ਦੋ ਪ੍ਰਕਾਰ ਦਾ ਭਾਵ, ਦੁਭਾਂਤੀਪਨ। ਉਹ ਗੁਰਬਾਣੀ ਦੀਆਂ ਟੂਕਾਂ ਦਾ ਹਵਾਲਾ ਵੀ ਦਿੰਦੇ ਹਨ-"ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰ ਕਰੋ ਲਿਵ ਲਾਇ"॥(ਅੰਗ 1185), "ਗੁਰਿ ਦੁਬਿਧਾ ਜਾ ਕੀ ਹੈ ਮਾਰੀ"॥ ( ਅੰਗ 238)

ਅੰਗਰੇਜ਼ੀ ਵਿਚ ਦੁਬਿਧਾ ਨੂੰ 'ਡਾਇਲੇਮਾ' ਕਹਿੰਦੇ ਹਨ ਜੋ ਯੂਨਾਨੀ ਸ਼ਬਦ 'ਡਾਇ', ਭਾਵ 'ਦੋ/ਦੋ ਪ੍ਰਕਾਰ ਦਾ' ਅਤੇ 'ਲੇਮਾ', ਭਾਵ 'ਵਿਸ਼ਾ/ਧਾਰਨਾ' ਰਾਹੀਂ ਲਾਤੀਨੀ ਦੇ 'ਡਾਈਲਿਮਾਟਿਸ' ਤੋਂ ਹੁੰਦਾ ਹੋਇਆ ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਆਪਣੇ ਮੌਜੂਦਾ ਰੂਪ ਵਿਚ ਪੁੱਜਾ। ਆਨਲਾਈਨ ਐਟੇਮੌਲੋਜੀ ਡਿਕਸ਼ਨਰੀ ਇਸ ਦੀ ਵਰਤੋਂ 1520ਵਿਆਂ ਵਿਚ ਸ਼ੁਰੂ ਹੋਈ ਦਸਦੀ ਹੈ ਅਤੇ ਇਸ ਦਾ ਅਰਥ 'ਡਬਲ ਪਰੌਪੋਜ਼ੀਸ਼ਨ'(ਦੁਬਾਜਰਾ ਕਥਨ) ਕਰਦੀ ਹੈ। ਕੋਲਿਨਜ਼ ਇੰਗਲਿਸ਼ ਡਿਕਸ਼ਨਰੀ ਇਸ ਸ਼ਬਦ ਦਾ ਆਰੰਭ ਸੋਲ੍ਹਵੀਂ ਸਦੀ ਈਸਵੀ 'ਚ ਦੱਸਦਿਆਂ ਇਸ ਦਾ ਮੂਲ ਯੂਨਾਨੀ ਅਤੇ ਲਾਤੀਨੀ ਭਾਸ਼ਾਵਾਂ ਹੀ ਕਹਿੰਦੀ ਹੈ।

ਸਾਰੇ ਸਰੋਤ ਇਸ ਅਰਥ ਨਾਲ ਸਹਿਮਤ ਹਨ ਕਿ ਦੁਬਿਧਾ ਦੋ ਅਣਸੁਖਾਵੇਂ ਬਦਲਾਂ ਵਿਚੋਂ ਇਕ ਦੀ ਚੋਣ ਕਰਨ ਦੀ ਕਸੂਤੀ ਅਵਸਥਾ ਹੈ।

ਅੰਗਰੇਜ਼ੀ ਦੇ ਮਹਾਨ ਨਾਟਕਕਾਰ ਅਤੇ ਕਵੀ ਵਿਲੀਅਮ ਸ਼ੇਕਸਪੀਅਰ (1564-1616) ਦੇ ਪ੍ਰਸਿੱਧ ਨਾਟਕ 'ਹੈਮਲਿਟ', ਜੋ ਕਿ ਇਕ ਦੁਖਾਂਤ ਹੈ 'ਤੇ ਕਰੀਬ 1599-1601 ਈਸਵੀ ਦਰਮਿਆਨ ਲਿਖਿਆ ਗਿਆ ਸੀ, ਦਾ ਮੁੱਖ ਪਾਤਰ ਸ਼ਹਿਜ਼ਾਦਾ ਹੈਮਲਿਟ ਦੁਬਿਧਾ, ਦੋ-ਮਨੀ, ਦੇਰੀ, ਟਾਲ-ਮਟੋਲ, ਬੇਯਕੀਨੀ, ਸ਼ੰਕਾ, ਅਨਿਰਣੈ, ਨਿਸ਼ਕ੍ਰਿਅਤਾ, ਦੋ-ਦਲੀਲੀ, ਢਿੱਲ-ਮੱਠ ਵਰਗੀਆਂ ਅਲਾਮਤਾਂ ਵਿਚ ਗ੍ਰਸਤ ਪਾਤਰ ਹੈ। ਉਸ ਦੀ ਪ੍ਰਸਿੱਧ ਇਕਬਚਨੀ/ਮਨਬਚਨੀ 'ਟੂ ਬੀ, ਆਰ ਨਾਟ ਟੂ ਬੀ, ਦੈਟ ਇਜ਼ ਦਾ ਕੁਐਸਚਨ'(ਹੋਵਾਂ/ਜੀਵਾਂ, ਕਿ ਨਾ ਹੋਵਾਂ/ਜੀਵਾਂ, ਸਵਾਲ ਤਾਂ ਇਹੀ ਹੈ) ਉਸ ਦੀ ਇਸ ਅਵਸਥਾ ਦਾ ਸਾਰ ਹੈ। ਇਹ ਪਾਤਰ ਦਾ ਮਨ ਦੋ-ਅਵਸਥਾਵਾਂ ਵਿਚ ਦੁਫਾੜ ਹੋਇਆ ਹੈ ਅਤੇ ਦਵੰਧ, ਟਾਲ-ਮਟੋਲ, ਫੈਸਲਾ ਨਾ ਕਰ ਸਕਣ ਦੀ ਸਥਿਤੀ ਸ਼ਾਇਦ ਹੀ ਕਿਸੇ ਹੋਰ ਰਚਨਾ ਵਿਚ ਐਨੀ ਖੂਬਸੂਰਤੀ ਨਾਲ ਬਿਆਨ ਕੀਤੀ ਗਈ ਹੋਵੇ! ਹੋਣਾ, ਜੀਣਾ-ਥੀਣਾ ਸੰਘਰਸ਼ ਕਰਨਾ ਹੈ; ਨਾ-ਹੋਣਾ, ਮਰਨਾ, ਸਦਾ ਲਈ ਸੌਣਾ, ਕੁਝ ਕਰਨ ਤੋਂ ਭੱਜਣਾ ਹੈ!

ਜਿਵੇਂ ਕਿਸੇ ਤਗੜੇ ਬੰਦੇ ਨੂੰ ਆਪਾਂ ਦਾਰਾ ਸਿੰਘ ਕਹਿ ਦਿੰਦੇ ਹਾਂ, ਉਵੇਂ ਹੀ ਕਿਸੇ ਬਹੁਤ ਹੀ ਬੁੱਧੀਮਾਨ ਵਿਅਕਤੀ ਨੂੰ ਸ਼ੇਕਸਪੀਅਰ ਨਾਲ ਤੁਲਨਾ ਦੇ ਦਿੰਦੇ ਹਾਂ। ਤੇ ਦੁਚਿੱਤੀ ਅਤੇ ਉਪਰ ਬਿਆਨੀਆਂ ਬਾਕੀ ਮਨੋ-ਅਵਸਥਾਵਾਂ ਬਾਰੇ ਜੇ ਕੋਈ ਮੈਟਾਫਰ ਵਰਤਣਾ ਹੋਵੇ ਤਾਂ ਹੈਮਲਿਟ



ਵਰਤਿਆ ਜਾਂਦਾ ਹੈ! ਹੈਮਲਿਟ ਨੇ ਆਪਣੇ ਚਾਚੇ ਕੋਲੋਂ ਆਪਣੇ ਬਾਦਸ਼ਾਹ ਪਿਤਾ ਦੇ ਕਤਲ ਦਾ ਬਦਲਾ ਲੈਣਾ ਹੈ ਪਰ ਉਹ ਇਸ ਬਾਰੇ ਫੈਸਲਾ ਕਰ ਈ ਨਹੀਂ ਸਕਦਾ।

ਪ੍ਰਸਿੱਧ ਅਮਰੀਕੀ ਕਵੀ ਰੌਬਰਟ ਫਰੌਸਟ (26 ਮਾਰਚ, 1874-29 ਜਨਵਰੀ, 1963) ਦੀ ਇਕ ਮਸ਼ਹੂਰ ਕਵਿਤਾ ਹੈ "ਦ ਰੋਡ ਨਾਟ ਟੇਕਨ"। (ਅਣ-ਅਪਣਾਈ ਸੜਕ)। ਇਸ ਵਿਚ ਵੀ ਪਾਤਰ ਦੁਰਾਹੇ 'ਤੇ ਖੜਦਾ ਹੈ। ਭਾਵੇਂ ਇਸ ਕਵਿਤਾ ਦਾ ਕੇਂਦਰੀ ਭਾਵ ਵੱਖਰਾ ਹੈ ਪਰ ਇਸ ਵਿਚ ਵੀ ਦੁਬਿਧਾ ਦਾ ਸਾਹਮਣਾ ਕਰਨਾ ਪੈਂਦੈ, ਬੇਸ਼ੱਕ ਪਾਤਰ, ਜੋ ਲੇਖਕ ਖੁਦ ਹੀ ਹੈ, ਅਣ-ਅਪਣਾਈ ਸੜਕ ਉਪਰ ਚੱਲਣ ਦਾ ਫੈਸਲਾ ਕਰ ਲੈਂਦਾ ਹੈ- 'ਇਕ ਪੀਲੇ ਰੰਗ ਦੇ ਜੰਗਲ ਵਿਚ ਦੀ ਸੜਕਾਂ ਦੁਪਾਸੜ ਹੋ ਗਈਆਂ/ਤੇ ਅਫਸੋਸ ਮੈਂ ਦੋਵਾਂ ਉਪਰ ਤਾਂ ਨਹੀਂ ਸੀ ਨਾ ਚੱਲ ਸਕਦਾ/ਤੇ ਇਕ ਮੁਸਾਫਰ ਬਣ ਸਕਦਾ.../ ਅਤੇ ਮੈਂ ਉਹ ਸੜਕ ਚੁਣ ਲਈ ਜਿਸ ਉਪਰ ਘੱਟ ਚੱਲਿਆ ਗਿਆ ਸੀ/ ਤੇ ਮੇਰੀ ਇਸ ਚੋਣ ਨੇ ਹੀ ਸਾਰਾ ਫਰਕ ਪਾ ਦਿੱਤਾ"!

ਦੋਰਾਹੇ ਉਪਰ ਪੁੱਟਿਆ ਗਲਤ ਕਦਮ ਮੰਜ਼ਿਲ ਤੋਂ ਭਟਕਾ ਮਾਰਦੈ, ਮੰਜ਼ਿਲ ਮਾਰਦਾ ਨਹੀਂ! ਬੰਦਾ ਪੁੱਜਦਾ ਕਿਧਰੇ ਹੈ ਜਦ ਕਿ ਉਸ ਨੇ ਪੁੱਜਣਾ ਕਿਧਰੇ ਹੋਰ ਸੀ। ਉਰਦੂ ਸ਼ਾਇਰ ਅਬਦੁਲ ਹਮੀਦ ਅਦਮ ਦਾ ਇਕ ਸ਼ੇਅਰ ਹੈ- 'ਸਿਰਫ ਏਕ ਕਦਮ ਉਠਾ ਥਾ ਗਲਤ ਰਾਹੇ ਸ਼ੌਕ ਮੇਂ/ਔਰ ਮੰਜ਼ਿਲ ਤਮਾਮ ਉਮਰ ਮੁਝੇ ਢੂੰਡਤੀ ਰਹੀ"!

ਦੋ ਬੇੜੀਆਂ ਦਾ ਸਵਾਰ ਕਿਸੇ ਕਿਨਾਰੇ ਨਹੀਂ ਲੱਗਦਾ, ਡੁੱਬ ਸਕਦੈ!' ਦੁਬਿਧਾ ਮੇਂ ਦੋਨੋਂ ਗਏ, ਮਾਇਆ ਮਿਲ਼ੀ ਨਾ ਰਾਮ'! ਦੋ ਘਰਾਂ ਦਾ ਪ੍ਰਾਹੁਣਾ ਭੁੱਖਾ ਈ ਰਹਿੰਦੈ। ਇਕ ਹੱਟੀ 'ਚ ਦੋ ਭਾਅ ਅਤੇ ਇਕ ਘਰ 'ਚ ਜੀਆਂ ਨਾਲ ਦੁਜੈਗ ਕ੍ਰਮਵਾਰ ਕਾਰੋਬਾਰ ਤੇ ਪਰਿਵਾਰ ਤੋੜ ਦਿੰਦੇ ਹਨ।

ਦੂਈ-ਦਵੈਤ, ਦਵੰਧ-ਸੰਦੇਹ ਬਾਰੇ ਪੰਥ ਰਤਨ ਅਤੇ ਸਿਰਮੌਰ ਕਥਾਵਾਚਕ ਗਿਆਨੀ ਸੰਤ ਸਿੰਘ ਮਸਕੀਨ ਆਪਣੀ ਕਥਾ ਵਿਚ ਭਾਦੋਂ ਦੇ ਮਹੀਨੇ ਦਾ ਹਵਾਲਾ ਦਿੰਦਿਆਂ ਅਕਸਰ ਇਸ ਦੀ ਪਹਿਲੀ ਪੰਕਤੀ ਵਿਚਲੇ ਸ਼ਬਦ 'ਭਾਦੁਇ' ਦਾ ਅਰਥ ਦੋ-ਭਾਅ/ਭਾਵ ਕਰਿਆ ਕਰਦੇ ਸਨ- 'ਭਾਦੁਇ ਭਰਮਿ ਭੁਲਾਣੀਆ ਦੂਜੇ ਲਗਾ ਹੇਤੁ'॥ (ਅੰਗ 133-136)। ਨਤੀਜਤਨ, ਬੰਦਾ ਅਸ.ਲ ਦੀ ਥਾਂ ਨਕਲੀ ਦੀ ਓਟ ਲੈ ਕੇ ਖੱਜਲ-ਖੁਆਰ ਹੁੰਦੈ। ਰਾਗ ਮਾਝ ਦੇ ਇਸੇ ਹੀ ਬਾਰਹ ਮਾਹ ਵਿਚ ਵੈਸਾਖ ਮਹੀਨੇ ਦੇ ਹਵਾਲੇ ਨਾਲ ਵੀ ਇਸ ਗੱਲ ਦੀ ਚਰਚਾ ਕੀਤੀ ਗਈ ਹੈ-"ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ"॥ (ਅੰਗ 133-136)। ਭਾਈ ਗੁਰਦਾਸ ਜੀ ਵੀ ਸਮਝਾਉਂਦੇ ਹਨ- "ਗੁਰਮੁਖਿ ਇਕੁ ਮਨਿ ਇਕੁ ਧਿਆਏ"॥

ਦੁਬਿਧਾ, ਇਕ ਮਨ ਇਕ ਚਿੱਤ ਹੋ ਕੇ ਦੂਰ ਕੀਤੀ ਜਾ ਸਕਦੀ ਹੈ। ਉਤਸ਼ਾਹਵਰਧਕ ਭਾਸ਼ਨਕਾਰ ਜਾਂ 'ਪੌਜ਼ਿਟੀਵਿਟੀ (ਸਕਾਰਾਤਮਕਤਾ) ਬੁਲਾਰੇ 'ਫੋਕਸ' ਉਪਰ ਬਹੁਤ ਜ਼ੋਰ ਦਿੰਦੇ ਹਨ। ਬੁੱਧ-ਵਿਵੇਕ ਵੀ ਬੜੀ ਸਹਾਇਕ ਹੋ ਸਕਦੀ ਹੈ। ਸਿੱਖ ਵਿਦਵਾਨ ਵਿਵੇਕ ਸ਼ਬਦ ਦਾ ਸੰਧੀ-ਸਮਾਸ ਕਰਦਿਆਂ ਇਸ ਨੂੰ ਵਿਵ+ਏਕ ਕਹਿੰਦੇ ਹਨ। 'ਵਿਵ' ਦਾ ਅਰਥ 'ਦੋ' ਅਤੇ ਵਿਵੇਕਸ਼ੀ.ਲਤਾ ਦੋ 'ਚੋਂ ਇਕ ਚੁਣ ਸਕਣ ਦੀ ਸਿਆਣਪ ਦਾ ਨਾਮ ਹੈ। ਜਾਣੀ ਇਹ ਚੰਗੇ-ਮਾੜੇ, ਖਰੇ-ਖੋਟੇ, ਨਕਲੀ-ਅਸਲੀ, ਕੱਚੇ-ਪੱਕੇ ਦੀ ਨਿਰਖ-ਪਰਖ ਸਿਖਾ ਸਹੀ ਨਿਖੇੜਾ ਕਰਨ ਦੀ ਸਮਰਥਾ ਪ੍ਰਦਾਨ ਕਰਦੀ ਹੈ-"ਕਾਚੇ ਗੁਰ ਤੇ ਮੁਕਤਿ ਨ ਹੂਆ"॥
(ਅੰਗ 932)

ਦੁਬਾਜਰੇ, ਦੋਗਲੇ, ਦੰਭੀ-ਭੇਖੀ, ਚੁਫੇਰ-ਚੱਕਰੀਏ, 'ਆਂਡੇ ਕਿਤੇ, ਕੁੜ ਕੁੜ ਕਿਤੇ' ਸ਼੍ਰੇਣੀ ਵਾਲਿਆਂ ਤੋਂ ਬਚਣ ਦਾ ਇਕੋ ਇਕ ਤਰੀਕਾ ਹੈ 'ਇੱਕ' ਦੀ ਚੋਣ। ਦੁਪਾਸੜੀ ਝਾਕ ਦੁਖੀ ਕਰਦੀ ਹੈ। ਖਸਮ ਇਕ ਹੀ ਹੁੰਦੈ, ਚਾਹੇ ਉਹ ਧਰਤੀ ਦੇ ਰਿਸ਼ਤਿਆਂ 'ਚ ਹੋਵੇ ਜਾਂ ਧਾਰਮਿਕਤਾ 'ਚ ਹੋਵੇ! 'ਫੋਕਸ', ਇਕਾਗਰਤਾ, ਮੰਜ਼ਿਲ ਦੀ ਨਿਸ਼ਾਨਦੇਹੀ ਤੇ ਫਿਰ ਨਿਰੰਤਰ ਸਫਰ ਮੰਜ਼ਿਲ-ਏ-ਮਕਸੂਦ ਤਕ ਅੱਪੜਨ ਦੀ ਗਰੰਟੀ ਹੈ (ਇਹ ਗਰੰਟੀ ਕੋਈ ਸਿਆਸੀ ਸਟੰਟ ਵਾਲੀ ਹਰਗਿਜ਼ ਨਹੀਂ!)। ਡਾ. ਬਸ਼ੀਰ ਬਦਰ ਨੇ ਬੜਾ ਸੁੰਦਰ ਕਿਹੈ-"ਜਬ ਸੇ ਚਲਾ ਹੂੰ ਮੇਰੀ ਮੰਜ਼ਿਲ ਪੇ ਨਜ਼ਰ ਹੈ/ਮੈਂ ਨੇ ਰਾਸਤੇ ਮੇਂ ਮੀਲ ਕਾ ਪੱਥਰ ਨਹੀਂ ਦੇਖਾ"!

ਸਿੱਖ ਧਰਮ ਤਾਂ ਹੈ ਹੀ 'ਇੱਕ' ਨੂੰ ਮੰਨਣ ਦਾ ਉਪਦੇਸ਼! ਇਹ ਇਕਸੁਰਤਾ, ਏਕਤਾ, 'ਇੱਕਤਾ', ਸਰਬ-ਲੌਕਿਕਤਾ, ਸਾਂਝੀਵਾਲਤਾ, ਸੰਮਿਲਤਤਾ, ਮਾਨਵ-ਮੁਖਤਾ ਅਤੇ ਸਰਬੱਤ ਦੇ ਭਲੇ ਦਾ ਧਰਮ ਹੈ ਅਤੇ ਇਸ ਦਾ ਅਰੰਭ ਹੀ '1ਓ'(ਇੱਕ ਓਂਕਾਰ) ਤੋਂ ਹੁੰਦੈ! ਤੇ "ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ"॥"(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-44)।

ਦੁਬਿਧਾ ਦੂਰ ਕਰਨ ਲਈ "ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ"॥ (ਅੰਗ 845)। ਅਤੇ "ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ"॥ (ਅੰਗ 634-635)

ਨਿਸ਼ਾਨੇ ਤਦ ਹੀ ਸੇਧੇ ਜਾ ਸਕਦੇ ਹਨ ਜੇ ਭੱਥੇ 'ਚੋਂ ਨਿਕਲੇ ਤੀਰ ਨੂੰ ਸਿਰਫ ਤੇ ਸਿਰਫ ਮੱਛੀ ਦੀ ਅੱਖ ਹੀ ਦਿਸੇ! (ਕਿਸੇ ਦੇ ਪੈਰ ਥੱਲੇ ਬਟੇਰਾ ਆ ਜਾਏ ਤਾਂ ਉਹ ਗੱਲ ਵੱਖਰੀ ਹੈ)। ਸਫਰ 'ਚ ਚਲਦੇ ਰਿਹਾਂ ਹੀ ਮੰਜ਼ਿਲ ਮਾਰੀ ਜਾ ਸਕਦੀ ਹੈ। ਮੁਸਾਫਿਰ ਨੂੰ ਰਾਹ ਵਿਚ ਬੜਾ ਕੁਝ ਲੁਭਾਵਣਾ ਮਿਲ ਸਕਦੈ, ਥਕਾਵਟ ਹੋਣੀ ਵੀ ਲਾਜ਼ਮੀ ਹੈ, ਸਾਹ ਲੈਣ ਨੂੰ ਕਿਹਦਾ ਨਹੀਂ ਦਿਲ ਕਰਦਾ, ਪਰ ਮੁਸੱਲਸਲ ਮੁਸਾਫਰੀ ਹੀ ਮੰਜ਼ਿਲ ਮਾਰਨ ਦਾ ਮੰਤਰ ਹੈ! ਅਮਰੀਕੀ ਕਵੀ ਰੌਬਰਟ ਫਰੌਸਟ ਦੀ ਇਕ ਬੜੀ ਹਰਮਨ ਪਿਆਰੀ ਕਵਿਤਾ ਹੈ-"ਇਕ ਬਰਫੀ.ਲੀ ਸ਼ਾਮ ਨੂੰ ਜੰਗਲਾਂ ਨੇੜੇ ਰੁਕਦਿਆਂ" ਜਿਸ ਵਿਚ ਕਵੀ (ਮੁਸਾਫਿਰ) ਲਿਖਦਾ ਹੈ ਕਿ "ਜੰਗਲ ਨੇ ਬੜੇ ਹੀ ਪਿਆਰੇ, ਸੰਘਣੇ, ਲੁਭਾਉਣੇ/ਪਰ ਮੈਂ ਤਾਂ ਕੀਤੇ ਵਾਅਦੇ ਨੇ ਪੁਗਾਉਣੇ /ਤੇ ਸੌਣ ਤੋਂ ਪਹਿਲਾਂ ਮੀਲਾਂ ਸਫਰ ਨੇ ਮੁਕਾਉਣੇ, / ਤੇ ਸੌਣ ਤੋਂ ਪਹਿਲਾਂ ਮੀਲਾਂ ਸਫਰ ਨੇ ਮੁਕਾਉਣੇ"!

ਆਉ, ਹੁਣ ਸਿਰਲੇਖ ਨੂੰ ਸੰਪੂਰਨ ਕਰੀਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਸ ਟੂਕ ਨੂੰ ਦੁਬਿਧਾ ਦੂਰ ਕਰਨ ਲਈ ਦਿਸ਼ਾ-ਨਿਰਦੇਸ਼ ਮੰਨੀਏਂ-"ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਇ"॥ (ਅੰਗ 634-635)

---

## ਚਿੱਟੇ ਦੀ ਖੇਡ

**(ਪਿਛਲੇ ਸਫੇ ਦੀ ਬਾਕੀ)**

ਗੱਲ ਹੌਲਦਾਰ ਨੂੰ ਦੱਸ ਦੇਊਂ, ਫਿਰ ਤੇਰੇ ਨਾਲ ਉਹ ਆਪੇ ਸਮਝੂ!" ਸਰਪੰਚ ਬਲਤੇਜ ਦੇ ਫੈਸਲੇ ਨਾਲ ਸਹਿਮਤ ਨਹੀਂ ਸੀ। ਅਗਲੇ ਈ ਦਿਨ ਸ਼ਹਿਰ ਜਾ ਕੇ ਬਲਤੇਜ ਨਸ਼ਾ ਛੁਡਾਊ ਕੇਂਦਰ' 'ਚ ਦਾਖਲ ਹੋ ਗਿਆ। ਤਿੰਨ ਦਿਨਾਂ ਬਾਅਦ ਬਲਤੇਜ ਨੂੰ ਹੌਲਦਾਰ ਦਾ ਫੋਨ ਆਇਆ, "ਓਏ ਜੇ ਤੂੰ ਨਸ਼ਾ ਛੱਡਣਾ ਸੀ ਤਾਂ ਹਫਤਾ ਪਹਿਲਾਂ ਕਿਓਂ ਨਹੀਂ ਦੱਸਿਆ? ਏਡੀ ਛੇਤੀ ਅਸੀਂ ਹੋਰ ਬੰਦਾ ਕਿਥੋਂ ਲੱਭੀਏ?" "ਹੌਲਦਾਰ ਸਾਬ੍ਹ ਨਸ਼ਾ ਕਰਦਾ ਹੋਣ ਕਰਕੇ ਮੈਥੋਂ ਕੰਮ ਨਹੀਂ ਸੀ ਹੁੰਦਾ, ਦੋ ਦਿਨਾਂ 'ਚ ਮੈਂ ਤਿੰਨ ਵਾਰ ਮੋਟਰ-ਸਾਈਕਲ ਤੋਂ ਡਿੱਗਿਆ ਆਂ ਇਸ ਲਈ ਸੋਚਿਆ ਕਿ ਜੇ ਠੀਕ-ਠੀਕ ਕੰਮ ਕਰਨਾ ਐ ਤਾਂ ਸਭ ਤੋਂ ਪਹਿਲਾਂ ਮੈਨੂੰ ਚਿੱਟੇ ਦਾ ਨਸ਼ਾ ਲੈਣਾ ਬੰਦ ਕਰਨਾ ਚਾਹੀਦਾ ਐ!" "ਚੱਲ ਠੀਕ ਐ, ਮਹੀਨਾ ਤਾਂ ਬਹੁਤ ਜ਼ਿਆਦਾ ਐ ਪੰਦਰਾਂ ਦਿਨਾਂ ਬਾਅਦ ਕੰਮ 'ਤੇ ਆ ਜਾਵੀਂ!" ਹੌਲਦਾਰ ਨੇ ਫੋਨ ਕੱਟ ਦਿੱਤਾ। ਇਸ ਤੋਂ ਚਾਰ ਦਿਨ ਬਾਅਦ ਐਮ ਐਲ ਏ ਪਰਸ਼ਨ ਸਿੰਘ ਬਰਾੜ ਦਾ ਫੋਨ ਆਇਆ,"ਓਏ ਤੂੰ ਸਰਪੰਚ ਨੂੰ ਕਿਹੜੀ ਤਰੀਕ ਤੱਕ ਦਾ ਹਿਸਾਬ ਦੇ ਕੇ ਆਇਆ ਐਂ?" "ਜੀ ਇਕੱਤੀ ਜੁਲਾਈ ਤੱਕ ਦਾ!" "ਪਰ ਹੌਲਦਾਰ ਤਾਂ ਕਹਿੰਦਾ ਪੰਦਰਾਂ ਜੁਲਾਈ ਤੱਕ ਦਾ ਦਿੱਤਾ ਐ?" ਐਮ.ਐਲ.ਏ ਨੇ ਦੱਸਿਆ। "ਨਹੀਂ ਜੀ, ਹੌਲਦਾਰ ਨੇ ਥੋਡੇ ਕੋਲ ਝੂਠ ਬੋਲਿਆ ਐ, ਤੁਸੀਂ ਭਾਵੇਂ ਸਰਪੰਚ ਤੋਂ ਪੁੱਛ ਲਓ!" ਬਲਤੇਜ ਨੇ ਸਫ਼ਾਈ ਦਿੱਤੀ। "ਅੱਛਾ ਇਹ ਗੱਲ ਐ? ਤਾਂ ਫਿਰ ਬਣਾਊਂ ਬੰਦਾ ਮੈਂ ਹਰਾਮਜ਼ਾਦੇ ਹੌਲਦਾਰ ਨੂੰ!" ਐਮ ਐਲ ਏ ਗੁੱਸੇ 'ਚ ਸੀ। ਇਸ ਤੋਂ ਹਫਤਾ 'ਕੁ ਬਾਅਦ ਹੌਲਦਾਰ ਦਾ ਫਿਰ ਫੋਨ ਆ ਗਿਆ,"ਓਏ ਬਲਤੇਜਿਆ! ਮੈਨੂੰ ਪਤਾ ਲੱਗ ਗਿਆ ਐ ਕਿ ਤੂੰ ਕੰਮ ਛੱਡਣ ਨੂੰ ਫਿਰਦਾ ਐਂ? ਜਾਂ ਤਾਂ ਬੰਦਾ ਬਣ ਕੇ ਪਰਸੋਂ ਕੰਮ 'ਤੇ ਆਜਾ ਨਹੀਂ ਫਿਰ ਚਿੱਟਾ ਵੇਚਣ ਦਾ ਕੇਸ ਪਾ ਕੇ ਜੇਲ੍ਹ 'ਚ ਤੁੰਨ ਦੇਊਂ!" "ਇਹ ਗੱਲ ਨਹੀਂ ਸਾਬ੍ਹ ਪਰ ਤੁਸੀਂ ਫਿਕਰ ਨਾ ਕਰੋ, ਮੈਂ ਪਰਸੋਂ ਕੰਮ 'ਤੇ ਆ ਜਾਊਂਗਾ!"

ਸ਼ਾਮ ਨੂੰ ਬਲਤੇਜ ਨੇ ਨਸ਼ਾ ਛੁਡਾਊ ਕੇਂਦਰ ਦੇ ਡਾਕਟਰ ਨਾਲ ਗੱਲ ਕੀਤੀ,"ਡਾਕਟਰ ਸਾਬ੍ਹ ਹੁਣ ਮੈਂ ਬਿਲਕੁਲ ਠੀਕ ਹਾਂ, ਮੈਨੂੰ ਪੂਰਾ ਯਕੀਨ ਐ ਕਿ ਮੈਂ ਹੁਣ ਨਸ਼ਾ ਨਹੀ ਕਰਾਂਗਾ! ਫਿਰ ਵੀ ਜੇ ਤੁਹਾਨੂੰ ਲੋੜ ਲੱਗਦੀ ਐ ਤਾਂ ਮੈਨੂੰ ਕੁੱਝ ਦਿਨਾਂ ਦੀ ਦਵਾਈ ਦੇ ਦਿਓ ਮੈਂ ਘਰ ਬਹਿ ਕੇ ਲੈ ਲਿਆ ਕਰੂੰਗਾ, ਹੁਣ ਮੈਂ ਘਰ ਜਾ ਰਿਹਾ ਹਾਂ!" ਕੇਂਦਰ ਇੰਚਾਰਜ ਨੇ ਬਲਤੇਜ ਤੋਂ ਪੇਪਰਾਂ 'ਤੇ ਦਸਤਖਤ ਕਰਾਏ ਅਤੇ ਤਿੰਨ ਦਿਨ ਦੀ ਦੁਆਈ ਦੇ ਕੇ ਘਰ ਨੂੰ ਤੋਰ ਦਿੱਤਾ। ਘਰ ਜਾ ਕੇ ਰੋਟੀ ਖਾਣ ਤੋਂ ਛੇਤੀ ਬਾਅਦ ਬਲਤੇਜ ਨੇ ਆਪਣਾ ਰਿਵਾਲਵਰ ਚੁੱਕਿਆ, ਮੋਟਰਸਾਈਕਲ ਸਟਾਰਟ ਕੀਤਾ ਅਤੇ ਪਰਿਵਾਰ ਨੂੰ ਬਿਨਾਂ ਦੱਸਿਆਂ ਕਿ ਉਹ ਕਿਧਰ ਨੂੰ ਜਾ ਰਿਹਾ ਹੈ, ਘਰੋਂ ਚਲਾ ਗਿਆ। ਉਸਦੀ ਸਕੀਮ ਆਪਣੇ ਭੂਆ ਦੇ ਮੁੰਡੇ ਕੋਲ ਯੂਪੀ ਜਾਣ ਦੀ ਸੀ। ਉਹ ਅਜੇ ਪਿੰਡ ਦੀ ਫਿਰਨੀ 'ਤੇ ਈ ਪਹੁੰਚਿਆ ਸੀ ਕਿ ਉਸਨੂੰ ਪਿੰਡ ਦੇ ਗੁਰਦੁਆਰੇ ਤੋਂ ਹੋ ਰਹੀ ਇਹ ਅਨਾਊਂਸਮੈਂਟ ਸੁਣੀ,"ਸਾਰੇ ਪਿੰਡ ਨਿਵਾਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅੱਠ ਵਜੇ 'ਭਗਤ ਸਿੰਘ ਪਾਰਕ' 'ਚ 'ਨਸ਼ਾ ਵਿਰੋਧੀ ਕਮੇਟੀ' ਦੀ ਰੈਲੀ ਹੋ ਰਹੀ ਹੈ, ਇਸ ਲਈ ਘਰ-ਘਰ ਦੇ ਮਰਦ-ਔਰਤਾਂ ਹੁੰਮ-ਹੁੰਮਾ ਕੇ ਉੱਥੇ ਪਹੁੰਚੋ!" ਅਨਾਊਂਸਮੈਂਟ ਸੁਣ ਕੇ ਬਲਤੇਜ ਦੇ ਮਨ 'ਚ ਅਚਾਨਕ ਕੋਈ ਖਿਆਲ ਆਇਆ! ਉਹ ਉਸੇ ਵਕਤ ਵਾਪਿਸ ਘਰ ਪਰਤ ਆਇਆ।

ਅੱਠ ਵਜੇ ਤੋਂ ਪਹਿਲਾਂ ਈ ਬਲਤੇਜ ਰੈਲੀ ਵਾਲੀ ਜਗ੍ਹਾ 'ਤੇ ਪਹੁੰਚ ਗਿਆ। ਉੱਥੇ ਜਾ ਕੇ ਉਹ ਨਸ਼ਾ ਵਿਰੋਧੀ ਕਮੇਟੀ ਦੇ ਇਕ ਮੈਂਬਰ ਨੂੰ ਮਿਲਿਆ ਅਤੇ ਉਸਨੂੰ ਦੱਸਿਆ ਕਿ ਜੇ ਉਹ ਉਸਨੂੰ ਸਟੇਜ ਤੋਂ ਬੋਲਣ ਦੀ ਇਜਾਜ਼ਤ ਦੇਣ ਤਾਂ ਉਹ ਨਸ਼ੇ ਦੇ ਧੰਦੇ ਨਾਲ ਸਬੰਧਤ ਇਕ ਖਤਰਨਾਕ ਜੁੰਡਲੀ ਦੇ ਭੇਤ ਖੋਲ੍ਹ ਦੇਵੇਗਾ।" ਇਹ ਇਜਾਜ਼ਤ ਮਿਲਣ 'ਤੇ ਬਲਤੇਜ ਲੋਕਾਂ ਦੇ ਵੱਡੇ ਇਕੱਠ ਸਾਹਵੇਂ ਬੋਲਿਆ, "ਭੈਣੋਂ ਤੇ ਭਰਾਵੋ! ਥੋਨੂੰ ਸਾਰਿਆਂ ਨੂੰ ਪਤਾ ਐ ਕਿ ਮੈਂ ਚਿੱਟਾ ਵਰਤਦਾ ਵੀ ਸੀ ਅਤੇ ਵੇਚਦਾ ਵੀ ਸੀ। ਹੁਣ ਇਕ ਮਹੀਨੇ ਤੋਂ ਮੈਂ ਚਿੱਟਾ ਵਰਤਣਾ ਵੀ ਬੰਦ ਕਰਤੈ ਅਤੇ ਵੇਚਣਾ ਵੀ। ਅੱਜ ਮੈਂ ਥੋਨੂੰ ਕੁੱਝ ਐਸੀਆਂ ਗੱਲਾਂ ਦੱਸਣ ਲੱਗਿਆ ਹਾਂ ਜੋ ਤੁਸੀਂ ਲੋਕ ਨਹੀਂ ਜਾਣਦੇ। ਤੁਸੀਂ ਸਾਰੇ ਇਹ ਸੁਣ ਕੇ ਹੈਰਾਨ ਹੋਵੋਗੇ ਕਿ ਮੈਨੂੰ ਚਿੱਟਾ ਵੇਚਣ ਆਪਣੇ ਪਿੰਡ ਦੇ ਸਰਪੰਚ ਗੁਰਜੀਤ ਸਿੰਘ ਨੇ ਲਾਇਆ ਸੀ। ਸਰਪੰਚ ਨੇ ਮੈਨੂੰ ਇਹ ਵੀ ਦੱਸਿਆ ਕਿ ਵੇਚਣ ਲਈ ਨਸ਼ਾ ਮੈਨੂੰ ਦੀਸ਼ੇ ਮਹਾਜਨ ਦੀ ਦੁਕਾਨ ਤੋਂ ਮਿਲ ਜਾਇਆ ਕਰੇਗਾ। ਸਰਪੰਚ ਨੇ ਮੈਨੂੰ ਕਿਹਾ ਕਿ ਕੁਲ ਕਮਾਈ ਦਾ ਚੌਥਾ ਹਿੱਸਾ ਆਪਣੇ ਕੋਲ ਰੱਖ ਕੇ ਮੈਂ ਬਾਕੀ ਤਿੰਨ ਹਿੱਸੇ ਸਰਪੰਚ ਨੂੰ ਦੇ ਦਿਆ ਕਰਾਂ! ਜਿਨ੍ਹਾਂ 'ਚੋਂ ਇਕ ਹਿੱਸਾ ਐਮ ਐਲ ਏ ਪਰਸ਼ਨ ਬਰਾੜ ਦਾ, ਇਕ ਹਿੱਸਾ ਪੁਲਸ ਦਾ ਅਤੇ ਇਕ ਹਿੱਸਾ ਸਰਪੰਚ ਦਾ ਹੋਵੇਗਾ! ਜੀਹਦੇ 'ਚੋਂ ਅੱਧ ਫਿਰ ਪੁਲਸ ਦਾ। ਮੈਂ ਇਸੇ ਤਰ੍ਹਾਂ ਕਰਦਾ ਰਿਹਾ। ਹਰ ਮਹੀਨੇ ਦੀ ਆਖਰੀ ਤਰੀਕ ਨੂੰ ਮੈਂ ਕੁੱਲ ਕਮਾਈ ਦਾ ਚੌਥਾ ਹਿੱਸਾ ਆਪਣੇ ਕੋਲ ਰੱਖ ਕੇ ਤਿੰਨ ਹਿੱਸੇ ਸਰਪੰਚ ਨੂੰ ਦੇ ਆਇਆ ਕਰਦਾ ਸੀ ਪਰ ਕਿਉਂਕਿ ਹੁਣ ਮੈਂ ਨਸ਼ਾ ਵੇਚਣਾ ਛੱਡ ਦਿੱਤਾ ਹੈ ਇਸ ਲਈ ਹੌਲਦਾਰ ਬਖਸੀਸ਼ ਸਿੰਘ ਮੈਨੂੰ ਦੁਬਾਰਾ ਚਿੱਟਾ ਵੇਚਣ ਲਈ ਕਹਿ ਰਿਹਾ ਹੈ। ਉਹ ਮੈਨੂੰ ਧਮਕੀ ਵੀ ਦੇ ਰਿਹਾ ਹੈ ਕਿ ਜੇ ਮੈਂ ਅਜਿਹਾ ਨਾ ਕੀਤਾ ਤਾਂ ਉਹ ਮੇਰੇ 'ਤੇ ਝੂਠਾ ਕੇਸ ਬਣਾ ਕੇ ਮੈਨੂੰ ਜੇਲ੍ਹ ਭੇਜ ਦੇਵੇਗਾ। ਮੇਰੀ ਥੋਨੂੰ ਸਾਰਿਆਂ ਨੂੰ ਬੇਨਤੀ ਐ ਕਿ ਕਿਸੇ ਤਰ੍ਹਾਂ ਮੈਨੂੰ ਇਸ ਜੁੰਡਲੀ ਦੀ ਚੁੰਗਲ 'ਚੋਂ ਬਾਹਰ ਨਿਕਲਣ 'ਚ ਮੱਦਦ ਕਰੋ। ਇਨ੍ਹਾਂ ਤੋਂ ਤਾਂ ਮੇਰੀ ਜਾਨ ਨੂੰ ਵੀ ਖਤਰਾ ਹੈ। ਮੈਂ ਵਾਅਦਾ ਕਰਦਾ ਹਾਂ ਕਿ ਮੈਂ ਜ਼ਿੰਦਗੀ 'ਚ ਕਦੇ ਵੀ ਨਸ਼ਾ ਨਹੀਂ ਵੇਚਾਂਗਾ!" ਬਲਤੇਜ ਨੇ ਆਪਣੀ ਗੱਲ ਖਤਮ ਕੀਤੀ ਤਾਂ ਪੰਡਾਲ 'ਚੋਂ ਨਾਹਰੇ ਲੱਗਣ ਲੱਗ ਪਏ: ਪੰਜਾਬ ਪੁਲਸ—ਮੁਰਦਾਬਾਦ, ਪੰਜਾਬ ਸਰਕਾਰ—ਮੁਰਦਾਬਾਦ, ਪਰਸ਼ਨ ਬਰਾੜ—ਮੁਰਦਾਬਾਦ!

ਜਦ ਨਾਅਰੇ ਲਗਣੇ ਬੰਦ ਹੋਏ ਤਾਂ ਇਕ ਕਮੇਟੀ ਮੈਂਬਰ ਨੇ ਸਟੇਜ ਤੋਂ ਐਲਾਨ ਕੀਤਾ, "ਅਸੀਂ ਨਸ਼ਾ ਵਿਰੋਧੀ ਕਮੇਟੀ ਵਲੋਂ ਦੱਸਣਾ ਚਾਹੁੰਦੇ ਹਾਂ ਕਿ ਬਲਤੇਜ ਹੁਣ ਸਾਡਾ ਬੰਦਾ ਹੈ! ਅਸੀਂ ਇਸ ਨਾਲ ਕਿਸੇ ਵੀ ਕਿਸਮ ਦਾ ਧੱਕਾ ਨਹੀਂ ਹੋਣ ਦੇਵਾਂਗੇ। ਜੇ ਇਸਨੂੰ ਕੁੱਛ ਹੁੰਦਾ ਹੈ ਤਾਂ ਇਸਦੀ ਜ਼ਿੰਮੇਵਾਰ ਪੁਲਸ, ਪਰਸ਼ਨ ਬਰਾੜ ਐਮ ਐਲ ਏ ਅਤੇ ਸਰਕਾਰ ਹੋਵੇਗੀ।" ਪੰਡਾਲ 'ਚੋਂ ਫਿਰ ਨਾਅਰੇ ਲੱਗਣ ਲੱਗ ਪਏ। ਨਾਅਰੇ ਲੱਗਣੇ ਬੰਦ ਹੋਏ ਤਾਂ ਨਸ਼ਾ ਵਿਰੋਧੀ ਕਮੇਟੀ ਦੇ ਬੁਲਾਰਿਆਂ ਨੇ ਲੋਕਾਂ ਨੂੰ ਨਸ਼ੇ ਵਿਰੁੱਧ ਆਪਣੇ ਸੂਘੋਲ ਦੀ ਸਮੁੱਚੀ ਰੂਪ-ਰੇਖਾ ਤੋਂ ਜਾਣੂ ਕਰਾਇਆ।

# ਅੱਜ ਦੇ ਮਾਰੂ ਦੌਰ ਵਿਚ ਅਧਿਆਪਕ ਦੀ ਭੂਮਿਕਾ

ਅਧਿਆਪਨ ਦੇ ਕਿੱਤੇ ਵਿਚ ਕਿਸੇ ਅਧਿਆਪਕ ਲਈ ਅਲਜਬਰਾ ਅਤੇ ਅੰਗਰੇਜ਼ੀ ਗ੍ਰਾਮਰ, ਥਰਮੋਡਾਇਨੈਮਿਕਸ ਤੇ ਮੱਧਕਾਲੀ ਇਤਿਹਾਸ ਜਾਂ ਕੰਪਿਊਟਰ ਇੰਜਨੀਅਰਿੰਗ ਅਤੇ ਵਿੱਤੀ ਪ੍ਰਬੰਧਨ ਤੋਂ ਪਰ੍ਹੇ ਕਿਸੇ ਹੋਰ ਚੀਜ਼ ਦੀ ਪ੍ਰਵਾਹ ਕਰਨੀ ਜ਼ਰੂਰੀ ਹੈ? ਹੋ ਸਕਦਾ ਹੈ, ਇਹ ਸਵਾਲ ਗ਼ੈਰ-ਵਾਜਿਬ ਨਾ ਹੋਵੇ; ਖਾਸਕਰ ਉਦੋਂ ਜਦੋਂ ਅਸੀਂ ਇਕ ਹੋਰ ਅਧਿਆਪਕ ਦਿਵਸ ਮਨਾ ਕੇ ਹਟੇ ਹਾਂ ਜਾਂ ਇਨ੍ਹਾਂ ਔਖੇ ਅਤੇ ਵਿਹਾਰਕ ਸਮਿਆਂ ਵਿਚ ਸਾਡੇ ਵਿਚੋਂ ਬਹੁਤੇ ਅਧਿਆਪਕ ਭਾਰੂ ਆਮ ਸੋਝੀ ਨਾਲ ਹੀ ਸਹਿਜ ਮਹਿਸੂਸ ਕਰਨ ਲੱਗ ਪਏ ਹਨ? ਬੀ.ਐੱਡ./ਪੀ.ਐੱਚ.ਡੀ. ਦੀ ਡਿਗਰੀ ਹਾਸਲ ਕਰੋ; ਅਧਿਆਪਕ ਦੀ ਕਿਸੇ ਅਸਾਮੀ ਲਈ ਅਰਜ਼ੀ



ਦਿਓ; ਤੇ ਜੇ ਕਿਸਮਤ ਨਾਲ ਤੁਹਾਨੂੰ ਇਹ ਨੌਕਰੀ ਮਿਲ ਜਾਂਦੀ ਹੈ ਤਾਂ ਤੁਸੀਂ 9 ਤੋਂ 5 ਵਜੇ ਤੱਕ ਦੀ ਕਿਸੇ ਨੌਕਰੀ ਦੀ ਤਰ੍ਹਾਂ ਡਿਊਟੀ ਵਜਾਓ ਤੇ ਇਸ ਤਰ੍ਹਾਂ

**ਅਵਿਜੀਤ ਪਾਠਕ**

ਸਾਂਚੇ ਵਿਚ ਢਲ ਜਾਓ, ਰੁਟੀਨ ਬਣਾ ਲਓ ਤੇ ਆਪਣੀ ਆਤਮਾ ਨੂੰ ਮਾਰ ਦਿਓ। ਹੈਰਾਨੀ ਦੀ ਗੱਲ ਨਹੀਂ ਕਿ ਸਾਡੇ 'ਚੋਂ ਜ਼ਿਆਦਾਤਰ ਅਧਿਆਪਕ ਸਿਰਫ਼ ਸਿਲੇਬਸ ਪੂਰਾ ਕਰਦੇ ਹਨ, ਇਮਤਿਹਾਨ ਲੈਂਦੇ ਹਨ, ਵਿਦਿਆਰਥੀਆਂ ਦੀ ਦਰਜਾਬੰਦੀ ਕਰਦੇ ਹਨ ਤੇ ਆਪਣੇ ਬੌਸਾਂ- ਪ੍ਰਿੰਸੀਪਲ, ਉਪ ਕੁਲਪਤੀ ਤੇ ਸਿਆਸੀ ਆਕਾਵਾਂ ਦੀ ਖੁਸ਼ਨੂਦੀ ਹਾਸਲ ਕਰਦੇ ਹਨ ਅਤੇ ਇਵੇਂ ਖ਼ੁਦ ਨੂੰ 'ਮਹਿਫ਼ੂਜ਼' ਮਹਿਸੂਸ ਕਰਦੇ ਹਨ। ਜਿਵੇਂ ਬਹੁਤ ਸਾਰੇ ਲੋਕ ਇਹ ਦਲੀਲ ਦੇਣਗੇ, ਲਕੀਰ ਦੀ ਫ਼ਕੀਰੀ ਅਤੇ ਇਸ ਨਾਲ ਜੁੜੇ ਡਰ ਦੇ ਯੁੱਗ ਵਿਚ ਸਿੱਖਿਆ ਦੇ ਅਰਥ ਨੂੰ ਮੁੜ ਪਰਿਭਾਸ਼ਤ ਕਰਨਾ ਜਾਂ ਕਲਾਸਰੂਮ ਨੂੰ ਸੰਵਾਦ ਮੁਕਤੀ ਦੀ ਜਗ੍ਹਾ ਵਿਚ ਤਬਦੀਲ ਕਰਨ ਵਿਚ ਅਧਿਆਪਕ ਨੂੰ ਅਹਿਮ ਭੂਮਿਕਾ ਨਿਭਾਉਂਦੇ ਹੋਏ ਦੇਖਣਾ ਕੋਈ ਸੌਖਾ ਨਹੀਂ ਹੈ।

ਅਧਿਆਪਕ ਹੋਣ ਦੇ ਨਾਤੇ ਮੈਂ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਔਖੇ ਅਤੇ ਹਰ ਤਰ੍ਹਾਂ ਦੀ ਸਰੀਰਕ ਤੇ ਸੰਕੇਤਕ ਹਿੰਸਾ ਨਾਲ ਗ੍ਰਸੇ ਅਸਹਿਣਸ਼ੀਲਤਾ ਦੇ ਸਮਿਆਂ ਵਿਚ ਵੀ ਸਾਨੂੰ ਹੌਸਲਾ ਨਹੀਂ ਛੱਡਣਾ ਚਾਹੀਦਾ ਅਤੇ ਆਪਣਾ ਇਹ ਨਿਹਚਾ ਕਾਇਮ ਰੱਖਣਾ ਚਾਹੀਦਾ ਹੈ ਕਿ ਚੰਗੇ ਅਧਿਆਪਕ ਉਹ ਨਹੀਂ ਹੁੰਦੇ ਜੋ ਬਚ ਬਚ ਕੇ ਚੱਲਣ ਦੇ ਆਦੀ ਹੁੰਦੇ ਹਨ, ਸਿਰਫ਼ ਸਿਲੇਬਸ ਮੁਕੰਮਲ ਕਰਦੇ ਹਨ ਜਾਂ ਵਿਦਿਆਰਥੀਆਂ ਨੂੰ ਟੈਸਟਾਂ ਤੇ ਪ੍ਰੀਖਿਆਵਾਂ ਲਈ ਤਿਆਰੀ ਕਰਵਾਉਂਦੇ



ਹਨ ਸਗੋਂ ਉਹ ਹੁੰਦੇ ਹਨ ਜੋ ਤਬਦੀਲੀ ਦਾ ਆਧਾਰ ਬਣਦੇ ਹਨ; ਜੋ ਇਨਸਾਨੀਅਤ ਦਾ ਸੰਚਾਰ ਕਰਦੇ ਹਨ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਇਤਿਹਾਸ ਪੜ੍ਹਾਉਂਦਾ ਹੈ ਜਾਂ ਗਣਿਤ, ਕਵਿਤਾ ਜਾਂ ਭੌਤਿਕ ਸ਼ਾਸਤਰ; ਚੰਗਾ ਅਧਿਆਪਕ ਤਾਉਮਰ ਵਿਦਿਆਰਥੀ ਹੋਣ ਜਾਂ ਨਿਆਂਪੂਰਨ ਅਤੇ ਮਾਨਵੀ ਸਮਾਜ ਲਈ ਤਲਾਸ਼ ਦਾ ਜਗਿਆਸੂ ਬਣਨ ਦੇ ਅਮਲ ਨੂੰ ਨਵੇਂ ਅਰਥ ਦਿੰਦਾ ਹੈ। ਇਸ ਪ੍ਰਸੰਗ ਵਿਚ ਮੈਂ ਅਧਿਆਪਨ ਦੇ ਤਿੰਨ ਮੂਲ ਆਦਰਸ਼ਾਂ ਦੀ ਗੱਲ ਕਰਨਾ ਚਾਹੁੰਦਾ ਹਾਂ।

ਪਹਿਲਾ, ਇਹ ਆਲੋਚਨਾਤਮਿਕ ਸਿੱਖਿਆ ਦੀ ਭਾਵਨਾ ਹੈ ਜੋ ਕਲਾਸ ਰੂਮ ਨੂੰ ਸਹੀ ਮਾਇਨਿਆਂ ਵਿਚ ਭਰਪੂਰ, ਸੰਵਾਦੀ ਅਤੇ ਸੋਚਵਾਨ ਬਣਾਉਂਦੀ ਹੈ। ਇਹ ਤਦ ਸੰਭਵ ਹੁੰਦੀ ਹੈ ਜਦੋਂ ਅਧਿਆਪਕ ਇਕ ਤਬਦੀਲੀ ਦੇ ਵਾਹਕ ਵਜੋਂ ਵਿਚਰਦਾ ਹੈ ਅਤੇ ਨੌਜਵਾਨ ਵਿਦਿਆਰਥੀ ਆਪਣੇ ਆਪ ਨੂੰ ਸਵਾਲ ਕਰਨ, ਪੁੱਛ ਪੜਤਾਲ ਕਰਨ ਅਤੇ ਦੁਨੀਆ ਨੂੰ ਮੁੜ ਪਰਿਭਾਸ਼ਤ ਕਰਨ ਦੇ ਸਮੱਰਥ ਰਚਨਾਤਮਿਕ ਏਜੰਟ ਦੇ ਰੂਪ ਵਿਚ ਦੇਖਦੇ ਹਨ। ਅਧਿਆਪਕ ਇਸ ਸਫ਼ਰ ਦਾ ਸੰਗੀ ਬਣ ਕੇ ਆਪਣੇ ਵਿਦਿਆਰਥੀਆਂ ਨਾਲ ਮਿਲ ਕੇ ਕੰਮ ਕਰਦਾ ਹੈ ਅਤੇ ਨਵੇਂ ਸਵਾਲਾਂ ਅਤੇ ਨਵੀਆਂ ਸੰਭਾਵਨਾਵਾਂ ਸਹਿਤ ਨਵੀਂ ਦੁਨੀਆ ਦੀ ਰਲ ਕੇ ਤਲਾਸ਼ ਕਰਦਾ ਹੈ। ਇਹ ਰੱਟਾ ਗਿਆਨ, ਸਰਬ ਗਿਆਤਾ ਅਧਿਆਪਕ ਦਾ ਖੌਫ਼, ਵਿਦਿਆਰਥੀਆਂ 'ਤੇ ਠੋਸੀ ਗਈ ਸਿੱਥਲਤਾ, ਹਰ ਤਰ੍ਹਾਂ ਦੇ ਬਹੁ-ਚੋਣਵੇਂ ਸਵਾਲਾਂ ਵਾਲੇ ਮਿਆਰੀ ਟੈਸਟ ਪਾਸ ਕਰਨ ਦੀ ਬੇਚੈਨੀ ਤੋਂ ਪਰ੍ਹੇ ਇਹ ਪੜ੍ਹਨ/ਪੜ੍ਹਾਉਣ ਦਾ ਅਭਿਆਸ ਮੁਕਤੀ ਮਾਰਗ ਬਣ ਜਾਂਦਾ ਹੈ। ਸਿਰਫ਼ ਇਸ ਕਿਸਮ ਦੀ ਆਲੋਚਨਾਤਮਿਕ ਸਿੱਖਿਆ ਜ਼ਰੀਏ ਹੀ ਨੌਜਵਾਨ ਵਿਦਿਆਰਥੀ ਪਿੱਤਰ ਸੱਤਾ, ਜਾਤੀ ਦਰਜਾਬੰਦੀ, ਖੋਖਲੀਆਂ ਰਹੁ ਰੀਤਾਂ, ਅੰਧ-ਵਿਸ਼ਵਾਸ ਦੀਆਂ ਵਿਧੀਆਂ ਅਤੇ ਸਮਾਜਿਕ/ ਆਰਥਿਕ ਅਸਮਾਨਤਾ 'ਤੇ ਕਿੰਤੂ ਕਰਨ ਲਈ ਬੌਧਿਕ ਅਤੇ ਇਖ਼ਲਾਕੀ ਸਪੱਸ਼ਟਤਾ ਹਾਸਲ ਕਰ ਸਕਦੇ ਹਨ।

ਦੂਜਾ, ਚੰਗਾ ਅਧਿਆਪਕ ਮਨਬਚਨੀ ਤੋਂ ਬਚਦਾ ਹੈ ਤੇ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਨੂੰ ਹੱਲਾਸ਼ੇਰੀ ਦਿੰਦਾ ਹੈ ਅਤੇ ਆਪਣੇ ਵਿਦਿਆਰਥੀਆਂ ਦੀ ਕਰੁਣਾ ਦੀ ਸ਼ਕਤੀ ਨੂੰ ਤਿੱਖਾ ਕਰਦਾ ਅਤੇ ਉਨ੍ਹਾਂ ਵਿਚ ਤਹੱਮਲ ਨਾਲ ਸੁਣਨ ਦੀ ਕਲਾ ਦਾ ਸੰਚਾਰ ਕਰਦਾ ਹੈ। ਜੇ ਸੰਵਾਦਪੂਰਨ ਕਲਾਸ ਰੂਮ ਮਰ ਜਾਂਦੀ ਹੈ ਤਾਂ ਲੋਕਤੰਤਰ ਵੀ ਮਰ ਜਾਂਦਾ ਹੈ। ਸਮੇਂ ਸਮੇਂ 'ਤੇ ਚੋਣਾਂ ਕਰਵਾ ਲੈਣ ਦੀ ਰਸਮ ਨਿਭਾਉਣਾ ਲੋਕਤੰਤਰ ਨਹੀਂ ਹੁੰਦਾ ਸਗੋਂ ਲੋਕਤੰਤਰ ਦਾ ਵਾਸਤਾ ਗੱਲਬਾਤ ਅਤੇ ਸੰਵਾਦ ਨਾਲ ਹੁੰਦਾ ਹੈ; ਲੋਕਤੰਤਰ ਤਰਕਮਈ ਸੰਵਾਦ ਅਤੇ ਬਹੁਵਾਦ ਦੀ ਸੰਵੇਦਨਸ਼ੀਲਤਾ ਜ਼ਰੀਏ ਟਕਰਾਅ ਸੁਲਝਾਉਣ ਦੀ ਕਲਾ ਦਾ ਨਾਂ ਹੁੰਦਾ ਹੈ। ਬਤੌਰ ਅਧਿਆਪਕ ਮੈਨੂੰ ਇਹ ਗੱਲ ਕਹਿਣ ਵਿਚ ਕੋਈ ਸੰਕੋਚ ਨਹੀਂ ਹੈ ਕਿ ਜਦੋਂ ਅਸੀਂ ਸੁਣਨ ਦੀ ਕਲਾ ਦਾ ਸੰਚਾਰ ਕਰਦੇ ਹਾਂ ਤਾਂ ਅਸੀਂ ਜਾਤ, ਨਸਲ, ਰਾਸ਼ਟਰ ਅਤੇ ਧਰਮ ਦੀਆਂ ਖੜ੍ਹੀਆਂ ਕੀਤੀਆਂ ਵਲਗਣਾਂ ਤੋਂ ਪਾਰ ਚਲੇ ਜਾਂਦੇ ਹਾਂ। ਅਸੀਂ ਸਾਗਰ ਦਾ ਰੂਪ ਲੈ ਲੈਂਦੇ ਹਾਂ। ਜ਼ਰਾ, ਜਲਾਲੂਦੀਨ ਰੂਮੀ ਦੀ ਕਾਵਿਕ ਸੂਝ ਦਾ ਜਸ਼ਨ ਮਨਾਉਂਦੇ ਕਿਸੇ ਹਿੰਦੂ ਵਿਦਿਆਰਥੀ ਦੀ ਕਲਪਨਾ ਕਰੋ। ਜਯੋਤੀਰਾਓ ਫੂਲੇ ਅਤੇ ਬਾਬਾ ਸਾਹਿਬ ਅੰਬੇਡਕਰ ਬਾਰੇ ਆਪਣੇ ਕਿਸੇ ਅਧਿਆਪਕ ਦੇ ਭਾਸ਼ਣ ਦੀ ਬੇਸਬਰੀ ਨਾਲ ਉਡੀਕ ਕਰਦੇ ਕਿਸੇ ਬ੍ਰਾਹਮਣ ਵਿਦਿਆਰਥੀ ਬਾਰੇ ਸੋਚੋ; ਜਾਂ ਭਗਵਤ ਗੀਤਾ ਬਾਰੇ ਮਹਾਤਮਾ ਗਾਂਧੀ ਦੀ ਵਿਆਖਿਆ ਬਾਰੇ ਕਿਸੇ ਮੁਸਲਮਾਨ ਵਿਦਿਆਰਥੀ ਜਾਂ ਈਸਾਈ ਅਧਿਆਪਕ ਦੇ ਵਿਚਾਰ ਜਾਣੋ। ਹਾਲਾਂਕਿ ਇਨ੍ਹਾਂ ਜ਼ਹਿਰੀਲੇ ਸਮਿਆਂ ਵਿਚ ਅਜਿਹੀਆਂ ਸੰਭਾਵਨਾਵਾਂ ਦਾ ਕਿਆਸ ਕਰਨਾ ਔਖਾ ਹੈ ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸੰਵਾਦ ਅਤੇ ਸੁਣਨ ਦੀ ਭਾਵਨਾ ਨੂੰ ਹੁਲਾਰਾ ਦੇਣ ਵਾਲੇ ਅਧਿਆਪਕ ਮਹਾਨ ਕੰਮ ਅੰਜਾਮ ਦੇ ਰਹੇ ਹੁੰਦੇ ਹਨ। ਉਹ ਸੱਤਾਵਾਦੀ ਰੁਚੀਆਂ ਨੂੰ ਠੱਲ੍ਹ ਪਾਉਂਦੇ ਹਨ, ਵੰਡੀਆਂ ਪਾਉਣ ਦੇ ਵਿਚਾਰਾਂ ਦੀਆਂ ਸੀਮਤਾਈਆਂ ਦਾ ਖੁਲਾਸਾ ਕਰਦੇ ਹਨ ਅਤੇ ਲੋਕਰਾਜੀ ਸੋਚ ਦੇ ਬੀਜ ਬੀਜਦੇ ਹਨ।

ਤੀਜਾ, ਆਸ ਦੇ ਪਾਠ ਤੋਂ ਬਗ਼ੈਰ ਕੋਈ ਸਾਰਥਕ ਸਿੱਖਿਆ ਕੀ ਹੋਵੇਗੀ? ਜਦੋਂ ਲੋਕਤੰਤਰ ਦਾ ਮੰਦਰ ਢਹਿ ਢੇਰੀ ਹੋ ਰਿਹਾ ਹੈ; ਸਭਿਆਚਾਰ ਦੀ ਸਨਅਤ ਖਪਤਵਾਦ ਦੇ ਪ੍ਰਵਚਨਾਂ ਰਾਹੀਂ ਬੰਧਕ ਹਾਜ਼ਰੀਨ ਬਣਾ ਰਹੀ ਹੈ; ਪ੍ਰਾਪੇਗੰਡਾ ਮਸ਼ੀਨਰੀ ਹਰ ਸ਼ੈਅ ਨੂੰ ਪੁੱਠਾ ਕਰਦੀ ਜਾ ਰਹੀ ਹੈ; ਤੇ ਸਭ ਤੋਂ ਉਪਰ ਖ਼ੁਦਪ੍ਰਸਤ ਧਾਰਨਾਵਾਂ ਦੇ ਹੰਕਾਰ; ਜਲਵਾਯੂ ਐਮਰਜੈਂਸੀ ਤੇ ਜੋਖ਼ਮ ਭਰਪੂਰ ਸਮਾਜ ਦੇ ਵਿਕਾਸ ਨਾਲ ਜੁੜੀ ਨਾਉਮੀਦੀ ਅਤੇ ਜੰਗ ਅਤੇ ਤਬਾਹੀ ਦੀਆਂ ਨਿਰੰਤਰ ਸੰਭਾਵਨਾਵਾਂ ਨਾਲ ਜਾਣੇ ਜਾਂਦੇ ਸਾਡੇ ਸਮਿਆਂ ਵਿਚ ਜੀਵਨ ਮੁਖੀ ਹਾਂਮੁਖੀ ਸੋਚ ਨੂੰ ਅਪਣਾਉਣਾ ਸੌਖਾ ਨਹੀਂ ਹੈ। ਕੀ ਅਸੀਂ ਸਿੱਖਿਆ ਅਤੇ ਅਧਿਆਪਨ ਬਾਰੇ ਮੁੜ ਚਿਤਵ ਸਕਦੇ ਹਾਂ ਤਾਂ ਕਿ ਇਸ ਹਨੇਰੇ 'ਚੋਂ ਉਭਰਨ ਅਤੇ ਆਤਮਿਕ ਤੌਰ 'ਤੇ ਉਨਤ, ਵਾਤਾਵਰਨਕ ਪ੍ਰਤੀ ਸਜਗ ਅਤੇ ਸਮਤਾਵਾਦੀ/ ਲੋਕਰਾਜੀ ਸ਼ਾਂਤਮਈ ਦੁਨੀਆ ਸਿਰਜਣ ਲਈ ਸਾਨੂੰ ਇਖ਼ਲਾਕੀ/ਸਿਆਸੀ/ਬੌਧਿਕ ਹੁਨਰ ਗ੍ਰਹਿਣ ਹੋ ਸਕੇ। ਕੀ ਅਧਿਆਪਕ ਇਸ ਉਮੀਦ ਦਾ ਸੰਚਾਰ ਕਰਨ ਵਿਚ ਮੋਹਰੀ ਭੂਮਿਕਾ ਨਿਭਾ ਸਕਦੇ ਹਨ?

ਇਹ ਅਜਿਹੇ ਆਦਰਸ਼ ਹਨ ਜਿਨ੍ਹਾਂ ਨੂੰ ਜੀਵਨ ਵਿਚ ਉਤਾਰਨਾ ਬਹੁਤ ਔਖਾ ਹੁੰਦਾ ਹੈ ਪਰ ਇਕੇਰਾਂ ਜਦੋਂ ਅਸੀਂ ਇਨ੍ਹਾਂ ਆਦਰਸ਼ਾਂ ਦੀ ਵੁੱਕਤ ਪਛਾਣ ਲਵਾਂਗੇ ਤਦ ਹੀ ਅਸੀਂ ਸਿਖਿਆ ਨੂੰ ਨਵ ਉਦਾਰਵਾਦੀ ਹਮਲੇ ਅਤੇ ਨਾਲ ਹੀ ਅੰਧ-ਰਾਸ਼ਟਰਵਾਦੀ ਹੱਲੇ ਤੋਂ ਬਚਾਉਣ ਲਈ ਲਹਿਰ ਸ਼ੁਰੂ ਕਰ ਸਕਾਂਗੇ। ਇਸ ਕਰ ਕੇ ਅਧਿਆਪਕ ਦਿਵਸ 'ਤੇ ਮੇਰੀ ਇਹ ਪ੍ਰਾਰਥਨਾ ਹੈ ਕਿ ਅਧਿਆਪਕ ਭਾਈਚਾਰਾ ਇਕਜੁੱਟ ਹੋ ਕੇ ਸਿੱਖਿਆ ਦੇ ਖੇਤਰ ਵਿਚ ਹੋ ਰਹੇ ਇਸ ਨਿਘਾਰ- ਭਾਵ ਰਚਨਾਤਮਿਕ ਆਜ਼ਾਦੀ ਦੇ ਸਹਿਮ, ਨੁਕਸਦਾਰ ਭਰਤੀਆਂ ਰਾਹੀਂ ਵਿਦਿਅਕ ਸੰਸਥਾਵਾਂ ਦੇ ਸਿਆਸੀਕਰਨ, ਅਧਿਆਪਨ ਪ੍ਰਯੋਗਾਂ ਅਤੇ ਕਾਢਾਂ ਪ੍ਰਤੀ ਨਾਂਹਮੁਖਤਾ ਅਤੇ ਸਭ ਤੋਂ ਵਧ ਕੇ ਅਧਿਆਪਕਾਂ ਨੂੰ ਗੁਲਾਮ ਕਾਮਿਆਂ ਦੀ ਤਰ੍ਹਾਂ ਹਰ ਵਕਤ ਜਾਸੂਸੀ ਅਧੀਨ ਰੱਖਣ ਦਾ ਵਿਰੋਧ ਕਰੇ। ਆਖ਼ਰਕਾਰ, ਜੇ ਸਿੱਖਿਆ ਨੂੰ ਬਰਬਾਦ ਹੋਣ ਦਿੱਤਾ ਗਿਆ ਤਾਂ ਕੋਈ ਵੀ ਸੱਤਾਵਾਦੀ ਰਹਿਬਰ ਸਾਨੂੰ ਬਚਾ ਨਹੀਂ ਸਕੇਗਾ।

# ਮਸਨੂਈ ਬੁੱਧੀ ਨਾਲ ਜੁੜੇ ਮਸਲੇ

ਮਸਨੂਈ ਸਮਝ/ਬੁੱਧੀ ਭਾਵ ਆਰਟੀਫਿਸ਼ੀਅਲ ਇੰਟੈਲੀਜੈਂਸ (ਏ.ਆਈ.) ਬਾਰੇ ਚਰਚਾ ਦਿਨ-ਬ-ਦਿਨ ਤੇਜ਼ ਹੋ ਰਹੀ ਹੈ। ਇਹ ਸੰਭਾਵਨਾ ਬਹੁਤ ਸਹੀ ਹੈ ਕਿ ਇਹ ਤਕਨਾਲੋਜੀ ਆਗਾਮੀ ਦਹਾਕਿਆਂ ਦੌਰਾਨ ਸਾਡੀ ਜ਼ਿੰਦਗੀ ਨੂੰ ਕਾਬੂ ਕਰ ਸਕਦੀ ਹੈ। ਕਈ ਪੱਖਾਂ ਤੋਂ ਇਹ ਪਹਿਲਾਂ ਹੀ ਅਜਿਹਾ ਕਰ ਚੁੱਕੀ ਹੈ। ਜਦੋਂ ਮੈਂ ਟੈਬਲਟ ਉਤੇ ਇਹ ਲੇਖ ਲਿਖ ਰਹੀ ਹਾਂ ਤਾਂ ਮੈਨੂੰ ਵਾਰ ਵਾਰ ਇਹ ਸੁਝਾਉਣ ਲਈ ਸੰਕੇਤ ਦਿੱਤੇ ਜਾ ਰਹੇ

**ਸੁਸ਼ਮਾ ਰਾਮਚੰਦਰਨ**

ਹਨ ਕਿ ਵਾਕ ਵਿਚ ਅਗਲਾ ਲਫ਼ਜ਼ ਕੀ ਹੋਣਾ/ ਲਿਖਣਾ ਚਾਹੀਦਾ ਹੈ। ਖ਼ਾਸ ਸਮੇਂ 'ਤੇ ਸਾਨੂੰ ਹਵਾਈ ਅੱਡੇ ਲਈ ਤੁਰ ਪੈਣ ਲਈ ਚੇਤੇ ਕਰਾਉਣ ਵਾਸਤੇ ਸੁਨੇਹੇ ਮੋਬਾਈਲ ਫੋਨ 'ਤੇ ਉੱਭਰ ਆਉਂਦੇ ਹਨ ਕਿਉਂਕਿ ਹਵਾਈ ਜਹਾਜ਼ ਦੀ ਟਿਕਟ ਈਮੇਲ ਰਾਹੀਂ ਭੇਜੀ ਗਈ ਸੀ। ਅਸੀਂ ਜਦੋਂ ਕੋਈ ਖ਼ਾਸ ਉਤਪਾਦ ਖ਼ਰੀਦਦੇ ਹਾਂ ਜਿਵੇਂ ਹੈਂਡਬੈਗ ਤਾਂ ਸਾਡੇ ਬਿਜਲਈ ਸਾਧਨਾਂ ਉਤੇ ਉਸ ਉਤਪਾਦ ਬਾਰੇ ਇਸ਼ਤਿਹਾਰ ਆਉਣੇ ਸ਼ੁਰੂ ਹੋ ਜਾਂਦੇ ਹਨ। ਇਸੇ ਤਰ੍ਹਾਂ ਸਾਰੀ ਦੁਨੀਆ ਜਿਸਮਾਨੀ ਹੋਂਦ ਤੋਂ ਰਹਿਤ ਉਨ੍ਹਾਂ ਆਵਾਜ਼ਾਂ ਬਾਰੇ ਜਾਣਦੀ ਹੈ ਜਿਹੜੀਆਂ ਜ਼ੁਬਾਨੀ ਹੁਕਮਾਂ ਰਾਹੀਂ ਸਾਡਾ ਕੰਮ ਕਰਦੀਆਂ ਹਨ। ਇਨ੍ਹਾਂ ਦੇ ਨਾਂ ਵੱਖ ਵੱਖ ਹਨ- ਸਿਰੀ, ਅਲੈਕਸਾ, ਗੂਗਲ। ਇਹ ਸਾਰੀਆਂ ਏ.ਆਈ. ਰਾਹੀਂ ਚੱਲਣ ਵਾਲੀਆਂ ਐਪਲੀਕੇਸ਼ਨ (ਐਪਸ) ਹਨ ਪਰ ਅਜੇ ਅਗਾਂਹ ਬਹੁਤ ਕੁਝ ਬਾਕੀ ਹੈ।

ਇਹ ਓਪਨ ਏ.ਆਈ. ਵੱਲੋਂ ਮਾਈਕਰੋਸਾਫਟ ਦੇ ਸਹਿਯੋਗ ਨਾਲ ਇਸੇ ਸਾਲ ਚੈਟਜੀ.ਪੀ.ਟੀ. ਲਾਂਚ ਕਰਨ ਦਾ ਮੌਕਾ ਸੀ ਜਿਸ ਨੇ ਸੰਸਾਰ ਨੂੰ ਏ.ਆਈ. ਦੀ ਸਮਰੱਥਾ ਤੋਂ ਜਾਣੂ ਕਰਵਾਇਆ। ਇਸ ਨੇ ਹਰ ਕਿਸੇ ਦੀ ਵਰਤੋਂ ਲਈ ਜੈਨਰੇਟਿਵ (ਉਪਜਾਊ) ਏ.ਆਈ. ਦੀ ਉਪਲਬਧਤਾ ਕਰਵਾਈ। ਆਮ ਏ.ਆਈ. ਅਤੇ ਜੈਨਰੇਟਿਵ ਏ.ਆਈ. ਵਿਚ ਫ਼ਰਕ ਇਹ ਹੈ ਕਿ ਆਮ ਏ.ਆਈ. ਵੱਲੋਂ ਡੇਟਾ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ, ਉਪਜਾਊ ਏ.ਆਈ. ਵੱਲੋਂ ਡੇਟਾ ਦਾ ਇਸਤੇਮਾਲ ਕੁਝ ਨਵਾਂ ਸਿਰਜਣ ਲਈ ਕੀਤਾ ਜਾ ਸਕਦਾ ਹੈ। ਇਸ ਬਾਰੇ ਬਹੁਤ ਕਿਹਾ-ਸੁਣਿਆ ਜਾ ਚੁੱਕਾ ਹੈ ਕਿ ਇਹ ਮੋਹਰੀ ਤਕਨਾਲੋਜੀ ਕਿਸ ਤਰੀਕੇ ਨਾਲ ਵੱਖੋ-ਵੱਖ ਆਰਥਿਕ ਖੇਤਰਾਂ ਵਿਚ ਰੁਜ਼ਗਾਰ ਖ਼ਤਮ ਕਰ ਸਕਦੀ ਹੈ ਪਰ ਇਸ ਦੇ ਬਹੁਤ ਹੀ ਵੰਨ-ਸਵੰਨੇ ਇਸਤੇਮਾਲਾਂ ਦੇ ਨੈਤਿਕ ਪੱਖ ਹੋਰ ਵੀ ਵਧੇਰੇ ਚਿੰਤਾ ਦਾ ਵਿਸ਼ਾ ਹਨ। ਸੂਚਨਾ ਤਕਨਾਲੋਜੀ ਦੇ ਆਗੂਆਂ ਦੇ ਇਸ ਸਬੰਧ ਵਿਚ ਵੱਖੋ-ਵੱਖਰੇ ਵਿਚਾਰ ਹਨ। ਟੈਸਲਾ ਅਤੇ ਐਕਸ (ਪੁਰਾਣਾ ਟਵਿੱਟਰ) ਦੇ ਮਾਲਕ ਐਲਨ ਮਸਕ ਕਾਫ਼ੀ ਸਮੇਂ ਤੋਂ ਏ.ਆਈ. ਦੇ ਗ਼ੈਰ-ਨੇਮਬੰਦ ਵਿਕਾਸ ਦੀ ਦਿੱਤੀ ਜਾ ਰਹੀ ਖੁੱਲ੍ਹ ਦੇ ਮਾੜੇ ਪੱਖਾਂ ਬਾਰੇ ਖ਼ਬਰਦਾਰ ਕਰਦੇ ਰਹੇ ਹਨ। ਕੁਝ ਹੋਰ ਇਸ ਮੁੱਦੇ ਉਤੇ ਰਤਾ ਵਧੇਰੇ ਆਸ਼ਾਵਾਦੀ ਹਨ ਜਿਵੇਂ ਮੈਟਾ (ਫੇਸਬੁੱਕ, ਵੱਟਸਐਪ) ਮੁਖੀ ਮਾਰਕ ਜ਼ੁਕਰਬਰਗ ਅਤੇ ਗੂਗਲ ਦੇ ਬਾਨੀ ਲੈਰੀ ਪੇਜ ਤੇ ਸਰਗੇਈ ਬਰਿਨ। ਉਹ ਇਹ ਤਾਂ ਮੰਨਦੇ ਹਨ ਕਿ ਇਸ ਸਬੰਧੀ ਨੇਮਬੰਦੀ ਦੀ ਜ਼ਰੂਰਤ ਹੈ ਪਰ ਉਨ੍ਹਾਂ ਨੂੰ ਇਹ ਡਰ ਨਹੀਂ ਭਾਸਦਾ ਕਿ ਇਸ ਨਾਲ ਸੱਭਿਅਤਾ ਦਾ ਖ਼ਾਤਮਾ ਹੋ ਸਕਦਾ ਹੈ ਜਿਵੇਂ ਇਕ ਵਾਰ ਮਸਕ ਨੇ ਐਲਾਨਿਆ ਸੀ।

ਇਸੇ ਪਿਛੋਕੜ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਏ.ਆਈ. ਦੀ ਨੈਤਿਕ ਵਰਤੋਂ ਯਕੀਨੀ ਬਣਾਉਣ ਲਈ ਆਲਮੀ ਢਾਂਚਾ ਕਾਇਮ ਕਰਨ ਵਾਸਤੇ ਦਿੱਤੇ ਸੱਦੇ ਉਤੇ ਧਿਆਨ ਨਾਲ ਗ਼ੌਰ ਕਰਨਾ ਚਾਹੀਦਾ ਹੈ। ਉਹ ਅਜਿਹਾ ਸੁਝਾਅ ਦੇਣ ਵਾਲੇ ਪਹਿਲੇ ਸ਼ਖ਼ਸ ਨਹੀਂ ਕਿ ਏ.ਆਈ. ਨੇਮਬੰਦੀ ਵਾਸਤੇ ਵੱਖ ਵੱਖ ਮੁਲਕਾਂ ਵਿਚ ਸਹਿਮਤੀ ਜ਼ਰੂਰੀ ਹੈ। ਉਂਞ, ਹਾਲ ਦੀ ਘੜੀ ਇਸ ਬਾਰੇ ਸਿਰਫ਼ ਗੱਲਾਂ ਹੀ ਹੋ ਰਹੀਆਂ ਹਨ ਅਤੇ ਨਾਲ ਹੀ ਨੇਮਬੰਦੀ ਵਾਸਤੇ ਇਕੋ ਵੇਲੇ ਵੱਖੋ-ਵੱਖ ਰਸਤੇ ਅਪਣਾਏ ਜਾ ਰਹੇ ਹਨ। ਇਸ ਦੌੜ ਵਿਚ ਯੂਰੋਪੀਅਨ ਯੂਨੀਅਨ ਮੋਹਰੀ ਹੈ ਅਤੇ ਉਸ ਨੇ ਪਹਿਲਾਂ ਹੀ ਏ.ਆਈ. ਸਬੰਧੀ ਕਾਨੂੰਨ ਬਣਾਉਣ ਬਾਰੇ ਚਰਚਾ ਸ਼ੁਰੂ ਕਰ ਦਿੱਤੀ ਹੈ। ਇਸੇ ਤਰ੍ਹਾਂ ਇਹ ਵੀ ਯੂਰੋਪੀਅਨ ਯੂਨੀਅਨ ਹੀ ਹੈ ਜਿਹੜੀ ਵੱਡੀਆਂ ਤਕਨੀਕੀ (ਬਿੱਗ ਟੈੱਕ) ਕੰਪਨੀਆਂ ਵੱਲੋਂ ਕਿਸੇ ਵੀ ਕੀਮਤ ਉਤੇ ਆਪਣਾ ਮੁਨਾਫ਼ਾ ਵਧਾਉਣ ਦੇ ਰੁਝਾਨ ਖ਼ਿਲਾਫ਼ ਸਖ਼ਤ ਰੁਖ਼ ਅਪਣਾ ਰਹੀ ਹੈ। ਇਸ ਦਾ ਨਵਾਂ ਡਿਜੀਟਲ ਸਰਵਿਸਿਜ਼ ਐਕਟ ਛੇਤੀ ਹੀ ਅਮਲ ਵਿਚ ਆ ਜਾਵੇਗਾ ਜਿਸ ਨਾਲ ਵੱਡੀਆਂ ਇੰਟਰਨੈੱਟ ਕੰਪਨੀਆਂ ਉਤੇ ਸਮੱਗਰੀ ਵਿਚ ਸੋਧ ਕਰਨ, ਵਰਤੋਂਕਾਰਾਂ ਦੀ ਰਾਜ਼ਦਾਰੀ ਅਤੇ ਪਾਰਦਰਸ਼ਤਾ ਸਬੰਧੀ ਨਿਯਮ ਲਾਗੂ ਹੋ ਜਾਣਗੇ। ਇਸ ਵੱਲੋਂ ਅਗਾਂਹ ਹੋਰ ਕਦਮ ਵੀ ਉਠਾਏ ਜਾ ਸਕਦੇ ਹਨ ਜਿਨ੍ਹਾਂ ਵਿਚ ਨਵੇਂ ਡਿਜੀਟਲ ਮਾਰਕਿਟਸ ਐਕਟ ਨੂੰ ਸਖ਼ਤੀ ਨਾਲ ਲਾਗੂ ਕਰਨਾ ਅਤੇ ਏ.ਆਈ. ਐਕਟ ਤਿਆਰ ਕਰਨਾ ਵੀ ਸ਼ਾਮਲ ਹਨ।

ਜਿਥੋਂ ਤੱਕ ਅਮਰੀਕਾ ਦਾ ਸਵਾਲ ਹੈ, ਉਸ ਵੱਲੋਂ ਇਸ ਮੁੱਦੇ ਉਤੇ ਬਹੁਤ ਸੋਚ-ਸਮਝ ਕੇ ਗੱਲਬਾਤ ਕੀਤੀ ਜਾ ਰਹੀ ਹੈ। ਫਿਲਹਾਲ ਉਸ ਨੇ ਹੱਕਾਂ ਸਬੰਧੀ ਏ.ਆਈ. ਬਿਲ ਦੀ ਤਜਵੀਜ਼ ਰੱਖੀ ਹੈ ਜਿਸ ਦਾ ਮਕਸਦ ਨਾਗਰਿਕਾਂ ਨੂੰ ਕਾਰਪੋਰੇਟਾਂ ਦੇ ਪੱਖਪਾਤੀ ਅਲਗੋਰਿਦਮਾਂ ਦੇ ਇਸਤੇਮਾਲ ਤੋਂ ਬਚਾਉਣਾ ਹੈ। ਉਹ 'ਅਲਗੋਰਿਦਮ ਪੱਖਪਾਤ' ਦੇ ਵਿਘਨਕਾਰੀ ਪ੍ਰਭਾਵ ਤੋਂ ਚਿੰਤਤ ਹੈ। ਮਿਸਾਲ ਵਜੋਂ ਕੰਪਨੀਆਂ ਮੁਲਾਜ਼ਮਾਂ ਦੀ ਭਰਤੀ ਕਰਦੇ ਸਮੇਂ ਪੱਖਪਾਤ ਪੂਰਨ ਅਲਗੋਰਿਦਮਾਂ ਦਾ ਇਸਤੇਮਾਲ ਕਰ ਸਕਦੀਆਂ ਹਨ। ਇਸੇ ਤਰ੍ਹਾਂ ਚਿਹਰੇ ਦੀ ਪਛਾਣ ਕਰਨ ਸਬੰਧੀ ਅਲਗੋਰਿਦਮ ਦੇ ਨੁਕਸਾਨਾਂ ਬਾਰੇ ਵੀ ਸਭ ਜਾਣੂ ਹਨ। ਨੇਮਬੰਦੀ ਲਈ ਗ਼ੈਰ-ਲਾਜ਼ਮੀ ਸੇਧਾਂ ਨੂੰ ਅਪਣਾਏ ਜਾਣ ਦਾ ਵਿਚਾਰ ਸਾਫ਼ ਤੌਰ 'ਤੇ ਭਾਰਤ ਲਈ ਸਹੀ ਰਸਤਾ ਨਹੀਂ ਮੰਨਿਆ ਜਾਂਦਾ, ਹਾਲਾਂਕਿ ਏ.ਆਈ. ਨੇਮਬੰਦੀ ਦੇ ਮਾਮਲੇ ਵਿਚ ਦੋ ਮੁਲਕਾਂ ਨੇ ਸਹਿਯੋਗ ਦੇਣ 'ਚ ਦਿਲਚਸਪੀ ਦਿਖਾਈ ਹੈ। ਭਾਰਤੀ ਟੈਲੀਕਾਮ ਰੈਗੂਲੇਟਰੀ ਅਥਾਰਿਟੀ (ਟਰਾਈ) ਨੇ ਹਾਲ ਹੀ ਵਿਚ ਪੇਸ਼ ਪਰਚੇ ਵਿਚ ਏ.ਆਈ. ਦੀ ਨੇਮਬੰਦੀ ਵਾਸਤੇ ਕਾਨੂੰਨੀ ਅਥਾਰਿਟੀ ਕਾਇਮ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਇਸ ਨੇ ਉਨ੍ਹਾਂ ਮਾਮਲਿਆਂ ਸਬੰਧੀ ਕਾਨੂੰਨੀ ਤੌਰ 'ਤੇ ਲਾਜ਼ਮੀ ਲਾਗੂ ਹੋਣ ਵਾਲੇ ਜੋਖ਼ਮ-ਆਧਾਰਿਤ ਢਾਂਚੇ ਦਾ ਖ਼ਾਕਾ ਉਲੀਕਿਆ ਹੈ ਜਿਹੜੇ ਮਾਮਲੇ ਸਿੱਧੇ ਤੌਰ 'ਤੇ ਇਨਸਾਨਾਂ ਨੂੰ ਪ੍ਰਭਾਵਿਤ ਕਰਦੇ ਹਨ।

ਵੱਖੋ-ਵੱਖ ਮੁਲਕਾਂ ਵੱਲੋਂ ਇਸ ਮੁੱਦੇ 'ਤੇ ਅਪਣਾਈ ਜਾ ਰਹੀ ਵੱਖੋ-ਵੱਖਰੀ ਪਹੁੰਚ ਦੇ ਮੱਦੇਨਜ਼ਰ ਸਾਫ਼ ਹੈ ਕਿ ਏ.ਆਈ. ਨੇਮਬੰਦੀ ਦੇ ਮਾਮਲੇ ਵਿਚ ਕੋਈ ਸਹਿਮਤੀ ਬਣਾਉਣਾ ਸੌਖਾ ਕੰਮ ਨਹੀਂ। ਅਤਿ-ਆਧੁਨਿਕ ਤਕਨਾਲੋਜੀ ਦੇ ਇਸ ਤਰ੍ਹਾਂ ਨੇਮਬੰਦੀ ਰਹਿਤ ਵਿਕਾਸ ਸਬੰਧੀ ਖ਼ਦਸ਼ਿਆਂ ਦੌਰਾਨ ਹੀ ਇਹ ਵੀ ਚਿੰਤਾ ਜ਼ਾਹਿਰ ਕੀਤੀ ਜਾ ਰਹੀ ਹੈ ਕਿ ਬਹੁਤ ਜ਼ਿਆਦਾ ਕਾਇਦੇ-ਕਾਨੂੰਨ ਬਣਾਉਣ ਨਾਲ ਨਵੀਆਂ ਕਾਢਾਂ ਉਤੇ ਮਾੜਾ ਅਸਰ ਪਵੇਗਾ। ਇਕ ਪਾਸੇ ਮਸਕ ਦੀ ਅਗਵਾਈ ਵਾਲਾ 'ਡੂਮਜ਼ਡੇਅ ਗਰੁੱਪ' ਹੈ ਜਿਸ ਨੇ 1000 ਤੋਂ ਵੱਧ ਟੈੱਕ ਆਗੂਆਂ ਅਤੇ ਖੋਜਕਾਰਾਂ ਵੱਲੋਂ ਸਹੀਬੰਦ ਪਟੀਸ਼ਨ ਬੀਤੇ ਮਾਰਚ ਵਿਚ ਅਮਰੀਕੀ ਸਰਕਾਰ ਕੋਲ ਪੇਸ਼ ਕਰ ਕੇ ਹਰ ਤਰ੍ਹਾਂ ਦੇ ਏ.ਆਈ. ਵਿਕਾਸ ਉਤੇ ਰੋਕ ਲਾਏ ਜਾਣ ਦੀ ਮੰਗ ਕੀਤੀ ਹੈ। ਪਟੀਸ਼ਨ ਉਤੇ ਐਪਲ ਦੇ ਸਹਿ-ਬਾਨੀ ਸਟੀਵ ਵੋਜ਼ਨੀਆਕ ਨੇ ਵੀ ਸਹੀ ਪਾਈ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਏ.ਆਈ. ਵਿਕਾਸ ਨੂੰ ਰੋਕਣ ਨਾਲ ਇਸ ਸਬੰਧੀ 'ਸਾਂਝੇ ਸੁਰੱਖਿਆ ਪ੍ਰੋਟੋਕੋਲ' ਪੈਦਾ ਕੀਤੇ ਜਾ ਸਕਣਗੇ। ਪਟੀਸ਼ਨ ਮੁਤਾਬਕ ਏ.ਆਈ. ਵਿਕਾਸ ਉਤੇ ਰੋਕ ਉਦੋਂ ਹੀ ਹਟਾਈ ਜਾਣੀ ਚਾਹੀਦੀ ਹੈ ਜਦੋਂ ਇਹ ਭਰੋਸਾ ਹੋ ਜਾਵੇ ਕਿ ਏ.ਆਈ. ਸਿਸਟਮਜ਼ ਦੇ ਅਸਰ ਹਾਂਦਰੂ ਹੋਣਗੇ ਅਤੇ ਉਨ੍ਹਾਂ ਦੇ ਖ਼ਤਰੇ ਸਾਂਭਣਯੋਗ ਹੋਣਗੇ।

ਦੂਜੇ ਪਾਸੇ ਟੈੱਕ ਭਾਈਚਾਰੇ ਦਾ ਇਕ ਹਿੱਸਾ ਹੋਰ ਹੈ ਜਿਹੜਾ ਅਜਿਹੀਆਂ ਫ਼ਿਕਰਮੰਦੀਆਂ ਨੂੰ ਵਧਾ-ਚੜ੍ਹਾ ਕੇ ਦੱਸੀਆਂ ਆਖ ਕੇ ਰੱਦ ਕਰਦਾ ਹੈ। ਇਨ੍ਹਾਂ ਵਿਚ ਮੈਟਾ ਵੀ ਸ਼ਾਮਲ ਹੈ ਜਿਸ ਦਾ ਖ਼ਿਆਲ ਹੈ ਕਿ ਇਸ ਸਨਅਤ ਨੂੰ ਕਿਸੇ ਲਾਇਸੈਂਸ ਵਾਲੇ ਨਿਜ਼ਾਮ ਦੀ ਲੋੜ ਨਹੀਂ ਹੈ। ਉਂਞ, ਮੇਰੀ ਬੇਚੈਨੀ ਦੀ ਉਦੋਂ ਹੱਦ ਨਾ ਰਹੀ ਜਦੋਂ ਚੈਟਜੀਪੀਟੀ ਨੇ ਅਰਥਚਾਰੇ ਦੀ ਹਾਲਤ ਬਾਰੇ 1000 ਸ਼ਬਦਾਂ ਦਾ ਲੇਖ ਸਕਿੰਟਾਂ ਵਿਚ ਲਿਖ ਕੇ ਮੇਰੇ ਅੱਗੇ ਧਰ ਦਿੱਤਾ। ਚੰਗੀ ਗੱਲ ਇਹ ਹੈ ਕਿ ਅਜਿਹੇ ਲੇਖਾਂ ਵਿਚ ਨਕਲੀ ਅੰਕੜੇ ਅਤੇ ਗੁਮਰਾਹਕੁਨ ਟਿੱਪਣੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਭਰਮਾਊ ਆਖਿਆ ਜਾ ਸਕਦਾ ਹੈ। ਇਹੋ ਉਹ ਖ਼ਾਮੀਆਂ ਹਨ ਜਿਹੜੀਆਂ ਅੱਜ ਵੀ ਇਨਸਾਨੀ ਤੱਤ ਨੂੰ ਜ਼ਰੂਰੀ ਬਣਾਉਂਦੀਆਂ ਹਨ ਪਰ ਇਹ ਤੇਜ਼ੀ ਨਾਲ ਅੱਗੇ ਵਧਣ ਵਾਲੀ ਤਕਨਾਲੋਜੀ ਹੈ ਅਤੇ ਇਹ ਖ਼ਾਮੀਆਂ ਛੇਤੀ ਹੀ ਦੂਰ ਹੋ ਸਕਦੀਆਂ ਹਨ। ਇਸ ਲਈ ਸਮਾਂ ਆ ਗਿਆ ਹੈ ਕਿ ਏ.ਆਈ. ਦੇ ਬੇਰੋਕ ਵਿਕਾਸ ਅਤੇ ਸੰਭਾਵੀ ਗ਼ਲਤ ਕਾਰਵਾਈਆਂ ਨੂੰ ਨੱਥ ਪਾਉਣ ਲਈ ਛੇਤੀ ਤੋਂ ਛੇਤੀ ਇਸ ਉਤੇ ਕੁਝ ਰੋਕਾਂ ਲਾਈਆਂ ਜਾਣ।

# ਓਲੰਪਿਕ ਤੇ ਵਿਸ਼ਵ ਚੈਂਪੀਅਨ ਅਭਿਨਵ ਬਿੰਦਰਾ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਅਭਿਨਵ ਸਿੰਘ ਬਿੰਦਰਾ ਨਿਸ਼ਾਨੇਬਾਜ਼ੀ ਦਾ ਰੁਸਤਮ-ਏ-ਜ਼ਮਾਂ ਹੈ। ਵਿਅਕਤੀਗਤ ਖੇਡ ਦਾ ਪਹਿਲਾ ਭਾਰਤੀ ਓਲੰਪਿਕ ਚੈਂਪੀਅਨ। ਉਹ ਬੀਜਿੰਗ ਦੀਆਂ ਓਲੰਪਿਕ ਖੇਡਾਂ-2008 ਵਿਚ ਓਲੰਪਿਕ ਚੈਂਪੀਅਨ ਬਣਨ ਤੋਂ ਪਹਿਲਾਂ 2006 'ਚ ਜ਼ੈਗਰੇਵ ਦੀ ਵਿਸ਼ਵ ਚੈਂਪੀਅਨਸ਼ਿਪ ਜਿੱਤ ਕੇ ਵਿਸ਼ਵ ਚੈਂਪੀਅਨ ਬਣ ਚੁੱਕਾ ਸੀ। ਇਹ ਵੀ ਪਹਿਲੀ ਵਾਰ ਹੋਇਆ ਸੀ ਕਿ ਕੋਈ ਭਾਰਤੀ ਖਿਡਾਰੀ ਕਿਸੇ ਵਿਅਕਤੀਗਤ ਖੇਡ ਮੁਕਾਬਲੇ ਵਿਚ ਵਿਸ਼ਵ ਚੈਂਪੀਅਨ ਬਣਿਆ ਸੀ। ਕਾਮਨਵੈੱਲਥ ਖੇਡਾਂ ਦਾ ਤਾਂ ਉਹ ਚਾਰ ਵਾਰ ਚੈਂਪੀਅਨ ਬਣਿਆ। ਉਹ ਸੱਚਮੁੱਚ 'ਸਿੰਘ ਇਜ਼ ਕਿੰਗ' ਹੈ। ਉਸ ਨੇ 22 ਸਾਲ ਦੇ ਖੇਡ ਕੈਰੀਅਰ ਵਿਚ ਪੰਜ ਓਲੰਪਿਕ ਖੇਡਾਂ, ਪੰਜ ਕਾਮਨਵੈੱਲਥ ਖੇਡਾਂ ਤੇ ਤਿੰਨ ਏਸ਼ਿਆਈ ਖੇਡਾਂ 'ਚ ਭਾਗ ਲਿਆ। ਓਲੰਪਿਕ ਖੇਡਾਂ, ਵਿਸ਼ਵ ਚੈਂਪੀਅਨਸ਼ਿਪਾਂ, ਵਿਸ਼ਵ ਕੱਪਾਂ, ਕਾਮਨਵੈੱਲਥ ਖੇਡਾਂ, ਏਸ਼ਿਆਈ ਖੇਡਾਂ ਤੇ ਏਸ਼ਿਆਈ ਚੈਂਪੀਅਨਸ਼ਿਪਾਂ ਵਿਚੋਂ ਉਸ ਨੇ 6 ਸੋਨੇ, 3 ਚਾਂਦੀ ਤੇ 3 ਕਾਂਸੀ ਦੇ ਤਗ਼ਮੇ ਜਿੱਤੇ। ਉਸ ਦੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਕੁਲ ਮੈਡਲ ਗਿਣਨੇ ਹੋਣ ਤਾਂ ਗਿਣਤੀ ਡੇਢ ਸੌ ਤੋਂ ਵੱਧ ਹੈ। ਭਾਰਤ ਸਰਕਾਰ ਨੇ ਉਸ ਨੂੰ ਪਦਮ ਭੂਸ਼ਨ ਪੁਰਸਕਾਰ ਨਾਲ ਸਨਮਾਨਿਆ ਤੇ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਅਵਾਰਡ ਨਾਲ। ਉਹ ਪੰਜਾਬ ਦਾ ਮਾਣ ਹੈ ਤੇ ਭਾਰਤ ਦੀ ਸ਼ਾਨ!

ਉਸ ਦਾ ਸ਼ੂਟਿੰਗ ਈਵੈਂਟ 10 ਮੀਟਰ ਏਅਰ ਰਾਈਫ਼ਲ ਸੀ। ਉਹ 16ਵੇਂ ਸਾਲ ਵਿਚ ਸੀ ਜਦੋਂ ਪਹਿਲੀ ਵਾਰ ਕਾਮਨਵੈਲਥ ਖੇਡਾਂ 'ਚ ਭਾਗ ਲੈਣ ਗਿਆ। ਸਿਡਨੀ ਦੀਆਂ ਓਲੰਪਿਕ ਖੇਡਾਂ-2000 'ਚ ਭਾਗ ਲੈਣ ਸਮੇਂ 18ਵੇਂ ਸਾਲ 'ਚ ਸੀ। ਤਿੰਨ ਵਾਰ ਉਹ ਓਲੰਪਿਕ ਖੇਡਾਂ ਦੇ ਫਾਈਨਲ ਮੁਕਾਬਲਿਆਂ 'ਚ ਪੁੱਜਾ। ਆਖ਼ਰ ਰੀਓ ਦੀਆਂ ਓਲੰਪਿਕ ਖੇਡਾਂ ਵਿਚ ਦੂਜਾ ਗੋਲਡ ਮੈਡਲ ਜਿੱਤਦਾ-ਜਿੱਤਦਾ ਚੌਥਾ ਸਥਾਨ ਲੈ ਕੇ 5 ਸਤੰਬਰ 2016 ਨੂੰ ਸਰਗਰਮ ਖੇਡ ਮੁਕਾਬਲਿਆਂ ਤੋਂ ਰਿਟਾਇਰ ਹੋ ਗਿਆ। ਰਿਟਾਇਰ ਹੋ ਕੇ ਉਸ ਨੇ ਅਭਿਨਵ ਬਿੰਦਰਾ ਫਾਊਂਡੇਸ਼ਨ ਬਣਾਈ ਜੋ ਸਪੋਰਟਸ, ਸਾਇੰਸ, ਟੈਕਨਾਲੋਜੀ ਤੇ ਫਿਜ਼ੀਕਲ ਟ੍ਰੇਨਿੰਗ ਦੇ ਖੇਤਰ ਵਿਚ ਭਾਰਤੀ ਖੇਡਾਂ ਤੇ ਖਿਡਾਰੀਆਂ ਲਈ ਯੋਗਦਾਨ ਪਾ ਰਹੀ ਹੈ। ਉਸ ਦੀਆਂ ਖੇਡ ਸੇਵਾਵਾਂ ਲਈ ਇੰਟਰਨੈਸ਼ਨਲ ਸ਼ੂਟਿੰਗ ਸਪੋਰਟਸ ਫੈਡਰੇਸ਼ਨ ਨੇ ਉਸ ਨੂੰ ਸਰਬਉੱਚ ਸਨਮਾਨ ਬਲਿਊ ਕਰਾਸ ਨਾਲ ਸਨਮਾਨਿਤ ਕੀਤਾ। ਹੁਣ ਉਹ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਐਥਲੀਟਸ ਕਮਿਸ਼ਨ ਦਾ ਮੈਂਬਰ ਹੈ। ਉਸ ਨੂੰ ਤਿੰਨ ਯੂਨੀਵਰਸਿਟੀਆਂ ਨੇ ਡੀ ਲਿੱਟ ਦੀਆਂ ਆਨਰੇਰੀ ਡਿਗਰੀਆਂ ਨਾਲ ਸਨਮਾਨਿਆ ਹੈ।

ਉਸ ਦੀਆਂ ਖੇਡ ਪ੍ਰਾਪਤੀਆਂ ਸਦਕਾ ਭਾਰਤ ਸਰਕਾਰ ਨੇ ਉਸ ਨੂੰ 2000 ਵਿਚ ਅਰਜਨਾ ਅਵਾਰਡ, 2001 ਵਿਚ ਰਾਜੀਵ ਗਾਂਧੀ ਖੇਲ ਰਤਨ ਅਵਾਰਡ ਤੇ 2009 ਵਿਚ ਪਦਮ ਭੂਸ਼ਨ ਪੁਰਸਕਾਰ ਨਾਲ ਸਨਮਾਨਿਤ ਕੀਤਾ। 2011 ਵਿਚ ਭਾਰਤੀ ਫੌਜ ਨੇ ਟੈਰੀਟੋਰੀਅਲ ਆਰਮੀ ਦੀ ਪੈਰਾਸ਼ੂਟ ਬਟਾਲੀਅਨ ਵਿਚ ਲੈਫਟੀਨੈਂਟ ਕਰਨਲ ਦਾ ਆਨਰੇਰੀ ਅਹੁਦਾ ਦਿੱਤਾ। ਉਸ ਨੂੰ ਦੇਸ਼ ਵਿਦੇਸ਼ ਦੇ ਹੋਰ ਵੀ ਅਨੇਕਾਂ ਮਾਣ ਸਨਮਾਨ ਮਿਲੇ। ਜ਼ਿਲ੍ਹਾ ਪੱਧਰ ਤੋਂ ਵਿਸ਼ਵ ਪੱਧਰ ਤਕ ਉਸ ਦੇ ਜਿੱਤੇ ਮੈਡਲਾਂ ਤੇ ਟਰਾਫੀਆਂ ਦੀ ਗਿਣਤੀ ਸੌ ਤੋਂ ਵੱਧ ਹੈ। ਉਹ ਭਾਰਤ ਦੇ ਕਰੋੜਾਂ ਬੱਚਿਆਂ ਤੇ ਨੌਜੁਆਨਾਂ ਦਾ ਰੋਲ ਮਾਡਲ ਹੈ।

'ਅਭੀ' ਦਾ ਜਨਮ ਮਾਤਾ ਕੰਵਰਜੀਤ ਕੌਰ ਬਬਲੀ ਦੀ ਕੁੱਖੋਂ ਪਿਤਾ ਡਾ. ਅਪਜੀਤ ਸਿੰਘ ਬਿੰਦਰਾ ਦੇ ਘਰ 28 ਸਤੰਬਰ 1982 ਨੂੰ ਦੇਹਰਾਦੂਨ ਵਿਖੇ ਹੋਇਆ ਸੀ। ਜਨਮ ਸਮੇਂ ਉਸ ਦਾ ਵਜ਼ਨ 8 ਪੌਂਡ ਸੀ। ਬਾਅਦ ਵਿਚ ਅਭਿਨਵ ਨੇ 5 ਫੁੱਟ 8 ਇੰਚ ਕੱਦ ਕੀਤਾ ਤੇ ਓਲੰਪਿਕ ਚੈਂਪੀਅਨ ਬਣਨ ਸਮੇਂ ਉਸ ਦਾ ਵਜ਼ਨ 65.5 ਕਿੱਲੋਗਰਾਮ ਸੀ। ਉਸ ਦਾ ਰੰਗ ਗੋਰਾ-



ਗੰਦਮੀ, ਸਿਰ ਅਤੇ ਸਿਹਲੀਆਂ ਦੇ ਵਾਲ ਕਾਲੇ ਸੰਘਣੇ, ਬੁੱਲ੍ਹ ਵਾਲਵੇਂ, ਅੱਖਾਂ ਮੋਟੀਆਂ ਤੇ ਚਿਹਰਾ ਗੋਲ ਹੈ। ਉਹਦੇ ਮੂੰਹ ਉਤੇ ਮਸੂਮੀਅਤ ਝਲਕਦੀ ਰਹਿੰਦੀ ਹੈ। ਉਹ ਆਮ ਕਰਕੇ ਗੰਭੀਰ ਦਿਸਦਾ ਹੈ ਤੇ ਕਦੇ-ਕਦੇ ਹੀ ਹੱਸਦਾ ਮੁਸਕਰਾਉਂਦਾ ਹੈ। ਵੇਖਣ ਨੂੰ ਉਹ ਸਾਧਾਰਨ ਨੌਜੁਆਨ ਲੱਗਦਾ ਹੈ ਜਿਸ ਵਿਚ ਕਿਸੇ ਤਰ੍ਹਾਂ ਦੀ ਕੋਈ ਫੂੰ-ਫਾਂ ਨਹੀਂ।

ਉਸ ਦੀ ਮਾਤਾ ਕੰਵਰਜੀਤ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਮਹਾਨ ਜਰਨੈਲ ਹਰੀ ਸਿੰਘ ਨਲੂਆ ਦੀ ਪੰਜਵੀਂ ਪੀੜ੍ਹੀ ਵਿਚੋਂ ਹੈ। ਦੰਦ ਕਥਾ ਹੈ ਕਿ ਹਰੀ ਸਿੰਘ ਨਲੂਆ ਨੇ ਬਿਨਾਂ ਕਿਸੇ ਹਥਿਆਰ ਦੇ ਹੱਥਾਂ ਨਾਲ ਸ਼ੇਰ ਦਾ ਸ਼ਿਕਾਰ ਕੀਤਾ ਸੀ। ਉਸ ਦੀ ਛੇਵੀਂ ਪੀੜ੍ਹੀ ਦੇ ਵਾਰਸ ਅਭਿਨਵ ਨੇ ਏਅਰ ਰਾਈਫਲ ਨਾਲ ਓਲੰਪਿਕ ਖੇਡਾਂ ਦਾ ਸੋਨ ਤਗ਼ਮਾ ਫੁੰਡਿਆ। ਅਭਿਨਵ ਦੀ ਮਾਤਾ ਜਿਸ ਦਾ ਨਿੱਕਾ ਨਾਂ ਬਬਲੀ ਹੈ, ਕੌਮੀ ਪੱਧਰ ਦੀ ਹੈਂਡਬਾਲ ਖਿਡਾਰਨ ਰਹੀ ਹੈ। ਸਕੂਲ ਕਾਲਜ ਵਿਚ ਪੜ੍ਹਦਿਆਂ ਉਹ ਬਾਸਕਟਬਾਲ, ਟੇਬਲ ਟੈਨਿਸ ਤੇ ਹਾਕੀ ਦੀਆਂ ਟੀਮਾਂ ਦੀ ਕਪਤਾਨ ਰਹੀ। ਉਸ ਦੇ ਪਿਤਾ ਅਪਜੀਤ ਸਿੰਘ ਬਿੰਦਰਾ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਵੈਟਰਨਰੀ ਸਾਇੰਸ ਦੀ ਮਾਸਟਰ ਡਿਗਰੀ ਕਰ ਕੇ ਡੈਨਮਾਰਕ ਤੋਂ ਡਾਕਟਰੇਟ ਕੀਤੀ ਤੇ ਡੈਨਮਾਰਕ ਵਿਚ ਹੀ ਆਪਣਾ ਬਿਜ਼ਨਸ ਸ਼ੁਰੂ ਕੀਤਾ ਜਿਸ ਨੂੰ ਬੜੇ ਰੰਗ ਭਾਗ ਲੱਗੇ। ਫਿਰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਪ੍ਰੇਰਨਾ ਨਾਲ ਉਹੀ ਕਾਰੋਬਾਰ ਪੰਜਾਬ ਵਿਚ ਸ਼ੁਰੂ ਕਰ ਲਿਆ। ਉਨ੍ਹਾਂ ਦੇ ਘਰ ਪਹਿਲਾਂ ਧੀ ਦਿਵੀਆ ਨੇ ਜਨਮ ਲਿਆ ਜੋ ਵਿਆਹੀ ਜਾ ਚੁੱਕੀ ਹੈ। ਅਭਿਨਵ ਨੇ ਜਿੰਨੀ ਦੇਰ ਖੇਡ ਜਾਰੀ ਰੱਖੀ, ਵਿਆਹ ਨਹੀਂ ਕਰਵਾਇਆ ਤੇ ਨਾ ਹੀ ਉਸ ਦੀ ਕੋਈ ਸਖੀ ਸਹੇਲੀ (ਗਰਲ ਫਰੈਂਡ) ਸੀ। ਉਸ ਦੀ ਪ੍ਰੇਮਿਕਾ 1994-95 ਤੋਂ 2016 ਤਕ ਉਹਦੀ ਏਅਰ ਰਾਈਫ਼ਲ ਹੀ ਰਹੀ ਜਿਸ ਨਾਲ ਉਹ ਵੱਧ ਤੋਂ ਵੱਧ ਸਮਾਂ ਬਿਤਾਉਂਦਾ ਰਿਹਾ।

ਅਭਿਨਵ ਦੇ ਬਾਬਾ ਜੀ ਕਰਨਲ ਬੀਰ ਸਿੰਘ, ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੀ ਕਪਤਾਨੀ ਹੇਠ ਭਾਰਤੀ ਫੌਜ ਦੀ ਹਾਕੀ ਟੀਮ ਵਿਚ ਖੇਡਦੇ ਰਹੇ ਸਨ। ਇੰਜ ਬਿੰਦਰਾ ਪਰਿਵਾਰ ਆਪਣੇ ਪੁਰਖਿਆਂ ਤੋਂ ਹੀ ਖੇਡ ਪ੍ਰੇਮੀ ਪਰਿਵਾਰ ਹੈ। ਅਭਿਨਵ ਨੇ ਦੇਹਰਾਦੂਨ ਦੇ ਦੂਨ ਸਕੂਲ ਤੋਂ ਪੜ੍ਹਨਾ ਸ਼ੁਰੂ ਕੀਤਾ। ਨੌਵੀਂ ਜਮਾਤ ਵਿਚ ਉਹ ਚੰਡੀਗੜ੍ਹ ਦੇ ਸੇਂਟ ਸਟੀਫ਼ਨਜ਼ ਸਕੂਲ ਵਿਚ ਪੜ੍ਹਨ ਆ ਲੱਗਾ। ਉਸ ਦੇ ਪਿਤਾ ਜੀ ਨੇ ਛੱਤ ਬੀੜ ਨੇੜੇ ਜ਼ੀਰਕਪੁਰ-ਪਟਿਆਲਾ ਸੜਕ 'ਤੇ ਬਿੰਦਰਾ ਫਾਰਮਜ਼ ਨਾਂ ਦਾ ਆਲੀਸ਼ਾਨ ਨਿਵਾਸ ਬਣਾ ਲਿਆ ਸੀ। ਇਹ ਫਾਰਮ, ਪਿੰਡ ਕਿਸ਼ਨਪੁਰਾ, ਜ਼ਿਲ੍ਹਾ ਮੁਹਾਲੀ ਦੀ ਜ਼ਮੀਨ ਵਿਚ ਹੈ। ਤੇਰ੍ਹਾਂ ਏਕੜ ਦੇ ਇਸ ਵਿਸ਼ਾਲ ਬਿੰਦਰਾ ਫਾਰਮਜ਼ ਵਿਚ ਪਿਤਾ ਨੇ ਪੁੱਤਰ ਨੂੰ ਨਿਸ਼ਾਨੇਬਾਜ਼ੀ ਦੀ ਟ੍ਰੇਨਿੰਗ ਦੇਣ ਲਈ ਓਲੰਪਿਕ ਪੱਧਰ ਦੀ ਇਨਡੋਰ ਸ਼ੂਟਿੰਗ ਰੇਂਜ ਬਣਵਾਈ ਤੇ ਵਧੀਆ ਕੋਚਿੰਗ ਦਾ ਪ੍ਰਬੰਧ ਕੀਤਾ ਸੀ।

ਅਭਿਨਵ ਅਜੇ ਬੱਚਾ ਹੀ ਸੀ ਜਦੋਂ ਅਮਰੀਕਾ ਦੇ ਅਥਲੀਟ ਕਾਰਲ ਲੇਵਿਸ ਦੀਆਂ ਵੀਡੀਓਜ਼ ਉਸ ਦੀ ਨਜ਼ਰੀਂ ਪਈਆਂ। ਉਸ ਨੇ ਚਾਰ ਓਲੰਪਕਸ ਵਿਚੋਂ ਨੌਂ ਗੋਲਡ ਮੈਡਲ ਜਿੱਤੇ ਸਨ ਤੇ ਇਕ ਸਿਲਵਰ ਮੈਡਲ। 1984, 88, 92, 96 ਦੀਆਂ ਓਲੰਪਿਕ ਖੇਡਾਂ ਵਿਚ ਉਹ ਲਗਾਤਾਰ ਲੰਮੀ ਛਾਲ ਦਾ ਓਲੰਪਿਕ ਚੈਂਪੀਅਨ ਬਣਦਾ ਰਿਹਾ ਸੀ। ਉਸ ਦੀ ਮਹਿਮਾ ਸੁਣ ਕੇ ਉਹਦੇ ਮਨ ਵਿਚ ਵੀ ਖਿਡਾਰੀ ਬਣਨ ਤੇ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦਾ ਚਾਅ ਪੈਦਾ ਹੋ ਗਿਆ ਸੀ। ਜਦੋਂ ਉਸ ਨੂੰ ਜਨਮ ਦਿਨ ਦੇ ਤੋਹਫ਼ੇ ਵਜੋਂ ਏਅਰ ਰਾਈਫ਼ਲ ਮਿਲੀ ਤਾਂ ਉਹ ਸ਼ੌਕ ਨਾਲ ਸ਼ੂਟਿੰਗ ਕਰਨ ਲੱਗਾ। ਇਕ ਦਿਨ ਉਹਦੇ ਪਿਤਾ ਜੀ ਉਹਦੀ ਪੜ੍ਹਾਈ ਲਈ ਸਾਇੰਸ ਦਾ ਟਿਊਟਰ ਲੱਭਣ ਚੰਡੀਗੜ੍ਹ ਗਏ। ਉਥੇ ਉਨ੍ਹਾਂ ਦਾ ਮੇਲ ਪੀਜੀਆਈ ਦੇ ਰਿਸਰਚ ਸਕਾਲਰ ਡਾ. ਅਮਿਤ ਭੱਟਾਚਾਰਜੀ ਨਾਲ ਹੋਇਆ। ਤਦ ਤਕ ਅਭਿਨਵ, ਮਿਲਖਾ ਸਿੰਘ ਦੇ ਸਾਥੀ ਲੈਫਟੀਨੈਂਟ ਕਰਨਲ ਜੇ. ਐੱਸ. ਢਿੱਲੋਂ ਤੋਂ ਸ਼ੂਟਿੰਗ ਦੀ ਕੋਚਿੰਗ ਲੈਣ ਲੱਗ ਪਿਆ ਸੀ। ਜਦੋਂ ਭੱਟਾਚਾਰਜੀ ਨੂੰ ਅਭਿਨਵ ਦੀ ਪੜ੍ਹਾਈ ਤੇ ਸ਼ੂਟਿੰਗ ਬਾਰੇ ਦੱਸਿਆ ਤਾਂ ਉਹ ਡਾ. ਬਿੰਦਰਾ ਦੇ ਨਾਲ ਹੀ ਅਭੀ ਨੂੰ ਆ ਮਿਲਿਆ। ਉਦੋਂ ਉਹਦੀ ਉਮਰ ਤੇਰਾਂ ਸਾਲ ਦੀ ਸੀ। ਭੱਟਾਚਾਰਜੀ ਨੇ ਡਾਕਟਰੀ ਦੀਆਂ ਡਿਗਰੀਆਂ ਨਾਲ ਕੁਝ ਸਰਟੀਫਾਈਡ ਕੋਰਸ ਵੀ ਕੀਤੇ ਸਨ। ਉਹ ਮਨੋਵਿਗਿਆਨਕ ਦਬਾਅ, ਪੱਠਿਆਂ ਦੀ ਹਰਕਤ ਤੇ ਸਾਹ ਕਿਰਿਆ ਦੀ ਸਿੱਖਿਆ ਦਾ ਮਾਹਿਰ ਕੋਚ ਸੀ। ਕਰਨਲ ਢਿੱਲੋਂ ਨਾਲ ਉਹ ਵੀ ਉਹਦਾ ਕੋਚ ਬਣ ਗਿਆ।

ਅਭਿਨਵ ਬਿੰਦਰਾ ਇਸ ਗੱਲੋਂ ਖੁਸ਼ਕਿਸਮਤ ਰਿਹਾ ਕਿ ਉਸ ਨੂੰ ਖੁਸ਼ਹਾਲ ਮਾਪੇ ਮਿਲੇ ਜਿਨ੍ਹਾਂ ਨੇ ਪੁੱਤਰ ਨੂੰ ਓਲੰਪਿਕ ਪੱਧਰ ਦਾ ਨਿਸ਼ਾਨੇਬਾਜ਼ ਬਣਾਉਣ ਲਈ ਲੱਖਾਂ ਰੁਪਏ ਖਰਚੇ। ਅਭਿਨਵ ਵਿਚ ਏਨੀ ਲਗਨ ਸੀ ਕਿ ਉਹ ਹਰ ਰੋਜ਼ ਬਾਰਾਂ-ਬਾਰਾਂ ਘੰਟੇ ਸ਼ੂਟਿੰਗ ਕਰਦਾ ਵੀ ਨਾ ਥੱਕਦਾ। ਅਰਜਨ ਦੇ ਮੱਛੀ ਦੀ ਅੱਖ ਵੇਖਣ ਵਾਂਗ ਉਹਦਾ ਇਕੋ ਨਿਸ਼ਾਨਾ ਸੀ ਕਿ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਜਿੱਤਣਾ ਹੈ। ਭਾਰਤ ਵਿਚ ਬਹੁਤੇ ਖਿਡਾਰੀ ਸਹੂਲਤਾਂ ਤੋਂ ਸੱਖਣੇ ਰਹਿ ਜਾਂਦੇ ਹਨ ਪਰ ਅਭਿਨਵ ਨੂੰ ਸਹੂਲਤਾਂ ਦੀ ਕੋਈ ਕਮੀ ਨਹੀਂ ਸੀ। ਉਹ ਛੋਟੀ ਉਮਰ ਵਿਚ ਹੀ ਜ਼ਿਲ੍ਹੇ, ਸੂਬੇ ਤੇ ਕੌਮੀ ਪੱਧਰ ਦੇ ਮੁਕਾਬਲੇ ਜਿੱਤਣ ਲੱਗਾ।

ਸਕੂਲ ਦੀ ਪੜ੍ਹਾਈ ਪੂਰੀ ਕਰ ਕੇ ਉਸ ਨੇ ਬੈਚੂਲਰ ਆਫ਼ ਬਿਜ਼ਨਸ ਐਡਮਨਿਸਟ੍ਰੇਸ਼ਨ ਤੇ ਮਾਸਟਰ ਆਫ਼ ਬਿਜ਼ਨਸ ਦੀਆਂ ਡਿਗਰੀਆਂ ਅਮਰੀਕਾ ਦੀ ਯੂਨੀਵਰਸਿਟੀ ਆਫ਼ ਕਲੋਰਾਡੋ ਤੋਂ ਹਾਸਲ ਕੀਤੀਆਂ। 2001 ਵਿਚ ਉਹ ਮਿਊਨਿਖ ਵਿਖੇ 10 ਮੀਟਰ ਏਅਰ ਰਾਈਫ਼ਲ ਨਿਸ਼ਾਨੇਬਾਜ਼ੀ ਵਿਚ 597/600 ਅੰਕ ਲੈ ਕੇ ਨਵੇਂ ਰਿਕਾਰਡ ਨਾਲ ਜੂਨੀਅਰ ਵਰਲਡ ਚੈਂਪੀਅਨ ਬਣਿਆ। ਫਿਰ ਤਾਂ ਚੱਲ ਸੋ ਚੱਲ ਹੋ ਗਈ ਤੇ ਉਹ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਵਿਚ ਭਾਰਤ ਲਈ ਤਮਗ਼ੇ ਜਿੱਤਣ ਲੱਗਾ। 2002 ਵਿਚ ਉਸ ਨੇ ਯੂਰਪੀ ਸਰਕਟ ਚੈਂਪੀਅਨਸ਼ਿਪਾਂ 'ਚੋਂ 7 ਸੋਨੇ, 1 ਕਾਂਸੀ ਤੇ 4 ਚਾਂਦੀ ਦੇ ਤਮਗ਼ੇ ਜਿੱਤੇ। ਉਨ੍ਹਾਂ ਵਿਚ ਇਕ ਗੋਲਡ ਤੇ ਇਕ ਸਿਲਵਰ ਮੈਡਲ ਮਾਨਚੈਸਟਰ ਦੀਆਂ ਕਾਮਨਵੈੱਲਥ ਖੇਡਾਂ ਦੇ ਸਨ। ਕੋਚ ਕਰਨਲ ਢਿੱਲੋਂ ਤੋਂ ਬਾਅਦ ਡਾ. ਭੱਟਾਚਾਰਜੀ, ਲਾਜ਼ਲੋ ਸਜ਼ੁਜਕ, ਗੈਬਰੀਲਾ ਬੁਲ੍ਹਮੈਨ ਤੇ ਸਨੀ ਥਾਮਸ ਉਸ ਦੇ ਕੋਚ ਰਹੇ। ਭੱਟਾਚਾਰਜੀ ਤਾਂ ਹਮੇਸ਼ਾ ਉਸ ਦੇ ਅੰਗ ਸੰਗ ਰਿਹਾ।

ਏਥਨਜ਼-2004 ਦੀਆਂ ਓਲੰਪਿਕ ਖੇਡਾਂ ਵਿਚ ਉਸ ਨੇ ਪੁਰਾਣਾ ਓਲੰਪਿਕ ਰਿਕਾਰਡ ਤੋੜ ਦਿੱਤਾ ਪਰ ਕੋਈ ਮੈਡਲ ਨਾ ਜਿੱਤ ਸਕਿਆ। 2005 ਵਿਚ ਉਸ ਨੇ ਏਸ਼ਿਆਈ ਸ਼ੂਟਿੰਗ ਚੈਂਪੀਅਨਸ਼ਿਪ ਦਾ ਗੋਲਡ ਮੈਡਲ ਤੇ 2006 ਵਿਚ ਜ਼ੈਗਰੇਬ ਤੋਂ ਵਰਲਡ ਚੈਂਪੀਅਨਸ਼ਿਪ ਦਾ ਗੋਲਡ ਮੈਡਲ 669.1 ਅੰਕ ਹਾਸਲ ਕਰ ਕੇ ਜਿੱਤਿਆ। 2006 ਵਿਚ ਹੀ ਉਸ ਨੂੰ ਰੀੜ੍ਹ ਦੀ ਹੱਡੀ ਦਾ ਦਰਦ ਸ਼ੁਰੂ ਹੋ ਗਿਆ ਜਿਸ ਕਰਕੇ ਉਹ ਦੋਹਾ ਦੀਆਂ ਏਸ਼ਿਆਈ ਖੇਡਾਂ ਵਿਚ ਭਾਗ ਨਾ ਲੈ ਸਕਿਆ। ਇਲਾਜ ਕਰਾਉਣ ਪਿੱਛੋਂ ਉਹ ਫਿਰ ਕਾਇਮ ਹੋ ਗਿਆ ਤੇ ਮੁੜ ਨਿਸ਼ਾਨੇਬਾਜ਼ੀ ਦਾ ਅਭਿਆਸ ਕਰਨ ਲੱਗਾ। ਬੀਜਿੰਗ-2008 ਦੀਆਂ ਓਲੰਪਿਕ ਖੇਡਾਂ ਤੋਂ ਪਹਿਲਾਂ ਉਸ ਨੇ ਜਰਮਨੀ ਵਿਚ ਤਿੰਨ ਹਫ਼ਤਿਆਂ ਦੀ ਕਮਾਂਡੋ ਟ੍ਰੇਨਿੰਗ ਲਈ। ਬੀਜਿੰਗ ਵਿਚ ਉਸ ਨੇ ਉਹ ਕੁਝ ਕਰ ਵਿਖਾਇਆ ਜਿਸ ਉਤੇ ਭਾਰਤ ਵਾਸੀਸਦਾ ਮਾਣ ਕਰਦੇ ਰਹਿਣਗੇ। ਉਥੇ ਉਸ ਨੇ 10 ਮੀਟਰ ਏਅਰ ਰਾਈਫਲ ਸ਼ੂਟਿੰਗ ਮੁਕਾਬਲੇ ਵਿਚ 700.5 ਅੰਕ ਲੈ ਕੇ ਗੋਲਡ ਮੈਡਲ ਜਿੱਤਿਆ ਜਿਸ ਨੇ ਭਾਰਤ ਵਾਸੀਆਂ ਵਿਚ ਖ਼ੁਸ਼ੀ ਤੇ ਉਤਸ਼ਾਹ ਦੀ ਲਹਿਰ ਪੈਦਾ ਕਰ ਦਿੱਤੀ। ਉਦੋਂ ਤੋਂ ਭਾਰਤ ਵਿਚ ਏਅਰ ਰਾਈਫ਼ਲਾਂ ਦੀ ਵਿਕਰੀ ਵਧ ਗਈ।

ਪੰਜਾਬ ਸਰਕਾਰ ਨੇ ਉਸ ਨੂੰ ਖੇਡਾਂ ਦਾ ਸਰਬੋਤਮ ਪੁਰਸਕਾਰ ਮਹਾਰਾਜਾ ਰਣਜੀਤ ਸਿੰਘ ਅਵਾਰਡ ਪਹਿਲਾਂ ਹੀ ਦੇ ਦਿੱਤਾ ਸੀ, ਓਲੰਪਿਕ ਚੈਂਪੀਅਨ ਬਣਨ 'ਤੇ ਇਕ ਕਰੋੜ ਰੁਪਏ ਦਾ ਵਿਸ਼ੇਸ਼ ਇਨਾਮ ਦਿੱਤਾ। ਕੇਂਦਰ ਸਰਕਾਰ, ਹਰਿਆਣਾ ਸਰਕਾਰ ਤੇ ਹੋਰ ਸੂਬਿਆਂ ਦੀਆਂ ਸਰਕਾਰਾਂ ਅਤੇ ਸਨਅਤੀ ਘਰਾਣਿਆਂ ਨੇ ਕਰੋੜਾਂ ਰੁਪਏ ਦੇ ਇਨਾਮ ਦਿੱਤੇ। ਪੰਜਾਬ ਦੇ ਰਾਜਪਾਲ ਤੋਂ ਲੈ ਕੇ ਭਾਰਤ ਦੇ ਰਾਸ਼ਟਰਪਤੀ ਤਕ ਅਤੇ ਪੰਜਾਬ ਦੇ ਮੁੱਖ ਮੰਤਰੀ ਤੋਂ ਲੈ ਕੇ ਭਾਰਤ ਦੇ ਪ੍ਰਧਾਨ ਮੰਤਰੀ ਤਕ ਸਭ ਨੇ ਉਸ ਨੂੰ ਵਧਾਈਆਂ ਦਿੱਤੀਆਂ। ਓਲੰਪਿਕ ਚੈਂਪੀਅਨ ਬਣਨ ਨਾਲ ਉਸ ਦੀ ਚਾਰੇ ਪਾਸੇ ਜੈ ਜੈ ਕਾਰ ਹੋ ਗਈ।

ਉਸ ਦੇ ਪਿਤਾ ਨੇ ਉਹਨੂੰ ਇਕ ਆਲੀਸ਼ਾਨ ਹੋਟਲ ਦਾ ਤੋਹਫ਼ਾ ਦਿੱਤਾ। ਬਹੁਤ ਸਾਰੀਆਂ ਸੰਸਥਾਵਾਂ ਨੇ ਉਸ ਨੂੰ ਆਪਣਾ ਸਨਮਾਨਯੋਗ ਮੈਂਬਰ ਬਣਾਇਆ। ਫ਼ਿਲਮੀ ਕਲਾਕਾਰਾਂ ਨੇ ਉਸ ਨੂੰ ਅੱਖਾਂ 'ਤੇ ਬਿਠਾਇਆ ਤੇ ਉਹਦੇ ਨਾਲ ਫੋਟੋ ਖਿਚਵਾਏ। ਉਹ ਪ੍ਰਸਿੱਧ ਕੰਪਨੀਆਂ ਸੈਮਸੰਗ ਤੇ ਸਹਾਰਾ ਗਰੁੱਪ ਦਾ ਅੰਬੈਸਡਰ ਬਣਿਆ। ਹੁਣ ਉਹ ਅਭਿਨਵ ਫਿਊਰਿਸਟਿਕਸ ਕੰਪਨੀ ਦਾ ਸੀ ਈ ਓ ਹੈ। ਉਸ ਨੇ ਬੱਚਿਆਂ ਤੇ ਨੌਜੁਆਨਾਂ ਵਿਚ ਖੇਡਾਂ ਦਾ ਸ਼ੌਕ ਪੈਦਾ ਕਰਨ ਤੇ ਲੋੜੀਂਦੀਆਂ ਖੇਡ ਸਹੂਲਤਾਂ ਦੇਣ ਲਈ ਅਭਿਨਵ ਸਪੋਰਟਸ ਟ੍ਰੱਸਟ ਬਣਾਇਆ। ਉਸ ਨੂੰ ਬਾਹਰ ਦੇ ਖਾਣੇ ਨਾਲੋਂ ਮਾਂ ਦਾ ਬਣਾਇਆ ਖਾਣਾ ਵਧੇਰੇ ਪਸੰਦ ਹੈ ਤੇ ਚਿਕਨ ਕੜ੍ਹੀ ਉਹਦੀ ਮਨਭਾਉਂਦੀ ਤਰਕਾਰੀ ਹੈ। ਫਿਲਮਾਂ ਉਹ ਘੱਟ ਹੀ ਵੇਖਦਾ ਹੈ। ਫਿਰ ਵੀ ਕ੍ਰਿਸ਼ਮਾ ਕਪੂਰ ਉਹਦੀ ਮਨਭਾਉਂਦੀ ਅਦਾਕਾਰਾ ਹੈ। ਉਸ ਨੇ ਦੋ ਪਾਲਤੂ ਕੁੱਤੇ ਰੱਖੇ ਹਨ ਜਿਨ੍ਹਾਂ ਨਾਲ ਉਹ ਵਿਹਲੇ ਵੇਲੇ ਖੇਡਦਾ ਹੈ। ਉਸ ਨੇ ਖੇਡ ਲੇਖਕ ਰੋਹਿਤ ਬ੍ਰਿਜਨਾਥ ਨਾਲ ਮਿਲ ਕੇ ਆਪਣੀ ਸਵੈ-ਜੀਵਨੀ 'ਏ ਸ਼ਾਟ ਐਟ ਹਿਸਟਰੀ: ਮਾਈ ਔਬਸੈਸਿਵ ਜਰਨੀ ਟੂ ਓਲੰਪਿਕ ਗੋਲਡ' ਲਿਖੀ ਜੋ ਭਾਰਤ ਦੇ ਖੇਡ ਮੰਤਰੀ ਨੇ ਅਕਤੂਬਰ 2011 ਵਿਚ ਲੋਕ ਅਰਪਨ ਕੀਤੀ।

ਅਭਿਨਵ ਬਿੰਦਰਾ ਨਵੀਂ ਦਿੱਲੀ ਵਿਚ ਹੋਈਆਂ ਕਾਮਨਵੈਲਥ ਖੇਡਾਂ-2010 ਸਮੇਂ ਭਾਰਤੀ ਦਲ ਦਾ ਝੰਡਾਬਰਦਾਰ ਸੀ ਜਿਸ ਨੇ 71 ਦੇਸ਼ਾਂ ਦੇ 6700 ਖਿਡਾਰੀਆਂ ਵੱਲੋਂ ਸਹੁੰ ਚੁੱਕੀ। ਉਹ ਚਾਹੁੰਦਾ ਹੈ ਕਿ ਭਾਰਤ ਦੇ ਬੱਚੇ ਤੇ ਨੌਜੁਆਨ ਖ਼ੂਬ ਪੜ੍ਹਾਈ ਕਰਨ, ਨਸ਼ਿਆਂ ਵਿਚ ਨਾ ਪੈਣ ਸਗੋਂ ਕਸਰਤਾਂ ਕਰਨ ਤੇ ਖੇਡਾਂ ਖੇਡਣ। ਇੰਜ ਉਹ ਆਪਣੀ ਸਿਹਤ ਨਰੋਈ ਰੱਖ ਸਕਦੇ ਹਨ ਅਤੇ ਖੇਡਾਂ ਦੇ ਮੈਡਲ ਜਿੱਤ ਕੇ ਆਪਣਾ, ਆਪਣੇ ਮਾਪਿਆਂ ਤੇ ਦੇਸ਼ ਦਾ ਨਾਂ ਰੌਸ਼ਨ ਕਰ ਸਕਦੇ ਹਨ।

# ਯਾਦ ਰੱਖਣ ਯੋਗ ਗੱਲਾਂ



ਹਰਦੀਪ ਸਿੰਘ ਸੋਢੀ
ਫੋਨ: 480-794-0325

* ਤੂਫ਼ਾਨ ਹਨੇਰੀਆਂ ਤਾਂ ਰੁੱਖਾਂ ਨੂੰ ਹੀ ਡੇਗਦੇ ਹਨ, ਪਰ ਈਮਾਨ ਤਾਂ ਬੰਦ ਹਵਾ ਵਿਚ ਦੀ ਡਿੱਗਦੇ ਵੇਖ ਸਕਦੇ ਹੋ।

* ਇਨਸਾਨ ਨੂੰ ਜਿੰਨੇ ਤਜਰਬੇ ਦੁੱਖਾਂ ਵਿਚ ਮਿਲਦੇ ਹਨ ਸੁੱਖਾਂ ਵਿਚ ਉਸ ਦਾ ਦਸਵਾਂ ਹਿੱਸਾ ਵੀ ਨਹੀਂ ਮਿਲਦੇ।

* ਕੁਝ ਚੀਜ਼ਾਂ ਵੈਸੇ ਹੀ ਬਦਨਾਮ ਹੁੰਦੀਆਂ ਹਨ। ਕਿਸੇ ਸੱਜਣ ਨੇ ਵਰਤ ਰੱਖਿਆ ਜਿਸ ਵਿਚ ਅਨਾਜ ਨਹੀਂ ਖਾਂਦੇ ਸਿਰਫ ਫਲ, ਦੁੱਧ ਅਤੇ ਆਲੂ ਖਾ ਲੈਂਦੇ ਹਨ, ਉਹ ਸਵੇਰੇ ਹੀ ਚਿਪਸ ਲੈਣ ਗਿਆ ਤਾਂ ਦੁਕਾਨਦਾਰ ਕਹਿੰਦਾ ਅੱਜ ਸਵੇਰੇ ਹੀ ਸ਼ੁਰੂ ਹੋ ਰਹੇ ਹੋ।

* ਫੁੱਲੇ ਹੋਏ ਮੂੰਹ ਨਾਲ ਪਕਾਇਆ ਹੋਇਆ ਫੁਲਕਾ ਕਦੇ ਨਹੀਂ ਫੁੱਲਦਾ।

* ਸਸਤੇ ਲੋਕਾਂ ਅਤੇ ਸਸਤੀਆਂ ਚੀਜ਼ਾਂ 'ਤੇ ਭਰੋਸਾ ਕਰਨਾ ਬਹੁਤ ਮਹਿੰਗਾ ਪੈਂਦਾ ਹੈ।

* ਸਮੇਂ ਸਮੇਂ ਦੀ ਗੱਲ ਹੈ ਅੱਜ ਅਸੀਂ ਖੁਸ਼ ਰਹਿ ਕੇ ਓਨਾ ਆਨੰਦ ਨਹੀਂ ਮਾਣਦੇ ਜਿੰਨਾ ਖੁਸ਼ ਦਿਸ ਕੇ ਆਨੰਦ ਲੈਣਾ ਚਾਹੁੰਦੇ ਹਾਂ।

* ਸਭ ਕੁਝ ਹਾਲਤਾਂ 'ਤੇ ਟਿਕਿਆ ਹੈ ਇਕ ਗਰੀਬ ਦਾ ਬੱਚਾ ਗੁਬਾਰੇ ਵੇਚ ਰਿਹਾ ਸੀ, ਕਿਸੇ ਬੱਚੇ ਨੇ ਖਰੀਦਿਆ, ਗਰੀਬ ਬੱਚਾ ਖੁਸ਼ ਸੀ ਵੇਚ ਕੇ ਅਮੀਰ ਖੁਸ਼ ਸੀ ਗੁਬਾਰਾ ਖਰੀਦ ਕੇ ਅਤੇ ਇਕ ਸ਼ੈਤਾਨ ਨੇ ਗੁਬਾਰਾ ਪਾੜ ਦਿੱਤਾ ਉਹ ਆਪਣੀ ਜਗ੍ਹਾ ਖੁਸ਼ ਸੀ।

* ਕੁਝ ਇਨਸਾਨ ਕਿੰਨੇ ਮੁਤੱਸਬੀ ਹੁੰਦੇ ਹਨ, ਮਤਲਬ ਖਾਤਰ ਕੁਝ ਵੀ ਕਰਦੇ ਹਨ। ਕਿਸੇ ਇਕੱਠ ਵਿਚ ਇਕ ਔਰਤ ਕਹਿ ਰਹੀ ਸੀ ਕਿ ਮੇਰੀ ਬੇਟੀ ਨੂੰ ਪੰਛੀ ਬਹੁਤ ਪਸੰਦ ਹਨ ਕੋਲ ਫਿਰਦਾ ਇੱਕ ਭੂੰਡ ਪਟਾਕਾ ਜਿਹਾ ਕਹਿੰਦਾ ਹਾਂ ਜੀ ਮੈਨੂੰ ਸਾਰੇ ਉੱਲੂ ਉੱਲੂ ਕਹਿੰਦੇ ਹਨ।

# ਅਜ਼ੀਮ ਸ਼ਖ਼ਸੀਅਤ ਇਸਮਤ ਚੁਗਤਈ: ਨਸੀਰੂਦੀਨ ਸ਼ਾਹ

***ਉਰਦੂ ਦੀ ਮਿਸਾਲੀ ਲੇਖਕਾ ਇਸਮਤ ਚੁਗਤਾਈ ਬਾਰੇ ਮਸ਼ਹੂਰ ਅਦਾਕਾਰ ਨਸੀਰੂਦੀਨ ਸ਼ਾਹ ਦਾ ਇਹ ਨਿੱਕਾ ਜਿਹਾ ਲੇਖ ਵੱਡੀਆਂ ਗੱਲਾਂ ਨਾਲ ਲਬਾਲਬ ਹੈ। ਉਸ ਨੇ ਇਸਮਤ ਚੁਗਤਾਈ ਦੀ ਕਲਾ ਅਤੇ ਜੀਵਨ ਬਾਰੇ ਮਾਨੋ ਕੁੱਜੇ ਵਿਚ ਸਮੁੰਦਰ ਬੰਦ ਕਰ ਦਿੱਤਾ ਹੈ।***

ਇਸਮਤ ਚੁਗਤਾਈ ਨੂੰ ਮੈਂ ਪਹਿਲੀ ਵਾਰ ਸ਼ਿਆਮ ਬੇਨੇਗਲ ਦੀ ਫ਼ਿਲਮ 'ਜੁਨੂਨ' (1979) ਦੀ ਸ਼ੂਟਿੰਗ ਸਮੇਂ ਦੇਖਿਆ ਸੀ। ਸ਼ਿਆਮ ਨੇ ਮੈਨੂੰ ਦੱਸਿਆ ਕਿ 'ਇਸਮਤ ਆਪਾ' ਆ ਰਹੀ ਹੈ। ਇਹ ਸੁਣਦਿਆਂ ਹੀ ਮੈਂ ਕਲਪਨਾ ਕਰਨੀ ਸ਼ੁਰੂ ਕਰ ਦਿੱਤੀ ਕਿ ਉਹ ਲੰਮੀ, ਪਤਲੀ, ਤੁਨਕ-ਮਿਜ਼ਾਜ, ਚੀਲਨੁਮਾ ਔਰਤ ਹੋਵੇਗੀ ਜਿਸ ਦੇ ਵਾਲ ਛੋਟੇ ਛੋਟੇ ਹੋਣਗੇ। ਵਾਲਾਂ ਨੂੰ ਛੱਡ ਕੇ ਬਾਕੀ ਸਾਰਾ ਅਕਸ ਗ਼ਲਤ ਨਿਕਲਿਆ। ਚਿੱਟੇ ਵਾਲਾਂ ਵਾਲੀ ਇਹ 'ਬੁੱਢੀ' ਗੋਲ-ਮਟੋਲ, ਖੁਸ਼ਮਿਜ਼ਾਜ ਤੇ ਮਜ਼ੇਦਾਰ ਨਿਕਲੀ। ਕੋਈ ਨਾਜ਼-ਨਖ਼ਰਾ ਨਹੀਂ। ਫ਼ਿਲਮ ਦੇ ਸੰਵਾਦ ਉਸ ਨੇ ਲਿਖੇ ਹੀ ਸਨ, ਪਟਕਥਾ ਵਿਚ ਵੀ ਉਸ ਦਾ ਯੋਗਦਾਨ ਸੀ। ਨਾਲ ਹੀ ਉਹ ਅਦਾਕਾਰੀ ਵੀ ਕਰ ਰਹੀ ਸੀ। ਬੜੀ ਗਪੌੜੀ ਸੀ ਉਹ। ਮੈਂ ਉਦੋਂ ਤਕ ਉਸ ਦੀ ਕੋਈ ਲਿਖ਼ਤ ਨਹੀਂ ਸੀ ਪੜ੍ਹੀ ਹੋਈ ਅਤੇ ਨਾ ਹੀ ਉਸ ਨੇ ਕਦੇ ਮੈਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਕਿ ਉਹ ਉਰਦੂ ਦੀ ਮਹਾਨ ਅਫ਼ਸਾਨਾਨਿਗਾਰ ਇਸਮਤ ਚੁਗਤਾਈ ਹੈ।



ਇਸੇ ਫ਼ਿਲਮ ਦੀ ਸ਼ੂਟਿੰਗ ਦੌਰਾਨ ਇੱਕ ਦਿਨ ਮੈਨੂੰ ਉੱਘੇ ਲੇਖਕ ਅੰਮ੍ਰਿਤਲਾਲ ਨਾਗਰ ਤੇ ਇਸਮਤ ਆਪਾ ਨਾਲ ਬੈਠ ਕੇ ਭੰਗ ਪੀਣ ਦਾ ਮੌਕਾ ਮਿਲਿਆ। ਮੈਨੂੰ ਉਦੋਂ ਇਹ ਅਹਿਸਾਸ ਤਕ ਨਹੀਂ ਸੀ ਕਿ ਮੈਂ ਕਿੰਨੀਆਂ ਮਹਾਨ ਸਾਹਿਤਕ ਹਸਤੀਆਂ ਦੇ ਨਾਲ ਬੈਠਾ ਹੋਇਆ ਹਾਂ। ਮੈਂ ਦੋਵਾਂ ਦੀਆਂ ਗੱਲਾਂ ਜ਼ਰੂਰ ਸੁਣਦਾ ਰਿਹਾ ਤੇ ਇਨ੍ਹਾਂ ਦਾ ਆਨੰਦ ਵੀ ਲੈਂਦਾ ਰਿਹਾ, ਪਰ ਇਸ ਹਕੀਕਤ ਤੋਂ ਬਿਲਕੁਲ ਨਾਵਾਕਫ਼ ਹੋ ਕੇ ਕਿ ਤਕਦੀਰ ਨੇ ਮੈਨੂੰ ਕਿਨ੍ਹਾਂ ਲੋਕਾਂ ਦੀ ਗੁਫ਼ਤਗੂ ਸੁਣਨ ਦਾ ਮੌਕਾ ਦਿੱਤਾ ਹੈ।

ਇਸਮਤ ਆਪਾ ਦੀ ਮਹਾਨਤਾ ਦਾ ਅਸਲ ਪਤਾ ਮੈਨੂੰ 19 ਸਾਲਾਂ ਬਾਅਦ ਲੱਗਿਆ ਜਦੋਂ 1998 ਵਿਚ ਮੈਂ ਬਾਂਦਰਾ (ਮੁੰਬਈ) ਦੇ ਇੱਕ ਬੁੱਕ ਸਟੋਰ ਵਿਚ ਦਾਖ਼ਲ ਹੋਇਆ। ਉੱਥੇ ਸਾਹਮਣੇ ਹੀ ਇੱਕ ਸਟੈਂਡ 'ਤੇ ਇਸਮਤ ਆਪਾ ਦੀਆਂ ਕਹਾਣੀਆਂ ਦੇ ਅੰਗਰੇਜ਼ੀ ਅਨੁਵਾਦ ਦੀ ਕਿਤਾਬ ਪਈ ਸੀ। ਅਨੁਵਾਦ ਬੜਾ ਖਰਾਬ ਸੀ। ਮੈਂ ਦੇਵਨਾਗਰੀ ਲਿੱਪੀ ਵਿਚ ਇਸਮਤ ਦੀਆਂ ਕਹਾਣੀਆਂ ਦੀ ਮੰਗ ਕੀਤੀ। ਮੈਨੂੰ ਇਸ ਲਿੱਪੀ ਵਿਚ ਦੋ ਸੰਗ੍ਰਹਿ ਮਿਲ ਗਏ। ਇਨ੍ਹਾਂ ਨੂੰ ਪੜ੍ਹਦਿਆਂ ਹੀ ਮੈਨੂੰ ਯਕੀਨ ਹੋ ਗਿਆ ਕਿ ਇਨ੍ਹਾਂ ਨੂੰ ਰੰਗਮੰਚ 'ਤੇ ਪੇਸ਼ ਕਰਨਾ ਬਹੁਤ ਢੁੱਕਵਾਂ ਰਹੇਗਾ। ਇਹ ਕਹਾਣੀਆਂ ਸਾਡੇ ਨਾਟਕ 'ਇਸਮਤ ਆਪਾ ਕੇ ਨਾਮ' ਦਾ ਆਧਾਰ ਬਣ ਗਈਆਂ। ਇਹ ਨਾਟਕ, ਮੈਂ ਭਾਰਤ ਤੋਂ ਇਲਾਵਾ ਦੁਨੀਆਂ ਦੇ 26 ਦੇਸ਼ਾਂ ਵਿਚ ਪੇਸ਼ ਕਰ ਚੁੱਕਾ ਹਾਂ ਅਤੇ ਹਰ ਥਾਂ ਇਸ ਨੂੰ ਜੋ ਹੁੰਗਾਰਾ ਮਿਲਿਆ ਹੈ, ਉਹ ਆਪਣੇ ਆਪ ਵਿਚ ਰੂਹਾਨੀ ਤਜਰਬਾ ਹੈ।

ਮੇਰੀ ਪਤਨੀ ਰਤਨਾ ਤੇ ਬੇਟੀ ਹੀਬਾ ਦਾ ਪਹਿਲਾ ਪ੍ਰਭਾਵ ਸੀ ਕਿ ਕਿਉਂਕਿ ਇਹ ਕਹਾਣੀਆਂ ਉਰਦੂ ਵਿਚ ਹਨ, ਇਸ ਜ਼ੁਬਾਨ ਨਾਲ ਨਵੀਂ ਪੀੜ੍ਹੀ ਜੁੜ ਨਹੀਂ ਸਕੇਗੀ। ਪਰ ਇਸਮਤ ਚੁਗਤਾਈ ਦੀ ਲੇਖਣੀ ਦਾ ਕਮਾਲ ਹੈ ਕਿ ਕਾਲ ਤੇ ਉਮਰ ਦਾ ਪਰਛਾਵਾਂ ਇਨ੍ਹਾਂ ਦੇ ਕਥਾਨਕ ਉੱਤੇ ਬਿਲਕੁਲ ਨਹੀਂ ਪੈਂਦਾ। ਇਹ ਹਰ ਯੁੱਗ, ਹਰ ਸਮੇਂ ਤੇ ਹਰ ਉਮਰ ਦੀਆਂ ਕਹਾਣੀਆਂ ਹਨ। ਮੈਂ ਸਾਹਿਤ ਦੇ ਨਾਂ 'ਤੇ ਵਰਡਜ਼ਵਰਥ, ਕੀਟਸ, ਸ਼ੇਕਸਪੀਅਰ, ਇਬਸਨ, ਬ੍ਰੈਖ਼ਤ, ਡਿਕਨਜ਼ ਦੀ ਖ਼ੁਰਾਕ 'ਤੇ ਪਲਿਆ ਹੋਇਆ ਹਾਂ। ਉਰਦੂ ਜਾਂ ਹਿੰਦੀ ਅਦਬ ਨੂੰ ਮੈਂ ਕਦੇ ਪੜ੍ਹਨਯੋਗ ਹੀ ਨਹੀਂ ਸੀ ਸਮਝਿਆ ਕਰਦਾ। ਇਹ ਤਾਂ ਗੁਲਜ਼ਾਰ ਸਾਹਿਬ ਦਾ ਕਮਾਲ ਸੀ ਕਿ ਉਨ੍ਹਾਂ ਨੇ 'ਮਿਰਜ਼ਾ ਗ਼ਾਲਿਬ' (ਸੀਰੀਅਲ) ਰਾਹੀਂ ਮੈਨੂੰ ਉਰਦੂ ਅਦਬ ਨਾਲ ਨਾ ਸਿਰਫ਼ ਜੋੜਿਆ ਸਗੋਂ ਇਸ ਦੀ ਖ਼ੂਬਸੂਰਤੀ, ਸੁਲ੍ਹਾਕੁਲ ਸ਼ਖ਼ਸੀਅਤ ਤੇ ਲੱਜ਼ਤ ਦਾ ਸੁਆਦ ਮਾਣਨਾ ਸਿਖਾਇਆ। ਇਸਮਤ ਆਪਾ ਦੀਆਂ ਕਹਾਣੀਆਂ ਪੜ੍ਹ ਕੇ ਮੈਨੂੰ ਯਕੀਨ ਹੋ ਗਿਆ ਕਿ ਅਦਬ ਦੀਆਂ ਬਾਰੀਕੀਆਂ ਤੇ ਇਨਸਾਨੀ ਜਜ਼ਬਾਤ ਦੇ ਚਿਤਰਣ ਪੱਖੋਂ ਉਰਦੂ ਜਾਂ ਹਿੰਦੀ ਜਾਂ ਕੁਝ ਹੋਰਨਾਂ ਭਾਰਤੀ ਭਾਸ਼ਾਵਾਂ ਦਾ ਸਾਹਿਤ ਕਿੰਨਾ ਪ੍ਰਭਾਵਸ਼ਾਲੀ ਤੇ ਸੰਪੂਰਣ ਹੈ।

ਇਸਮਤ ਆਪਾ ਨੂੰ ਸ਼ਬਦ ਦੀ ਅਜ਼ਮਤ ਦਾ ਗਿਆਨ ਤਾਂ ਸੀ ਹੀ, ਕਿਰਦਾਰਾਂ ਦੀ ਸ਼ਿੱਦਤ ਤੇ ਅੰਦਰੂਨੀ ਸ਼ਖ਼ਸੀਅਤ ਬਾਰੇ ਵੀ ਪੂਰਾ ਪਤਾ ਹੁੰਦਾ ਸੀ। ਇਸੇ ਲਈ ਉਹ ਭੰਗਣ ਦੇ ਕਿਰਦਾਰ ਦੁਆਲੇ ਵੀ ਅਜਿਹੀ ਕਹਾਣੀ ਬੁਣ ਸਕਦੀ ਸੀ ਜਿਸ ਦਾ ਪਸਾਰਾ ਕਾਇਨਾਤੀ ਹੋਵੇ; ਜੋ ਸੁਪਰੀਮ ਕੋਰਟ ਦੇ ਜੱਜ ਵਰਗੀ ਸ਼ਖ਼ਸੀਅਤ ਨੂੰ ਵੀ ਟੁੰਬ ਸਕੇ ਅਤੇ ਸਾਧਾਰਨ ਪਾਠਕ ਨੂੰ ਵੀ। ਉਹ ਬੁੱਢੇ ਬੰਦੇ ਤੇ ਜਵਾਨ ਔਰਤ ਦਰਮਿਆਨ ਜਿਸਮਾਨੀ ਰਿਸ਼ਤੇ ਦੀਆਂ ਪੇਚੀਦਗੀਆਂ ਨੂੰ ਵੀ ਉਸੇ ਮੁਹਾਰਤ ਨਾਲ ਬੁਣ ਸਕਦੀ ਸੀ ਜਿੰਨੀ ਕਿ ਇੱਕ ਬੱਚੇ ਨਾਲ ਹੋਈ ਬਦਫ਼ੈਲੀ ਤੇ ਉਸ ਦੇ ਪ੍ਰਭਾਵਾਂ ਨੂੰ। ਸੈਕਸ, ਹਮਜਿਨਸੀ ਸਬੰਧ, ਵਿਆਹ ਤੋਂ ਬਾਹਰੇ ਸਬੰਧ- ਇਹ ਸਾਰੇ ਵਿਸ਼ੇ ਇਸਮਤ ਆਪਾ ਲਈ ਮਨੁੱਖੀ ਜ਼ਿੰਦਗੀ ਦੇ ਸਾਧਾਰਨ-ਅਸਾਧਾਰਨ ਪੱਖਾਂ ਦੀ ਐਕਸਟੈਨਸ਼ਨ ਸਨ। ਉਹ ਇਨ੍ਹਾਂ ਦਾ ਬਿਆਨ ਸਨਸਨੀ ਪੈਦਾ ਕਰਨ ਲਈ ਨਹੀਂ ਸੀ ਕਰਦੀ, ਸਹਿਜ ਭਾਅ ਕਰਦੀ ਸੀ ਪਰ ਨਾਲ ਹੀ ਆਪਣੀ ਸੰਵੇਦਨਸ਼ੀਲਤਾ ਨਾਲ ਰੂਹ ਨੂੰ ਵੀ ਟੁੰਬ ਜਾਂਦੀ ਸੀ। 'ਲਿਹਾਫ਼', 'ਘਰਵਾਲੀ', 'ਨਿਵਾਲਾ'- ਮੈਂ ਅਜਿਹੀਆਂ ਦਰਜਨਾਂ ਕਹਾਣੀਆਂ ਦੇ ਨਾਮ ਲੈ ਸਕਦਾ ਹਾਂ ਜੋ ਇਸਮਤ ਚੁਗਤਾਈ ਅੰਦਰ ਵਸੀ ਇਨਸਾਨੀਅਤ ਦੇ ਵੱਖ ਵੱਖ ਪਹਿਲੂਆਂ ਨਾਲ ਸ਼ਰਸ਼ਾਰ ਹਨ।

ਇਸਮਤ ਔਰਤਪ੍ਰਸਤ ਸੀ, ਪਰ ਔਰਤਪ੍ਰਸਤੀ ਨੂੰ ਆਸਤੀਨ 'ਤੇ ਪਹਿਨ ਕੇ ਨਹੀਂ ਸੀ ਘੁੰਮਦੀ। ਉਹ ਸਿਆਸੀ ਵਿਚਾਰਧਾਰਾ ਦੀ ਧਾਰਕ ਸੀ, ਪਰ ਇਸ ਵਿਚਾਰਧਾਰਾ ਦਾ ਬਿੱਲਾ ਨਹੀਂ ਸੀ ਲਾਉਂਦੀ। ਫ਼ੈਜ਼ ਅਹਿਮਦ ਫ਼ੈਜ਼ ਨੂੰ ਸ਼ਿਕਵਾ ਸੀ ਕਿ ਕਲਮ ਵਿਚ ਜਾਦੂ ਹੋਣ ਦੇ ਬਾਵਜੂਦ ਇਸਮਤ ਸਿਆਸੀ ਮੁਹਾਵਰਾ ਨਹੀਂ ਸੀ ਵਰਤਦੀ। ਉਸ ਨੇ ਫ਼ੈਜ਼ ਦੇ ਇਸ ਸ਼ਿਕਵੇ ਨੂੰ ਦੂਰ ਕਰਨ ਦਾ ਕਦੇ ਯਤਨ ਨਹੀਂ ਕੀਤਾ। ਇਸਮਤ ਦੀਆਂ ਕਹਾਣੀਆਂ ਵਿਚ ਵੀ ਸਿਆਸਤ ਸੀ, ਪਰ ਉਸ ਨੇ ਕਦੇ ਵੀ ਨਾਅਰੇਬਾਜ਼ੀ ਨੂੰ ਜਜ਼ਬਾਤ ਦੇ ਪ੍ਰਗਟਾਵੇ ਦਾ ਮਾਧਿਅਮ ਨਹੀਂ ਬਣਾਇਆ। ਇਹੀ ਉਸ ਦੀ ਮਹਾਨਤਾ ਦੀ ਨਿਸ਼ਾਨੀ ਹੈ।

***-ਪੇਸ਼ਕਸ਼: ਅਜੈ ਤਨਵੀਰ***

# ਪੰਜਾਬੀ ਪਰਦੇ ਲਈ ਮੁੜ ਸਰਗਰਮ ਹੋਇਆ 'ਹਰੀਸ਼ ਵਰਮਾ'

ਹਰੀਸ਼ ਵਰਮਾ ਪੰਜਾਬੀ ਸਿਨੇਮੇ ਦਾ ਇੱਕ ਨਾਮੀਂ ਅਦਾਕਾਰ ਹੈ ਜਿਸ ਨੇ ਰੰਗਮੰਚ ਤੋਂ ਬਾਅਦ ਫ਼ਿਲਮੀ ਪਰਦੇ ਵੱਲ ਕਦਮ ਵਧਾਉਂਦਿਆਂ ਆਪਣੀ ਵੱਖਰੀ ਪਛਾਣ ਬਣਾਈ। ਜਿੱਥੇ ਉਸਨੇ ਪਾਲੀਵੁੱਡ ਤੇ ਬਾਲੀਵੁੱਡ ਲਈ ਕੰਮ ਕੀਤਾ, ਉੱਥੇ ਛੋਟੇ ਪਰਦੇ



ਦੇ ਨਾਮਵਰ ਸੀਰੀਅਲਾਂ ਵਿਚ ਵੀ ਆਪਣੀ ਅਦਾਕਾਰੀ ਦੇ ਰੰਗ ਬਿਖੇਰੇ। ਪੰਜਾਬੀ ਫ਼ਿਲਮਾਂ ਦਾ ਇਹ ਮਾਣਮੱਤਾ ਅਦਾਕਾਰ ਬੜੀ ਸਹਿਜਤਾ ਨਾਲ ਆਪਣੀਆਂ ਫ਼ਿਲਮਾਂ ਦੀ ਚੋਣ ਕਰਦਾ ਹੈ। ਲੰਮੇ ਸਮੇਂ ਦੇ ਵਕਫ਼ੇ ਬਾਅਦ ਹਰੀਸ਼ ਵਰਮਾ ਪੰਜਾਬੀ ਸਿਨਮੇ ਲਈ ਮੁੜ ਸਰਗਰਮ ਹੋਇਆ ਹੈ ਤੇ ਆਉਣ ਵਾਲੇ ਦਿਨਾਂ ਵਿਚ ਉਹ ਕਈ ਵੱਡੀਆਂ ਫ਼ਿਲਮਾਂ ਲੈ ਕੇ ਆ ਰਿਹਾ ਹੈ।

ਜਿਨ੍ਹਾਂ 'ਚੋਂ ਉਸਦੀ ਫ਼ਿਲਮ "ਐਨੀ ਹਾਓ-ਮਿੱਟੀ ਪਾਓ" ਦਰਸ਼ਕਾਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਹਰੀਸ਼ ਵਰਮਾ ਦੀ ਅਦਾਕਾਰੀ ਤੋਂ ਦਰਸ਼ਕ ਚੰਗੀ ਤਰ੍ਹਾਂ ਵਾਕਫ ਹਨ। ਇਸ ਫ਼ਿਲਮ ਵਿਚ ਵੀ ਉਹ ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਨਾਲ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰੇਗਾ। ਫ਼ਿਲਮ ਵਿਚ ਹਰੀਸ਼ ਵਰਮਾ ਦੇ ਨਾਲ ਹਿੰਦੀ ਅਤੇ ਤਾਮਿਲ ਸਿਨੇਮੇ ਦੀ ਨਾਮਵਰ ਅਦਾਕਾਰਾ ਅਮਾਇਰਾ ਦਸਤੂਰ ਬਤੌਰ ਨਾਇਕਾ ਪਹਿਲੀ ਵਾਰ ਪੰਜਾਬੀ ਪਰਦੇ 'ਤੇ ਨਜ਼ਰ ਆਵੇਗੀ। ਇਸ ਫ਼ਿਲਮ ਦਾ ਨਿਰਦੇਸ਼ਨ ਫ਼ਿਲਮ "ਚੱਲ ਮੇਰਾ ਪੁੱਤ-1,2, 3" ਵਰਗੀਆਂ ਸੁਪਰਹਿੱਟ ਫ਼ਿਲਮਾਂ ਦੇਣ ਵਾਲੇ ਡਾਇਰੈਕਟਰ ਜਨਜੋਤ ਸਿੰਘ ਨੇ ਕੀਤਾ ਹੈ ਅਤੇ ਫ਼ਿਲਮ ਦੀ ਕਹਾਣੀ "ਦਾਣਾ-ਪਾਣੀ, ਬਾਜਰੇ ਦਾ ਸਿੱਟਾ" ਵਰਗੀਆਂ ਫ਼ਿਲਮਾਂ ਲਿਖਣ ਵਾਲੇ ਜੱਸ ਗਰੇਵਾਲ ਨੇ ਲਿਖੀ ਹੈ ਜਿਸਤੋਂ ਸਪੱਸ਼ਟ ਹੈ ਕਿ ਜੱਸ ਗਰੇਵਾਲ ਅਤੇ ਜਨਜੋਤ ਸਿੰਘ ਦੀ ਜੋੜੀ ਵਲੋਂ ਇੰਗਲੈਂਡ ਦੀਆਂ ਵੱਖ ਵੱਖ ਲੋਕੇਸ਼ਨਾਂ 'ਤੇ ਫ਼ਿਲਮਾਈ ਗਈ ਇਹ ਫ਼ਿਲਮ ਪੰਜਾਬ ਦੀ ਧਰਾਤਲ ਅਤੇ ਲੋਕ ਵਿਰਸੇ ਦੀ ਦਿਲਚਸਪ ਕਹਾਣੀ ਹੋਵੇਗੀ, ਜੋ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗੀ।

ਚੰਡੀਗੜ੍ਹ ਦੇ ਜੰਮਪਲ ਹਰੀਸ਼ ਵਰਮਾ ਨੇ ਰੰਗਮੰਚ ਤੋਂ ਬਾਅਦ ਫ਼ਿਲਮਾਂ ਵੱਲ ਕਦਮ ਵਧਾਇਆ। ਪੰਜਾਬੀ ਫਿਲਮ 'ਪੰਜਾਬਣ' ਨਾਲ ਵੱਡੇ ਪਰਦੇ 'ਤੇ ਆਏ ਹਰੀਸ਼ ਦੀ ਪਛਾਣ ਨਿਰਦੇਸ਼ਕ ਅਨੁਰਾਗ ਸਿੰਘ ਦੀ ਪੰਜਾਬੀ ਫਿਲਮ 'ਯਾਰ ਅਣਮੁੱਲੇ' ਨਾਲ ਬਣੀ। ਇਸ ਫ਼ਿਲਮ ਨੇ ਉਸ ਨੂੰ 'ਜੱਟ ਟਿੱਕਾ' ਨਾਂ ਦਿੱਤਾ। ਦਰਜਨਾਂ ਪੰਜਾਬੀ ਫ਼ਿਲਮਾਂ ਕਰ ਚੁੱਕਾ ਹਰੀਸ਼ ਫਿਲਮ ਦੀ ਚੋਣ ਬੜੀ ਸਮਝਦਾਰੀ ਨਾਲ ਕਰਦਾ ਹੈ। ਇਹੀ ਕਾਰਨ ਹੈ ਕਿ ਉਸ ਦੀ ਹਰ ਫਿਲਮ 'ਚ ਨਵਾਂਪਨ ਹੁੰਦਾ ਹੈ। ਉਸ ਦੀਆਂ ਫ਼ਿਲਮਾਂ ਨੇ ਉਸਦੇ ਕਲਾ ਜੀਵਨ ਨੂੰ ਨਵਾਂ ਮੋੜ ਦਿੱਤਾ। 'ਬੁਰਰਾਅ, ਡੈਡੀ ਕੂਲ ਮੁੰਡੇ ਫੂਲ, ਹੈਪੀ ਗੋ ਲੱਕੀ, ਵਿਆਹ 70 ਕਿਲੋਮੀਟਰ, ਪ੍ਰੋਪਰ ਪਟੋਲਾ, ਸੂਬੇਦਾਰ ਜੁਗਿੰਦਰ ਸਿੰਘ, ਯਾਰ ਅਣਮੁੱਲੇ, ਗੋਲਕ ਬੁਗਨੀ ਬੈਂਕ ਬਟੂਆ, ਮੁੰਡਾ ਹੀ ਚਾਹੀਦਾ, ਲਾਈਏ ਜੇ ਯਾਰੀਆਂ, ਆਦਿ ਫ਼ਿਲਮਾਂ ਨਾਲ ਹਰੀਸ਼ ਵਰਮਾ ਕਲਾ ਦੇ ਖੇਤਰ ਵਿਚ ਕਈ ਕਦਮ ਅੱਗੇ ਵਧਿਆ। ਲੰਮੇ ਸਮੇਂ ਬਾਅਦ ਪੰਜਾਬੀ ਪਰਦੇ 'ਤੇ ਮੁੜ ਸਰਗਰਮ ਹੋਏ ਹਰੀਸ਼ ਵਰਮਾ ਦੀ ਇਸ ਨਵੀਂ ਫ਼ਿਲਮ ਦਾ ਟਰੇਲਰ ਬੀਤੇ ਦਿਨੀਂ ਰਿਲੀਜ਼ ਹੋਇਆ ਹੈ ਜੋ ਦਰਸ਼ਕਾਂ ਵਲੋਂ ਖ਼ੂਬ ਪਸੰਦ ਕੀਤਾ ਜਾ ਰਿਹਾ ਹੈ।

ਨਿਰਮਾਤਾ ਉਪਕਾਰ ਸਿੰਘ, ਜਰਨੈਲ ਸਿੰਘ ਅਤੇ ਹਰਮੀਤ ਸਿੰਘ ਦੀ ਸਿੰਬਲਜ਼ ਐਂਟਰਟੇਨਮੈਂਟ ਅਤੇ ਵਿਰਾਸਤ ਫ਼ਿਲਮਜ਼ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਵਿਚ ਹਰੀਸ਼ ਵਰਮਾ, ਅਮਾਇਰਾ ਦਸਤੂਰ ਤੋਂ ਇਲਾਵਾ ਕਰਮਜੀਤ ਅਨਮੋਲ, ਬੀ.ਐਨ ਸ਼ਰਮਾ, ਨਿਰਮਲ ਰਿਸ਼ੀ, ਸੀਮਾ ਕੌਸ਼ਲ, ਦੀਦਾਰ ਗਿੱਲ ਅਤੇ ਨੇਹਾ ਸ਼ਰਮਾ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਤੋਂ ਇਲਾਵਾ ਪਾਕਿਸਤਾਨੀ ਕਲਾਕਾਰ ਅਕਰਮ ਉਦਾਸ ਅਤੇ ਵਿੱਕੀ ਕੋਡੂ ਵੀ ਨਜ਼ਰ ਆਉਣਗੇ। ਇਸ ਫ਼ਿਲਮ ਨੂੰ ਰਿਧਮ ਬੁਆਇਜ਼ ਵਲੋਂ ਰਿਲੀਜ਼ ਕੀਤਾ ਜਾਵੇਗਾ। ਫ਼ਿਲਮ ਦਾ ਸੰਗੀਤ ਵੀ ਕਮਾਲ ਦਾ ਬਣਿਆ ਹੈ। ਆਸ ਕੀਤੀ ਜਾ ਰਹੀ ਹੈ ਕਿ 6 ਅਕਤੂਬਰ ਨੂੰ ਰਿਲੀਜ਼ ਹੋ ਰਹੀ ਫ਼ਿਲਮ "ਐਨੀ ਹਾਓ-ਮਿੱਟੀ ਪਾਓ" ਦਰਸ਼ਕਾਂ ਦਾ ਚੰਗਾ ਮਨੋਰੰਜਨ ਕਰਨ ਵਾਲੀ ਫ਼ਿਲਮ ਸਾਬਤ ਹੋਵੇਗੀ।

***-ਸੁਰਜੀਤ ਜੱਸਲ***
***98146-07737***

# ਪਰਵਾਸੀ ਪੰਜਾਬੀਆਂ ਦੇ ਜਜ਼ਬਾਤਾਂ ਤੇ ਰਿਸ਼ਤਿਆਂ ਦੀ ਕਹਾਣੀ 'ਬਿਨਾ ਬੈਂਡ ਚੱਲ ਇੰਗਲੈਂਡ'

ਪੰਜਾਬੀ ਫਿਲਮੀ ਖੇਤਰ 'ਚ ਹੁਣ ਬਹੁਤ ਕੁਝ ਨਵਾਂ ਅਤੇ ਵੱਖਰਾ ਵੇਖਣ ਨੂੰ ਮਿਲ ਰਿਹਾ ਹੈ। ਹਰ ਹਫਤੇ ਕਿਸੇ ਨਾ ਕਿਸੇ ਨਵੇਂ ਵਿਸ਼ੇ ਨੂੰ ਲੈ ਕੇ ਫਿਲਮਾਂ ਰਿਲੀਜ਼ ਹੋ ਰਹੀਆਂ ਹਨ। ਇਸੇ ਰੁਝਾਨ ਤਹਿਤ ਇਕ ਨਵੇਂ ਅਤੇ ਬਿਲਕੁਲ ਵੱਖਰੇ ਵਿਸ਼ੇ 'ਤੇ ਅਧਾਰਿਤ ਪੰਜਾਬੀ ਫ਼ਿਲਮ 'ਬਿਨਾ ਬੈਂਡ ਚੱਲ ਇੰਗਲੈਂਡ' 17 ਨਵੰਬਰ ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋਣ ਜਾ ਰਹੀ ਹੈ। 'ਵੀ ਆਈ ਪੀ ਫ਼ਿਲਮਸ ਯੂ ਐਸ ਏ' ਦੇ ਬੈਨਰ ਹੇਠ ਬਣੀ ਇਸ ਫਿਲਮ ਦੇ ਹੀਰੋ ਰੌਸ਼ਨ ਪ੍ਰਿੰਸ ਅਤੇ ਹੀਰੋਇਨ ਨਵਾਂ ਚਿਹਰਾ ਸਾਇਰਾ ਹੈ ਜੋ ਇਸ ਫਿਲਮ ਰਾਹੀਂ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਕਰਨ ਜਾ ਰਹੀ ਹੈ।



ਨਿਰਦੇਸ਼ਕ ਸਤਿੰਦਰ ਸਿੰਘ ਦੇਵ ਵਲੋਂ ਨਿਰਦੇਸ਼ਿਤ ਇਸ ਫ਼ਿਲਮ ਵਿਚ ਗੁਰਪ੍ਰੀਤ ਘੁੱਗੀ, ਬੀ ਐਨ ਸ਼ਰਮਾ, ਰਾਣਾ ਜੰਗ ਬਹਾਦਰ, ਸੁੱਖੀ ਚਾਹਲ, ਰੁਪਿੰਦਰ ਰੂਪੀ, ਰਾਜ ਧਾਲੀਵਾਲ, ਗੁਰਜੀਤ ਕੌਰ, ਹਾਰਬੀ ਸੰਘਾ, ਨੇਹਾ ਦਿਆਲ, ਮਨਪ੍ਰੀਤ ਮਨੀ ਅਤੇ ਬਦਰ ਖਾਨ ਆਦਿ ਨਾਮੀ ਸਿਤਾਰੇ ਵੀ ਅਹਿਮ ਭੂਮਿਕਾ 'ਚ ਨਜ਼ਰ ਆਉਣਗੇ। ਫਿ.ਲਮ ਦੇ ਕਾਰਜਕਾਰੀ ਨਿਰਮਾਤਾ ਪ੍ਰਵੀਨ ਕੁਮਾਰ ਹਨ। ਨਾਮੀ ਫ਼ਿਲਮ ਲੇਖਕ ਰਾਜੂ ਵਰਮਾ ਵਲੋਂ ਲਿਖੀ ਰਿਸ਼ਤਿਆਂ ਦੀ ਅਹਿਮੀਅਤ ਦੀ ਗੱਲ ਕਰਦੀ ਇਹ ਫ਼ਿਲਮ ਆਮ ਪੰਜਾਬੀ ਫ਼ਿਲਮਾਂ ਨਾਲੋਂ ਬਿਲਕੁਲ ਵੱਖਰੀ ਹੈ। ਜੋ ਕਿ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਪਰਿਵਾਰਾਂ ਅਤੇ ਨੌਜਵਾਨਾਂ ਦੀਆਂ ਸਮੱਸਿਆਵਾਂ ਦੀ ਗੱਲ ਵੀ ਕਰਦੀ ਹੈ। ਇਸ ਫ਼ਿਲਮ ਜ਼ਰੀਏ ਪਹਿਲੀ ਵਾਰ ਵੱਡੇ ਪਰਦੇ 'ਤੇ ਨਜ਼ਰ ਆਉਣ ਜਾ ਰਹੀ ਸਾਇਰਾ ਮੁਤਾਬਕ ਇਹ ਫ਼ਿਲਮ ਉਸਦੀ ਜ਼ਿੰਦਗੀ ਵਿਚ ਨਵਾਂ ਮੋੜ ਲੈ ਕੇ ਆਵੇਗੀ। ਇਸ ਫ਼ਿਲਮ 'ਚ ਉਸ ਨੇ ਵਿਦੇਸ਼ ਵਿਚ ਰਹਿੰਦੀ ਅਜਿਹੀ ਕੁੜੀ ਦਾ ਕਿਰਦਾਰ ਨਿਭਾਇਆ ਹੈ ਜਿਸ ਨੂੰ ਪੰਜਾਬ ਤੋਂ ਲੰਡਨ ਆਏ ਇਕ ਨੌਜਵਾਨ ਨਾਲ ਪਿਆਰ ਹੋ ਜਾਂਦਾ ਹੈ। ਦੋਵੇਂ ਵਿਆਹ ਕਰਵਾਉਣਾ ਚਾਹੁੰਦੇ ਹਨ ਪਰ ਉਸਦੇ ਪਿਤਾ ਦੀਆਂ ਕਈ ਸ਼ਰਤਾਂ ਹਨ। ਉਹ ਚਾਹੁੰਦੇ ਹਨ ਕਿ ਉਸਦੀ ਧੀ ਕਿਸੇ ਪੜ੍ਹੇ-ਲਿਖੇ ਅਤੇ ਜ਼ਿੰਮੇਵਾਰ ਪਰਿਵਾਰ ਦੀ ਨੂੰਹ ਬਣੇ, ਇਸ ਤਰ੍ਹਾਂ ਦੋਵਾਂ ਦੇ ਪਿਆਰ ਦੀਆਂ ਉਲਝਣਾਂ ਹੀ ਫ਼ਿਲਮ ਦਾ ਦਿਲਚਸਪ ਹਿੱਸਾ ਹਨ। ਨਿਰਮਾਤਾ ਬਲਵਿੰਦਰ ਹੀਰ, ਰਮਨ ਪਲਟਾ ਅਤੇ ਹਰਸ਼ ਵਿਰਕ ਵਲੋਂ ਪ੍ਰੋਡਿਊਸ ਇਹ ਫ਼ਿਲਮ ਹਰ ਉਮਰ ਦੇ ਦਰਸ਼ਕਾਂ ਨੂੰ ਧਿਆਨ ਵਿਚ ਰੱਖ ਕੇ ਬਣਾਈ ਗਈ ਹੈ ਜੋ ਕਿ ਰੁਮਾਂਸ, ਕਾਮੇਡੀ ਅਤੇ ਮਨੋਰੰਜਨ ਪੱਖ ਤੋਂ ਕਿਸੇ ਵੀ ਦਰਸ਼ਕ ਨੂੰ ਨਿਰਾਸ਼ ਨਹੀਂ ਕਰੇਗੀ ਅਤੇ ਜ਼ਿੰਦਗੀ ਵਿਚ ਰਿਸ਼ਤਿਆਂ ਦੀ ਅਹਿਮੀਅਤ ਬਾਰੇ ਦਰਸ਼ਕਾਂ ਨੂੰ ਚੰਗਾ ਸੁਨੇਹਾ ਵੀ ਦੇਵੇਗੀ। ਦਰਸ਼ਕਾਂ ਵਲੋਂ ਇਸ ਫ਼ਿਲਮ ਦੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ।

**-ਜਿੰਦ ਜਵੰਦਾ**
**ਫੋਨ: 97795-91482**

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥ ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥

## ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਦੀ ਸਮੂਹ ਸੰਗਤਾਂ ਨੂੰ

# ਬਹੁਤ ਬਹੁਤ ਵਧਾਈ

**Rajinder 'Raj' Brar**
B.S. Engineering
Commercial Real Estate Specialist

**AEM REAL ESTATE, INC**
720 Montague Expressway, Milpitas, CA 95035





Commercial Real Estate
Residential Real Estate

**Cell: 510-610-4661**

REALTOR® MULTIPLE LISTING SERVICE MLS

Fax: 510-441-2082
rajbrar41@gmail.com

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥

## ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਦੀ ਸਮੂਹ ਸੰਗਤਾਂ ਨੂੰ

# ਬਹੁਤ ਬਹੁਤ ਵਧਾਈ

ਆਓ ਸਭ ਸੰਗਤਾਂ ਬਾਬਾ ਫਰੀਦ ਜੀ ਦੇ ਦੱਸੇ ਮਾਰਗ ਉਤੇ ਚੱਲਣ ਦਾ ਤਹੱਈਆ ਕਰੀਏ

invisalign®

Dr. Amandeep B. Virk, D.D.S.
*Visit us for a free consultation*

Find out why more and more
Moms are choosing Invisalign teen.




INVISALIGN 2016 ELITE PROVIDER

www.drvirkdds.com
510-489-5000

2 Union Square, Suite 230
Union City, CA 94587

# Indo American Desh Bhagat Foundation of Bay Area


## ਮੇਲਾ ਗਦਰੀ ਬਾਬਿਆਂ ਦਾ



ਬਾਬਾ ਸੋਹਣ ਸਿੰਘ ਜੀ ਭਕਨਾ



ਸ਼ਹੀਦ ਸ: ਊਧਮ ਸਿੰਘ



ਸ਼ਹੀਦੇ ਆਜ਼ਮ ਸ: ਭਗਤ ਸਿੰਘ



ਸ਼ਹੀਦ ਕਰਤਾਰ ਸਿੰਘ ਸਰਾਭਾ



**Sushil Dosanjh**
Chief guest

**1521 California Circle Milpitas CA – 95035**

**Sep 23, 2023, ਸਮਾਂ 1 ਤੋਂ ਸ਼ਾਮ 6 ਵਜੇ ਤੱਕ**

ਸਭ ਨੂੰ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ

***Free entry, free food***



**Jot Ranjit**
Host

## ਗਦਰ ਪਾਰਟੀ ਦੇ ਸ਼ਹੀਦਾਂ ਅਤੇ ਸਮੂਹ ਇਨਕਲਾਬੀਆਂ ਅਤੇ ਦੇਸ਼ ਭਗਤਾਂ ਦੀ ਯਾਦ ਚ ਮੇਲਾ

**Singers: Satti Pabla, Jeeta Gill and Gidha, Bhangra groups**




Contacts

**510 714 5058**
**Narinder Sujjon**

**408 592 4044**
**Balbir Johal**

**408 250 6236**
**Harkewal S Sandhu**

ਮੰਚ ਸੰਚਾਲਨ:- **Kuldeep S. Sujjon and Prem Kumar Sharma**

**Main sponsors:** Pritam S. Grewal, Atwal Brothers Merced CA, Bhupinder S Sandhu (Rurka Kalan), Dilbag S. Sandhu (Rurka Kalan), Raj Bhanote, Gurjeet S. Hothi, Inderjit S. Sidhu, Bob Dhillon, Surjit S. Bains, Narjit Sujjon, American Truck & Trailer Repair & Towing, Jarnail S. Raja, Harinder Sujjon (Skylark Limousine), Kirpal S. Atwal, Harduman S. Sanghera, Sarbjit S. Sawadee, Manjeet S. Jhikka (Aidan West Realty Inc), Tarsem S. Atwal, Balwant Singh, Master Gurdial, Amrik Khudalia, Prem Kumar Rahon, Mastan Singh, Harbans S. Bola

**Mela Committee:** Kulbushan Kumar Happy, Sukhdev S. Sidhu, Balbir Johal, Iktar S. Sodhi, Mehnga S. Sarpanch

**Langar Committee:** Deepa Sandhu, Harbhajan Singh, Raja, and Balwant Singh

**Special thanks to University of Silicon Andhra, Milpitas C**